**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
15 ਨਵੰਬਰ ਤੋਂ 15 ਫਰਵਰੀ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400



Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 50, December 13, 2014 20451 N Plum Grove Rd., Palatine, IL 60074 Ph:847-359-0746, Fax:847-705-9388


## ਪੰਜਾਬ ਲਈ ਕਸ਼ਮੀਰ ਦੇ ਨਤੀਜੇ ਉਡੀਕ ਰਹੀ ਹੈ ਭਾਜਪਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਜਨਤਾ ਪਾਰਟੀ ਦੇ ਦੋ ਮੋਰਚਿਆਂ- ਕਿਸਾਨ ਮੋਰਚਾ ਤੇ ਯੁਵਾ ਮੋਰਚਾ, ਦੀਆਂ ਪੰਜਾਬ ਵਿਚ ਇਕਦਮ ਵਧੀਆਂ ਸਿਆਸੀ ਸਰਗਰਮੀਆਂ ਨੇ ਅਕਾਲੀਆਂ ਦੀ ਨੀਂਦ ਉਡਾ ਦਿੱਤੀ ਹੈ। ਇਨ੍ਹਾਂ ਦੋਹਾਂ ਮੋਰਚਿਆਂ ਦੇ ਆਗੂ, ਖਾਸ ਕਰ ਕੇ ਸਿੱਖਾਂ ਨਾਲ ਸਬੰਧਤ ਮਸਲਿਆਂ ਉਤੇ ਅੱਜ ਕੱਲ੍ਹ ਵਧੇਰੇ ਸਰਗਰਮੀ ਕਰ ਰਹੇ ਹਨ।

ਯਾਦ ਰਹੇ ਕਿ ਪਿਛਲੇ ਸਮੇਂ ਦੌਰਾਨ ਚੱਲੀਆਂ ਗਈਆਂ ਕੁਝ ਤਿੱਖੀਆਂ ਸਿਆਸੀ ਚਾਲਾਂ ਕਾਰਨ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਗਠਜੋੜ ਦੀ ਹੋਂਦ ਬਾਰੇ ਹੀ ਸਵਾਲ ਖੜ੍ਹੇ ਹੋ ਗਏ ਹਨ। ਇਹ ਕਿਆਸ-ਆਰਾਈਆਂ ਚੱਲ ਰਹੀਆਂ ਹਨ ਕਿ ਭਾਜਪਾ ਹੁਣ ਪੰਜਾਬ ਵਿਚ ਇਕੱਲਿਆਂ ਹੀ ਵਿਚਰਨ ਲਈ ਪਰ ਤੋਲ ਰਹੀ ਹੈ।

ਇਸ ਅਗਲੇ ਅਹਿਮ ਕਦਮ ਲਈ ਇਹ ਜੰਮੂ ਕਸ਼ਮੀਰ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਉਡੀਕ ਰਹੀ ਹੈ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਜੇ ਪਾਰਟੀ ਜੰਮੂ ਕਸ਼ਮੀਰ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਜਾਂਦੀ ਹੈ ਤਾਂ ਪੰਜਾਬ ਵਿਚ 2017 ਵਾਲੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਲੜੀਆਂ ਜਾ ਸਕਦੀਆਂ ਹਨ। ਉਂਜ, ਪਾਰਟੀ ਦੇ ਕਈ ਸੀਨੀਅਰ ਆਗੂ ਇਸ ਬਾਰੇ ਤਕਰੀਬਨ ਸਹਿਮਤ ਹੀ ਹਨ ਕਿ ਗਠਜੋੜ ਅਜੇ ਕਾਇਮ ਰੱਖਿਆ ਜਾਵੇ ਅਤੇ ਸੂਬੇ ਵਿਚ ਸਿੱਖ ਪੱਖੀ ਮਸਲਿਆਂ ਉਤੇ ਵੱਧ ਤੋਂ ਵੱਧ ਸਰਗਰਮੀ ਕੀਤੀ ਜਾਵੇ। ਇਹ ਵੀ ਪਤਾ ਲੱਗਦਾ ਹੈ ਕਿ ਪਾਰਟੀ ਦੇ ਕਿਸਾਨ ਅਤੇ ਯੁਵਾ ਮੋਰਚਿਆਂ ਦੇ ਆਗੂਆਂ ਨੂੰ ਇਹ ਸਖਤ ਹਦਾਇਤਾਂ ਮਿਲੀਆਂ ਹਨ ਕਿ ਉਹ ਸਿੱਖ ਬਹੁ-ਗਿਣਤੀ ਵਾਲੇ ਇਲਾਕਿਆਂ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਉਣ। ਹਾਲ ਹੀ ਵਿਚ ਭਾਜਪਾ ਯੁਵਾ ਮੋਰਚਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਮੋਹਿਤ ਗੁਪਤਾ ਤਲਵੰਡੀ ਸਾਬੋ ਇਲਾਕੇ ਵਿਚ ਉਚੇਚੇ ਤੌਰ 'ਤੇ ਮੀਟਿੰਗਾਂ ਕਰ ਰਹੇ ਹਨ ਅਤੇ ਉਨ੍ਹਾਂ ਨੇ ਇਨ੍ਹਾਂ ਮੀਟਿੰਗਾਂ ਵਿਚ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੂੰ ਨਿਸ਼ਾਨਾ ਵੀ ਬਣਾਇਆ ਹੈ। ਉਨ੍ਹਾਂ ਵਰਕਰਾਂ ਨੂੰ ਸੰਬੋਧਨ ਦੌਰਾਨ ਕਿਹਾ ਕਿ ਜਥੇਦਾਰ ਧਾਰਮਿਕ ਆਗੂ ਹਨ, ਧਾਰਮਿਕ ਖੇਤਰ ਵਿਚ ਹੀ ਸਰਗਰਮੀ ਕਰਨ, ਸਿਆਸੀ ਆਗੂਆਂ ਵਾਲੇ ਬਿਆਨ ਨਾ ਦੇਣ। ਉਧਰ, ਭਾਜਪਾ ਕਿਸਾਨ ਮੋਰਚਾ ਦੇ ਆਗੂ ਤਾਂ ਸਿੱਖ ਕੈਦੀਆਂ ਦੀ ਰਿਹਾਈ ਲਈ ਮਰਨ ਵਰਤ ਉਤੇ ਬੈਠੇ ਭਾਈ ਗਰਬਖਸ਼ ਸਿੰਘ ਖਾਲਸਾ ਨੂੰ ਲਗਾਤਾਰ ਮਿਲ ਹੀ ਰਹੇ ਹਨ।

ਹੁਣ ਮੋਰਚੇ ਦੇ ਕੌਮੀ ਸਕੱਤਰ ਸੁਖਮਿੰਦਰ ਸਿੰਘ ਗਰੇਵਾਲ ਅੰਬਾਲਾ ਵਿਚ ਗੁਰਦੁਆਰਾ ਸ੍ਰੀ ਲਖਨੌਰ ਸਾਹਿਬ ਗਏ ਅਤੇ ਭਾਈ ਖਾਲਸਾ ਨੂੰ ਵਿਸ਼ਵਾਸ ਦਿਵਾਇਆ ਕਿ ਜੇਲ੍ਹ ਵਿਚ ਬੰਦ ਭਾਈ

(ਬਾਕੀ ਸਫਾ 6 'ਤੇ)

### ਜੰਮੂ ਕਸ਼ਮੀਰ 'ਚ ਹੱਦੋਂ ਵੱਧ ਵੋਟਿੰਗ ਤੋਂ ਪਾਰਟੀ ਬਾਗੋ-ਬਾਗ



## ਮਾਓਵਾਦੀ ਵੰਗਾਰਾਂ ਨੇ ਸਰਕਾਰ ਦਾ ਫਿਕਰ ਵਧਾਇਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪਿਛਲੇ ਪੰਜ ਸਾਲਾਂ ਤੋਂ ਮਾਓਵਾਦੀਆਂ ਖਿਲਾਫ ਵਿੱਢੀ ਅਣ-ਐਲਾਨੀ ਜੰਗ (ਅਪਰੇਸ਼ਨ ਗ੍ਰੀਨ ਹੰਟ) ਦੇ ਬਾਵਜੂਦ ਕੇਂਦਰ ਸਰਕਾਰ ਇਸ ਵੰਗਾਰ ਨੂੰ ਭੰਨ ਨਹੀਂ ਸਕੀ ਹੈ ਅਤੇ ਗ੍ਰਹਿ ਮੰਤਰਾਲੇ ਨੇ ਮਾਓਵਾਦੀਆਂ ਬਾਰੇ ਜਿਹੜਾ ਵਿਸ਼ਲੇਸ਼ਣ 17 ਸਫਿਆਂ ਦੇ ਦਸਤਾਵੇਜ਼ ਵਿਚ ਕੀਤਾ ਹੈ, ਉਸ ਵਿਚ ਸਾਫ ਕਿਹਾ ਗਿਆ ਹੈ ਕਿ ਅਪਰੇਸ਼ਨ ਗ੍ਰੀਨ ਹੰਟ ਦਾ ਸੇਕ ਘੱਟ ਕਰਨ ਲਈ ਮਾਓਵਾਦੀ ਆਪਣੀ ਸ਼ਕਤੀ ਹੁਣ ਉਸ ਇਲਾਕੇ ਵਿਚ ਕੇਂਦਰਤ ਕਰ ਰਹੇ ਹਨ ਜਿਹੜਾ ਕਰਨਾਟਕ, ਕੇਰਲ ਅਤੇ ਤਾਮਿਲਨਾਡੂ ਵਿਚ ਇਕ ਥਾਂ ਪੈਂਦਾ ਹੈ।

ਗੌਰਤਲਬ ਹੈ ਕਿ ਕੇਂਦਰ ਸਰਕਾਰ ਨੇ ਮਾਓਵਾਦੀਆਂ ਦਾ ਗੜ੍ਹ ਖਦੇੜਨ ਲਈ ਪੰਜ ਸਾਲ ਪਹਿਲਾਂ ਅਪਰੇਸ਼ਨ ਗ੍ਰੀਨ ਹੰਟ ਸ਼ੁਰੂ ਕੀਤਾ ਸੀ। ਹੁਣ ਤੱਕ ਇਸ ਅਪਰੇਸ਼ਨ ਵਿਚ ਤਕਰੀਬਨ ਡੇਢ ਲੱਖ ਸਰੱਖਿਆ ਮੁਲਾਜ਼ਮ ਲਾਏ ਹੋਏ ਹਨ, ਪਰ ਸਰਕਾਰ ਨੂੰ ਮਾਓਵਾਦੀਆਂ ਨੂੰ ਖਦੇੜਨ ਵਿਚ ਉਤਨੀ ਸਫਲਤਾ ਨਹੀਂ ਮਿਲ ਰਹੀ ਜਿੰਨੀ ਦੀ ਇਹ ਆਸ ਕਰ ਰਹੀ ਸੀ। ਇਨ੍ਹਾਂ ਸਾਲਾਂ ਦੌਰਾਨ ਭਾਵੇਂ ਮਾਓਵਾਦੀਆਂ ਦੇ ਕਈ ਚੋਟੀ ਦੇ ਆਗੂ



ਮਾਰੇ ਗਏ ਜਾਂ ਫੜੇ ਗਏ ਹਨ, ਪਰ ਪਰ ਸਰਕਾਰ ਅਜੇ ਤੱਕ ਮਾਓਵਾਦੀਆਂ ਦੇ ਕਿਲ੍ਹੇ ਵਿਚ ਸੰਨ੍ਹ ਲਾਉਣ ਵਿਚ ਨਾਕਾਮ ਰਹੀ ਹੈ। ਉਂਜ, ਸਰਕਾਰ ਨੇ ਮਾਓਵਾਦੀ ਉਤੇ ਲਗਾਤਾਰ ਦਬਾਅ ਬਣਾਇਆ ਹੋਇਆ ਹੈ।


ਇਸ ਦਬਾਅ ਤੋਂ ਨਿਕਲਣ ਲਈ ਹੀ ਇਹ ਹੁਣ ਇਕ ਤਾਂ ਆਪਣੀ ਬਚਦੀ ਸ਼ਕਤੀ ਬਚਾਉਣ ਵਿਚ ਲੱਗੇ ਹੋਏ ਹਨ, ਦੂਜੇ ਆਪਣੀ ਸਰਗਰਮੀ

(ਬਾਕੀ ਸਫਾ 6 'ਤੇ)

### ਮਾਓਵਾਦੀ ਸਭ ਤੋਂ ਖਤਰਨਾਕ?

ਭਾਰਤ ਸਰਕਾਰ ਦਾ ਮੰਨਣਾ ਹੈ ਕਿ ਹਥਿਆਰਬੰਦ ਘੋਲ ਲੜਨ ਵਾਲੀਆਂ ਸਾਰੀਆਂ ਜਥੇਬੰਦੀਆਂ ਵਿਚੋਂ ਮਾਓਵਾਦੀ ਸਭ ਤੋਂ ਵੱਧ ਖਤਰਨਾਕ ਹਨ। ਇਹ ਇੰਨੇ ਦਹਾਕਿਆਂ ਬਾਅਦ ਵੀ ਆਪਣੇ ਵਿਚਾਰਧਾਰਕ ਪੱਖ ਤੋਂ ਰੱਤੀ ਭਰ ਵੀ ਆਸੇ-ਪਾਸੇ ਨਹੀਂ ਹੋ ਰਹੇ ਅਤੇ ਭਾਰਤੀ ਸਟੇਟ ਖਿਲਾਫ ਇਸੇ ਆਧਾਰ ਉਤੇ ਹੀ ਲਗਾਤਾਰ ਲੜਾਈ ਲੜ ਰਹੇ ਹਨ। ਵੱਖ-ਵੱਖ ਸਮਿਆਂ ਦੌਰਾਨ ਇਨ੍ਹਾਂ ਦਾ ਵੱਖ-ਵੱਖ ਥਾਂਈਂ ਭਾਵੇਂ ਬਹੁਤ ਨੁਕਸਾਨ ਹੋਇਆ ਹੈ, ਪਰ ਇਨ੍ਹਾਂ ਵੱਲੋਂ ਸਰਗਰਮੀਆਂ ਨਿਰਵਿਘਨ ਚਲਾਈਆਂ ਜਾ ਰਹੀਆਂ ਹਨ।


REAL ESTATE & HOME LOANS
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੌਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com




Raja SWEETS & CATERING
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Toll Free 1-866-FOR-RAJA
www.rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloода Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236


1090 La Playa Dr., Hayward CA 94545

WEBSITE: DHOLRADIO.ORG

# Dhol Radio

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

Request Song



Listen On Phone


Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210

Music 24/7

*Application for android and iPhone- Dhol Radio*

# Business Cash Advance

- ਇਕ ਮਿਲੀਅਨ ਡਾਲਰ ਤੱਕ ਕੈਸ਼ ਐਡਵਾਂਸ
- ਪ੍ਰਾਪਰਟੀ ਦੀ ਲੋੜ ਨਹੀਂ
- ਘੱਟ ਪੇਮੈਂਟਾਂ
- ਕੈਸ਼ ਤੁਹਾਡੇ ਬੈਂਕ ਅਕਾਊਂਟ 'ਚ ਇਕ ਹਫਤੇ ਦੇ ਅੰਦਰ



Working Capital








ਗੈਸ ਸਟੇਸ਼ਨ/ਸਰਵਿਸ ਸਟੇਸ਼ਨ

ਗਰੋਸਰੀ ਸਟੋਰ/ਲਿਕਰ ਸਟੋਰ

ਟਰੱਕਿੰਗ ਕੰਪਨੀਆਂ ਅਤੇ ਓਪਰੇਟਰ

ਅੱਜ ਹੀ ਕਾਲ ਕਰੋ, ਸੁਮਨ

ਫੋਨ: 916-745-8797

## TRS Investments LLC

suman@trsdevp.com
www.trsdevp.com




GILL EXPRESS


# NEW LOCATION MEMPHIS

ਤਜ਼ਰਬੇਕਾਰ ਮਕੈਨਿਕ ਦੀ ਲੋੜ ਹੈ
ਚੰਗੀ ਤਨਖਾਹ ਤੇ ਰਿਹਾਇਸ਼ ਫਰੀ

Hwy I-40 Exit 280, Hwy I-55 Exit 4

Next To Pilot TRAVEL CENTERS LLC


REPAIR



TIRES



WASH




ਪੰਜਾਬੀ ਢਾਬਾ



@ 3657 Southland Dr. W. Memphis, AR-72301 Tel : 661-203-0433

# ਡੇਰਾ ਸਿਰਸਾ ਮੁਖੀ ਦੀ ਪਲੇਠੀ ਫਿਲਮ ਲਈ ਚੰਦਾ ਮੁਹਿੰਮ

**ਬਠਿੰਡਾ:** ਡੇਰਾ ਸਿਰਸਾ ਦੇ ਮੁਖੀ ਦੀ ਪਲੇਠੀ ਫਿਲਮ 16 ਜਨਵਰੀ ਨੂੰ ਰਿਲੀਜ਼ ਹੋਵੇਗੀ, ਜਿਸ ਦੇ ਪ੍ਰਚਾਰ ਲਈ ਉਨ੍ਹਾਂ ਦੇ ਪੈਰੋਕਾਰ ਚੰਦਾ ਇਕੱਠਾ ਕਰਨ ਵਿਚ ਜੁਟ ਗਏ ਹਨ। ਡੇਰਾ ਸਿਰਸਾ ਦੇ ਪ੍ਰਬੰਧਕਾਂ ਵੱਲੋਂ ਇਸ ਫਿਲਮ ਨੂੰ ਦਿਖਾਉਣ ਵਾਸਤੇ ਮਲਟੀਪਲੈਕਸ ਬੁੱਕ ਕੀਤੇ ਜਾਣੇ ਹਨ। ਸੂਤਰਾਂ ਨੇ ਦੱਸਿਆ ਕਿ ਡੇਰਾ ਸਿਰਸਾ ਇਸ ਫਿਲਮ ਨੂੰ ਸੁਪਰਹਿੱਟ ਬਣਾਉਣ ਵਾਸਤੇ ਬਲਾਕ ਵਾਈਜ਼ ਮੀਟਿੰਗਾਂ ਕਰ ਰਿਹਾ ਹੈ।



ਇਹ ਫਿਲਮ ਹਿੰਦੀ, ਤਾਮਿਲ, ਅੰਗਰੇਜ਼ੀ ਤੇ ਤੇਲਗੂ ਵਿਚ ਰਿਲੀਜ਼ ਹੋ ਰਹੀ ਹੈ। ਵਿਦੇਸ਼ਾਂ ਵਿਚ ਵੀ ਇਸ ਫਿਲਮ ਨੂੰ ਰਿਲੀਜ਼ ਕਰਨ ਵਾਸਤੇ ਵਿਸ਼ੇਸ਼ ਪ੍ਰਤੀਨਿਧ ਵਿਦੇਸ਼ੀ ਦੌਰੇ 'ਤੇ ਹਨ। ਇਨ੍ਹਾਂ ਦਿਨਾਂ ਵਿਚ ਡੇਰਾ ਸਿਰਸਾ ਦੇ ਪ੍ਰਬੰਧਕਾਂ ਦੀਆਂ ਬਲਾਕ ਵਾਈਜ਼ ਮੀਟਿੰਗਾਂ ਚੱਲ ਰਹੀਆਂ ਹਨ, ਜਿਨ੍ਹਾਂ ਵਿਚ ਸਵੈ ਇੱਛਾ ਨਾਲ ਪ੍ਰਤੀ ਵਿਅਕਤੀ ਦੋ ਹਜ਼ਾਰ ਰੁਪਏ ਫਿਲਮ ਦਾ ਚੰਦਾ ਇਕੱਠਾ ਕੀਤਾ ਜਾ ਰਿਹਾ ਹੈ। ਇਸ ਚੰਦੇ ਨਾਲ ਸਿਨੇਮਾ ਘਰ ਬੁੱਕ ਕੀਤੇ ਜਾਣਗੇ ਤੇ ਗਰੀਬ ਲੋਕਾਂ ਨੂੰ ਮੁਫ਼ਤ ਵਿਚ ਫਿਲਮ ਦਿਖਾਈ ਜਾਵੇਗੀ। ਮੁੱਢਲੇ ਪੜਾਅ 'ਤੇ ਮਲਟੀਪਲੈਕਸਾਂ ਵਿਚ ਫਿਲਮ ਦਿਖਾਈ ਜਾਵੇਗੀ। ਡੇਰਾ ਮੁਖੀ ਦੀ ਫਿਲਮ ਨੂੰ ਆਖਰੀ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਡੇਰਾ ਟੀਮ ਦੀ ਕੋਸ਼ਿਸ਼ ਹੈ ਕਿ ਪਹਿਲੇ ਇਕ ਮਹੀਨੇ ਹਾਊਸਫੁੱਲ ਰੱਖਿਆ ਜਾਵੇ। ਡੇਰਾ ਸਿਰਸਾ ਦੇ ਬੁਲਾਰੇ ਪਵਨ ਇੰਸਾ ਦਾ ਕਹਿਣਾ ਸੀ ਕਿ ਡੇਰਾ ਮੁਖੀ ਦੀ ਫਿਲਮ 15 ਜਨਵਰੀ ਦੇ ਆਸ ਪਾਸ ਰਿਲੀਜ਼ ਹੋ ਰਹੀ ਹੈ ਤੇ ਫਿਲਮ ਦਾ ਪ੍ਰੀਮੀਅਰ ਸੋਅ ਮੁੰਬਈ, ਪੂਣੇ ਤੇ ਬੰਗਲੌਰ ਵਿਚੋਂ ਕਿਸੇ ਇਕ ਸ਼ਹਿਰ ਵਿਚ ਹੋਵੇਗਾ, ਜਿਥੇ ਚਾਰ ਲੱਖ ਦਾ ਇਕੱਠ ਹੋਣਾ ਹੈ। ਇਟਲੀ, ਆਸਟਰੇਲੀਆ, ਅਮਰੀਕਾ ਤੇ ਕੈਨੇਡਾ ਤੋਂ ਵੀ ਸੰਗਤ ਦੀ ਮੰਗ ਆ ਰਹੀ ਹੈ ਕਿ ਵਿਦੇਸ਼ਾਂ ਵਿਚ ਵੀ ਫਿਲਮ ਰਿਲੀਜ਼ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਫਿਲਮ ਦੇਖਣ ਦਾ ਫ਼ੈਸਲਾ ਸੰਗਤ 'ਤੇ ਹੀ ਛੱਡਿਆ ਹੋਇਆ ਹੈ। ਬਠਿੰਡਾ ਜ਼ਿਲ੍ਹੇ ਦੇ ਡੇਰਾ ਸਿਰਸਾ ਦੇ ਸੀਨੀਅਰ ਆਗੂ ਗੁਰਦੇਵ ਸਿੰਘ ਦਾ ਕਹਿਣਾ ਸੀ ਕਿ ਸੰਗਤ ਨੂੰ ਮੁਫ਼ਤ ਵਿਚ ਫਿਲਮ ਦਿਖਾਉਣ ਬਾਰੇ ਤਿਆਰੀਆਂ ਚੱਲ ਰਹੀਆਂ ਹਨ ਤੇ ਮੀਟਿੰਗਾਂ ਕਰਕੇ ਪੈਰੋਕਾਰਾਂ ਨੂੰ ਫਿਲਮ ਬਾਰੇ ਦੱਸਿਆ ਜਾ ਰਿਹਾ ਹੈ। ਇਹ ਫਿਲਮ ਢਾਈ ਤੋਂ ਤਿੰਨ ਘੰਟਿਆਂ ਦੀ ਹੋਵੇਗੀ।

ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਚੇਅਰਮੈਨ ਰਾਮ ਸਿੰਘ ਦਾ ਕਹਿਣਾ ਸੀ ਕਿ ਮਲਟੀਪਲੈਕਸਾਂ ਵਿਚ 15 ਦਿਨਾਂ ਦੀ ਬੁਕਿੰਗ ਦੇ ਪ੍ਰਬੰਧ ਤਾਂ ਹੋ ਵੀ ਚੁੱਕੇ ਹਨ। ਉਨ੍ਹਾਂ ਵੱਲੋਂ ਕੋਈ ਚੰਦਾ ਇਕੱਠਾ ਨਹੀਂ ਕੀਤਾ ਜਾ ਰਿਹਾ ਹੈ ਬਲਕਿ ਪਹੁੰਚ ਵਾਲੇ ਲੋਕਾਂ ਨੂੰ ਪ੍ਰੇਰਿਆ ਜਾ ਰਿਹਾ ਹੈ ਕਿ ਉਹ ਗਰੀਬ ਲੋਕਾਂ ਨੂੰ ਇਹ ਫਿਲਮ ਦਿਖਾਉਣ।

# ਕੇਂਦਰ ਨੇ ਪੰਜਾਬ ਨੂੰ ਨਸ਼ਾਮੁਕਤ ਬਣਾਉਣ ਦੀ ਕਮਾਨ ਖੁਦ ਸੰਭਾਲੀ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਜੰਗ ਲਈ ਫੰਡਾਂ ਵਾਸਤੇ ਕੀਤੀ 'ਫਰਿਆਦ' ਨੂੰ ਕੇਂਦਰ ਸਰਕਾਰ ਨੇ ਨਜ਼ਰਅੰਦਾਜ਼ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਸਾਢੇ ਤਿੰਨ ਮਹੀਨੇ ਮਗਰੋਂ ਵੀ ਐਲਾਨੀ ਰਕਮ ਪੰਜਾਬ ਨੂੰ ਨਹੀਂ ਦਿੱਤੀ। ਇਸ ਦੇ ਉਲਟ ਹੁਣ ਕੇਂਦਰ ਸਰਕਾਰ ਨੇ ਪੰਜਾਬ ਨੂੰ ਨਸ਼ਾਮੁਕਤ ਬਣਾਉਣ ਲਈ ਖੁਦ ਕਮਾਨ ਆਪਣੇ ਹੱਥ ਲੈ ਲਈ ਹੈ। ਪੰਜਾਬ ਭਾਜਪਾ ਵੱਲੋਂ ਜਿਥੇ ਨਸ਼ਾਮੁਕਤ ਪੰਜਾਬ ਦਾ ਹੋਕਾ ਦਿੱਤਾ ਜਾ ਰਿਹਾ ਹੈ, ਉਥੇ ਕੇਂਦਰ ਸਰਕਾਰ ਨੇ ਅਕਤੂਬਰ 2014 ਤੋਂ ਨਹਿਰੂ ਯੁਵਾ ਕੇਂਦਰਾਂ ਰਾਹੀਂ ਨਸ਼ਿਆਂ ਖ਼ਿਲਾਫ਼ ਵੱਖਰੀ ਮੁਹਿੰਮ ਆਰੰਭ ਦਿੱਤੀ ਹੈ।

ਕੇਂਦਰੀ ਵਿੱਤ ਮੰਤਰਾਲੇ ਵੱਲੋਂ ਆਰ.ਟੀ.ਆਈ. ਤਹਿਤ 13 ਨਵੰਬਰ 2014 ਨੂੰ ਦਿੱਤੀ ਸੂਚਨਾ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ 12 ਜੁਲਾਈ 2014 ਨੂੰ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਪੰਜਾਬ ਦੀ ਜਵਾਨੀ ਤੇ ਨਵੀਂ ਪੀੜ੍ਹੀ ਦੇ ਭਵਿੱਖ ਨੂੰ ਬਚਾਉਣ ਲਈ ਕੇਂਦਰੀ ਬਜਟ ਵਿਚ ਸਾਲਾਨਾ 100 ਕਰੋੜ ਦੀ ਵਿਵਸਥਾ ਕੀਤੀ ਜਾਵੇ। ਸ੍ਰੀ ਜੇਤਲੀ ਨੇ 26 ਅਗਸਤ 2014 ਨੂੰ ਮੁੱਖ ਮੰਤਰੀ ਨੂੰ ਜੁਆਬੀ ਪੱਤਰ ਲਿਖ ਕੇ ਆਖਿਆ ਕਿ ਕੇਂਦਰ, ਪੰਜਾਬ ਵਿਚੋਂ ਨਸ਼ਿਆਂ ਦੇ ਖ਼ਾਤਮੇ ਲਈ ਪ੍ਰਤੀਬੱਧ ਹੈ। ਉਨ੍ਹਾਂ ਨੇ 50 ਕਰੋੜ

### ਪੰਜਾਬ ਲਈ ਪੱਕੀ ਕੇਂਦਰੀ ਗ੍ਰਾਂਟ ਦੀ ਮੰਗ ਰੱਦ

ਦੇਣ ਦੀ ਪੇਸ਼ਕਸ਼ ਕੀਤੀ। ਕੇਂਦਰ ਨੇ ਕੇਂਦਰੀ ਬਜਟ ਵਿਚ 100 ਕਰੋੜ ਦੀ ਵਿਵਸਥਾ ਰੱਖਣ ਦੀ ਮੰਗ ਠੁਕਰਾ ਦਿੱਤੀ ਤੇ 50 ਕਰੋੜ ਦੀ ਰਕਮ ਵੀ ਅਜੇ ਤੱਕ ਨਹੀਂ ਭੇਜੀ। ਦੱਸਣਯੋਗ ਹੈ ਕਿ ਨਸ਼ਿਆਂ ਦਾ ਮੁੱਦਾ ਜੇਤਲੀ ਦੀ ਹਾਰ ਦਾ ਵੱਡਾ ਕਾਰਨ ਬਣਿਆ ਸੀ।

ਮੁੱਖ ਮੰਤਰੀ ਨੇ ਆਪਣੇ ਪੱਤਰ ਵਿਚ ਦੱਸਿਆ ਹੈ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਜੰਗ ਵਿੱਢ ਦਿੱਤੀ ਹੈ ਤੇ ਨਸ਼ਾਮੁਕਤੀ ਲਈ 31 ਨਸ਼ਾ ਛੁਡਾਊ ਕੇਂਦਰ ਬਣਾਏ ਜਾ ਰਹੇ ਹਨ। ਪੰਜ ਸਰਕਾਰੀ ਹਸਪਤਾਲਾਂ ਵਿਚ ਉੱਚ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸੇ ਆਧਾਰ 'ਤੇ ਸੌ ਕਰੋੜ ਦੀ ਗਰਾਂਟ ਮੰਗੀ ਗਈ।

ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਖੁਦ ਸਿੱਧੇ ਤੌਰ 'ਤੇ ਪੰਜਾਬ ਨੂੰ ਨਸ਼ਾਮੁਕਤ ਕਰਨ ਵਾਸਤੇ ਜੁਟ ਗਈ ਹੈ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਪੰਜਾਬ ਤੇ ਮਨੀਪੁਰ ਨਸ਼ਿਆਂ ਤੋਂ ਇਕੋ ਜਿੰਨੇ ਪੀੜਤ ਹਨ। ਕੇਂਦਰ ਸਰਕਾਰ ਨੇ ਕੌਮੀ ਅੰਕੜਾ ਕਮਿਸ਼ਨ ਦੇ ਵਰਕਿੰਗ ਗਰੁੱਪ ਦੀ ਸਿਫਾਰਸ਼ 'ਤੇ ਨਸ਼ਿਆਂ ਦੇ ਮਾਮਲੇ ਉਤੇ ਕੌਮੀ ਪੱਧਰ 'ਤੇ ਸਰਵੇ ਕਰਾਉਣ ਦਾ ਫੈਸਲਾ ਕੀਤਾ ਹੈ। ਕੇਂਦਰ ਸਰਕਾਰ ਵੱਲੋਂ ਮੁੱਢਲੇ ਪੜਾਅ 'ਤੇ ਪੰਜਾਬ ਅਤੇ ਮਨੀਪੁਰ ਦੇ ਦੋ-ਦੋ ਜ਼ਿਲ੍ਹਿਆਂ ਵਿਚ ਪਾਇਲਟ ਸਰਵੇ ਕਰਾਇਆ ਜਾ ਰਿਹਾ ਹੈ। ਇਵੇਂ ਹੀ ਕੇਂਦਰ ਵੱਲੋਂ ਨੈਸ਼ਨਲ ਪਾਲਿਸੀ ਆਨ ਡਰੱਗਜ਼ ਡਿਮਾਂਡ ਰਿਡਕਸ਼ਨ ਵੀ ਬਣਾਈ ਜਾ ਰਹੀ ਹੈ।

# ਇੰਟਰਨੈਟ 'ਤੇ ਛਾਏ ਮੋਦੀ ਤੇ ਅੰਬਾਨੀ

**ਬੰਗਲੌਰ:** ਇਸ ਸਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਸਨਅਤਕਾਰ ਮੁਕੇਸ਼ ਅੰਬਾਨੀ ਇੰਟਰਨੈੱਟ 'ਤੇ ਸਭ ਤੋਂ ਵੱਧ ਦੇਖੀਆਂ ਗਈਆਂ ਹਸਤੀਆਂ ਰਹੀਆਂ। ਸਰਚ ਇੰਜਣ ਯਾਹੂ ਨੇ ਇਹ ਜਾਣਕਾਰੀ ਦਿੱਤੀ ਹੈ। ਯਾਹੂ ਇੰਡੀਆ ਦੇ 'ਯੀਅਰ ਇ ਰੀਵਿਊ' ਦੇ ਸੱਤਵੇਂ ਐਡੀਸ਼ਨ ਅਨੁਸਾਰ 'ਹਾਈ ਐਂਡ ਮਾਈਟੀ ਪੁਲੀਟੀਕਲ ਟੌਪ-10' ਵਰਗ ਦੀ ਸੂਚੀ ਵਿਚ ਇੰਟਰਨੈੱਟ 'ਤੇ ਸਭ ਤੋਂ ਵੱਧ ਲੋਕਾਂ ਵੱਲੋਂ ਸ੍ਰੀ ਮੋਦੀ ਬਾਰੇ ਜਾਣਕਾਰੀ ਹਾਸਲ ਕੀਤੀ ਗਈ। 2014 ਦੀਆਂ ਇਨ੍ਹਾਂ ਅਹਿਮ ਹਸਤੀਆਂ ਵਿਚ ਅਰੁਣ ਜੇਤਲੀ (ਵਿੱਤ ਮੰਤਰੀ), ਭਾਜਪਾ ਪ੍ਰਧਾਨ ਅਮਿਤ ਸ਼ਾਹ ਵੀ ਸ਼ਾਮਲ ਹਨ। ਗ੍ਰਹਿ ਮੰਤਰੀ ਰਾਜਨਾਥ ਸਿੰਘ, ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ, ਰੇਲਵੇ ਮੰਤਰੀ ਸੁਰੇਸ਼ ਪ੍ਰਭੂ ਤੇ ਭਾਜਪਾ ਦੇ ਜਨਰਲ ਸਕੱਤਰ ਰਾਮ ਮਾਧਵ ਵੀ ਇਸ ਸੂਚੀ ਸ਼ਾਮਲ ਹਨ।

ਇਹ ਰੀਵਿਊ, ਇੰਟਰਨੈਟ ਦੀ ਵਰਤੋਂ ਕਰਨ ਵਾਲਿਆਂ ਦੀਆਂ ਨੈੱਟ 'ਤੇ ਚੀਜ਼ਾਂ ਦੇਖਣ ਦੀਆਂ ਆਦਤਾਂ ਤੇ ਭਾਰਤ ਵਿਚ ਯਾਹੂ 'ਤੇ ਸਿਫਾਰਸ਼ਸ਼ੁਦਾ ਤੇ ਸਾਂਝੀ ਕੀਤੀ ਜਾਣਕਾਰੀ ਜੋ ਕੁਝ ਉਹ ਪੜ੍ਹਦੇ ਹਨ, ਉਨ੍ਹਾਂ ਦੀ ਚੋਣ ਦੇ ਆਧਾਰ 'ਤੇ ਤਿਆਰ ਕੀਤਾ ਜਾਂਦਾ ਹੈ। ਯਾਹੂ ਦੀ ਵਰਤੋਂ ਕਰਨ ਵਾਲਿਆਂ ਦੀ ਰੁਚੀ ਮੋਦੀ ਵੱਲੋਂ ਸੁਧਾਰਾਂ ਦੇ ਯਤਨ ਤੇ ਵਿਦੇਸ਼ਾਂ ਨਾਲ ਸਬੰਧ ਸੁਧਾਰਨ ਦੇ ਅਮਲਾਂ ਵਿਚ ਰਹੀ। 'ਮੇਕ ਇਨ ਇੰਡੀਆ' ਇਸ ਨੂੰ ਸਾਲ ਦੀਆਂ ਸਭ ਤੋਂ ਵੱਡੀਆਂ ਵਿੱਤੀ ਘਟਨਾਵਾਂ ਵਿਚ ਸ਼ਾਮਲ ਕਰਨ ਵਿਚ ਸਹਾਈ ਹੋਈ।

ਦੇਸ਼ ਦੇ ਸਭ ਤੋਂ ਪ੍ਰਭਾਵਸ਼ਾਲੀ ਲੋਕਾਂ ਵਿਚੋਂ ਮੁਕੇਸ਼ ਅੰਬਾਨੀ ਦੂਜੀ ਵਾਰ ਨੰਬਰ ਇਕ ਰਹੇ, ਉਨ੍ਹਾਂ ਮਗਰੋਂ ਟਾਟਾ ਗਰੁੱਪ ਦੇ ਸਾਇਰਸ ਮਿਸਤਰੀ, ਅਦਾਨੀ ਗਰੁੱਪ ਆਫ ਇੰਡਸਟਰੀਜ਼ ਦੇ ਗੌਤਮ ਅਦਾਨੀ ਦਾ ਨੰਬਰ ਹੈ। ਇਸ ਸਾਲ ਫਾਇਨਾਂਸ ਬਾਰੇ ਖ਼ਬਰਾਂ ਵਿਚ ਚਰਚਿਤ ਰਹੇ ਲੋਕਾਂ ਵਿਚ ਐਪਲ ਦੇ ਸੀਈਓ ਟਿਮ ਕੁੱਕ, ਮਾਈਕਰੋਸਾਫਟ ਦੇ ਸੀਈਓ ਸਤਿਆ ਨਡੇਲਾ, ਇੰਫੋਸਿਸ ਸੀਈਓ ਤੇ ਐਮ.ਡੀ. ਵਿਸ਼ਾਲ ਸਿੱਕਾ ਤੇ ਫਲਿੱਪਕਾਰਟ ਦੇ ਸਚਿਨ ਬਾਂਸਲ ਤੇ ਬਿੰਨੀ ਬਾਂਸਲ ਤੇ ਸੈਨਪਡੀਲ ਦੇ ਰੋਹਿਤ ਬਾਂਸਲ ਰਹੇ। ਸਚਿਨ ਤੇਂਦੁਲਕਰ ਆਪਣੀ ਜੀਵਨੀ ਕਾਰਨ ਇਸ ਸਾਲ ਕ੍ਰਿਕਟਰਾਂ ਵਿਚੋਂ ਬਹੁਤ ਚਰਚਿਤ ਰਹੇ, ਫਿਲ ਹਿਊਜ਼, ਐਮ.ਐਸ. ਧੋਨੀ ਤੇ ਐਨ ਸ੍ਰੀਨਿਵਾਸਨ ਵੀ ਚਰਚਾ ਵਿਚ ਰਹੇ।

# ਮਰੀਜ਼ਾਂ ਨਾਲੋਂ ਡੇਢ ਦਹਾਕਾ ਘੱਟ ਉਮਰ ਭੋਗਦੇ ਨੇ ਭਾਰਤੀ ਡਾਕਟਰ

**ਚੰਡੀਗੜ੍ਹ:** ਦੁਜਿਆਂ ਨੂੰ ਜੀਵਨ ਦਾਨ ਦੇਣ ਵਾਲੇ ਡਾਕਟਰਾਂ ਨੂੰ ਆਪ ਲੰਬੀ ਉਮਰ ਭੋਗਣੀ ਨਸੀਬ ਨਹੀਂ ਹੈ। ਮਰੀਜ਼ਾਂ ਨਾਲੋਂ ਭਾਰਤੀ ਡਾਕਟਰ ਡੇਢ ਦਹਾਕਾ ਘੱਟ ਉਮਰ ਜਿਉਂਦੇ ਹਨ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਇਕ ਸਰਵੇਖਣ ਦੇ ਆਧਾਰ 'ਤੇ ਡਾਕਟਰਾਂ ਦੀ ਔਸਤਨ ਉਮਰ 55 ਤੋਂ 59 ਸਾਲ ਦੇ ਵਿਚਕਾਰ ਦੱਸੀ ਹੈ ਜਦੋਂਕਿ ਆਮ ਲੋਕ ਔਸਤਨ 72 ਤੋਂ 76 ਸਾਲ ਤੱਕ ਦੀ ਉਮਰ ਭੋਗਦੇ ਹਨ।

ਸਰਵੇਖਣ ਰਿਪੋਰਟ ਅਨੁਸਾਰ ਜ਼ਿਆਦਾਤਰ ਡਾਕਟਰ ਦਿਲ ਦੇ ਦੌਰੇ ਦਾ ਸ਼ਿਕਾਰ ਹੋ ਰਹੇ ਹਨ। ਭਾਰਤੀ ਡਾਕਟਰਾਂ ਦੀ ਨਿਸਬਤ ਪੰਜਾਬੀ ਡਾਕਟਰਾਂ ਦਾ ਦਿਲ ਵਧੇਰੇ ਜਲਦੀ ਸਾਥ ਛੱਡ ਰਿਹਾ ਹੈ। ਪਿਛਲੇ 5 ਸਾਲਾਂ ਤੋਂ ਡਾਕਟਰਾਂ ਦੀ ਔਸਤਨ ਉਮਰ ਤੇਜ਼ੀ ਨਾਲ ਘਟਣ ਲੱਗੀ ਹੈ। ਸਰਵੇਖਣ ਵਿਚ ਇਕ ਲੱਖ ਦਸ ਹਜ਼ਾਰ ਡਾਕਟਰਾਂ ਨੂੰ ਸ਼ਾਮਲ ਕੀਤਾ ਗਿਆ ਸੀ, ਜਿਨ੍ਹਾਂ 'ਚ ਪੰਜਾਬ ਦੇ ਪੰਜ ਹਜ਼ਾਰ ਤੋਂ ਵੱਧ ਡਾਕਟਰ ਸ਼ਾਮਲ ਕੀਤੇ ਗਏ ਹਨ। ਮਹਾਂਰਾਸ਼ਟਰ ਦੇ ਡਾਕਟਰਾਂ ਦਾ ਸਰਵੇਖਣ ਵਿਚ ਵੱਡਾ ਯੋਗਦਾਨ ਹੈ। ਐਸੋਸੀਏਸ਼ਨ ਦੀ ਸੋਸ਼ਲ ਸਕਿਊਰਿਟੀ ਸਕੀਮ ਅਧੀਨ ਇਹ ਸਰਵੇਖਣ ਹੋਇਆ ਹੈ।

ਇੰਡੀਅਨ ਮੈਡੀਕਲ ਐਸੋਸੀਏਸ਼ਨ ਦਾ ਨਿਚੋੜ ਹੈ ਕਿ ਆਮ ਡਾਕਟਰ ਦੀ ਉਮਰ 55 ਤੋਂ 59 ਸਾਲ ਰਹਿ ਗਈ ਹੈ, ਜੋ ਆਮ ਆਦਮੀ ਦੀ ਔਸਤਨ ਉਮਰ ਤੋਂ ਘੱਟ ਹੈ। ਜਿਹੜੇ ਲੋਕ ਦੂਜਿਆਂ ਨੂੰ ਤੰਦਰੁਸਤ ਤੇ ਲੰਬੀ ਜ਼ਿੰਦਗੀ ਜਿਉਣ ਦੇ ਗੁਰ ਦੱਸਦੇ ਹਨ ਉਹ ਖੁਦ ਤਣਾਅ ਭਰੀ ਜ਼ਿੰਦਗੀ ਦਾ ਸ਼ਿਕਾਰ ਹੋ ਰਹੇ ਹਨ। ਡਾਕਟਰਾਂ ਦਾ ਜਿਉਣ ਢੰਗ ਤੇ ਖਾਣ ਪੀਣ ਵੀ ਉਮਰ ਨੂੰ ਨਿਗਲ ਰਿਹਾ ਹੈ। ਦਿਲ ਦੇ ਦੌਰੇ ਵੱਡੀ ਗਿਣਤੀ ਡਾਕਟਰਾਂ ਦੀ ਜ਼ਿੰਦਗੀ ਲੈਣ ਦਾ ਸਬੱਬ ਬਣ ਰਹੇ ਹਨ। ਐਸੋਸੀਏਸ਼ਨ ਦੇ ਪੂਣੇ ਚੈਪਟਰ ਨੇ ਸਰਵੇਖਣ ਨਾਲ ਸਹਿਮਤੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਮਰੀਜ਼ਾਂ ਦਾ ਇਲਾਜ ਕਰਨ ਵਾਲੇ ਡਾਕਟਰ ਆਪ ਘੱਟ ਉਮਰ ਭੋਗ ਰਹੇ ਹਨ। ਇਸ ਦਾ ਕਾਰਨ ਉਨ੍ਹਾਂ ਦੇ ਸਿਰ ਛੋਟੀ ਉਮਰ ਤੋਂ ਹੀ ਬੋਝ ਦਾ ਪੈਣਾ ਦੱਸਿਆ ਜਾ ਰਿਹਾ ਹੈ। ਉਹ ਵਿਦਿਆਰਥੀ ਜੀਵਨ ਤੋਂ ਹੀ ਡਾਕਟਰ ਬਣ ਕੇ ਵਧੇਰੇ ਬੋਝ ਢੋਣ ਲਈ ਮਜਬੂਰ ਹਨ।

LAW OFFICE OF NIRWAN & ASSOCIATES
SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com
Jagdip S. Nirwan
• IMMIGRATION LAW
• TAX LAW
• TAX PREPARATION
• BUSINESS INCORPORATION
• BUSINESS LITIGATION



*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*

COVERED CALIFORNIA™
ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ
ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ
ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ
ਆਪਣੇ ਸਰਟੀਫਾਈਡ ਇੰਸ਼ੋਰੈਂਸ ਏਜੈਂਟ ਨਾਲ ਸੰਪਰਕ ਕਰੋ
Jarnail Singh Lallria (License # 0C19939)
Phone: (408) 728-0795
Fax: (209) 216-5502
E-mail: Jarnail_lallria@yahoo.com

# ਪਰਮਾਣੂ ਹਥਿਆਰਾਂ ਬਾਰੇ ਮਤੇ ਖ਼ਿਲਾਫ਼ ਭਾਰਤ ਤੇ ਪਾਕਿ ਇਕਮੁੱਠ

**ਸੰਯੁਕਤ ਰਾਸ਼ਟਰ:** ਭਾਰਤ ਨੇ ਪਾਕਿਸਤਾਨ ਤੇ ਅਮਰੀਕਾ ਨਾਲ ਮਿਲ ਕੇ ਸੰਯੁਕਤ ਰਾਸ਼ਟਰ ਦੇ ਉਸ ਮਤੇ ਖ਼ਿਲਾਫ਼ ਵੋਟ ਪਾਈ ਹੈ ਜਿਸ ਵਿਚ ਉਨ੍ਹਾਂ ਨੂੰ ਅਪਸਾਰ ਸੰਧੀ ਮੰਨਣ ਤੇ ਸਾਰੇ ਪ੍ਰਮਾਣੂ ਪਲਾਂਟ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ (ਆਈਏਈਏ) ਲਈ ਖੋਲ੍ਹਣ ਲਈ ਕਿਹਾ ਗਿਆ ਸੀ।ਸੰਯੁਕਤ ਰਾਸ਼ਟਰ ਆਮ ਸਭਾ ਦੇ ਇਜਲਾਸ ਦੌਰਾਨ ਇਸ ਮਤੇ ਦੇ ਹੱਕ ਵਿਚ 169 ਮੁਲਕਾਂ ਨੇ ਵੋਟ ਪਾਈ ਜਦਕਿ ਸੱਤ ਨੇ ਇਸ ਦਾ ਵਿਰੋਧ ਕੀਤਾ ਤੇ ਭੂਟਾਨ ਅਤੇ ਚੀਨ ਸਮੇਤ ਪੰਜ ਗੈਰਹਾਜ਼ਰ ਰਹੇ। ਪ੍ਰਮਾਣੂ ਹਥਿਆਰ ਰਹਿਤ ਸੰਸਾਰ ਸਿਰਜਣ ਤੇ ਪ੍ਰਮਾਣੂ ਨਿਸ਼ਸਤਰੀਕਰਨ ਵਚਨਬੱਧਤਾ ਲਈ ਇਹ ਮਤਾ ਪੇਸ਼ ਕੀਤਾ ਗਿਆ ਸੀ। ਇਸ ਖਰੜੇ ਨੂੰ ਪਾਸ ਕਰਾਉਣ ਤੋਂ ਪਹਿਲਾਂ ਪੈਰਾਗਰਾਫ ਨੌਂ ਲਈ ਵੱਖਰੇ ਤੌਰ 'ਤੇ ਵੋਟਿੰਗ ਕਰਾਈ ਗਈ।

Upgrade your Security Cameras to High Definition at very reasonable prices




*For more Details, Contact:*
Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc. Fax: 209-665-7067

# ਮਜ਼ਦੂਰਾਂ ਦੇ ਭਲਾਈ ਫੰਡ ‘ਤੇ ਵੀ ਸਰਕਾਰ ਦੀ ਅੱਖ

## ਪੈਸਾ ਹੋਰ ਕੰਮ ਵਿਚ ਲਾਉਣ ਦੀਆਂ ਜੁਗਤਾਂ



**ਬਠਿੰਡਾ:** ਪੰਜਾਬ ਸਰਕਾਰ ਕੋਲ ਮਜ਼ਦੂਰਾਂ ਦੇ ਭਲਾਈ ਫੰਡ ਦੇ 500 ਕਰੋੜ ਰੁਪਏ ਅਣਵਰਤੇ ਪਏ ਹਨ। ਸਰਕਾਰ ਨੇ ਉਸਾਰੀ ਮਜ਼ਦੂਰਾਂ ਦੀ ਭਲਾਈ ਵਾਸਤੇ 31 ਮਾਰਚ 2014 ਤੱਕ ਸਿਰਫ਼ 10.24 ਕਰੋੜ ਰੁਪਏ ਦੇ ਫੰਡ ਹੀ ਖਰਚੇ ਹਨ ਜੋ ਕਿ ਸਿਰਫ਼ 2.25 ਫੀਸਦੀ ਬਣਦੇ ਹਨ। ਪੰਜਾਬ ਸਰਕਾਰ ਖ਼ਜ਼ਾਨੇ ਦੀ ਤੰਗੀ ਕਰਕੇ ਇਨ੍ਹਾਂ ਫੰਡਾਂ ਨੂੰ ਵੀ ਵਰਤਣ ਦੀ ਤਾਕ ਵਿਚ ਹੈ ਪਰ ਸੁਪਰੀਮ ਕੋਰਟ ਦੇ ਡਰੋਂ ਥੋੜ੍ਹੀ ਮੁਸ਼ਕਲ ਆ ਰਹੀ ਹੈ।

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵੱਲੋਂ ਆਰ.ਟੀ.ਆਈ ਤਹਿਤ ਦਿੱਤੀ ਸੂਚਨਾ ਮੁਤਾਬਕ ਕਿਰਤ ਵਿਭਾਗ ਕੋਲ ਇਸ ਵੇਲੇ 31 ਅਕਤੂਬਰ 2014 ਤੱਕ ਲੇਬਰ ਸੈੱਸ ਦੇ 500.38 ਕਰੋੜ ਰੁਪਏ ਦੇ ਫੰਡ ਅਣਵਰਤੇ ਪਏ ਹਨ ਜੋ ਨਿਰੋਲ ਰੂਪ ਵਿਚ ਉਸਾਰੀ ਮਜ਼ਦੂਰਾਂ ਦੀ ਭਲਾਈ ਵਾਸਤੇ ਹਨ। ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਸੈਸ ਐਕਟ 1996 ਤਹਿਤ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਸ ਵੈਲਫੇਅਰ ਬੋਰਡ ਬਣਾ ਕੇ ਇਕ ਅਕਤੂਬਰ 2008 ਤੋਂ ਉਸਾਰੀ ਕੰਮਾਂ ਦੀ ਲਾਗਤ ਤੋਂ ਇਕ ਫੀਸਦੀ ਸੈੱਸ ਵਸੂਲਣਾ ਸ਼ੁਰੂ ਕੀਤਾ ਗਿਆ ਸੀ। ਬੋਰਡ ਕੋਲ 31 ਅਕਤੂਬਰ 2014 ਤੱਕ ਲੇਬਰ ਸੈੱਸ ਦੇ 562.57 ਕਰੋੜ ਰੁਪਏ ਇਕੱਠੇ ਹੋਏ ਹਨ। ਪੰਜਾਬ ਸਰਕਾਰ ਏਡੀ ਵੱਡੀ ਰਕਮ ਨੂੰ ਮਜ਼ਦੂਰਾਂ ਦੀ ਭਲਾਈ ‘ਤੇ ਖਰਚ ਹੀ ਨਹੀਂ ਕਰ ਸਕੀ ਹੈ। ਉਲਟਾ ਅਫਸਰਾਂ ਨੇ ਲੇਬਰ ਸੈੱਸ ਦੇ ਪੈਸੇ ਵਿਚੋਂ 8.51 ਕਰੋੜ ਰੁਪਏ ਪ੍ਰਬੰਧਕੀ ਕੰਮਾਂ ‘ਤੇ ਖਰਚ ਕਰ ਦਿੱਤੇ।

ਲੇਬਰ ਸੈੱਸ ਦੇ ਪੈਸੇ ਨਾਲ ਅਫਸਰਾਂ ਨੇ 1.33 ਕਰੋੜ ਰੁਪਏ ਦੀਆਂ ਗੱਡੀਆਂ ਖਰੀਦ ਲਈਆਂ ਤੇ 6.05 ਕਰੋੜ ਰੁਪਏ ਤਨਖਾਹਾਂ ਅਤੇ ਭੱਤਿਆਂ ‘ਤੇ ਖਰਚ ਦਿੱਤੇ। ਇਵੇਂ ਹੀ 19 ਲੱਖ ਰੁਪਏ ਦੇ ਕੰਪਿਊਟਰ ਤੇ 14 ਲੱਖ ਰੁਪਏ ਦੀ ਸਟੇਸ਼ਨਰੀ ਖਰੀਦ ਲਈ ਹੈ। ਬੋਰਡ ਨੇ ਦੱਸਿਆ ਹੈ ਕਿ 24056 ਕਾਮਿਆਂ ਨੂੰ ਭਲਾਈ ਫੰਡ ਦਿੱਤਾ ਗਿਆ ਹੈ ਪਰ ਫੰਡ ਦੀ ਰਕਮ ਨਹੀਂ ਦੱਸੀ। ਉਂਜ, 31 ਮਾਰਚ ਤੱਕ 10.24 ਕਰੋੜ ਦਾ ਭਲਾਈ ਫੰਡ ਕਾਮਿਆਂ ਨੂੰ ਵੰਡਿਆ ਗਿਆ ਸੀ। ਸੁਪਰੀਮ ਕੋਰਟ ਦੀ ਸਖ਼ਤ ਹਦਾਇਤ ਹੈ ਕਿ ਲੇਬਰ ਸੈਸ ਦਾ ਪੈਸਾ ਸਿਰਫ਼ ਉਸਾਰੀ ਮਜ਼ਦੂਰਾਂ ਦੀ ਭਲਾਈ ਵਾਸਤੇ ਹੀ ਵਰਤਿਆ ਜਾਵੇ। ਪੰਜਾਬ ਵਿਚ ਇਸ ਵੇਲੇ 2.63 ਲੱਖ ਉਸਾਰੀ ਮਜ਼ਦੂਰ ਰਜਿਸਟਰਡ ਹਨ ਜਿਨ੍ਹਾਂ ਨੇ ਰਜਿਸਟ੍ਰੇਸ਼ਨ ਫੀਸ ਆਦਿ ਦੇ ਰੂਪ ਵਿਚ ਬੋਰਡ ਨੂੰ 3.68 ਕਰੋੜ ਰੁਪਏ ਦਿੱਤੇ ਹਨ। ਬਠਿੰਡਾ ਜ਼ਿਲ੍ਹੇ ਵਿਚ 10087 ਮਜ਼ਦੂਰ ਰਜਿਸਟਰਡ ਹਨ ਜਿਨ੍ਹਾਂ ਦੀ ਭਲਾਈ ‘ਤੇ ਸਿਰਫ਼ 80 ਲੱਖ ਰੁਪਏ ਖਰਚ ਕੀਤੇ ਗਏ ਹਨ। ਫਿਰੋਜ਼ਪੁਰ ਜ਼ਿਲ੍ਹੇ ਵਿਚ ਸਿਰਫ਼ 3284 ਉਸਾਰੀ ਮਜ਼ਦੂਰ ਰਜਿਸਟਰਡ ਹਨ ਜਿਨ੍ਹਾਂ ਦੀ ਭਲਾਈ ‘ਤੇ ਹੁਣ ਤੱਕ ਸਿਰਫ 42.54 ਲੱਖ ਰੁਪਏ ਖਰਚੇ ਗਏ ਹਨ। ਸਹਾਇਕ ਕਿਰਤ ਕਮਿਸ਼ਨ ਬਠਿੰਡਾ ਗੁਲਸ਼ਨ ਕੁਮਾਰ ਦਾ ਕਹਿਣਾ ਸੀ ਕਿ ਪੰਜਾਬ ਵਿਚ ਬਹੁਤੇ ਉਸਾਰੀ ਮਜ਼ਦੂਰ ਪਰਵਾਸੀ ਹਨ ਜਿਨ੍ਹਾਂ ਕੋਲ ਪੂਰੇ ਦਸਤਾਵੇਜ਼ ਨਾ ਹੋਣ ਕਰਕੇ ਉਨ੍ਹਾਂ ਦੀ ਰਜਿਸਟ੍ਰੇਸ਼ਨ ਦੀ ਦਿੱਕਤ ਆਉਂਦੀ ਹੈ। ਜੇਕਰ ਰਜਿਸਟਰੇਸ਼ਨ ਹੋ ਜਾਵੇ ਤਾਂ ਉਹ ਸਕੀਮਾਂ ਦਾ ਲਾਭ ਮਿਲਣ ਤੱਕ ਇਥੋਂ ਚਲੇ ਜਾਂਦੇ ਹਨ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਦਾ ਕਹਿਣਾ ਸੀ ਕਿ ਉਸਾਰੀ ਮਜ਼ਦੂਰ ਤਾਂ ਇਨ੍ਹਾਂ ਸਕੀਮਾਂ ਤੋਂ ਹੀ ਅਣਜਾਣ ਹੈ ਕਿਉਂਕਿ ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਦੀ ਬਿਹਤਰੀ ਲਈ ਕੋਈ ਜਾਗਰੂਕਤਾ ਮੁਹਿੰਮ ਧਰਾਤਲ ਤੱਕ ਚਲਾਈ ਹੀ ਨਹੀਂ ਜਾਂਦੀ ਹੈ। ਮਿਲੇ ਵੇਰਵਿਆਂ ਅਨੁਸਾਰ ਭਲਾਈ ਸਕੀਮਾਂ ਦਾ ਲਾਹਾ ਲੈਣ ਵਾਸਤੇ ਹਰ ਉਸਾਰੀ ਮਜ਼ਦੂਰ ਨੂੰ 25 ਰੁਪਏ ਰਜਿਸਟ੍ਰੇਸ਼ਨ ਫੀਸ ਤੇ ਪ੍ਰਤੀ ਮਹੀਨਾ 10 ਰੁਪਏ ਵੱਖਰੀ ਫੀਸ ਦੇਣੀ ਪੈਂਦੀ ਹੈ। ਭਲਾਈ ਸਕੀਮਾਂ ਤਹਿਤ ਉਸਾਰੀ ਮਜ਼ਦੂਰਾਂ ਨੂੰ 60 ਸਾਲ ਦੀ ਉਮਰ ਤੋਂ ਮਗਰੋਂ 20 ਹਜ਼ਾਰ ਰੁਪਏ ਸਾਲਾਨਾ ਬੁਢਾਪਾ ਪੈਨਸ਼ਨ ਤੇ ਸਗਨ ਸਕੀਮ ਤਹਿਤ ਕਿਰਤੀਆਂ ਦੀਆਂ ਲੜਕੀਆਂ ਲਈ 21 ਹਜ਼ਾਰ ਰੁਪਏ ਦੀ ਰਕਮ ਮਿਲਦੀ ਹੈ। ਉਸਾਰੀ ਮਜ਼ਦੂਰਾਂ ਦੀ ਮੌਤ ਹੋਣ ਦੀ ਸੂਰਤ ਵਿਚ ਪਰਿਵਾਰ ਨੂੰ ਡੇਢ ਲੱਖ ਰੁਪਏ ਦੀ ਐਕਸ ਗਰੇਸ਼ੀਆ ਗਰਾਂਟ ਦਿੱਤੀ ਜਾਂਦੀ ਹੈ। ਸਸਕਾਰ ਤੇ ਭੋਗ ਸਮਾਗਮਾਂ ਵਾਸਤੇ ਵੱਖਰੀ 10 ਹਜ਼ਾਰ ਰੁਪਏ ਦਿੱਤੇ ਜਾਣ ਦੀ ਵਿਵਸਥਾ ਹੈ।

# ਬਾਦਲ ਵਲੋਂ ਕੇਂਦਰੀ ਕਰਾਂ ਵਿਚੋਂ 50 ਫੀਸਦੀ ਹਿੱਸੇ ਦੀ ਵਕਾਲਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੇਸ਼ ਨੂੰ ਸਹੀ ਅਰਥਾਂ ਵਿਚ ਸੰਘੀ ਢਾਂਚੇ ਦਾ ਰੂਪ ਦੇਣ ਤੇ ਸੰਵਿਧਾਨ ਨੂੰ ਨਵੇਂ ਸਿਰਿਓਂ ਵਾਚਣ ‘ਤੇ ਜ਼ੋਰ ਦਿੰਦਿਆਂ ਕੇਂਦਰ ਦਾ ਅਧਿਕਾਰ ਖੇਤਰ ਸਿਰਫ ਕੌਮੀ ਅਹਿਮੀਅਤ ਵਾਲੇ ਮੁੱਦਿਆਂ ਤੱਕ ਹੀ ਸੀਮਤ ਰੱਖਣ ਦੀ ਵਕਾਲਤ ਕੀਤੀ ਹੈ।

ਸ. ਬਾਦਲ ਨੇ ਦਿੱਲੀ ਵਿਖੇ ਪ੍ਰਧਾਨ ਮੰਤਰੀ ਵੱਲੋਂ ਯੋਜਨਾ ਕਮਿਸ਼ਨ ਦੇ ਖ਼ਾਤਮੇ ਬਾਰੇ ਸੱਦੀ ਮੁੱਖ ਮੰਤਰੀਆਂ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਸਹਿਕਾਰਤਾ ਸੰਘੀ ਢਾਂਚੇ ਦੇ ਨਿਸ਼ਾਨੇ ਦੀ ਪ੍ਰਾਪਤੀ ਲਈ ਬਦਲਵਾਂ ਰੂਪ ਦੇਣ ਲਈ ਪ੍ਰਧਾਨ ਮੰਤਰੀ ਦੀ ਅਗਵਾਈ ਵਿਚ ਤਜਵੀਜ਼ਤ ਮੁੱਖ ਮੰਤਰੀਆਂ ਦੀ ਪ੍ਰੀਸ਼ਦ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਸੂਬਿਆਂ ਤੇ ਕੇਂਦਰ ਵਿਚਾਲੇ ਵਸੀਲਿਆਂ ਦੀ ਵੰਡ ਦਾ ਫ਼ਾਰਮੂਲਾ ਨਵੇਂ ਸਿਰਿਓਂ ਨਿਰਧਾਰਤ ਕਰਨ ਦੀ ਲੋੜ ਹੈ। ਸੂਬਿਆਂ ਨੂੰ ਕੇਂਦਰੀ ਕਰਾਂ ਤੇ ਗੈਰ-ਕਰ ਮਾਲੀਆ ਵਿਚੋਂ 50 ਫ਼ੀਸਦੀ ਹਿੱਸਾ ਮਿਲਣਾ ਚਾਹੀਦਾ ਹੈ। ਸੂਬਿਆਂ ਨੂੰ ਵਸੀਲਿਆਂ ਦੀ ਵੰਡ ਪਾਰਦਰਸ਼ੀ ਫ਼ਾਰਮੂਲੇ ‘ਤੇ ਹੋਣੀ ਚਾਹੀਦੀ ਹੈ ਨਾ ਕਿ ਸਿਆਸੀ ਅਖ਼ਤਿਆਰ ਅਨੁਸਾਰ ਵੱਡੇ ਰਾਜਾਂ ਨੂੰ ਮੋਟੇ ਹਿੱਸੇ ਦੇ ਦਿੱਤੇ ਜਾਣ। ਸ. ਬਾਦਲ ਨੇ ਵਸੀਲਿਆਂ ਦੀ ਵੰਡ ਦਾ ਫ਼ਾਰਮੂਲਾ, ਰਾਜਾਂ ਦੀ ਅਨੁਸੂਚਿਤ ਜਾਤੀ ਵਸੋਂ, ਭੂਗੋਲਿਕ ਕਮੀਆਂ ਜਿਵੇਂ ਕੌਮਾਂਤਰੀ ਸੀਮਾ ਦੇ ਨਾਲ ਤੇ ਦੇਸ਼ ਦੇ ਕੇਂਦਰੀ ਅਨਾਜ ਭੰਡਾਰ ਵਿਚ ਯੋਗਦਾਨ ਆਦਿ ਦੇ ਆਧਾਰ ‘ਤੇ ਨਿਰਧਾਰਤ ਕਰਨ ਲਈ ਆਖਿਆ। ਯੋਜਨਾ ਕਮਿਸ਼ਨ ਦੀ ਥਾਂ ਨਵਾਂ ਢਾਂਚਾ ਕਾਇਮ ਕਰਨ ਬਾਰੇ ਉਨ੍ਹਾਂ ਕਿਹਾ ਕਿ ਉਸ ਦੀ ਬਣਤਰ, ਕਾਨੂੰਨੀ ਸਰੂਪ ਤੇ ਸ਼ਰਤਾਂ ‘ਤੇ ਪੂਰਾ ਧਿਆਨ ਦਿੱਤਾ ਜਾਵੇ।

# ਕੇਂਦਰ ਵਲੋਂ ਪੰਜਾਬ ਸਰਕਾਰ ਨੂੰ ਥੋੜ੍ਹੀ ਜਿਹੀ ਰਾਹਤ



**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਕੇਂਦਰੀ ਭੰਡਾਰਨ ਲਈ ਜੀਰੀ ਦੀ ਖਰੀਦ ਦੇ 2000 ਕਰੋੜ ਰੁਪਏ ਦੀ ਆਖਰੀ ਕਿਸ਼ਤ ਜਾਰੀ ਕਰਨ ਮਗਰੋਂ ਪੰਜਾਬ ਸਰਕਾਰ ਨੂੰ ਸੁੱਖ ਦਾ ਸਾਹ ਆ ਗਿਆ ਹੈ। ਇਹ ਰਕਮ ਕਿਸਾਨਾਂ ਨੂੰ ਅਦਾਇਗੀਆਂ ਕਰਨ ਲਈ ਹੈ। ਕਿਸਾਨਾਂ ਦੇ ਬਕਾਏ ਨਾ ਦੇਣ ‘ਤੇ ਭਾਰਤੀ ਕਿਸਾਨ ਯੂਨੀਅਨ ਦੇ ਵੱਖ-ਵੱਖ ਧੜਿਆਂ ਤੇ ਆੜ੍ਹਤੀਆਂ ਦੀ ਨਿੰਦਾ ਝੱਲ ਰਹੀ ਪੰਜਾਬ ਸਰਕਾਰ ਪਿਛਲੇ ਤਿੰਨ ਹਫਤਿਆਂ ਤੋਂ ਕਸੂਤੀ ਸਥਿਤੀ ਵਿਚ ਸੀ। ਕੇਂਦਰ ਨੇ ਕੁੱਲ 20451 ਕਰੋੜ ਰੁਪਏ ਦੀ ਰਕਮ ਪੰਜਾਬ ਸਰਕਾਰ ਨੂੰ ਤਿੰਨ ਕਿਸ਼ਤਾਂ ਵਿਚ ਜਾਰੀ ਕੀਤੀ ਹੈ। ਸਾਰੀ ਅਦਾਇਗੀ ਲਈ ਪੰਜਾਬ ਖੁਰਾਕ ਤੇ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਲਗਾਤਾਰ ਪੱਬਾਂ ਭਾਰ ਸਨ। ਕੇਂਦਰ ਦੇ ਵਿੱਤ ਮੰਤਰਾਲੇ ਨੇ ਵੀ ਇਹ ਰਕਮ ਇਕੱਠੀ ਜਾਰੀ ਨਾ ਕਰਕੇ ਤਿੰਨ ਕਿਸ਼ਤਾਂ ਵਿਚ ਦਿੱਤੀ। ਅਸਲ ਵਿਚ ਵਿੱਤ ਮੰਤਰਾਲਾ ਇਸ ਗੱਲ ‘ਤੇ ਅੜਿਆ ਹੋਇਆ ਸੀ ਕਿ ਪਹਿਲਾਂ ਸੂਬਾ ਸਰਕਾਰ 2002-03 ਤੋਂ ਰਾਜ ਵੱਲੋਂ ਕੇਂਦਰੀ ਭੰਡਾਰਨ ਲਈ ਖਰੀਦੇ ਅਨਾਜ ਦੇ 42000 ਕਰੋੜ ਰੁਪਏ ਦਾ ਹਿਸਾਬ-ਕਿਤਾਬ ਸਿੱਧਾ ਕਰੇ। ਸ੍ਰੀ ਕੈਰੋਂ ਦੀ ਦਲੀਲ ਸੀ ਕਿ ਇਹ ਲੇਖਾ-ਜੋਖਾ, ਜੋ ਪਿਛਲੇ ਕੁਝ ਸਾਲਾਂ ਤੋਂ ਇਸ ਕਰਕੇ ਲਟਕ ਰਿਹਾ ਹੈ ਕਿਉਂਕਿ ਕੁਝ ਵਿਆਜ ਤੇ ਘਟਨਾਵਾਂ ਕਰਕੇ ਕੇਂਦਰ ਤੇ ਰਾਜ ਸਰਕਾਰ ਦੇ ਹਿਸਾਬ-ਕਿਤਾਬ ਵਿਚ ਫਰਕ ਆ ਗਿਆ ਹੈ। ਉਹ ਜੀਰੀ ਦਾ ਸੀਜ਼ਨ ਖਤਮ ਹੋਣ ਮਗਰੋਂ ਵੀ ਹੋ ਸਕਦਾ ਹੈ, ਜਦਕਿ ਚਾਲੂ ਸੈਸ਼ਨ ਦੌਰਾਨ ਜੀਰੀ ਦੀ ਅਦਾਇਗੀ ਨਹੀਂ ਰੁਕਣੀ ਚਾਹੀਦੀ।

ਦਿਲਚਸਪ ਗੱਲ ਹੈ ਕਿ ਮਨਮੋਹਨ ਸਿੰਘ ਸਰਕਾਰ ਵੇਲੇ ਰਾਜ ਸਰਕਾਰ ਨੂੰ ਕੇਂਦਰੀ ਭੰਡਾਰਨ ਲਈ ਰਾਸ਼ੀ ਜਾਰੀ ਕਰਾਉਣ ਵਿਚ ਕਦੇ ਕੋਈ ਔਖ ਪੇਸ਼ ਨਹੀਂ ਆਈ ਸੀ। 127 ਲੱਖ ਟਨ ਜੀਰੀ ਮੰਡੀਆਂ ਵਿਚ ਆਉਣ ਦੀ ਆਸ ਨਾਲ ਪਹਿਲਾਂ ਪੰਜਾਬ ਸਰਕਾਰ ਨੇ ਕੇਂਦਰ ਤੋਂ 23448 ਕਰੋੜ ਰੁਪਏ ਮੰਗੇ ਸਨ ਪਰ ਘੱਟ ਖਰੀਦ ਕਾਰਨ ਇਹ ਰਾਸ਼ੀ ਮਗਰੋਂ 21000 ਕਰੋੜ ਰੁਪਏ ਰਹਿ ਗਈ ਸੀ। ਸੂਬਾ ਸਰਕਾਰ ਦੀਆਂ ਏਜੰਸੀਆਂ ਨੇ 113 ਲੱਖ ਟਨ ਜੀਰੀ ਖਰੀਦੀ ਸੀ। 118 ਲੱਖ ਟਨ ਖਰੀਦ ਨਾਲ ਜੀਰੀ ਦਾ ਸੀਜ਼ਨ ਖਤਮ ਹੋ ਚੁੱਕਿਆ ਸੀ ਜਿਸ ਵਿਚੋਂ 219 ਲੱਖ ਟਨ ਐਫ.ਸੀ.ਆਈ. ਨੇ ਦੋ ਲੱਖ ਟਨ ਪ੍ਰਾਈਵੇਟ ਵਪਾਰੀਆਂ ਨੇ ਤੇ ਬਾਕੀ ਦੀ ਰਾਜ ਸਰਕਾਰ ਦੀਆਂ ਏਜੰਸੀਆਂ ਨੇ ਖਰੀਦੀ ਸੀ।

# ਸਿੱਖ ਜਰਨੈਲਾਂ ਬਾਰੇ ਫਿਲਮਾਂ ਬਣਾਉਣ ‘ਤੇ ਹੁਣ ਕੋਈ ਰੋਕ ਨਹੀਂ

**ਆਨੰਦਪੁਰ ਸਾਹਿਬ:** ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੇ ਜੀਵਨ ‘ਤੇ ਆਧਾਰਿਤ ਐਨੀਮੇਸ਼ਨ ਫਿਲਮ ‘ਚਾਰ ਸਾਹਿਬਜ਼ਾਦੇ‘ ਨੂੰ ਮਿਲੇ ਭਰਪੂਰ ਹੁੰਗਾਰੇ ਤੇ ਫਿਲਮ ਵੱਲੋਂ ਕੀਤੇ ਗਏ ਕਰੋੜਾਂ ਰੁਪਏ ਦੇ ਕਾਰੋਬਾਰ ਤੋਂ ਬਾਅਦ ਹੁਣ ਛੇਤੀ ਹੀ ਸਿੱਖ ਧਰਮ ਨਾਲ ਸਬੰਧਤ ਹੋਰ ਫਿਲਮਾਂ ਵੀ ਸਰੋਤਿਆਂ ਨੂੰ ਦੇਖਣ ਨੂੰ ਮਿਲਣਗੀਆਂ ਕਿਉਂਕਿ ਹੁਣ ਸਿੱਖ ਧਰਮ ਨਾਲ ਸਬੰਧਤ ਫਿਲਮ ਬਣਾਉਣ ‘ਤੇ ਕੋਈ ਰੋਕ ਨਹੀਂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਯਮ ਬਣਾ ਕੇ ਸਿੱਖ ਧਰਮ ਦੇ ਇਤਿਹਾਸ ਨੂੰ ਉਸਾਰੂ ਢੰਗ ਨਾਲ ਫਿਲਮਾਉਣ ਵਾਲਿਆਂ ਨੂੰ ਵਿਸ਼ੇਸ਼ ਮੌਕਾ ਦਿੱਤਾ ਹੈ। ਫਿਲਮ ‘ਚਾਰ ਸਾਹਿਬਜ਼ਾਦੇ’ ਨੂੰ ਮਿਲੀ ਸਫਲਤਾ ਮਗਰੋਂ ਨਿਰਦੇਸ਼ਕਾਂ ਵਿਚ ਸਿੱਖ ਧਰਮ ’ਤੇ ਫਿਲਮਾਂ ਬਣਾਉਣ ਦੀ ਹੋੜ ਲੱਗ ਗਈ ਹੈ। ਹੁਣ ਸ਼੍ਰੋਮਣੀ ਕਮੇਟੀ ਨੇ ਵੀ ਅਜਿਹੇ ਉਸਾਰੂ ਕਦਮਾਂ ਨੂੰ ਉਤਸ਼ਾਹਤ ਕਰਨ ਦਾ ਫ਼ੈਸਲਾ ਲਿਆ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸਿੱਖ ਧਰਮ ’ਤੇ ਆਧਾਰਤ ਫਿਲਮਾਂ ਨੂੰ ਉਤਸ਼ਾਹਤ ਕਰਨ ਲਈ ਉਨ੍ਹਾਂ ਵੱਖ-ਵੱਖ ਤਖਤਾਂ ਦੇ ਜਥੇਦਾਰਾਂ ਦੇ ਨਾਲ ਸਲਾਹ ਕਰਨ ਤੋਂ ਬਾਅਦ ਇਹ ਫ਼ੈਸਲਾ ਲਿਆ ਹੈ ਕਿ ਸਿੱਖ ਗੁਰੂਆਂ, ਉਨ੍ਹਾਂ ਦੇ ਸਾਹਿਬਜ਼ਾਦਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਬੰਧਤ ਜੇਕਰ ਕਿਸੇ ਨੇ ਕੋਈ ਫਿਲਮ ਬਣਾਉਣੀ ਹੈ ਤਾਂ ਉਹ ਸਿਰਫ ਐਨੀਮੇਸ਼ਨ ਫਿਲਮ ਬਣਾ ਸਕਦਾ ਹੈ। ਜੇਕਰ ਸਿੱਖ ਕੌਮ ਦੇ ਮਹਾਨ ਜਰਨੈਲਾਂ ਦੇ ਇਤਿਹਾਸ ’ਤੇ ਆਧਾਰਿਤ ਫਿਲਮ ਬਣਾਉਣੀ ਹੈ ਤਾਂ ਉਸ ਵਿਚ ਅਦਾਕਾਰ ਲਏ ਜਾ ਸਕਦੇ ਹਨ ਪਰ ਉਹ ਸਾਰੇ ਅਦਾਕਾਰ ਪੂਰੇ ਖ਼ਾਲਸਾਈ ਰੂਪ ਵਿਚ ਹੋਣੇ ਚਾਹੀਦੇ ਹਨ।




# ਓਬਰਾਏ ਦੀ ਸੇਬੋਰਗਾ ਦੇ ਸਫ਼ੀਰ ਵਜੋਂ ਨਿਯੁਕਤੀ

**ਪਟਿਆਲਾ:** ਦੁਬਈ ਦੇ ਕਾਰੋਬਾਰੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਸੁਰਿੰਦਰਪਾਲ ਸਿੰਘ ਓਬਰਾਏ ਨੂੰ ਯੂਰਪੀਨ ਰਿਆਸਤ ਸੇਬੋਰਗਾ ਵੱਲੋਂ ਭਾਰਤ ਲਈ ਕੌਂਸਲੇਟ ਜਨਰਲ ਨਿਯੁਕਤ ਕੀਤਾ ਗਿਆ ਹੈ। ਇਹ ਪਹਿਲਾ ਮੌਕਾ ਹੈ ਕਿ ਜਦੋਂ ਕਿਸੇ ਯੂਰਪੀਨ ਰਿਆਸਤ ਨੇ ਕਿਸੇ ਸਿੱਖ ਨੂੰ ਅਜਿਹਾ ਮਾਣ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਸੇ ਸਾਲ ਓਬਰਾਏ ਨੂੰ ਬ੍ਰਿਟਿਸ਼ ਪਾਰਲੀਮੈਂਟ ਦੇ ਹਾਊਸ ਆਫ ਲਾਰਡਜ਼ ਵਿਖੇ ‘ਸਿੱਖ ਆਫ ਦਿ ਯੀਅਰ’ ਐਵਾਰਡ ਨਾਲ ਵੀ ਸਨਮਾਨਿਆ ਜਾ ਚੁੱਕਾ ਹੈ । ਸ੍ਰੀ ਓਬਰਾਏ ਦੀ ਕੌਮਾਂਤਰੀ ਪੱਧਰ ਦੇ ਸਮਾਜ ਸੇਵੀ ਵਜੋਂ ਪਛਾਣ ਪਹਿਲਾਂ ਹੀ ਕਾਇਮ ਹੋ ਚੁੱਕੀ ਹੈ। ਸੇਬੋਰਗਾ ਦੇ ਸ਼ਹਿਜ਼ਾਦੇ ਵੱਲੋਂ ਸ੍ਰੀ ਓਬਰਾਏ ਨੂੰ ਦੋ ਪਾਸਪੋਰਟ ਵੀ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿਚ ਸਬੋਰਗਾ ਦੇਸ਼ ਦੇ ਪਾਸਪੋਰਟ ਤੋਂ ਇਲਾਵਾ ‘ਕਲੱਬ ਡਿਪਲੋਮੈਟ’ ਸੀ.ਡੀ. ਪਾਸਪੋਰਟ ਵੀ ਸ਼ਾਮਲ ਹੈ। ਇਸ ਸੀ.ਡੀ. ਪਾਸਪੋਰਟ ਦੀ ਅੰਤਰਾਸ਼ਟਰੀ ਪੱਧਰ ’ਤੇ ਬੜੀ ਵੱਡੀ ਮਾਨਤਾ ਹੈ। ਸ੍ਰੀ ਓਬਰਾਏ ਦੀ ਇਸ ਨਿਯੁਕਤੀ ਬਾਰੇ ਸਮਾਗਮ ਵਿਸ਼ੇਸ਼ ਡੈਲੀਗੇਸ਼ਨ ਸ਼ਾਮਲ ਹੋਇਆ।

# ਪਾਵਨ ਸਰੂਪ ਪ੍ਰਕਾਸ਼ਿਤ ਮਾਮਲੇ ਦੀ ਜਾਂਚ ਤੋਂ ਹੱਥ ਖੜ੍ਹੇ

## ਮਾਮਲਾ ਸਾਈਬਰ ਕਰਾਈਮ ਵਿਭਾਗ ਨੂੰ ਸੌਂਪਣ ਦੀ ਤਿਆਰੀ

**ਅੰਮ੍ਰਿਤਸਰ:** ਚੀਨ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪ੍ਰਕਾਸ਼ਿਤ ਕਰਨ ਤੇ ਵੇਚਣ ਦੇ ਮਾਮਲੇ ਵਿਚ ਪੁਲਿਸ ਨੂੰ ਹੁਣ ਤੱਕ ਕੋਈ ਵੱਡੀ ਜਾਣਕਾਰੀ ਪ੍ਰਾਪਤ ਨਹੀਂ ਹੋਈ ਹੈ ਤੇ ਇਹ ਮਾਮਲਾ ਸਾਈਬਰ ਕਰਾਈਮ ਵਿਭਾਗ ਨੂੰ ਸੌਂਪਿਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਨੂੰ ਪਿਛਲੇ ਦਿਨੀਂ ਇਹ ਜਾਣਕਾਰੀ ਮਿਲੀ ਸੀ ਕਿ ਇਕ ਵਿਅਕਤੀ ਵੱਲੋਂ ਚੀਨ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਪ੍ਰਕਾਸ਼ਨਾ ਕੀਤੀ ਜਾ ਰਹੀ ਹੈ ਤੇ ਇਹ ਵਿਅਕਤੀ ਦੇਸ਼ ਵਿਦੇਸ਼ ਵਿਚ ਸਰੂਪਾਂ ਨੂੰ ਵੇਚਣ ਦਾ ਕੰਮ ਵੀ ਕਰ ਰਿਹਾ ਹੈ।

ਉਸ ਨੇ ਇਕ ਵੈੱਬਸਾਈਟ ਤਿਆਰ ਕੀਤੀ ਹੋਈ ਹੈ, ਜਿਸ ਰਾਹੀਂ ਉਸਨੇ ਸਰੂਪਾਂ ਦੀ ਮੰਗ ਬਾਰੇ ਪੇਸ਼ਕਸ਼ ਕੀਤੀ ਹੈ। ਉਸ ਵੱਲੋਂ ਪਾਵਨ ਸਰੂਪ ਸਮੁੰਦਰੀ ਮਾਰਗ ਤੇ ਹਵਾਈ ਮਾਰਗ ਰਾਹੀਂ ਪਹੁੰਚਾਉਣ ਦਾ ਭਰੋਸਾ ਵੀ ਦਿੱਤਾ ਗਿਆ ਹੈ। ਇਹ ਜਾਣਕਾਰੀ ਪਹਿਲਾਂ ਅਮਰੀਕਾ ਵਿਚ ਸਿੱਖ ਸੰਗਤ ਨੂੰ ਮਿਲੀ ਸੀ, ਜਿਨ੍ਹਾਂ ਇਸ ਬਾਰੇ ਤੁਰੰਤ ਸ਼੍ਰੋਮਣੀ ਕਮੇਟੀ ਨੂੰ ਸੂਚਿਤ ਕੀਤਾ। ਸ਼੍ਰੋਮਣੀ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਨੇ ਆਪਣੇ ਪੱਧਰ ‘ਤੇ ਮਾਮਲੇ ਦੀ ਜਾਂਚ ਕਰਦਿਆਂ ਇਸ ਬਾਰੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਪੁਲਿਸ ਨੇ ਆਈ.ਪੀ.ਸੀ. ਦੀ ਧਾਰਾ 295 ਏ ਤਹਿਤ ਮਾਮਲਾ ਦਰਜ ਕੀਤਾ ਹੈ ਪਰ ਫਿਲਹਾਲ ਕੋਈ ਵੱਡੀ ਜਾਣਕਾਰੀ ਪ੍ਰਾਪਤ ਨਹੀਂ ਹੋਈ ਹੈ। ਇਸ ਬਾਰੇ ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਤੇ ਏ.ਡੀ.ਸੀ.ਪੀ. ਪਰਮਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਮਾਮਲੇ ਦੀ ਘੋਖ ਕੀਤੀ ਜਾ ਰਹੀ ਹੈ ਪਰ ਫਿਲਹਾਲ ਕੋਈ ਵੱਡੀ ਜਾਣਕਾਰੀ ਨਹੀਂ ਮਿਲੀ ਹੈ। ਪੁਲਿਸ ਵੱਲੋਂ ਇਸ ਮਾਮਲੇ ਵਿਚ ਸਾਈਬਰ ਕਰਾਈਮ ਸੈੱਲ ਦੀ ਮਦਦ ਲਈ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਿਆ ਕਿ ਟੀ ਅਨੰਦ ਨਾਂ ਦੇ ਵਿਅਕਤੀ ਵੱਲੋਂ ਬਣਾਈ ਗਈ ਇਹ ਵੈੱਬਸਾਈਟ ਜਾਅਲੀ ਹੈ। ਉਸ ਵੱਲੋਂ ਆਪਣਾ ਨਾਂ ਤੇ ਪਤਾ ਗਲਤ ਦਰਜ ਕੀਤਾ ਹੋਇਆ ਹੈ, ਜਿਸ ਤੋਂ ਉਸਦੀ ਸ਼ਨਾਖ਼ਤ ਕਰਨੀ ਮੁਸ਼ਕਲ ਹੈ। ਪੁਲਿਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਵਾਸਤੇ ਸਾਈਬਰ ਕਰਾਈਮ ਵਿਭਾਗ ਦੀ ਮਦਦ ਲਈ ਜਾ ਰਹੀ ਹੈ। ਸਿੱਖ ਸੰਗਤਾਂ ਆਪਣੇ ਪੱਧਰ ‘ਤੇ ਵੀ ਯਤਨ ਕਰ ਰਹੀਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਵੀ ਦੇਸ਼ ਵਿਦੇਸ਼ ਵਿਚਲੇ ਆਪਣੇ ਸਰੋਤਾਂ ਰਾਹੀਂ ਇਸ ਵਿਅਕਤੀ ਬਾਰੇ ਜਾਣਕਾਰੀ ਪਤਾ ਲਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

## ਪ੍ਰਕਾਸ਼ਨਾ ਦਾ ਹੱਕ ਸਿਰਫ ਸ਼੍ਰੋਮਣੀ ਕਮੇਟੀ ਕੋਲ: ਜਥੇਦਾਰ

**ਚੰਡੀਗੜ੍ਹ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਨੂੰ ਗੰਭੀਰ ਮਾਮਲਾ ਦੱਸਿਆ ਹੈ ਤੇ ਸਿੱਖ ਸੰਗਤ ਨੂੰ ਆਖਿਆ ਕਿ ਉਹ ਇਸ ਵਿਅਕਤੀ ਵੱਲੋਂ ਪ੍ਰਕਾਸ਼ਿਤ ਸਰੂਪ ਨਾ ਲੈਣ ਕਿਉਂਕਿ ਪੰਜ ਸਿੰਘ ਸਾਹਿਬਾਨ ਵੱਲੋਂ ਅਕਾਲ ਤਖ਼ਤ ਤੋਂ ਜਾਰੀ ਹੁਕਮਨਾਮੇ ਅਨੁਸਾਰ ਪਾਵਨ ਸਰੂਪਾਂ ਦੀ ਪ੍ਰਕਾਸ਼ਨਾ ਦਾ ਹੱਕ ਸਿਰਫ ਸ਼੍ਰੋਮਣੀ ਕਮੇਟੀ ਕੋਲ ਹੈ। ਇਸ ਤੋਂ ਇਲਾਵਾ ਜਿਨ੍ਹਾਂ ਸੰਸਥਾਵਾਂ ਨੂੰ ਅਕਾਲ ਤਖ਼ਤ ਤੋਂ ਪ੍ਰਵਾਨਗੀ ਪ੍ਰਾਪਤ ਹੈ, ਉਹੀ ਸੰਸਥਾਵਾਂ ਸਰੂਪਾਂ ਦੀ ਛਪਾਈ ਕਰ ਸਕਦੀਆਂ ਹਨ। ਉਨ੍ਹਾਂ ਆਖਿਆ ਕਿ ਇਹ ਰੋਕ ਇਸ ਲਈ ਲਾਈ ਗਈ ਸੀ ਕਿ ਕੁਝ ਸੰਸਥਾਵਾਂ ਵੱਲੋਂ ਇਸ ਨੂੰ ਕਿੱਤਾ ਬਣਾ ਲਿਆ ਗਿਆ ਸੀ ਤੇ ਪਾਵਨ ਸਰੂਪਾਂ ਦੀ ਮਨਮਰਜ਼ੀ ਦੀ ਕੀਮਤ ਵਸੂਲ ਕੀਤੀ ਜਾਂਦੀ ਸੀ। ਇਸ ਤੋਂ ਇਲਾਵਾ ਪਾਵਨ ਸਰੂਪ ਦੇਣ ਸਮੇਂ ਮਾਣ ਮਰਿਆਦਾ ਦਾ ਵੀ ਧਿਆਨ ਨਹੀਂ ਰੱਖਿਆ ਜਾਂਦਾ ਸੀ।

# ਬੜੀ ਖਰਚਖੋਰੀ ਹੈ ਪੰਜਾਬ ਦੀ ਅਫਸਰਸ਼ਾਹੀ

**ਬਠਿੰਡਾ:** ਪੰਜਾਬ ਦੀ ਅਫਸਰਸ਼ਾਹੀ ਨੂੰ ਸੂਬੇ ਦੇ ਮਾੜੇ ਆਰਥਿਕ ਹਾਲਾਤ ਵੀ ਜ਼ਰਾ ਵੀ ਪਰਵਾਹ ਨਹੀਂ ਹੈ। ਮੁੱਖ ਮੰਤਰੀ ਦੀਆਂ ਖਰਚਾ ਘਟਾਉਣ ਬਾਰੇ ਹਦਾਇਤਾਂ ਦਾ ਵੀ ਅਫਸਰਾਂ 'ਤੇ ਅਸਰ ਨਹੀਂ ਹੋ ਰਿਹਾ। ਖਾਸ ਕਰਕੇ ਸੂਬੇ ਦੇ ਡਿਪਟੀ ਕਮਿਸ਼ਨਰ ਤੇ ਜ਼ਿਲ੍ਹਾ ਪੁਲਿਸ ਕਪਤਾਨ ਤਾਂ ਇਸ ਪਾਸੇ ਸਰਕਾਰ ਦੀ ਬਾਂਹ ਫੜਨ ਲਈ ਬਿੱਲਕੁਲ ਤਿਆਰ ਨਹੀਂ ਹਨ। ਇਹ ਅਧਿਕਾਰੀ ਜਿਥੇ ਵਿਦੇਸ਼ੀ ਦੌਰਿਆਂ ਦੇ ਸੌਕੀਨ ਹਨ ਉਥੇ ਇਨ੍ਹਾਂ ਵੱਲੋਂ ਸਰਕਾਰੀ ਸਹੂਲਤਾਂ ਨੂੰ ਖੁੱਲ੍ਹ ਕੇ ਵਰਤਿਆ ਜਾ ਰਿਹਾ ਹੈ। ਅਫਸਰਸ਼ਾਹੀ ਨੇ ਆਪਣੀ ਸਹੂਲਤ ਖਾਤਰ ਕੈਂਪ ਦਫਤਰਾਂ 'ਤੇ ਲੱਖਾਂ ਰੁਪਏ ਖਰਚ ਦਿੱਤੇ ਹਨ। ਮੁੱਖ ਮੰਤਰੀ ਨੇ ਹੁਣ ਇਨ੍ਹਾਂ ਅਫਸਰਾਂ ਨੂੰ ਆਪਣੇ ਘਰਾਂ ਵਿਚ ਬਣਾਏ ਦਫਤਰਾਂ ਦੀ ਥਾਂ ਸਰਕਾਰੀ ਦਫਤਰਾਂ ਬੈਠਣ ਦੀ ਹਦਾਇਤ ਕੀਤੀ ਹੈ। ਹਰ ਕੈਂਪ ਦਫਤਰ ਵਿਚ ਦੋ ਤੋਂ ਲੈ ਕੇ ਚਾਰ ਸਰਕਾਰੀ ਮੁਲਾਜ਼ਮ (ਦਰਜਾ ਚਾਰ) ਪੱਕੇ ਤਾਇਨਾਤ ਕੀਤੇ ਹੋਏ ਹਨ। ਕੈਂਪ ਦਫਤਰਾਂ ਵਿਚ ਹਰ ਸੁੱਖ-ਸੁਵਿਧਾ ਵੀ ਮੌਜੂਦ ਹੈ।

ਆਰ.ਟੀ.ਆਈ. ਤਹਿਤ ਮਿਲੀ ਸੂਚਨਾ ਮੁਤਾਬਕ ਫਾਜ਼ਿਲਕਾ ਦੇ ਜ਼ਿਲ੍ਹਾ ਪੁਲਿਸ ਮੁਖੀ ਨੇ ਆਪਣੇ ਕੈਂਪ ਦਫਤਰ ਉਤੇ ਅਕਤੂਬਰ 2011 ਤੋਂ ਮਾਰਚ 2012 ਦੌਰਾਨ ਤਕਰੀਬਨ ਛੇ ਲੱਖ ਰੁਪਏ ਫਰਨੀਚਰ ਤੇ ਹੋਰ ਘਰੇਲੂ ਸਾਮਾਨ 'ਤੇ ਖਰਚ ਦਿੱਤੇ। ਉਨ੍ਹਾਂ ਨੇ ਸਰਕਾਰੀ ਦਫਤਰ ਲਈ 1.14 ਲੱਖ ਦਾ ਫਰਨੀਚਰ ਆਦਿ ਖਰੀਦਿਆ, ਜਿਸ ਵਿਚ ਗੁਰੂਆਂ ਦੇ ਸਰੂਪ ਤੇ ਇਕ ਡਾਈਨਿੰਗ ਟੇਬਲ ਵੀ ਸ਼ਾਮਲ ਹੈ। ਇਸ ਐਸ.ਐਸ.ਪੀ. ਨੇ ਆਪਣੇ ਇਕ ਕਮਰੇ ਦੇ ਕੈਂਪ ਦਫਤਰ ਲਈ ਦੋ ਡਬਲ ਬੈੱਡ, ਦੋ ਮੇਜ਼, ਛੇ ਛੋਟੇ ਟੇਬਲ, ਦੋ ਬੈਡ ਸੈੱਟ ਟੇਬਲ, ਡਾਈਨਿੰਗ ਟੇਬਲ, ਅੱਠ ਕੁਰਸੀਆਂ, ਤਿੰਨ ਸੋਫਾ ਸੈੱਟ, ਦੋ ਫਰਿੱਜ, ਇਕ ਟੀ.ਵੀ, ਇਕ ਐਲ.ਸੀ.ਡੀ., ਚਾਰ ਰੂਮ ਹੀਟਰ, 51 ਪਰਦੇ, ਗੁਰੂਆਂ ਦੇ ਛੇ ਸਰੂਪ, ਇਕ ਸੈਂਟਰ ਟੇਬਲ, ਇਕ ਵੱਡੀ ਕੁਰਸੀ, 10 ਪਬਲਿਕ ਚੇਅਰ, ਚਾਰ ਗੱਦੇ ਤੇ ਦੋ ਸੈੱਟ ਗੱਦਿਆਂ ਦੇ ਕਵਰ ਖਰੀਦੇ ਗਏ।

ਮੁਕਤਸਰ ਦੇ ਐਸ.ਐਸ.ਪੀ. ਨੇ ਪਿਛਲੇ ਸਮੇਂ ਦੌਰਾਨ ਕੈਂਪ ਦਫਤਰ ਲਈ 10 ਹਜ਼ਾਰ ਰੁਪਏ ਦੀ ਰਿਵੌਲਵਿੰਗ ਕੁਰਸੀ, 9900 ਰੁਪਏ ਦਾ ਟੇਬਲ ਸ਼ੀਸ਼ਾ, 30 ਹਜ਼ਾਰ ਦੇ ਤਿੰਨ ਸੋਫਾ ਸੈੱਟ, 10 ਹਜ਼ਾਰ ਦਾ ਡਬਲ ਬੈੱਡ, 15 ਹਜ਼ਾਰ ਦੇ ਦੋ ਟੀ.ਵੀ ਸੈੱਟਾਂ ਤੋਂ ਇਲਾਵਾ ਇਕ ਫਰਿੱਜ ਵੀ ਖਰੀਦਿਆ। ਇਸੇ ਤਰ੍ਹਾਂ ਐਸ.ਐਸ.ਪੀ ਬਠਿੰਡਾ ਦੇ ਕੈਂਪ ਦਫਤਰ ਵਾਸਤੇ ਸਪਲਿਟ ਏ.ਸੀ, ਵੀਡੀਓਕੋਨ ਫਰਿੱਜ, ਇਕ ਬੌਕਸ ਬੈੱਡ, ਦੋ ਸੋਫਾ ਸੈੱਟ, ਗੱਦੇ ਵਾਲੀਆਂ ਅੱਠ ਕੁਰਸੀਆਂ, ਦੋ ਰਿਵੌਲਵਿੰਗ ਕੁਰਸੀਆਂ ਤੇ ਤਿੰਨ ਕੌਰਡਲੈੱਸ ਫੋਨ ਆਦਿ ਖਰੀਦੇ ਗਏ। ਐਸ.ਐਸ.ਪੀ. ਮੋਗਾ ਦੇ ਕੈਂਪ ਦਫਤਰ ਵਾਸਤੇ ਏ.ਸੀ. 'ਤੇ 16 ਹਜ਼ਾਰ, ਪਰਦਿਆਂ ਉਤੇ 8400 ਰੁਪਏ, ਰਿਵੌਲਵਿੰਗ ਕੁਰਸੀ 'ਤੇ 4900 ਰੁਪਏ,ਦਫਤਰੀ ਮੇਜ਼ ਉਤੇ 9400 ਰੁਪਏ, ਗੱਦੇ ਵਾਲੀਆਂ ਕੁਰਸੀਆਂ 'ਤੇ 6780 ਰੁਪਏ ਤੇ ਰੂਮ ਹੀਟਰ 'ਤੇ 3500 ਰੁਪਏ ਖਰਚ ਕੀਤੇ ਗਏ।

ਐਸ.ਐਸ.ਪੀ ਹੁਸ਼ਿਆਰਪੁਰ ਦੇ ਕੈਂਪ ਦਫਤਰ ਲਈ ਸੋਫਾ ਸੈੱਟ ਤੇ ਗੱਦੀਦਾਰ ਕੁਰਸੀਆਂ ਖਰੀਦੀਆਂ ਗਈਆਂ ਹਨ। ਇਵੇਂ ਹੀ ਬਾਕੀ ਪੁਲਿਸ ਅਫਸਰਾਂ ਨੇ ਆਪੋ ਆਪਣੇ ਜ਼ਿਲ੍ਹੇ ਵਿਚ ਇਸੇ ਤਰਜ਼ 'ਤੇ ਆਪਣੇ ਕੈਂਪ ਦਫਤਰ ਚਮਕਾਏ। ਡਿਪਟੀ ਕਮਿਸ਼ਨਰਾਂ ਦੇ ਕੈਂਪ ਦਫਤਰ ਇਸ ਤੋਂ ਵੀ ਅੱਗੇ ਰਹੇ। ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਦੇ ਕੈਂਪ ਦਫਤਰ ਲਈ ਖਰੀਦੇ ਸਾਮਾਨ 'ਤੇ ਲੰਘੇ ਦਸ ਵਰ੍ਹਿਆਂ ਵਿਚ 11.55 ਲੱਖ ਰੁਪਏ ਖਰਚ ਹੋਏ ਹਨ। ਛੋਟੇ ਜਿਹੇ ਕੈਂਪ ਦਫਤਰ ਲਈ 55,818 ਰੁਪਏ ਦੇ ਝਾੜੂ, ਤੇਜ਼ਾਬ ਤੇ ਫਿਨਾਇਲ ਦੀ ਖਰੀਦ ਕੀਤੀ ਗਈ। ਚਾਰ ਵਾਰ ਕੌਰਡਲੈੱਸ ਫੋਨ ਖਰੀਦਿਆ ਗਿਆ। ਕੈਂਪ ਦਫਤਰ ਦਾ ਬਿਜਲੀ ਬਿੱਲ 4.61 ਲੱਖ, ਟੈਲੀਫੋਨ ਬਿੱਲ 3.61 ਲੱਖ ਰੁਪਏ ਤੇ ਰਿਫਰੈਸ਼ਮੈਂਟ ਦਾ ਖਰਚਾ ਤਕਰੀਬਨ 60 ਹਜ਼ਾਰ ਰੁਪਏ ਰਿਹਾ ਹੈ। 11420 ਰੁਪਏ ਦੀ ਕਰਾਕਰੀ ਖਰੀਦੀ ਗਈ। ਇਵੇਂ ਹੀ ਜੈਨਰੇਟਰ 'ਤੇ 45 ਹਜ਼ਾਰ ਤੇ ਵਾਟਰ ਸਪਲਾਈ ਦੀ ਮੁਰੰਮਤ 'ਤੇ 25931 ਰੁਪਏ ਖਰਚ ਕੀਤੇ ਗਏ ਹਨ।

ਬਰਨਾਲਾ ਦੇ ਡੀ.ਸੀ. ਦੇ ਕੈਂਪ ਦਫਤਰ ਲਈ 2007 ਤੋਂ ਮਈ 2014 ਤੱਕ 1.77 ਲੱਖ ਦਾ ਸਾਮਾਨ ਖਰੀਦਿਆ ਗਿਆ ਹੈ। 45 ਵਾਰ ਤਾਂ ਇਸ ਕੈਂਪ ਦਫਤਰ ਲਈ ਸਫਾਈ ਆਦਿ ਦਾ ਸਾਮਾਨ ਖਰੀਦਿਆ ਗਿਆ, ਜਿਸ ਦੇ ਬਿੱਲਾਂ ਦਾ ਜੋੜ 56 ਹਜ਼ਾਰ ਰੁਪਏ ਬਣਦਾ ਹੈ। 2013 ਵਿਚ ਖਰੀਦੇ ਨੌਂ ਹਜ਼ਾਰ ਰੁਪਏ ਦੇ ਏ.ਸੀ. ਦੇ ਯੂ.ਪੀ.ਐਸ. ਤੋਂ ਇਲਾਵਾ ਫਰਿੱਜ, ਫੈਕਸ ਮਸ਼ੀਨ, ਇਨਵਰਟਰ ਆਦਿ 'ਤੇ ਵੀ ਸਰਕਾਰੀ ਪੈਸਾ ਖਰਚਿਆ ਗਿਆ। ਕਪੂਰਥਲਾ ਦੇ ਡਿਪਟੀ ਕਮਿਸ਼ਨਰ ਦੇ ਕੈਂਪ ਦਫਤਰ ਤੇ 1.18 ਲੱਖ ਰੁਪਏ ਦਾ ਖਰਚਾ ਇਕੱਲੀ ਖਰੀਦੋ-ਫਰੋਖਤ 'ਤੇ ਕੀਤਾ, ਜਿਸ ਵਿਚ ਨੌਂ ਦਫਾ ਤਾਂ ਗਲਾਸ ਸੈੱਟਾਂ ਦੀ ਖਰੀਦ ਤੇ ਅਖਬਾਰਾਂ ਦਾ ਬਿੱਲ ਵੀ ਸ਼ਾਮਲ ਹੈ। ਨਵਾਂਸ਼ਹਿਰ ਦੇ ਡੀ.ਸੀ. ਦੇ ਕੈਂਪ ਦਫਤਰ ਲਈ ਤਿੰਨ ਸੋਫਾ ਸੈੱਟ, ਵੱਡਾ ਫਰਿੱਜ, ਦੋ ਕੂਲਰ, ਦੋ ਵੀ.ਆਈ.ਪੀ. ਕੁਰਸੀਆਂ ਆਦਿ ਦਾ ਖਰਚਾ ਸਰਕਾਰੀ ਖਜ਼ਾਨੇ ਨੇ ਝੱਲਿਆ।

ਡਿਪਟੀ ਕਮਿਸ਼ਨਰ ਬਠਿੰਡਾ ਦੇ ਕੈਂਪ ਦਫਤਰ ਲਈ ਏ.ਸੀ, ਪਰਦੇ ਤੇ ਹੋਰ ਫਰਨੀਚਰ ਉਤੇ 1.10 ਲੱਖ ਰੁਪਏ ਖਰਚੇ ਗਏ ਜਦੋਂ ਫਾਜ਼ਿਲਕਾ ਦੇ ਡੀ.ਸੀ ਦੇ ਕੈਂਪ ਦਫਤਰ ਵਾਸਤੇ ਡਿਨਰ ਸੈੱਟ, ਗਲਾਸ ਅਤੇ ਸੀ.ਸੀ.ਟੀ.ਵੀ. ਕੈਮਰੇ ਦੀ ਖਰੀਦ ਸਰਕਾਰੀ ਪੈਸੇ ਨਾਲ ਹੋਈ।ਨਵਾਂ ਸ਼ਹਿਰ ਦੇ ਡੀ.ਸੀ. ਦੇ ਕੈਂਪ ਦਫਤਰ ਵਾਸਤੇ ਦੋ ਸੋਫਾ ਸੈਟ, ਵੱਡਾ ਫਰਿੱਜ, ਫੈਕਸ ਮਸ਼ੀਨ, ਦੋ ਕੂਲਰ ਤੇ ਫਰਨੀਚਰ ਆਦਿ ਦੀ ਖਰੀਦ ਕੀਤੀ ਗਈ ਹੈ। ਡੀ.ਸੀ. ਤਰਨਤਾਰਨ ਨੇ ਕੈਂਪ ਦਫਤਰ ਲਈ ਫੈਕਸ ਮਸ਼ੀਨ, ਬਿਜਲੀ ਦਾ ਸਾਮਾਨ, ਤੇ ਕਰਾਕਰੀ ਆਦਿ ਦੀ ਖਰੀਦ ਕੀਤੀ। ਫਤਹਿਗੜ੍ਹ ਸਾਹਿਬ ਦੇ ਡਿਪਟੀ ਕਮਿਸ਼ਨਰ ਦੇ ਦਫਤਰ ਤੇ ਕੈਂਪ ਦਫਤਰ 'ਤੇ 4 ਲੱਖ ਰੁਪਏ ਰੈਨੋਵੇਸ਼ਨ ਆਦਿ 'ਤੇ ਖਰਚੇ ਗਏ।




### ਦਫਤਰਾਂ 'ਚ ਹਾਜ਼ਰੀ ਵਾਲਾ ਫਾਰਮੂਲਾ ਵੀ ਫੇਲ੍ਹ

**ਚੰਡੀਗੜ੍ਹ:** ਪਾਰਲੀਮਾਨੀ ਚੋਣਾਂ ਵਿਚ ਲੋਕਾਂ ਦੇ ਵਿਰੋਧ ਨੂੰ ਭਾਂਪਣ ਤੋਂ ਬਾਅਦ ਪ੍ਰਸ਼ਾਸਨ ਨੂੰ ਚੁਸਤ ਦਰੁਸਤ ਬਣਾਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਜੋ ਜੋਸ਼ੋ-ਖਰੋਸ਼ ਤੇ ਸਖ਼ਤੀ ਵਿਖਾਈ ਸੀ, ਉਸ ਦਾ ਅਸਰ ਛੇਤੀ ਹੀ ਅਲੋਪ ਹੋ ਗਿਆ ਹੈ। ਮੁੱਖ ਮੰਤਰੀ ਵੱਲੋਂ ਮਿਥੇ ਗਏ ਦਫ਼ਤਰਾਂ ਵਿਚ ਹਾਜ਼ਰੀ ਦੇ ਹਫ਼ਤੇ ਵਿਚਲੇ ਤਿੰਨ ਦਿਨਾਂ ਦੌਰਾਨ ਵੀ ਚੰਡੀਗੜ੍ਹ ਹੈਡਕੁਆਰਟਰ 'ਤੇ ਮੰਤਰੀ ਆਪਣੇ ਦਫ਼ਤਰਾਂ ਵਿਚ ਨਹੀਂ ਬੈਠ ਰਹੇ।

ਮੁੱਖ ਸਕੱਤਰ ਸਰਵੇਸ਼ ਕੌਸ਼ਲ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਦਫ਼ਤਰਾਂ ਵਿਚ ਹਾਜ਼ਰੀ ਸਮੇਂ ਸਿਰ ਲਾਜ਼ਮੀ ਬਣਾਉਣ ਲਈ ਭਾਵੇਂ ਕਾਫ਼ੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਮਨਿਸਟਰੀਅਲ ਪੱਧਰ 'ਤੇ ਉਕਤ ਅਨੁਸ਼ਾਸਨ ਨੂੰ ਅਮਲ ਹੇਠ ਲਿਆਉਣ ਬਾਰੇ ਵਿਖਾਈ ਜਾ ਰਹੀ ਲਾਪਰਵਾਹੀ ਦਾ ਅਸਰ ਹੇਠਲੇ ਪ੍ਰਸ਼ਾਸਨ 'ਤੇ ਵੀ ਜ਼ਰੂਰ ਪੈਂਦਾ ਹੈ। ਇਕ ਸੀਨੀਅਰ ਅਕਾਲੀ ਮੰਤਰੀ ਦਾ ਕਹਿਣਾ ਹੈ ਕਿ ਪਾਰਲੀਮਾਨੀ ਚੋਣਾਂ ਵਿਚ ਲੋਕਾਂ ਦੇ ਮਿਲੇ ਪਾਰਟੀ ਨੂੰ ਹੁੰਗਾਰੇ ਤੇ ਉਸ ਤੋਂ ਬਾਅਦ ਕੇਂਦਰ ਵਿਚਲੀ ਸੱਤਾ ਵਿਚ ਆਈ ਉਨ੍ਹਾਂ ਦੀ ਭਾਈਵਾਲ ਪਾਰਟੀ ਨੇ ਉਨ੍ਹਾਂ ਨਾਲ ਜੋ ਸਲੂਕ ਕੀਤਾ ਹੈ, ਉਸ ਕਾਰਨ ਸਾਡਾ ਮੱਚ ਹੀ ਮਰ ਗਿਆ ਹੈ ਤੇ ਦਫ਼ਤਰਾਂ ਵਿਚ ਕਿਸ ਨੇ ਬੈਠਣਾ ਹੈ।

## ਗੁਰੂ ਨਾਨਕ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਮਿਲਣੀ 13 ਨੂੰ

**ਫਰੀਮਾਂਟ (ਅਸ਼ੋਕ ਭੌਰਾ):** ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ ਦੇ ਸਾਬਕਾ ਵਿਦਿਆਰਥੀਆਂ ਦਾ ਇਕ ਇਕੱਠ 13 ਦਸੰਬਰ, ਸਨਿਚਰਵਾਰ ਨੂੰ 2700 ਵੈਸਟ ਰੀਅਲ ਮਾਊਂਟੇਨ ਵਿਊ ਵਿਖੇ ਸ਼ਾਮ 6:30 ਵਜੇ ਹੋਵੇਗਾ।

ਇਸ ਦੇ ਮੁੱਖ ਪ੍ਰਬੰਧਕ ਹਰਬੰਸ ਤੱਖਰ ਅਨੁਸਾਰ ਕਾਲਜ ਦੇ ਸਾਬਕਾ ਵਿਦਿਆਰਥੀ ਤੇ ਪ੍ਰਿੰਸੀਪਲ ਇਸ ਇਕੱਠ ਦੌਰਾਨ ਆਪਣੀਆਂ ਯਾਦਾਂ ਸਾਂਝੀਆਂ ਕਰਨਗੇ ਤੇ ਸਾਹਿਤਕ ਤੇ ਸੰਗੀਤਕ ਮਾਹੌਲ ਸਿਰਜਿਆ ਜਾਵੇਗਾ। ਖਾਣ-ਪੀਣ ਦਾ ਪੂਰਾ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਲਈ ਹਰਬੰਸ ਤੱਖਰ (650-255-8826) ਜਾਂ ਗੁਰਚਰਨ ਮਾਨ (510-557-0061) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


## Matrimonial

### ਕੰਨਿਆ ਦੀ ਲੋੜ

Looking for a girl 22-24 years, 5'-4" or above, bachelor degree as well in the US or Canada for US citizen boy, age 25, 5'-10", BS Edu. working with a great company. Send picture and bio-data to bsimerb@yahoo.com or Call 608-320-5065 48-49

ਜੱਟ ਸਿੱਖ, ਉਮਰ 24 ਸਾਲ, ਕੱਦ 5'-8", ਪ੍ਰਾਈਵੇਟ ਕੰਪਨੀ ਵਿਚ ਕੰਮ ਕਰਦੇ, ਗਰੀਨ ਕਾਰਡ ਹੋਲਡਰ ਲੜਕੇ ਲਈ ਅਮਰੀਕਾ ਜਾਂ ਕੈਨੇਡਾ ਰਹਿੰਦੇ ਜੱਟ ਸਿੱਖ ਵੈਸ਼ਨੂੰ ਪਰਿਵਾਰ ਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਪਰਿਵਾਰ (ਇਕ ਭਰਾ ਤੇ ਮਾਪੇ) ਅਮਰੀਕਾ ਵਿਚ ਹਨ। ਸੰਪਰਕ ਕਰੋ, ਫੋਨ: 917-200-2534





**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਜਪਾ ਤੇ ਸੰਘ ਦੀਆਂ ਮਨਮਾਨੀਆਂ ਡੱਕਣ ਦਾ ਸੱਦਾ



*ਸਮਾਗਮ ਨੂੰ ਸੰਬੋਧਨ ਕਰ ਰਹੇ ਗੌਤਮ ਨਵਲੱਖਾ।*

**ਲੁਧਿਆਣਾ:** ਭਾਜਪਾ ਦੇ ਭਾਰੀ ਬਹੁਮਤ ਨਾਲ ਸੱਤਾ ਵਿਚ ਆ ਕੇ ਆਪਣਾ ਹਿੰਦੂਤਵੀ ਏਜੰਡਾ ਥੋਪਣ ਦੇ ਹਮਲਾਵਰ ਯਤਨਾਂ ਨਾਲ ਪਹਿਲਾਂ ਹੀ ਬੇਹੱਦ ਸੀਮਤ ਜਮਹੂਰੀ ਗੁੰਜਾਇਸ਼ ਲਈ ਗੰਭੀਰ ਖ਼ਤਰਾ ਖੜ੍ਹਾ ਹੋ ਗਿਆ ਹੈ ਜਿਸ ਦੀ ਰਾਖੀ ਲਈ ਜਮਹੂਰੀ ਤਾਕਤਾਂ ਨੂੰ ਧੜੱਲੇ ਨਾਲ ਅੱਗੇ ਆਉਣਾ ਚਾਹੀਦਾ ਹੈ। ਇਹ ਵਿਚਾਰ ਇਥੇ ਪੰਜਾਬੀ ਭਵਨ ਵਿਚ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਵਲੋਂ ਅਮਰ ਸ਼ਹੀਦਾਂ ਕਰਤਾਰ ਸਿੰਘ ਸਰਾਭਾ, ਅਸ਼ਫਾਕ ਉੱਲਾ ਅਤੇ ਰਾਮ ਪ੍ਰਸਾਦ ਬਿਸਮਿਲ ਦੀ ਯਾਦ ਵਿਚ ਪ੍ਰੋਫੈਸਰ ਜਗਮੋਹਣ ਸਿੰਘ, ਪ੍ਰੋਫੈਸਰ ਏ.ਕੇ. ਮਲੇਰੀ, ਪ੍ਰੋਫੈਸਰ ਜਸਵੰਤ ਸਿੰਘ ਗਿੱਲ ਅਤੇ ਡਾ. ਹਰਬੰਸ ਸਿੰਘ ਗਰੇਵਾਲ ਦੀ ਪ੍ਰਧਾਨਗੀ ਹੇਠ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਵਿਦਵਾਨ ਅਤੇ ਜਮਹੂਰੀ ਹੱਕਾਂ ਦੇ ਕਾਰਕੁਨ ਗੌਤਮ ਨਵਲੱਖਾ ਨੇ ਪੇਸ਼ ਕੀਤੇ।

ਸ੍ਰੀ ਨਵਲੱਖਾ ਨੇ ਕਿਹਾ ਕਿ ਭਾਜਪਾ ਹਕੂਮਤ ਕਾਂਗਰਸ ਵਲੋਂ ਸ਼ੁਰੂ ਕੀਤੇ ਕਾਰਪੋਰੇਟ ਹਿਤੈਸ਼ੀ ਅਖੌਤੀ ਵਿਕਾਸ ਮਾਡਲ ਨੂੰ ਤਾਂ ਜਾਰੀ ਰੱਖ ਹੀ ਰਹੀ ਹੈ, ਨਾਲ ਹੀ ਹਿੰਦੂਤਵੀ ਏਕਾਧਿਕਾਰਵਾਦ ਅਤੇ ਸੱਤਾ ਉਪਰ ਇਕ ਪਾਰਟੀ ਦਾ ਦਬ-ਦਬਾਅ ਵਧਣ ਨਾਲ ਨਾ ਸਿਰਫ਼ ਨੀਮ-ਫਾਸ਼ੀਵਾਦੀ ਮਨਮਾਨੀਆਂ ਦਾ ਰਾਹ ਖੁੱਲ੍ਹ ਜਾਵੇਗਾ, ਸਗੋਂ ਹਿੰਦੂ ਪਛਾਣ ਵਜੋਂ ਨਸਲੀ-ਸਭਿਆਚਾਰਕ ਵੰਨ-ਸੁਵੰਨਤਾ ਨੂੰ ਧੱਕੇ ਨਾਲ ਮੇਟ ਕੇ ਹਿੰਦੂ ਸਾਬਤ ਕਰਨ ਦੀ ਧੁੱਸ ਕਾਰਨ ਸਦੀਵੀ ਸਮਾਜਕ ਸਦਭਾਵਨਾ ਨੂੰ ਵੱਡੀ ਸੱਟ ਵੱਜੇਗੀ। ਹਾਲ ਹੀ ਵਿਚ ਮੁਜੱਫਰਨਗਰ, ਤ੍ਰਿਲੋਕਪੁਰੀ, ਬਵਾਨਾ ਆਦਿ ਵਿਚ ਹੋਏ ਫਿਰਕੂ ਟਕਰਾਵਾਂ ਬਾਰੇ ਚਿੰਤਾ ਜ਼ਾਹਿਰ ਕਰਦਿਆਂ ਉਨ੍ਹਾਂ ਕਿਹਾ ਕਿ ਸੰਘ ਪਰਿਵਾਰ ਵੱਲੋਂ ਅਫਵਾਹਾਂ ਰਾਹੀਂ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਕੇ ਅਤੇ ਲਗਾਤਾਰ ਸੁਗਲਦੀਆਂ ਰੱਖ ਕੇ ਫਿਰਕੂ ਪਾਲਾਬੰਦੀ ਕੀਤੀ ਜਾ ਰਹੀ ਹੈ।

ਇਸ ਦਾ ਸਭ ਤੋਂ ਹਮਲਾਵਾਰ ਇਜ਼ਹਾਰ ਸਭਿਆਚਾਰ ਦੇ ਖੇਤਰ, ਵਿਗਿਆਨਕ ਇਤਿਹਾਸਕ ਖੋਜਾਂ ਨੂੰ ਉਲਟਾ ਕੇ ਮਨਮਰਜ਼ੀ ਨਾਲ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ, ਸਿਲੇਬਸ ਨੂੰ ਆਪਣੇ ਸੌੜੇ ਮਨੋਰਥ ਨਾਲ ਲਿਖੇ ਜਾਣ, ਸੰਸਕ੍ਰਿਤ ਨੂੰ ਲਾਜ਼ਮੀ ਕਰਾਰ ਦੇਣ, ਜਾਤਪਾਤ ਤੇ ਔਰਤਾਂ ਉਪਰ ਦਾਬੇ ਦੇ ਪਿਛਾਖੜੀ ਦਸਤੂਰ ਨੂੰ ਖ਼ਤਮ ਕਰਨ ਦੀ ਥਾਂ ਇਸ ਨੂੰ ਗੌਰਵਮਈ ਬਣਾ ਕੇ ਪੇਸ਼ ਕਰਨ, 'ਲਵ ਜਹਾਦ' ਅਤੇ ਪੱਛਮੀ ਕਦਰਾਂ ਦੇ ਵਿਰੋਧ ਦੇ ਨਾਂ ਹੇਠ ਔਰਤਾਂ ਉਪਰ ਪਿਛਾਂਹ ਖਿੱਚੂ ਪਾਬੰਦੀਆਂ ਲਗਾਉਣ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਉਨ੍ਹਾਂ ਨੇ ਹਾਜ਼ਰੀਨ ਵਲੋਂ ਉਠਾਏ ਸਵਾਲਾਂ ਦੇ ਤੱਥਾਂ ਸਹਿਤ ਅਤੇ ਬਾਦਲੀਲ ਜਵਾਬ ਦਿੱਤੇ।

ਮੰਚ ਦੇ ਸਰਪ੍ਰਸਤ ਪ੍ਰੋਫੈਸਰ ਜਗਮੋਹਣ ਸਿੰਘ ਨੇ ਜ਼ੋਰ ਦਿੱਤਾ ਕਿ ਜੰਗੇ-ਆਜ਼ਾਦੀ ਦੀ ਧਰਮ ਨਿਰਪੱਖ ਇਨਕਲਾਬੀ ਵਿਰਾਸਤ ਦੇ ਪੈਗ਼ਾਮ ਬਾਰੇ ਦੇਸ਼ ਦੇ ਲੋਕਾਂ ਨੂੰ ਜਾਗਰੂਕ ਕਰ ਕੇ ਅਤੇ ਜਮਹੂਰੀ ਹੱਕਾਂ ਦੀ ਲੜਾਈ ਨੂੰ ਮਜ਼ਬੂਤ ਬਣਾ ਕੇ ਇਸ ਏਕਾਧਿਕਾਰਵਾਦ ਨੂੰ ਹਾਰ ਦੇਣੀ ਹੋਵੇਗੀ। ਪ੍ਰੋਫੈਸਰ ਮਲੇਰੀ ਵਲੋਂ ਪੇਸ਼ ਕੀਤੇ ਮਤਿਆਂ ਵਿਚ ਵਿਦਿਆਰਥੀ ਆਗੂ ਰਾਜਿੰਦਰ ਸਿੰਘ ਉਪਰ ਪੁਲਿਸ ਹਿਰਾਸਤ ਵਿਚ ਤਸ਼ੱਦਦ ਕਰਨ ਦੀ ਨਿਖੇਧੀ ਕਰਦਿਆਂ ਸਬੰਧਤ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਅਤੇ ਪੰਜਾਬ ਸਰਕਾਰ ਵਲੋਂ ਪਾਸ ਕੀਤਾ ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਐਕਟ ਵਾਪਸ ਲੈਣ ਦੀ ਮੰਗ ਕੀਤੀ ਗਈ। ਸਟੇਜ ਦਾ ਸੰਚਾਲਨ ਗੁਰਮੇਲ ਸਿੰਘ ਗਿੱਲ ਨੇ ਕੀਤਾ।

## ਪੰਜਾਬ ਲਈ ਕਸ਼ਮੀਰ ਦੇ ਨਤੀਜੇ ਉਡੀਕ ਰਹੀ ਹੈ ਭਾਜਪਾ

*(ਸਫਾ ਇਕ ਦੀ ਬਾਕੀ)*

ਵਰਿਆਮ ਸਿੰਘ ਅਤੇ ਭਾਈ ਲਾਲ ਸਿੰਘ ਦੀ ਰਿਹਾਈ ਨਾਲ ਸਬੰਧਤ ਸਾਰੇ ਕਾਗਜ਼ਾਤ ਭੇਜੇ ਜਾ ਚੁੱਕੇ ਹਨ; ਦੋਹਾਂ ਜਣਿਆਂ ਦੀ ਰਿਹਾਈ ਜਲਦੀ ਹੀ ਸੰਭਵ ਹੈ। ਹੋਰ ਬੰਦੀਆਂ ਦੀ ਰਿਹਾਈ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਭਾਜਪਾ ਦਾ ਮੰਨਣਾ ਹੈ ਕਿ ਜੰਮੂ ਕਸ਼ਮੀਰ ਵਿਚ ਰਿਕਾਰਡ ਵੋਟਿੰਗ ਦਾ ਮਤਲਬ ਹੈ ਕਿ ਉਥੇ ਭਾਜਪਾ ਅੱਗੇ ਜਾ ਰਹੀ ਹੈ। ਇਸੇ ਨੂੰ ਆਧਾਰ ਬਣਾ ਕੇ ਪਾਰਟੀ ਉਥੇ ਸਰਕਾਰ ਬਣਾਉਣ ਦੇ ਸੁਪਨੇ ਦੇਖ ਰਹੀ ਹੈ। ਚੇਤੇ ਰਹੇ ਕਿ ਜੰਮੂ ਕਸ਼ਮੀਰ ਵਿਚ ਵੋਟਿੰਗ ਦੇ ਪੰਜਾਂ ਵਿਚੋਂ ਤਿੰਨ ਗੇੜ ਮੁਕੰਮਲ ਹੋ ਚੁੱਕੇ ਹਨ। ਸੂਬੇ ਵਿਚ ਸੱਤਾਧਾਰੀ ਨੈਸ਼ਨਲ ਕਾਨਫਰੰਸ ਦਾ ਹਾਲ ਬਹੁਤਾ ਚੰਗਾ ਨਹੀਂ ਅਤੇ ਕਾਂਗਰਸ ਦਾ ਵੀ ਇਹੀ ਹਾਲ ਹੈ। ਪੀ.ਡੀ.ਪੀ. ਪਹਿਲਾਂ ਹੀ ਸੰਕੇਤ ਦੇ ਚੁੱਕੀ ਹੈ ਕਿ ਇਹ ਪਾਰਟੀ ਚੋਣ ਨਤੀਜਿਆਂ ਤੋਂ ਬਾਅਦ ਹਾਲਾਤ ਮੁਤਾਬਕ ਭਾਜਪਾ ਨਾਲ ਸਿਆਸੀ ਤਾਲਮੇਲ ਬਿਠਾ ਸਕਦੀ ਹੈ। ਭਾਜਪਾ ਆਗੂਆਂ ਨੇ ਸੱਜਾਦ ਲੋਨ ਨੂੰ ਵੀ ਇਕ ਤਰ੍ਹਾਂ ਨਾਲ ਚੋਗਾ ਪਾਇਆ ਹੋਇਆ ਹੈ। ਪਾਰਟੀ ਦਾ ਸਾਰਾ ਦਾਰੋਮਦਾਰ ਜੰਮੂ ਅਤੇ ਲੱਦਾਖ ਖੇਤਰ ਉਤੇ ਹੈ।

ਇਸ ਨੂੰ ਆਸ ਹੈ ਕਿ ਪੀ.ਡੀ.ਪੀ. ਜਾਂ ਸੱਜਾਦ ਲੋਨ ਦੀ ਪਾਰਟੀ ਕਸ਼ਮੀਰ ਘਾਟੀ ਵਿਚ ਲੋੜ ਜੋਗੀਆਂ ਸੀਟਾਂ ਉਤੇ ਜਿੱਤ ਹਾਸਲ ਕਰ ਹੀ ਲਵੇਗੀ। ਇਸ ਸੂਰਤ ਵਿਚ ਭਾਜਪਾ ਦੀ ਅਗਵਾਈ ਵਿਚ ਸਰਕਾਰ ਬਣਨੀ ਤੈਅ ਮੰਨੀ ਜਾ ਰਹੀ ਹੈ। ਇਹ ਜਿੱਤ ਹਾਸਲ ਕਰਨ ਤੋਂ ਬਾਅਦ ਪੰਜਾਬ ਭਾਜਪਾ ਦੇ ਏਜੰਡੇ ਉਤੇ ਹੈ। ਸੂਬੇ ਦੇ ਆਗੂਆਂ ਤੋਂ ਇਲਾਵਾ ਪਾਰਟੀ ਦੇ ਕੇਂਦਰੀ ਆਗੂ ਅਤੇ ਕੇਂਦਰ ਸਰਕਾਰ ਵੀ ਪੰਜਾਬ ਵਿਚ ਵੱਡੀ ਪੱਧਰ ਉਤੇ ਦਾਖਲੇ ਲਈ ਰਣਨੀਤੀਆਂ ਘੜ ਰਹੀ ਹੈ। ਇਹ ਰਣਨੀਤੀਆਂ ਘੜਨ ਵਿਚ ਆਰ.ਐਸ.ਐਸ. ਆਗੂ ਪੂਰੀ ਸਰਗਰਮੀ ਦਿਖਾ ਰਹੇ ਹਨ ਅਤੇ ਕਈ ਹੋਰ ਮਾਮਲਿਆਂ ਵਿਚ ਭਾਜਪਾ ਆਗੂਆਂ ਦਾ ਮਾਰਗ ਦਰਸ਼ਨ ਵੀ ਕਰ ਰਹੇ ਹਨ।

## ਸਿੱਖ ਬੰਦੀਆਂ ਦੀ ਰਿਹਾਈ ਵਾਸਤੇ ਕੋਲਕਾਤਾ ਵਿਚ ਮਾਰਚ

**ਕੋਲਕਾਤਾ:** ਸਜ਼ਾ ਪੂਰੀ ਹੋਣ ਦੇ ਬਾਵਜੂਦ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਕੈਦ ਬੰਦੀਆਂ ਦੀ ਰਿਹਾਈ ਦੀ ਮੰਗ ਕਰਦਿਆਂ ਕੋਲਕਾਤਾ ਦੇ ਸਿੱਖਾਂ ਨੇ ਰਾਜ ਭਵਨ ਵਿਚ ਜਾ ਕੇ ਪੱਛਮੀ ਬੰਗਾਲ ਦੇ ਰਾਜਪਾਲ ਨੂੰ ਮੈਮੋਰੰਡਮ ਦਿੱਤਾ। ਇਸ ਤੋਂ ਪਹਿਲਾਂ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਗੁਰਦੁਆਰਾ ਸੰਤ ਕੁਟੀਆ ਤੋਂ ਰੋਸ ਮਾਰਚ ਕੀਤਾ ਗਿਆ। ਇਸ ਰੋਸ ਮਾਰਚ ਨੂੰ ਸਾਰੀਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਪੂਰਨ ਸਮਰਥਨ ਦਿੱਤਾ। ਰੋਸ ਮਾਰਚ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਬੀਬੀਆਂ ਅਤੇ ਸਿੰਘਾਂ ਨੇ ਹੱਥਾਂ ਵਿਚ ਤਖਤੀਆਂ ਚੁੱਕੀਆਂ ਅਤੇ ਵੱਡੇ ਬੈਨਰ ਫੜੇ ਹੋਏ ਸਨ ਜਿਨ੍ਹਾਂ ਉਤੇ ਭਾਈ ਗੁਰਬਖਸ਼ ਸਿੰਘ ਖਾਲਸਾ ਦੀ ਤਸਵੀਰ ਬਣੀ ਹੋਈ ਸੀ।

ਰੋਸ ਮਾਰਚ ਸੰਤ ਕੁਟੀਆ ਤੋਂ ਚੱਲ ਕੇ ਹਰੀਸ਼ ਮੁਖਰਜੀ ਰੋਡ, ਜਵਾਹਰ ਲਾਲ ਨਹਿਰੂ ਰੋਡ, ਚੌਰੰਘੀ ਹੁੰਦਾ ਹੋਇਆ ਜਦੋਂ ਇਸਪਲਾਨੇਡ ਪੁੱਜਾ ਤਾਂ ਪੁਲਿਸ ਨੇ ਉਸ ਨੂੰ ਉੱਥੋਂ ਅੱਗੇ ਵਧਣ ਤੋਂ ਰੋਕ ਦਿੱਤਾ।

ਇਸ ਉਪਰੰਤ ਪੰਜ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਪ੍ਰਤੀਨਿਧਾਂ- ਭੁਪਿੰਦਰ ਸਿੰਘ ਗਰੇਵਾਲ, ਇੰਦਰਜੀਤ ਸਿੰਘ, ਸੁਰਜੀਤ ਸਿੰਘ, ਸਤਨਾਮ ਸਿੰਘ ਅਤੇ ਜੋਗਿੰਦਰ ਸਿੰਘ ਦੇ ਵਫ਼ਦ ਨੇ ਰਾਜ ਭਵਨ ਜਾ ਕੇ ਰਾਜਪਾਲ ਨੂੰ ਆਪਣੀਆਂ ਮੰਗਾਂ ਬਾਰੇ ਮੈਮੋਰੰਡਮ ਦਿੱਤਾ। ਮੈਮੋਰੰਡਮ ਵਿਚ ਕਿਹਾ ਗਿਆ ਹੈ ਕਿ ਭਾਈ ਗੁਰਬਖਸ਼ ਸਿੰਘ ਆਪਣੇ ਕਿਸੇ ਵਿਅਕਤੀਗਤ ਲਾਭ ਲਈ ਭੁੱਖ ਹੜਤਾਲ 'ਤੇ ਨਹੀਂ ਬੈਠੇ ਹੋਏ ਬਲਕਿ ਉਹ ਸਜ਼ਾ ਭੁਗਤ ਚੁੱਕੇ ਲੋਕਾਂ ਲਈ ਇਨਸਾਫ ਦੀ ਮੰਗ ਕਰ ਰਹੇ ਹਨ। ਇਸ ਲਈ ਜਿਨ੍ਹਾਂ ਰਾਜਸੀ ਸਿੱਖ ਕੈਦੀਆਂ ਦੀ ਸਜ਼ਾ ਪੂਰੀ ਹੋ ਗਈ ਹੈ, ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

## ਮਾਓਵਾਦੀ ਵੰਗਾਰਾਂ ਨੇ ਸਰਕਾਰ ਦਾ ਫਿਕਰ ਵਧਾਇਆ

*(ਸਫਾ ਇਕ ਦੀ ਬਾਕੀ)*

ਦਾ ਕੇਂਦਰ ਵੀ ਬਦਲ ਰਹੇ ਹਨ। ਮਾਓਵਾਦੀ ਇਸ ਰਣਨੀਤੀ ਤਹਿਤ ਪਹਿਲਾਂ ਵੀ ਅਜਿਹਾ ਕਰ ਚੁੱਕੇ ਹਨ। ਆਂਧਰਾਂ ਪ੍ਰਦੇਸ਼ ਵਿਚ ਵੱਡੀ ਪਛਾੜ ਤੋਂ ਬਾਅਦ ਮਾਓਵਾਦੀਆਂ ਨੇ ਪੱਛਮੀ ਬੰਗਾਲ ਦੇ ਜੰਗਲ-ਮਹਿਲ ਇਲਾਕੇ ਨੂੰ ਆਪਣਾ ਗੜ੍ਹ ਬਣਾ ਲਿਆ ਸੀ ਅਤੇ ਪਿਛਲੇ ਤਕਰੀਬਨ ਦੋ ਦਹਾਕਿਆਂ ਤੋਂ ਅਬੂਝਮਾੜ ਉਤੇ ਸਾਰਾ ਧਿਆਨ ਲਾਇਆ ਹੋਇਆ ਹੈ।

ਸਰਕਾਰ ਨੇ ਆਪਣੇ ਇਸ ਦਸਤਾਵੇਜ਼ ਵਿਚ ਦੇਸ਼ ਦੇ 23 ਜ਼ਿਲ੍ਹਿਆਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਥੇ ਮਾਓਵਾਦੀਆਂ ਦਾ ਬਹੁਤ ਜ਼ਿਆਦਾ ਜ਼ੋਰ ਹੈ। ਮਾਓਵਾਦੀਆਂ ਦੀ ਤਕਰੀਬਨ 80 ਫੀਸਦੀ ਸਰਗਰਮੀ ਇਨ੍ਹਾਂ ਜ਼ਿਲ੍ਹਿਆਂ ਵਿਚ ਹੀ ਹੁੰਦੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਵਿਸਾਖਾਪਟਨਮ (ਆਂਧਰਾ ਪ੍ਰਦੇਸ਼), ਔਰੰਗਾਬਾਦ, ਗਯਾ, ਜਮੂਈ ਤੇ ਮੁਜ਼ੱਫਰਪੁਰ (ਬਿਹਾਰ), ਬੀਜਾਪੁਰ, ਬਸਤਰ, ਦਾਂਤੇਵਾੜਾ, ਕਾਂਕੇਰ, ਕੋਂਡਾਗਾਓਂ, ਨਰਾਇਣਪੁਰ ਤੇ ਸੁਕਮਾ (ਛਤੀਸਗੜ੍ਹ), ਛਤਰਾ, ਗਿਰਡੀਹ, ਗੁਮਲਾ, ਖੁੰਟੀ, ਲਾਤੇਹਾਰ, ਪਲਾਮੂ, ਸਿਮਦੇਗਾ ਤੇ ਪੱਛਮੀ ਸਿੰਘਭੂਮ (ਝਾਰਖੰਡ), ਗੜ੍ਹਚਿਰੌਲੀ (ਮਹਾਂਰਾਸ਼ਟਰ) ਅਤੇ ਕੋਰਾਪੱਟ ਤੇ ਮਲਕਾਨਗਿਰੀ (ਉੜੀਸਾ) ਸ਼ਾਮਲ ਹਨ। ਅਸਲ ਵਿਚ ਸਰਕਾਰ ਦਾ ਫਿਕਰ ਇਹ ਹੈ ਕਿ ਮਾਓਵਾਦੀਆਂ ਦੀਆਂ ਵਾਰਦਾਤਾਂ ਘਟਣ ਦੇ ਬਾਵਜੂਦ ਇਨ੍ਹਾਂ ਦੀ ਮਿਲਟਰੀ ਤਾਕਤ ਜਿਉਂ ਦੀ ਤਿਉਂ ਹੈ।

ਸਿੱਟੇ ਵਜੋਂ ਇਹ ਕਿਸੇ ਵੀ ਇਲਾਕੇ ਵਿਚ ਜਾ ਕੇ ਆਸਾਨੀ ਨਾਲ ਆਪਣੀਆਂ ਸਰਗਰਮੀਆਂ ਆਰੰਭ ਕਰ ਲੈਂਦੇ ਹਨ। ਦਸਤਾਵੇਜ਼ ਮੁਤਾਬਕ ਦੇਸ਼ ਦੇ ਤਕਰੀਬਨ 15 ਸੂਬਿਆਂ ਵਿਚ ਮਾਓਵਾਦੀਆਂ ਦਾ ਤਾਣਾ-ਬਾਣਾ ਬਣਿਆ ਹੋਇਆ ਹੈ। ਅਰੁਨਾਚਲ ਪ੍ਰਦੇਸ਼ ਅਤੇ ਆਸਾਮ ਵਿਚ ਵੀ ਮਾਓਵਾਦੀਆਂ ਨੇ ਪਿਛਲੇ ਸਮੇਂ ਦੌਰਾਨ ਪੈਰ ਪਸਾਰੇ ਹਨ। ਤਕਰੀਬਨ 21 ਸੂਬਿਆਂ ਵਿਚ ਮਾਓਵਾਦੀਆਂ ਨਾਲ ਸਬੰਧਤ ਜਥੇਬੰਦੀਆਂ ਸਰਗਰਮੀ ਕਰ ਰਹੀਆਂ ਹਨ।

## ਪੰਜਾਬ ਵਿਚ ਤੀਜੇ ਸਿਆਸੀ ਬਦਲ ਵਜੋਂ ਸਰਗਰਮ ਹੋਈ ਬਸਪਾ

**ਚੰਡੀਗੜ੍ਹ:** ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਤੇ ਕਾਂਗਰਸ ਦਾ ਸਿਆਸੀ ਬਦਲ ਬਣਨ ਲਈ ਸਰਗਰਮ ਹੋ ਗਈ ਹੈ। ਬਸਪਾ ਵੱਲੋਂ 'ਪੰਜਾਬ ਬਚਾਓ ਮੁਹਿੰਮ' ਵਿੱਢ ਕੇ ਪੰਜਾਬੀ ਸੂਬਾ ਬਣਨ ਤੋਂ ਬਾਅਦ 48 ਸਾਲ ਅਕਾਲੀ ਦਲ-ਭਾਜਪਾ ਗੱਠਜੋੜ ਤੇ ਕਾਂਗਰਸ ਦੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਰਾਜ ਦੇ ਕੰਗਾਲੀ ਦੀ ਕਗਾਰ 'ਤੇ ਪੁੱਜਣ ਦਾ ਚਿੱਠਾ ਖੋਲ੍ਹਿਆ ਜਾਵੇਗਾ।

ਬਸਪਾ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਸਮੇਂ-ਸਮੇਂ 'ਤੇ ਬਣੀਆਂ ਸਰਕਾਰਾਂ ਦੀਆਂ ਮਾਰੂ ਨੀਤੀਆਂ ਨੇ ਪੰਜਾਬੀਆਂ ਨੂੰ ਜਿਥੇ ਨਸ਼ਿਆਂ ਦੇ ਜੰਜਾਲ ਵਿਚ ਜਕੜ ਦਿੱਤਾ ਹੈ ਉਥੇ ਆਰਥਿਕ, ਸਭਿਆਚਾਰਕ ਤੇ ਧਾਰਮਿਕ ਤੌਰ 'ਤੇ ਵੀ ਖੋਖਲਾ ਕਰ ਦਿੱਤਾ ਹੈ। ਸ੍ਰੀ ਕਰੀਮਪੁਰੀ ਨੇ ਦੱਸਿਆ ਕਿ ਇਕ ਨਵੰਬਰ ਤੋਂ ਰਾਜ ਵਿਚ 'ਪੰਜਾਬ ਬਚਾਓ ਮੁਹਿੰਮ' ਚਲਾਈ ਜਾ ਰਹੀ ਹੈ।



ਉਨ੍ਹਾਂ ਕਿਹਾ ਕਿ 1966 ਵਿਚ ਪੰਜਾਬ ਸੂਬਾ ਬਣਨ ਤੋਂ ਬਾਅਦ ਰਾਜ ਨੇ ਕੀ ਖੱਟਿਆ ਤੇ ਕੀ ਗੁਆਇਆ, ਮੁੱਦੇ 'ਤੇ ਪੰਜਾਬੀਆਂ ਨੂੰ ਸੁਚੇਤ ਕੀਤਾ ਜਾਵੇਗਾ। ਦੋਵੇਂ ਸਿਆਸੀ ਧਿਰਾਂ ਨੂੰ ਸਵਾਲ ਕੀਤਾ ਜਾਵੇਗਾ ਕਿ ਪੰਜਾਬ ਵਿਚ ਨਸ਼ਿਆਂ, ਵਿੱਤੀ ਸੰਕਟ, ਸੱਭਿਆਚਾਰਕ ਵਿਗਾੜ ਆਦਿ ਜਿਹੀਆਂ ਬੁਰਾਈਆਂ ਲਈ ਕੌਣ ਜ਼ਿੰਮੇਵਾਰ ਹੈ।

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਸੈਂਟਾ ਕਲਾਰਾ ਮੇਅਰ ਵਲੋਂ ਗੁਰਦੁਆਰਾ ਸਿਲੀਕਾਨ ਵੈਲੀ ਨੂੰ ਪ੍ਰਸ਼ੰਸਾ ਪੱਤਰ



*ਪ੍ਰਸ਼ੰਸਾ ਪੱਤਰ ਪੜ੍ਹਦੇ ਹੋਏ ਕੌਂਸਲਰ ਟਰੇਸਾ ਉਮੀਨ (ਐਨ ਖੱਬੇ)*

**ਸੈਂਟਾ ਕਲਾਰਾ (ਬਿਊਰੋ):** ਬੀਤੇ ਦਿਨ ਕੈਲੀਫੋਰਨੀਆ ਵਲੋਂ ਪਾਸ ਲਾਅ ਮੁਤਾਬਕ ਨਵੰਬਰ ਮਹੀਨਾ ਸਿੱਖ ਅਵੈਅਰਨੈਸ ਵਜੋਂ ਮਨਾਉਂਦਿਆਂ ਸਿਟੀ ਆਫ ਸੈਂਟਾ ਕਲਾਰਾ ਦੇ ਮੇਅਰ ਜੈਮੀ ਐਲ. ਮੈਥੀਊ ਵਲੋਂ ਸਿੱਖਾਂ ਦੀ ਪ੍ਰਸ਼ੰਸਾ ਭਰਿਆ ਪੱਤਰ ਸਿਟੀ ਕੌਂਸਲਰ ਵੂਮਨ ਟਰੇਸਾ ਉਮੀਨ ਰਾਹੀਂ ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ ਪੁੱਜਾ। ਸਾਲ 2012 ਤੋਂ ਲਗਾਤਾਰ ਸਿਟੀ ਕੌਂਸਲ ਮੈਂਬਰ ਵਜੋਂ ਵੱਖ ਵੱਖ ਅਹੁਦਿਆਂ 'ਤੇ ਕੰਮ ਕਰ ਰਹੀ ਕੌਂਸਲਰ ਵੂਮਨ ਟਰੇਸਾ ਦੀ ਸੰਗਤ ਨਾਲ ਜਾਣ ਪਛਾਣ ਬੀਬੀ ਹਰਬੀਰ ਕੌਰ ਭਾਟੀਆ ਨੇ ਕਰਾਈ।

ਇਸ ਮੌਕੇ ਕੌਂਸਲ ਵੂਮਨ ਟਰੇਸਾ ਉਮੀਨ ਨੇ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਭਾਸ਼ਨ ਦੌਰਾਨ ਸੈਂਟਾ ਕਲਾਰਾ ਤੇ ਦੇਸ਼ ਦੇ ਬਾਕੀ ਸਟੇਟਾਂ ਵਿਚ ਰਹਿ ਰਹੇ ਸਿੱਖਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਪ੍ਰੋਕਲੇਮੇਸ਼ਨ ਪੱਤਰ ਪੜ੍ਹਦਿਆਂ ਦੱਸਿਆ ਕਿ ਅਮਰੀਕਾ ਦੀ ਉਨਤੀ ਵਿਚ ਸਿੱਖਾਂ ਦਾ ਮਹਾਨ ਯੋਗਦਾਨ ਹੈ, ਖਾਸ ਕਰਕੇ ਟਰਾਂਸਪੋਰਟੇਸ਼ਨ, ਮੈਡੀਕਲ, ਆਰਮਡ ਫੋਰਸਿਸ, ਟੈਕਨੀਕਲ ਇੰਜੀਅਰਿੰਗ, ਐਗਰੀਕਲਚਰ ਤੇ ਛੋਟੇ ਘਰੇਲੂ ਉਦਯੋਗ ਵਿਚ। ਹਰ ਖੇਤਰ ਵਿਚ ਇਨ੍ਹਾਂ ਦੀ ਮਿਹਨਤ ਸਦਕਾ ਅਮਰੀਕਾ ਨੇ ਤਰੱਕੀ ਕੀਤੀ ਹੈ। ਸਿੱਖ ਲੰਮੇ ਅਰਸੇ ਤੋਂ ਇਸ ਦੇਸ਼ ਵਿਚ ਆਬਾਦ ਹਨ ਤੇ ਮਿਹਨਤੀ ਹੋਣ ਦੇ ਨਾਲ ਨਾਲ ਇਮਾਨਦਾਰ ਵੀ ਹਨ। ਪ੍ਰੋਕਲੇਮੇਸ਼ਨ ਪੱਤਰ ਸਚਿਤਰ ਜਿਲਦ ਵਿਚ ਉਨ੍ਹਾਂ ਗੁਰਦੁਆਰਾ ਪ੍ਰਬੰਧਕ ਨੂੰ ਤੋਹਫੇ ਵਲੋਂ ਭੇਟ ਕੀਤਾ।

ਗੁਰੂ ਘਰ ਦੇ ਸਟੇਜ ਸਕੱਤਰ ਅਮਰਜੀਤ ਸਿੰਘ ਨੇ ਟਰੇਸਾ ਉਮੀਨ ਅਤੇ ਸਿਟੀ ਆਫ ਸੈਂਟਾ ਕਲਾਰਾ ਦੇ ਮੇਅਰ ਦਾ ਧੰਨਵਾਦ ਕਰਦਿਆਂ ਗੁਰਦੁਆਰਾ ਸਾਹਿਬ ਦੀ ਤਰਫੋਂ ਉਨ੍ਹਾਂ ਨੂੰ ਯਾਦਗਰੀ ਚਿੰਨ ਅਤੇ ਅੰਗਰੇਜ਼ੀ ਵਿਚ ਕਿਤਾਬਾਂ ਦਾ ਸੈਟ ਭੇਟ ਕੀਤਾ। ਇਸ ਮੌਕੇ ਸਿੱਖ ਧਰਮ ਅਤੇ ਗੁਰਦੁਆਰਾ ਸਾਹਿਬ ਦੇ ਨਿਤ ਦੇ ਕੰਮ ਕਾਜ ਬਾਰੇ ਸਲਾਈਡ ਸ਼ੋਅ ਰਾਹੀ ਕਮੇਟੀ ਮੈਂਬਰ ਗੁਰਿੰਦਰ ਸਿੰਘ ਢਿੱਲੋਂ ਨੇ ਜਾਣਕਾਰੀ ਦਿੱਤੀ।

## ਤਾਲਿਬਾਨ ਸਰਕਾਰ ਨੂੰ ਮਾਨਤਾ ਦੇਣਾ ਵੱਡੀ ਭੁੱਲ ਸੀ: ਮੁਸ਼ੱਰਫ਼

**ਕਰਾਚੀ:** ਪਾਕਿਸਤਾਨ ਵੱਲੋਂ ਕੋਈ ਦੋ ਦਹਾਕੇ ਪਹਿਲਾਂ ਮਾਰੂ ਤਾਲਿਬਾਨ ਸ਼ਾਸਨ ਨੂੰ ਮਾਨਤਾ ਦੇਣ ਬਾਰੇ ਸਾਬਕਾ ਫੌਜੀ ਸ਼ਾਸਕ ਜਨਰਲ ਪਰਵੇਜ਼ ਮੁਸ਼ੱਰਫ਼ ਨੇ ਮੰਨਿਆ ਹੈ ਕਿ ਇਸਲਾਮਾਬਾਦ ਦੀ ਇਹ ਕਾਰਵਾਈ ਭਿਆਨਕ ਗਲਤੀ ਸੀ। ਉਨ੍ਹਾਂ ਕਿਹਾ ਕਿ ਕਸ਼ਮੀਰ ਮੁੱਦਾ ਹੱਲ ਹੋਣ ਤੱਕ ਭਾਰਤ ਤੇ ਪਾਕਿਸਤਾਨ ਵਿਚ ਤਣਾਅ ਬਰਕਰਾਰ ਰਹੇਗਾ।

# ਕਰਮਨ ਪੰਜਾਬੀ ਸਕੂਲ ਗੁਰਦੁਆਰਾ ਅਨੰਦਗੜ੍ਹ 'ਚ ਤਬਦੀਲ

**ਕਰਮਨ (ਬਿਊਰੋ):** ਕਰਮਨ ਦੇ ਸੀਨੀਅਰ ਸਿਟੀਜ਼ਨ ਸੈਂਟਰ ਵਿਖੇ ਚਲਦੇ ਪੰਜਾਬੀ ਸਕੂਲ ਦੀਆਂ ਕਲਾਸਾਂ ਹੁਣ ਗੁਰਦੁਆਰਾ ਅਨੰਦਗੜ੍ਹ ਵਿਚ ਸ਼ੁਰੂ ਕੀਤੀਆਂ ਗਈਆਂ ਹਨ। ਚੇਤੇ ਰਹੇ, ਇਸ ਸਕੂਲ ਨੂੰ ਗੁਰਦੁਆਰਾ ਅਨੰਦਗੜ੍ਹ ਵਿਚ ਤਬਦੀਲ ਕਰਨ ਲਈ ਕਾਫੀ ਸਮੇਂ ਤੋਂ ਮੰਗ ਚਲੀ ਆ ਰਹੀ ਸੀ।

ਇਸ ਸਬੰਧੀ ਸਕੂਲ ਦੀ ਕਮੇਟੀ ਨੇ ਗੁਰਦੁਆਰਾ ਅਨੰਦਗੜ੍ਹ ਦੇ ਸਮੂਹ ਪ੍ਰਬੰਧਕਾ ਨਾਲ ਰਲ ਕੇ ਸਮੁੱਚੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਗੁਰੂ ਘਰ ਅੰਦਰ ਕਮਰਿਆਂ ਦਾ ਨਿਰਮਾਣ ਕਰਕੇ ਹਫਤਾਵਾਰੀ ਪੰਜਾਬੀ ਸਕੂਲ ਦੀਆਂ ਕਾਲਾਸਾ ਦੀ ਸ਼ੁਰੂਆਤ ਕਰ ਦਿੱਤੀ ਹੈ।

ਪ੍ਰਬੰਧਕਾਂ ਅਨੁਸਾਰ ਇਸ ਸਕੂਲ ਅੰਦਰ ਪੰਜਾਬੀ ਤੋਂ ਇਲਾਵਾ ਧਾਰਮਿਕ, ਸੱਭਿਆਚਾਰਕ ਅਤੇ ਖੇਡਾਂ ਆਦਿ ਦੀ ਸਿੱਖਿਆ ਦਿੱਤੀ ਜਾਵੇਗੀ ਅਤੇ ਕਲਾਸਾਂ ਨੂੰ ਆਧੁਨਿਕ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਸ ਸਕੂਲ ਅੰਦਰ ਬੱਚਿਆਂ ਦੀ ਗਿਣਤੀ ਅੱਸੀ ਤੋਂ ਵਧ ਹੈ। ਹੁਣ ਨਵੀਆਂ ਕਲਾਸਾਂ ਦੇ ਨਿਰਮਾਣ ਨਾਲ ਹੋਰ



ਬੱਚਿਆਂ ਨੂੰ ਵੀ ਦਾਖਲਾ ਮਿਲ ਸਕੇਗਾ। ਇਸ ਸਕੂਲ ਅੰਦਰ ਸਾਰੇ ਟੀਚਰ ਮੁਫਤ ਸੇਵਾਵਾਂ ਨਿਭਾਉਂਦੇ ਹਨ। ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਵਾਲੰਟੀਅਰ ਅਧਿਆਪਕਾਂ ਦੀ ਲੋੜ ਹੈ ਤਾਂ ਕਿ ਇਸ ਨਾਲ ਕਲਾਸਾਂ ਅਤੇ ਪੜ੍ਹਾਈ ਨੂੰ ਹੋਰ ਬਿਹਤਰ ਬਣਾਇਆ ਜਾ ਸਕੇ।

## ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਦੀ ਯਾਦ 'ਚ ਸਮਾਗਮ

**ਸੈਨ ਹੋਜ਼ੇ:** ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਦਾ ਸੋਧਾ ਲਾਉਣ ਵਾਲੇ ਪੰਥ ਦੇ ਮਹਾਨ ਸ਼ਹੀਦ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਦਾ ਮਹਾਨ ਚੜ੍ਹਦੀ ਕਲਾ ਦਾ ਪ੍ਰਤੀਕ ਦਿਵਸ ਰਾਜਸਥਾਨ ਦੀਆਂ ਸੰਗਤਾਂ ਵਲੋਂ ਲੰਘੇ ਦਿਨੀਂ ਗੁਰਦੁਆਰਾ ਸੈਨ ਹੋਜ਼ੇ ਵਿਚ ਸ਼ਰਧਾ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ਼ਬਦ ਕੀਰਤਨ ਹੋਇਆ।

ਯਾਦ ਰਹੇ, ਇਨ੍ਹਾਂ ਦਿਨਾਂ ਵਿਚ ਹੀ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਮੱਸੇ ਰੰਘੜ ਦਾ ਸਿਰ ਵੱਢ ਕੇ ਬੁੱਢਾ ਜੌਹੜ ਪੁੱਜੇ ਸਨ।

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Golden State Realty
Sacramento Office: 9912 Kapalua Ln., Elk Grove, CA 95624
Tel: 916-612-5773
Courtesy of Sales Manager
Traci Lill, Meadows at Galt

| The Poppy ~ Plan 1 | 4 Bedrooms, 2 & half Baths, Two-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

| The Poppy ~ Plan 2 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

| The Poppy ~ Plan 3 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

| The Poppy ~ Plan 4 | 6 Bedrooms, 3 & half Baths, Three-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |


Sohanpreet (Sam) Chahal
CA Lic. 01504071
Realtor/Notary Public
email:samchahal@hotmail.com
Call: Sohanpreet 'Sam' Chahal
@916-612-5773
Serving from Bay Area to Sacramento
Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# ਸ਼੍ਰੋਮਣੀ ਕਮੇਟੀ ਵਲੋਂ ਸਿੱਖ ਸੈਂਸਰ ਬੋਰਡ ਸਥਾਪਤ ਕਰਨ ਦਾ ਫੈਸਲਾ

**ਅੰਮ੍ਰਿਤਸਰ:** ਸਿੱਖ ਧਾਰਮਿਕ ਫਿਲਮਾਂ ਨੂੰ ਮਰਿਆਦਾ ਅਨੁਕੂਲ ਬਣਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਪੱਧਰ 'ਤੇ 'ਸਿੱਖ ਸੈਂਸਰ ਬੋਰਡ' ਸਥਾਪਤ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਸਿੱਖ ਧਾਰਮਿਕ ਫਿਲਮਾਂ ਵਿਚ ਸਿੱਖ ਧਰਮ ਤੇ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨ ਤੋਂ ਰੋਕਿਆ ਜਾ ਸਕੇ ਤੇ ਸਿੱਖ ਕਿਰਦਾਰ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ ਜਾ ਸਕੇ। ਹਾਲ ਹੀ ਵਿਚ ਐਨੀਮੇਸ਼ਨ ਰਾਹੀਂ ਬਣਾਈ ਗਈ ਸਿੱਖ ਧਾਰਮਿਕ ਫਿਲਮ 'ਚਾਰ ਸਾਹਿਬਜ਼ਾਦਿਆਂ' ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਫਿਲਮ ਨੇ ਪੰਜਾਬੀ ਫਿਲਮਾਂ ਦੇ ਸਾਰੇ ਰਿਕਾਰਡ ਵੀ ਤੋੜ ਦਿੱਤੇ ਹਨ ਤੇ ਆਰਥਿਕ ਪੱਖੋਂ ਵੀ ਵੱਡਾ ਮਾਲੀਆ ਇਕੱਠਾ ਕੀਤਾ ਹੈ।

ਧਰਮ ਪ੍ਰਚਾਰ ਦੇ ਪੱਖੋਂ ਵੀ ਇਸ ਫਿਲਮ ਨੇ ਸਿੱਖ ਇਤਿਹਾਸ ਨੂੰ ਦੇਸ਼ ਦੇ ਕੋਨੇ ਕੋਨੇ ਤੱਕ ਪਹੁੰਚਾਇਆ ਹੈ। ਫਿਲਮ ਦੀ ਹਰ ਪੱਖੋਂ ਸਫਲਤਾ ਤੋਂ ਬਾਅਦ ਅਜਿਹੀਆਂ ਹੋਰ ਵੀ ਫਿਲਮਾਂ ਬਣਨ ਦੀ ਸੰਭਾਵਨਾ ਹੈ। ਅਜਿਹੀਆਂ ਫਿਲਮਾਂ ਨੂੰ ਮਰਿਆਦਾ ਅਨੁਕੂਲ ਬਣਾਉਣ ਲਈ ਸ਼੍ਰੋਮਣੀ ਕਮੇਟੀ ਆਪਣੇ ਤੌਰ 'ਤੇ ਸਿੱਖ ਸੈਂਸਰ ਬੋਰਡ ਸਥਾਪਤ ਕਰਨ ਦੀ ਯੋਜਨਾ ਬਣਾ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਤੋਂ ਪਹਿਲਾਂ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੂੰ ਕਈ ਵਾਰ ਅਪੀਲ ਕੀਤੀ ਗਈ ਸੀ ਕਿ ਫਿਲਮ ਸੈਂਸਰ ਬੋਰਡ ਵਿਚ ਇਕ ਸਿੱਖ ਪ੍ਰਤੀਨਿਧੀ ਵੀ ਸ਼ਾਮਲ ਕੀਤਾ ਜਾਵੇ ਤਾਂ ਜੋ ਬਾਲੀਵੁੱਡ ਤੇ ਪਾਲੀਵੁੱਡ ਪੱਧਰ 'ਤੇ ਬਣਨ ਵਾਲੀਆਂ ਸਿੱਖ ਧਾਰਮਿਕ ਫਿਲਮਾਂ ਨੂੰ ਮਰਿਆਦਾ ਅਨੁਕੂਲ ਰੱਖਿਆ ਜਾ ਸਕੇ। ਸਿੱਖ ਧਰਮ, ਇਤਿਹਾਸ ਤੇ ਮਰਿਆਦਾ ਬਾਰੇ ਘੱਟ ਜਾਣਕਾਰੀ ਹੋਣ ਕਾਰਨ ਫਿਲਮ ਸੈਂਸਰ ਬੋਰਡ ਦੇ ਮੈਂਬਰਾਂ ਵੱਲੋਂ ਕਈ ਵਾਰ ਅਜਿਹੀਆਂ ਫਿਲਮਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤੇ ਇਹ ਫਿਲਮਾਂ ਵੱਡੇ ਵਿਵਾਦ ਦਾ ਕਾਰਨ ਬਣੀਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਸ ਬਾਰੇ ਜਨਰਲ ਹਾਊਸ ਵਿਚ ਕਈ ਵਾਰ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਵੀ ਭੇਜਿਆ ਗਿਆ ਹੈ ਪਰ ਹੁਣ ਤੱਕ ਇਸ ਮਾਮਲੇ ਵਿਚ ਕੋਈ ਸੁਣਵਾਈ ਨਹੀਂ ਹੋਈ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਪੱਧਰ 'ਤੇ ਹੀ ਉਪਰਾਲੇ ਕੀਤੇ ਜਾਣਗੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ ਕੀਤੇ ਜਾਣ ਵਾਲੇ ਸਿੱਖ ਸੈਂਸਰ ਬੋਰਡ ਵਿਚ 11 ਸਿੱਖ ਮੈਂਬਰ ਹੋਣਗੇ। ਇਨ੍ਹਾਂ 11 ਮੈਂਬਰਾਂ ਵਿਚ ਸਿੱਖ ਧਾਰਮਿਕ ਵਿਦਵਾਨ, ਸਿੱਖ ਇਤਿਹਾਸਕਾਰ, ਸਿੱਖ ਕਾਨੂੰਨਦਾਨ, ਸਿੱਖ ਫਿਲਮ ਮਾਹਰ ਆਦਿ ਸ਼ਾਮਲ ਕੀਤੇ ਜਾਣਗੇ। ਸਿੱਖ ਸੈਂਸਰ ਬੋਰਡ ਦਾ ਮੁੱਖ ਮੰਤਵ ਸਿੱਖ ਧਰਮ ਤੇ ਇਤਿਹਾਸ ਬਾਰੇ ਬਣਨ ਵਾਲੀਆਂ ਫਿਲਮਾਂ ਨੂੰ ਸਿੱਖ ਧਰਮ ਦੀ ਮਰਿਆਦਾ ਅਨੁਕੂਲ ਰੱਖਣਾ ਹੈ। ਸ਼੍ਰੋਮਣੀ ਕਮੇਟੀ ਕੋਸ਼ਿਸ਼ ਕਰੇਗੀ ਕਿ ਕੋਈ ਵੀ ਅਜਿਹੀ ਧਾਰਮਿਕ ਫਿਲਮ ਪਰਦੇ 'ਤੇ ਆਉਣ ਤੋਂ ਪਹਿਲਾਂ ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਕੋਲੋਂ ਪ੍ਰਵਾਨਗੀ ਲਵੇ।

## ਸ੍ਰੀ ਕੇਸਗੜ੍ਹ ਸਾਹਿਬ ਨੇੜਲੇ ਥੜ੍ਹਿਆਂ ਦੀ ਬੋਲੀ ਚਾਰ ਕਰੋੜ ਤੋਂ ਟੱਪੀ

**ਆਨੰਦਪੁਰ ਸਾਹਿਬ:** ਸਾਲ 2015 ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਆਲੇ-ਦੁਆਲੇ ਦੇ ਥੜ੍ਹਿਆਂ 'ਤੇ ਆਰਜ਼ੀ ਦੁਕਾਨਾਂ ਲਗਾਉਣ ਲਈ ਬੋਲੀ ਇਸ ਵਾਰ ਚਾਰ ਕਰੋੜ ਨੂੰ ਪਾਰ ਕਰ ਗਈ ਹੈ। ਇਹ ਬੋਲੀ ਪਿਛਲੇ ਸਾਲ ਨਾਲੋਂ 85 ਲੱਖ ਰੁਪਏ ਦੇ ਵਾਧੇ ਨਾਲ ਚਾਰ ਕਰੋੜ 10 ਲੱਖ ਰੁਪਏ ਵਿਚ ਹੋਈ ਹੈ, ਜਿਸ ਦੀ 50 ਫੀਸਦੀ ਰਕਮ ਸਬੰਧਤ ਠੇਕੇਦਾਰ ਵੱਲੋਂ ਮੌਕੇ 'ਤੇ ਹੀ ਜਮ੍ਹਾਂ ਕਰਵਾ ਦਿੱਤੀ ਗਈ ਹੈ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹਾਲ ਵਿਖੇ ਹੋਈ ਜਾਇਦਾਦ ਸਬ ਕਮੇਟੀ ਦੀ ਬੈਠਕ ਵਿਚ ਹੋਏ ਫੈਸਲਿਆਂ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਸਾਲ 2015 ਲਈ ਆਰਜ਼ੀ ਥੜ੍ਹਿਆਂ ਦੀ ਬੋਲੀ ਚਾਰ ਕਰੋੜ 10 ਲੱਖ ਰੁਪਏ ਵਿਚ ਦਿੱਤੀ ਗਈ ਹੈ। ਸਾਲ 2014 ਵਿਚ ਇਹ ਬੋਲੀ ਤਿੰਨ ਕਰੋੜ 25 ਲੱਖ ਤੇ ਸਾਲ 2013 ਵਿਚ ਦੋ ਕਰੋੜ 50 ਲੱਖ ਰੁਪਏ ਵਿਚ ਗਈ ਸੀ। ਆਨੰਦਪੁਰ ਸਾਹਿਬ ਵਿਚ ਸ਼ਰਧਾਲੂਆਂ ਦੀ ਆਮਦ ਵਧਣ ਕਾਰਨ ਇਥੇ ਵਪਾਰ ਵਿਚ ਵੀ ਵਾਧਾ ਹੋ ਰਿਹਾ ਹੈ। ਇਹੀ ਕਾਰਨ ਹੈ ਕਿ ਤਖ਼ਤ ਸਾਹਿਬ ਵੱਲੋਂ ਕੀਤੀ ਗਈ ਬੋਲੀ ਵਿਚ ਹਰ ਸਾਲ 75 ਤੋਂ 85 ਲੱਖ ਰੁਪਏ ਦਾ ਵਾਧਾ ਹੋਇਆ ਹੈ। ਸ੍ਰੀ ਭੌਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਬਾਬਾ ਗੁਰਦਿੱਤਾ ਜੀ ਦੇ ਆਰਜ਼ੀ ਥੜ੍ਹਿਆਂ ਬੋਲੀ ਵੀ 34 ਲੱਖ 51 ਹਜ਼ਾਰ ਰੁਪਏ ਵਿਚ ਦਿੱਤੀ ਗਈ ਹੈ ਤੇ ਹੋਲੇ ਮਹੱਲੇ ਮੌਕੇ ਲੱਗਣ ਵਾਲੇ ਟੈਂਟਾਂ, ਸਾਊਂਡ ਤੇ ਲਾਈਟਾਂ ਲਈ ਵੀ ਟੈਂਡਰ ਅਲਾਟ ਕਰ ਦਿੱਤੇ ਗਏ ਹਨ। ਉਨ੍ਹਾਂ ਨੇ ਨਾਲ ਹੀ 350 ਸਾਲਾ ਸ਼ਤਾਬਦੀ ਬਾਰੇ ਚੱਲ ਰਹੇ ਵਿਕਾਸ ਪ੍ਰਾਜੈਕਟਾਂ ਦਾ ਵੀ ਦੌਰਾ ਕੀਤਾ ਤੇ ਨਿਰੀਖਣ ਕਰਕੇ ਅਧਿਕਾਰੀਆਂ ਨੂੰ ਕੰਮ ਸਮੇਂ ਸਿਰ ਮੁਕੰਮਲ ਕਰਨ ਦੇ ਹੁਕਮ ਜਾਰੀ ਕੀਤੇ।

## ਕਾਂਗਰਸ ਨੂੰ ਪਿਛਲੇ ਸਾਲ ਮਿਲਿਆ 66 ਕਰੋੜ ਦਾ ਚੰਦਾ

**ਨਵੀਂ ਦਿੱਲੀ:** ਕਾਂਗਰਸ ਨੇ ਪਿਛਲੇ ਮਾਲੀ ਸਾਲ 66 ਕਰੋੜ ਰੁਪਏ ਦੇ ਚੰਦੇ ਮਿਲਣ ਦਾ ਖੁਲਾਸਾ ਕੀਤਾ ਹੈ ਜਦਕਿ 20 ਹਜ਼ਾਰ ਤੋਂ ਵੱਧ ਦੇ ਚੰਦਿਆਂ ਦੇ ਰੂਪ ਵਿਚ ਰਾਸ਼ਟਰਵਾਦੀ ਕਾਂਗਰਸ ਪਾਰਟੀ ਨੂੰ 14 ਕਰੋੜ ਰੁਪਏ ਦੇ ਫੰਡ ਮਿਲੇ ਸਨ। ਉਂਜ, ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਇਸ ਤਰ੍ਹਾਂ ਦਾ ਕੋਈ ਵੇਰਵਾ ਫਿਲਹਾਲ ਚੋਣ ਕਮਿਸ਼ਨ ਨੂੰ ਨਹੀਂ ਦਿੱਤਾ। ਲੋਕ ਪ੍ਰਤੀਨਿਧਤਾ ਕਾਨੂੰਨ ਦੀ ਧਾਰਾ 29 ਸੀ ਤਹਿਤ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਨੇ 20 ਹਜ਼ਾਰ ਤੋਂ ਵੱਧ ਚੰਦਿਆਂ ਦਾ ਸਾਲਾਨਾ ਲੇਖਾ-ਜੋਖਾ ਚੋਣ ਕਮਿਸ਼ਨ ਨੂੰ ਦਿੱਤਾ ਹੈ ਜਿਸ ਦੇ ਆਧਾਰ 'ਤੇ ਪਾਰਟੀਆਂ ਨੂੰ ਆਮਦਨ ਕਰ ਵਿਭਾਗ ਤੋਂ ਟੈਕਸ ਛੋਟ ਮਿਲਦੀ ਹੈ। ਵੇਰਵੇ ਜਮ੍ਹਾਂ ਕਰਾਉਣ ਦੀ ਅੰਤਿਮ ਤਰੀਕ 30 ਨਵੰਬਰ ਸੀ ਤੇ ਭਾਜਪਾ, ਟੀਆਰਐਸ, ਜਨਤਾ ਦਲ (ਯੂ), ਜਨਤਾ ਦਲ (ਐਸ), ਬੀਜੂ ਜਨਤਾ ਦਲ, ਵਾਈਐਸਆਰ ਕਾਂਗਰਸ, ਇੰਡੀਅਨ ਨੈਸ਼ਨਲ ਲੋਕ ਦਲ, ਲੋਕ ਜਨਸ਼ਕਤੀ ਪਾਰਟੀ, ਨੈਸ਼ਨਲ ਕਾਨਫਰੰਸ ਤੇ ਪੀਡੀਪੀ ਨੇ ਕੋਈ ਵੇਰਵਾ ਜਮ੍ਹਾਂ ਨਹੀਂ ਕਰਵਾਇਆ ਜਦਕਿ ਇਹ ਸਪਸ਼ਟ ਨਹੀਂ ਹੈ ਕਿ ਇਨ੍ਹਾਂ ਪਾਰਟੀਆਂ ਨੇ ਆਮਦਨ ਕਰ ਵਿਭਾਗ ਤੋਂ ਕੋਈ ਛੋਟ ਪ੍ਰਾਪਤ ਕੀਤੀ ਹੈ ਜਾਂ ਨਹੀਂ।

## ਦੁਨੀਆਂ ਦੇ ਸਭ ਤੋਂ ਭਾਰੇ ਵਿਅਕਤੀ ਦੀ ਨਮੂਨੀਏ ਨਾਲ ਮੌਤ

**ਲੰਡਨ:** ਦੁਨੀਆ ਦੇ ਸਭ ਤੋਂ ਮੋਟੇ ਮੰਨੇ ਜਾਂਦੇ ਵਿਅਕਤੀ ਕੀਥ ਮਾਰਟਿਨ (44) ਦੀ ਨਮੂਨੀਏ ਕਾਰਨ ਮੌਤ ਹੋ ਗਈ। ਬ੍ਰਿਟਿਸ਼ ਵਾਸੀ ਮਾਰਟਿਨ ਦਾ ਵਜ਼ਨ 444.5 ਕਿਲੋ ਸੀ। 'ਦਿ ਟੈਲੀਗ੍ਰਾਫ' ਦੀ ਰਿਪੋਰਟ ਮੁਤਾਬਕ ਮਾਰਟਿਨ ਦਾ 8 ਮਹੀਨੇ ਪਹਿਲਾਂ ਅਪਰੇਸ਼ਨ ਹੋਇਆ ਸੀ ਤੇ ਉਸ ਦੇ ਪੇਟ ਵਿਚੋਂ ਤੀਜਾ ਹਿੱਸਾ ਚਰਬੀ ਹਟਾਈ ਗਈ ਸੀ। ਉਸ ਦੇ ਡਾਕਟਰ ਕੇਸ਼ਵ ਮਨੂਰ ਦਾ ਕਹਿਣਾ ਹੈ ਕਿ ਜੇ ਉਹ ਜਿਊਂਦਾ ਰਹਿੰਦਾ ਤਾਂ ਉਸ ਦਾ ਵਜ਼ਨ ਸੈਂਕੜੇ ਪੌਂਡ ਘੱਟ ਹੋ ਜਾਣਾ ਸੀ ਤੇ ਉਹ ਤੁਰਨ ਫਿਰਨ ਦੇ ਕਾਬਲ ਹੋ ਜਾਂਦਾ।

## ਵਿੱਤ ਮੰਤਰਾਲੇ ਵੱਲੋਂ ਕਾਲੇ ਧਨ ਦੀ ਜਾਂਚ ਬਾਰੇ ਵੇਰਵੇ ਦੇਣ ਤੋਂ ਨਾਂਹ

**ਨਵੀਂ ਦਿੱਲੀ (ਬਿਊਰੋ):** ਕੌਮੀ ਸੁਰੱਖਿਆ ਤੇ ਰਾਜ਼ਦਾਰੀਆਂ ਬਣਾ ਕੇ ਰੱਖਣ ਦੇ ਜ਼ਰੂਰੀ ਨੇਮਾਂ ਦਾ ਹਵਾਲਾ ਦਿੰਦਿਆਂ ਵਿੱਤ ਮੰਤਰਾਲੇ ਨੇ ਕਾਲੇ ਧਨ ਦੀ ਜਾਂਚ ਬਾਰੇ ਭਾਰਤ, ਸਵਿਟਜ਼ਰਲੈਂਡ ਤੇ ਜਰਮਨ ਸਰਕਾਰਾਂ ਵਿਚਾਲੇ ਹੋਈ ਖਤੋ-ਖ਼ਿਤਾਬਤ ਦੇ ਵੇਰਵੇ ਜਾਰੀ ਕਰਨ ਤੋਂ ਨਾਂਹ ਕਰ ਦਿੱਤੀ ਹੈ।


ਸੂਚਨਾ ਅਧਿਕਾਰ ਐਕਟ ਤਹਿਤ ਮੰਗੀ ਗਈ ਇਕ ਜਾਣਕਾਰੀ ਦਾ ਜੁਆਬ ਦਿੰਦਿਆਂ ਮੰਤਰਾਲੇ ਨੇ ਕਿਹਾ ਕਿ ਇਹ (ਮੰਤਰਾਲਾ) ਸਬੰਧਤ ਮੁਲਕਾਂ ਤੋਂ ਭਾਰਤੀਆਂ ਦੇ ਵਿਦੇਸ਼ੀ ਬੈਂਕ ਖਾਤਿਆਂ ਬਾਰੇ ਜਾਣਕਾਰੀ ਹਾਸਲ ਕਰ ਰਿਹਾ ਹੈ।

ਮੰਤਰਾਲੇ ਅਨੁਸਾਰ ਕਿਉਂਕਿ ਵਿਦੇਸ਼ੀ ਬੈਂਕਾਂ ਵਿਚ ਭਾਰਤੀਆਂ ਦੇ ਖਾਤਿਆਂ ਬਾਰੇ ਜਾਣਕਾਰੀ ਵਰਤਮਾਨ ਦੂਹਰੇ ਕਰਾਂ ਤੋਂ ਬਚਾਅ ਬਾਰੇ ਸਮਝੌਤਿਆਂ (ਡੀਟੀਏਏ) ਅਧੀਨ ਲਈ ਜਾ ਰਹੀ ਹੈ ਤੇ ਇਹ ਸਮਝੌਤਾ ਭੇਤ ਗੁਪਤ ਰੱਖੇ ਜਾਣ ਦੀ ਵੀ ਮੰਗ ਕਰਦਾ ਹੈ ਤੇ ਇਸ ਕਰਕੇ ਵਿਦੇਸ਼ੀ ਬੈਂਕਾਂ ਤੋਂ ਲਈ ਗਈ ਜਾਣਕਾਰੀ ਜ਼ਾਹਰ ਨਹੀਂ ਕੀਤੀ ਜਾ ਸਕਦੀ। ਮੰਤਰਾਲੇ ਨੇ ਆਰਟੀਆਈ ਐਕਟ ਦੇ ਸੈਕਸ਼ਨ 8(1)(ਏ) ਤੇ (ਐਫ) ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਬਾਰੇ ਕੋਈ ਵੀ ਜਾਣਕਾਰੀ ਕਿਸੇ ਨੂੰ ਨਹੀਂ ਦਿੱਤੀ ਜਾ ਸਕਦੀ।

ਇਹ ਸੈਕਸ਼ਨ ਉਹ ਜਾਣਕਾਰੀ ਅੱਗੇ ਜ਼ਾਹਰ ਕੀਤੇ ਜਾਣ 'ਤੇ ਰੋਕ ਲਾਉਂਦੇ ਹਨ, ਜੋ ਭਾਰਤ ਦੀ ਪ੍ਰਭੂਸੱਤਾ ਤੇ ਦਿਆਨਤਦਾਰੀ 'ਤੇ ਪੱਖਪਾਤੀ ਢੰਗ ਨਾਲ ਅਸਰ ਪਾਏਗੀ, ਦੇਸ਼ ਦੀ ਸੁਰੱਖਿਆ, ਰਣਨੀਤਕ, ਵਿਗਿਆਨਕ ਜਾਂ ਆਰਥਿਕ ਹਿੱਤਾਂ, ਹੋਰ ਦੇਸ਼ਾਂ ਨਾਲ ਸਬੰਧਾਂ 'ਤੇ ਅਸਰ ਪਾਏਗੀ ਜਾਂ ਹੋਰ ਅਪਰਾਧਾਂ ਲਈ ਉਕਸਾਹਟ ਪੈਦਾ ਕਰੇਗੀ। ਵਿੱਤ ਮੰਤਰਾਲੇ ਤੋਂ ਕਾਲੇ ਧਨ ਬਾਰੇ ਸਵਿਟਜ਼ਰਲੈਂਡ ਤੇ ਜਰਮਨੀ ਨੂੰ ਭਾਰਤ ਵੱਲੋਂ ਭੇਜੇ ਗਏ ਜਾਂ ਆਏ ਪੱਤਰ ਜਾਂ ਹੋਰ ਦਸਤਾਵੇਜ਼ਾਂ ਦੀਆਂ ਕਾਪੀਆਂ ਮੰਗੀਆਂ ਗਈਆਂ ਸਨ।

## ਰੇਲ ਮੰਤਰੀ ਨੇ ਪੰਜ ਤਖ਼ਤਾਂ ਲਈ ਵਿਸ਼ੇਸ਼ ਗੱਡੀ ਚਲਾਉਣ ਦੀ ਹਾਮੀ ਭਰੀ

**ਨਵੀਂ ਦਿੱਲੀ:** ਰੇਲ ਮੰਤਰੀ ਸੁਰੇਸ਼ ਪ੍ਰਭੂ ਨੇ ਸੰਸਦ ਵਿਚ ਭਰੋਸਾ ਦਿੱਤਾ ਹੈ ਕਿ ਉਹ ਸਿੱਖ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਵਿਸ਼ੇਸ਼ ਰੇਲ ਗੱਡੀ ਚਲਾਉਣ ਦੇ ਮੁੱਦੇ 'ਤੇ ਵਿਚਾਰ ਵਟਾਂਦਰਾ ਕਰਨ ਨੂੰ ਤਿਆਰ ਹਨ। ਲੋਕ ਸਭਾ ਵਿਚ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਦੇ ਸਵਾਲ ਦੇ ਜਵਾਬ ਵਿਚ ਸ੍ਰੀ ਪ੍ਰਭੂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਅਜਿਹੀ ਮੰਗ ਉਨ੍ਹਾਂ ਕੋਲ ਲੈ ਕੇ ਆਉਣੀ ਚਾਹੀਦੀ ਹੈ। ਭਗਵੰਤ ਮਾਨ ਨੇ ਅੰਮ੍ਰਿਤਸਰ, ਆਨੰਦਪੁਰ ਸਾਹਿਬ, ਪਟਨਾ, ਦਮਦਮਾ ਸਾਹਿਬ ਤੇ ਹਜ਼ੂਰ ਸਾਹਿਬ ਤਖ਼ਤਾਂ ਨੂੰ ਜੋੜਨ ਵਾਲੀ ਰੇਲ ਚਲਾਉਣ ਦੀ ਮੰਗ ਕੀਤੀ ਸੀ।



ਭਾਜਪਾ ਦੇ ਆਗੂ ਐਸ.ਐਸ. ਆਹਲੂਵਾਲੀਆ ਨੇ ਮੰਤਰੀ ਨੂੰ ਚੇਤੇ ਕਰਾਇਆ ਕਿ ਇਹ ਸਿਰਫ ਪੰਜਾਬ ਦਾ ਮਸਲਾ ਨਹੀਂ ਹੈ ਕਿਉਂਕਿ ਦੋ ਤਖ਼ਤ ਪੰਜਾਬ ਤੋਂ ਬਾਹਰ ਦੇ ਹਨ। ਉਨ੍ਹਾਂ ਕਿਹਾ ਕਿ ਰੇਲ ਗੱਡੀਆਂ ਵਿਚ ਮਹਿਲਾ ਯਾਤਰੀਆਂ ਦੀ ਸੁਰੱਖਿਆ ਲਈ ਜਲਦੀ ਹੀ ਰੇਲਵੇ ਸੁਰੱਖਿਆ ਬਲ ਦੀ ਵਿਸ਼ੇਸ਼ ਮਹਿਲਾ ਬਟਾਲੀਅਨ ਕਾਇਮ ਕੀਤੀ ਜਾਵੇਗੀ। ਉਨ੍ਹਾਂ ਪ੍ਰਸ਼ਨਕਾਲ ਦੌਰਾਨ ਦੱਸਿਆ ਕਿ ਰੇਲ ਗੱਡੀਆਂ ਵਿਚ ਸੀਸੀਟੀਵੀ ਕੈਮਰੇ ਵੀ ਲਾਏ ਜਾ ਰਹੇ ਹਨ ਤਾਂ ਕਿ ਯਾਤਰੀਆਂ ਦੀਆਂ ਸਰਗਰਮੀਆਂ ਉੱਤੇ ਨਿਗਰਾਨੀ ਰੱਖੀ ਜਾ ਸਕੇ। ਰੇਲਵੇ ਮੰਤਰਾਲੇ ਵੱਲੋਂ ਇਕ ਸਪੈਸ਼ਲ ਮੋਬਾਈਲ ਐਪ ਵੀ ਜਲਦੀ ਲਿਆਂਦੀ ਜਾ ਰਹੀ ਹੈ, ਜਿਸ ਰਾਹੀਂ ਔਰਤਾਂ ਨਾਲ ਛੇੜਛਾੜ ਤੇ ਤੰਗ ਪ੍ਰੇਸ਼ਾਨ ਕੀਤੇ ਜਾਣ ਦੀਆਂ ਸ਼ਿਕਾਇਤਾਂ ਫੌਰੀ ਦਰਜ ਕਰਵਾ ਸਕਣਗੀਆਂ। ਰੇਲ ਮੰਤਰੀ ਨੇ ਦੱਸਿਆ ਕਿ 2014-15 ਦੇ ਰੇਲਵੇ ਬਜਟ ਵਿਚ ਐਲਾਨੇ ਹੋਰ ਸਰਕਟਾਂ ਦੇ ਨਾਲ ਧਾਮਾਂ ਦੀ ਯਾਤਰਾ ਲਈ ਵਿਸ਼ੇਸ਼ ਸਰਕਟਾਂ ਜਿਵੇਂ ਦੇਵੀ ਸਰਕਟ, ਜਯੋਤੀ ਰਲਿੰਗ ਸਰਕਟ, ਜੈਨ ਸਰਕਟ, ਕ੍ਰਿਸ਼ਚੀਅਨ ਸਰਕਟ, ਮੁਸਲਿਮ/ਸੂਫੀ ਸਰਕਟ, ਸਿੱਖ ਸਰਕਟ ਆਦਿ ਯਾਤਰੀ ਟਰੇਨਾਂ ਦੀ ਯੋਜਨਾ ਵੀ ਵਿਚਾਰ ਅਧੀਨ ਹੈ

## ਪੰਜਾਬ ਏਡਜ਼ ਦੇ ਪਸਾਰ ਵਾਲੇ 10 ਸੂਬਿਆਂ 'ਚ ਸ਼ਾਮਲ

**ਨਵੀਂ ਦਿੱਲੀ:** ਉਨ੍ਹਾਂ ਰਾਜਾਂ ਵਿਚ ਐਚ.ਆਈ.ਵੀ. ਮਰੀਜ਼ਾਂ ਦੀ ਗਿਣਤੀ ਵਿਚ ਇਜ਼ਾਫਾ ਹੋਇਆ ਹੈ ਜਿਨ੍ਹਾਂ ਬਾਰੇ ਸਮਝਿਆ ਜਾਂਦਾ ਸੀ ਕਿ ਇਹ ਐਚ.ਆਈ.ਵੀ. ਤੋਂ ਮੁਕਤ ਹਨ ਤੇ ਇਨ੍ਹਾਂ 10 ਰਾਜਾਂ ਵਿਚੋਂ ਹੀ ਇਨਫੈਕਸ਼ਨ ਦੇ 57 ਫੀਸਦੀ ਨਵੇਂ ਕੇਸ ਆਏ ਹਨ। ਇਨ੍ਹਾਂ ਰਾਜਾਂ ਵਿਚ ਪੰਜਾਬ ਵੀ ਸ਼ਾਮਲ ਹੈ। ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜ਼ੇਸ਼ਨ (ਨੈਕੋ) ਤੇ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ. ਸੀ. ਐਮ. ਆਰ.) ਵੱਲੋਂ ਤਿਆਰ ਕੀਤੀ ਗਈ ਰਿਪੋਰਟ ਮੁਤਾਬਕ ਭਾਵੇਂ ਕੌਮੀ ਪੱਧਰ 'ਤੇ ਐਚ.ਆਈ.ਵੀ. ਦੀ ਔਸਤ ਘਟੀ ਹੈ ਪਰ ਉੜੀਸਾ, ਝਾਰਖੰਡ, ਪੰਜਾਬ, ਅਸਾਮ ਤੇ ਉਤਰਾਖੰਡ ਜਿਹੇ ਰਾਜਾਂ ਵਿਚ ਉਲਟ ਰੁਝਾਨ ਦੇਖਣ ਨੂੰ ਮਿਲਿਆ ਹੈ ਜਿਥੇ ਪਹਿਲਾਂ ਐਚ.ਆਈ.ਵੀ. ਦਾ ਪਸਾਰ ਨਾਂਮਾਤਰ ਹੀ ਸਮਝਿਆ ਜਾਂਦਾ ਸੀ। 'ਇੰਡੀਆ ਐਚ.ਆਈ.ਵੀ. ਐਸਟੀਮੇਟਜ਼-2012' ਨਾਮੀ ਇਸ ਰਿਪੋਰਟ ਵਿਚ ਧਿਆਨ ਦਿਵਾਇਆ ਗਿਆ ਹੈ ਕਿ ਉੜੀਸਾ, ਝਾਰਖੰਡ, ਬਿਹਾਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਗੁਜਰਾਤ, ਛੱਤੀਸਗੜ੍ਹ, ਰਾਜਸਥਾਨ, ਪੰਜਾਬ ਤੇ ਉਤਰਾਖੰਡ ਜਿਹੇ 10 ਰਾਜਾਂ ਵਿਚੋਂ ਇਨਫੈਕਸ਼ਨ ਦੇ ਨਵੇਂ ਮਿਲੇ ਕੇਸ 57 ਫੀਸਦੀ ਬਣਦੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੂਜੇ ਪਾਸੇ, ਛੇ ਉਨ੍ਹਾਂ ਰਾਜਾਂ ਜਿਥੇ ਐਚਆਈਵੀ ਦੀ ਪਸਾਰ ਕਾਫੀ ਜ਼ਿਆਦਾ ਹੈ, ਵਿਚ ਸਿਰਫ 31 ਫੀਸਦੀ ਕੇਸ ਮਿਲੇ ਹਨ। 2011 ਵਿਚ ਬਾਲਗਾਂ ਵਿਚੋਂ ਨਵੀਂ ਇਨਫੈਕਸ਼ਨ ਦੇ 1.16 ਲੱਖ ਕੇਸ ਆਏ ਸਨ। ਇਨ੍ਹਾਂ ਛੇ ਰਾਜਾਂ ਵਿਚ ਆਂਧਰਾ ਪ੍ਰਦੇਸ਼, ਕਰਨਾਟਕ, ਮਹਾਰਾਸ਼ਟਰ, ਮਨੀਪੁਰ, ਨਾਗਾਲੈਂਡ ਤੇ ਤਾਮਿਲਨਾਡੂ ਸ਼ਾਮਲ ਹਨ। ਰਿਪੋਰਟ ਮੁਤਾਬਕ 2007-2011 ਦੇ ਅਰਸੇ ਦੌਰਾਨ ਇਨ੍ਹਾਂ ਰਾਜਾਂ ਵਿਚ ਐਚਆਈਵੀ ਦੇ ਕੇਸਾਂ ਦੀ ਗਿਣਤੀ ਘਟੀ ਹੈ।

ਯੂਐਨ ਏਡਜ਼ ਇੰਡੀਆ ਕੰਟਰੀ ਕੋਆਰਡੀਨੇਟਰ ਓਸਾਮਾ ਤਵੀਲ ਨੇ ਕਿਹਾ ਕਿ ਕੁੱਲ ਮਿਲਾ ਕੇ ਭਾਰਤ ਦੀ ਕਾਰਗੁਜ਼ਾਰੀ ਕਾਫੀ ਚੰਗੀ ਹੈ ਪਰ ਤੁਹਾਨੂੰ ਰਾਜ-ਦਰ-ਰਾਜ ਝਾਤ ਮਾਰਨੀ ਪਵੇਗੀ। ਉਨ੍ਹਾਂ ਕਿਹਾ ਕਿ ਪਹਿਲਾਂ ਉੱਤਰੀ ਰਾਜਾਂ ਵਿਚ ਐਚਆਈਵੀ ਦਾ ਪਸਾਰ ਕਾਫੀ ਘੱਟ ਸਮਝਿਆ ਜਾਂਦਾ ਸੀ। ਇਸ ਦੀ ਇਕ ਮਿਸਾਲ ਪੰਜਾਬ ਹੈ ਜਿਥੇ ਨਸ਼ਿਆਂ ਦੀ ਅਲਾਮਤ ਕਾਰਨ ਇਹ ਮਸਲਾ ਵਿਗੜ ਰਿਹਾ ਹੈ। ਦਿਹਾਤੀ ਖੇਤਰਾਂ ਵਿਚੋਂ ਸ਼ਹਿਰੀ ਖੇਤਰਾਂ ਵੱਲ ਪਰਵਾਸ ਤੇ ਪਰਵਾਸੀ ਪੁਰਸ਼ਾਂ ਦੀਆਂ ਗਰਭਵਤੀ ਔਰਤਾਂ ਵਿਚ ਇਸ ਦਾ ਫੈਲਾਅ ਵੀ ਇਸ ਰੁਝਾਨ ਦਾ ਸੰਭਾਵੀ ਕਾਰਨ ਦੇਖਿਆ ਜਾ ਰਿਹਾ ਹੈ। ਅਧਿਕਾਰਤ ਅੰਕੜਿਆਂ ਮੁਤਾਬਕ ਭਾਰਤ ਐਚਆਈਵੀ ਦੇ ਮਰੀਜ਼ਾਂ ਪੱਖੋਂ ਦੁਨੀਆਂ ਵਿਚ ਤੀਜੇ ਸਥਾਨ 'ਤੇ ਹੈ ਜਿਥੇ ਅੰਦਾਜ਼ਨ 21 ਲੱਖ ਲੋਕ ਇਸ ਤੋਂ ਪੀੜਤ ਹਨ ਪਰ ਏਆਰਟੀ (ਐਂਟੀ ਰੈਟਰੋਵਾਇਰਲ ਥੈਰੇਪੀ) ਇਲਾਜ ਕਰਾਉਣ ਵਾਲਿਆਂ ਦੀ ਸੰਖਿਆ ਅੱਠ ਲੱਖ ਦੇ ਕਰੀਬ ਹੈ।

## ਗੋਲੀ ਨਾਲੋਂ ਵੋਟ ਦੀ ਤਾਕਤ ਕਿਤੇ ਵੱਧ: ਨਰੇਂਦਰ ਮੋਦੀ

**ਸਾਂਬਾ (ਜੰਮੂ-ਕਸ਼ਮੀਰ):** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਭਾਜਪਾ ਨੂੰ ਸਪੱਸ਼ਟ ਬਹੁਮਤ ਦੇ ਕੇ ਸੂਬੇ ਦੇ ਵਿਕਾਸ ਦਾ ਰਾਹ ਖੋਲ੍ਹਣ। ਸ੍ਰੀ ਮੋਦੀ ਨੇ ਉਜਾੜੇ ਗਏ ਲੋਕਾਂ ਦੇ ਮੁੜ ਵਸੇਬੇ ਨੂੰ ਕੌਮੀ ਜ਼ਿੰਮੇਵਾਰੀ ਐਲਾਨਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਜਿਹੇ ਲੋਕਾਂ ਨੂੰ ਵਸਾਉਣ ਦਾ ਯਤਨ ਕਰੇਗੀ। ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਗੁੰਮਰਾਹ ਨੌਜਵਾਨ ਹੁਣ ਏਕੇ 47 ਦਾ ਬੋਝ ਮਹਿਸੂਸ ਕਰ ਰਹੇ ਹਨ ਤੇ ਉਨ੍ਹਾਂ ਐਂਡਰਾਇਡ ਵੱਲ ਰੁਖ਼ ਕਰ ਲਿਆ ਹੈ। ਦਹਿਸ਼ਤੀ ਹਮਲੇ ਵਿਚ ਮਾਰੇ ਗਏ ਫੌਜੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਕਿਹਾ ਕਿ ਜਵਾਨਾਂ ਨੇ ਲੋਕਰਾਜ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਉਨ੍ਹਾਂ ਦੀ ਕੁਰਬਾਨੀ ਅਜਾਈਂ ਨਹੀਂ ਜਾਣੀ ਚਾਹੀਦੀ।

ਵਿਜੈਪੁਰ ਵਿਚ ਰੈਲੀ ਦੌਰਾਨ ਸ੍ਰੀ ਮੋਦੀ ਨੇ ਪਹਿਲੇ ਦੋ ਪੜਾਵਾਂ ਦੌਰਾਨ ਹੋਈ ਭਾਰੀ ਵੋਟਿੰਗ ਲਈ ਲੋਕਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਦੁਨੀਆਂ ਨੂੰ ਬੈਲੇਟ ਦੀ ਤਾਕਤ ਦਿਖਾ ਦਿੱਤੀ ਹੈ। ਇਕ ਉਂਗਲੀ ਏਕੇ-47 ਦਾ ਘੋੜਾ ਦੱਬ ਕੇ ਲੋਕਾਂ ਦੀਆਂ ਜਾਨਾਂ ਲੈਂਦੀ ਹੈ ਜਦਕਿ ਈਵੀਐਮ 'ਤੇ ਉਂਗਲੀ ਦਬਾਉਣ ਨਾਲ ਦੇਸ਼ ਦੀ ਕਿਸਮਤ ਹੀ ਬਦਲ ਜਾਂਦੀ ਹੈ।

## ਇਸਲਾਮੀ ਕੱਟੜਪੰਥੀਆਂ ਵਲੋਂ ਕੈਨੇਡਾ ਵਿਚ ਹਮਲਿਆਂ ਦੀ ਧਮਕੀ

**ਵੈਨਕੂਵਰ:** ਇਸਲਾਮਕ ਕੱਟੜਪੰਥੀਆਂ ਵੱਲੋਂ ਜਾਰੀ ਇਕ ਵੀਡੀਓ ਵਿਚ ਕੈਨੇਡਾ ਨੂੰ ਧਮਕੀਆਂ ਦਿੱਤੀਆਂ ਗਈਆਂ ਹਨ ਕਿ ਜਾਂ ਤਾਂ ਉਹ ਅਮਰੀਕਨ ਸਫ਼ਾਂ ਦੀ ਹਾਂ ਵਿਚ ਹਾਂ ਮਿਲਾਉਣਾ ਤੇ ਸਹਿਯੋਗ ਕਰਨਾ ਬੰਦ ਕਰੇ ਜਾਂ ਫਿਰ ਵੱਡੇ ਅਤਿਵਾਦੀ ਹਮਲਿਆਂ ਲਈ ਤਿਆਰ ਰਹੇ।

ਇਤਿਹਾਦੀ ਕਾਰਵਾਈਆਂ ਉੱਤੇ ਦੁਨੀਆਂ ਭਰ ਵਿਚ ਨਜ਼ਰ ਰੱਖਣ ਵਾਲੀ ਅਮਰੀਕਨ ਏਜੰਸੀ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਇਸਲਾਮਕ ਕੱਟੜਪੰਥੀਆਂ ਵੱਲੋਂ ਟਵਿੱਟਰ ਤੇ ਜਹਾਦੀ ਫੋਰਮ ਉੱਤੇ ਪਾਈ ਗਈ ਛੇ ਮਿੰਟ 13 ਸੈਕਿੰਡ ਦੀ ਇਕ ਵੀਡੀਓ ਵਿਚ ਇਕ ਕੈਨੇਡੀਅਨ ਇਤਿਹਾਦੀ ਆਪਣੀ ਪਛਾਣ ਅਬੂ ਅਲਵਰ ਅਲ ਕੈਨੇਡੀ ਵਜੋਂ ਕਰਵਾ ਰਿਹਾ ਹੈ ਤੇ ਮੁਸਲਿਮ ਭਾਈਚਾਰੇ ਨੂੰ ਅਪੀਲ ਕਰ ਰਿਹਾ ਹੈ ਕਿ ਉਹ ਵੀ ਪਿਛਲੇ ਦਿਨੀਂ ਕੈਨੇਡਾ ਵਿਚ ਅਤਿਵਾਦੀ ਕਾਰਵਾਈ ਵਿਚ ਸ਼ਾਮਲ ਵਾਰੰਟ ਅਫਸਰ ਮਾਰਟਿਨ ਕੌਚਰ ਰੌਲੀਓ ਵਾਂਗ ਧਾਰਮਿਕ ਬਣਨ। ਰੌਲੀਓ ਨੇ ਕਿਊਬਕ ਸੂਬੇ ਵਿਚ ਦੋ ਸੁਰੱਖਿਆ ਅਫਸਰਾਂ ਨੂੰ ਆਤਮਘਾਤੀ ਹਮਲਾ ਕਰਕੇ ਸ਼ਹੀਦ ਕਰ ਦਿੱਤਾ ਸੀ।

## ਅਮਰਿੰਦਰ ਵਲੋਂ ਬਾਦਲ ਨੂੰ ਗੱਦੀ ਤਿਆਗਣ ਦੀ ਸਲਾਹ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਦੇ 88ਵੇਂ ਜਨਮ ਦਿਨ 'ਤੇ ਵਧਾਈ ਦਿੰਦਿਆਂ ਸਲਾਹ ਦਿੱਤੀ ਹੈ ਕਿ ਉਹ ਹੁਣ ਬਹੁਤ ਬਜ਼ੁਰਗ ਹੋ ਗਏ ਹਨ ਤੇ ਸ਼ਾਸਨ ਚਲਾਉਣਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ। ਇਹ ਕੋਈ ਪਹਿਲੀ ਵਾਰ ਨਹੀਂ ਜਦੋਂ ਅਮਰਿੰਦਰ ਨੇ ਆਪਣੇ ਸਿਆਸੀ ਵਿਰੋਧੀ ਬਾਦਲ ਨੂੰ ਅਜਿਹੀ ਸਲਾਹ ਦਿੱਤੀ ਹੈ।

ਅਮਰਿੰਦਰ ਵੱਲੋਂ ਪਹਿਲਾਂ ਵੀ ਸਮੇਂ-ਸਮੇਂ ਬਾਦਲ ਨੂੰ ਉਸ ਦੀ 'ਬਜ਼ੁਰਗੀਅਤ' ਦਾ ਵਾਸਤਾ ਪਾਉਂਦਿਆਂ ਮੁੱਖ ਮੰਤਰੀ ਦੇ ਅਹੁਦੇ ਤੋਂ ਲਾਂਭੇ ਹੋਣ ਲਈ ਕਿਹਾ ਜਾ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਬਾਦਲ 'ਤੇ ਤਨਜ਼ ਕਸਦਿਆਂ ਕਿਹਾ ਕਿ ਬਾਦਲ ਦੀ ਇਹ ਖਾਸੀਅਤ ਹੈ ਕਿ ਜਦੋਂ ਵੀ ਉਸ ਦੀ ਸਿਆਸੀ ਹੋਂਦ ਲਈ ਖਤਰਾ ਪੈਦਾ ਹੁੰਦਾ ਹੈ ਤਾਂ ਉਸ ਵੱਲੋਂ ਸੰਘੀ ਢਾਂਚੇ ਤੇ ਪੰਥਕ ਏਜੰਡੇ ਜਿਹੇ ਮੁੱਦੇ ਚੁੱਕ ਲਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਿਆਸਤ ਵਿਚ ਛੇ ਦਹਾਕਿਆਂ ਦਾ ਸਫ਼ਰ ਤੈਅ ਕਰਨ ਦੇ ਬਾਵਜੂਦ ਬਾਦਲ ਦੀ ਸੋਚ ਉੱਥੇ ਹੀ ਖੜ੍ਹੀ ਹੈ। ਬਾਦਲ ਦੀ ਸੋਚ ਸੰਘਵਾਦ, ਪੰਥਕ ਮੁੱਦਿਆਂ, ਸਨਅਤੀ ਫੋਕਲ ਪੁਆਇੰਟ, ਆਦਰਸ਼ ਸਕੂਲ ਤੇ ਸੰਗਤ ਦਰਸ਼ਨਾਂ ਵਿਚ ਹੀ ਫਸੀ ਹੋਈ ਹੈ, ਜਿਸ ਵਿਚੋਂ ਉਹ ਕਦੇ ਬਾਹਰ ਨਹੀਂ ਆ ਸਕੇ ਜੋ ਰਾਜ ਦੇ ਮੌਜੂਦਾ ਸੰਕਟ ਦਾ ਕਾਰਨ ਹੈ।

ਮੁੱਖ ਮੰਤਰੀ ਬਾਦਲ ਵੱਲੋਂ ਕੀਤੇ ਗਏ ਦਾਅਵੇ ਕਿ ਉਨ੍ਹਾਂ ਨੂੰ ਆਪਣੀ ਅਸਲ ਜਨਮ ਤਰੀਕ ਭੁੱਲ ਗਈ ਹੈ, 'ਤੇ ਵਿਅੰਗ ਕਸਦਿਆਂ ਅਮਰਿੰਦਰ ਨੇ ਕਿਹਾ ਕਿ ਬਾਦਲ ਦੀ ਪੁਰਾਣੀ ਆਦਤ ਹੈ ਕਿ ਜਦੋਂ ਵੀ ਉਨ੍ਹਾਂ ਨੂੰ ਔਖੇ ਸਵਾਲ ਪੁੱਛੇ ਜਾਂਦੇ ਹਨ ਤਾਂ ਉਨ੍ਹਾਂ ਵੱਲੋਂ ਭੁੱਲ ਜਾਣ ਦਾ ਬਹਾਨਾ ਲਾਇਆ ਜਾਂਦਾ ਹੈ ਜਾਂ ਅਣਜਾਣਤਾ ਜ਼ਾਹਰ ਕੀਤੀ ਜਾਂਦੀ ਹੈ।

## ਅਫਸਰਸ਼ਾਹੀ ਨੂੰ ਹੁਣ ਭਾੜੇ ਦੀਆਂ ਕਾਰਾਂ ਦੇਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਅਫ਼ਸਰਾਂ ਲਈ ਨਵੀਆਂ ਕਾਰਾਂ ਖ਼ਰੀਦਣ ਦੇ ਕੰਮ ਨੂੰ ਖ਼ਤਮ ਕਰਦਿਆਂ ਕਿਰਾਏ 'ਤੇ ਕਾਰਾਂ ਲੈਣ ਲਈ ਨਵੀਂ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪ੍ਰਮੁੱਖ ਸਕੱਤਰ (ਵਿੱਤ) ਵਿੰਨੀ ਮਹਾਜਨ ਦਾ ਕਹਿਣਾ ਹੈ ਕਿ ਇਹ ਨਵੀਂ ਨੀਤੀ ਹਰ ਛੋਟੇ-ਵੱਡੇ ਅਫ਼ਸਰ 'ਤੇ ਲਾਗੂ ਹੋਵੇਗੀ ਤੇ ਸਰਕਾਰ ਨੇ ਇਹ ਫੈਸਲਾ ਵਿੱਤੀ ਸੰਕਟ ਦੇ ਮੱਦੇਨਜ਼ਰ ਲਿਆ ਹੈ। ਸਕੱਤਰੇਤ ਪੂਲ, ਵੱਖ-ਵੱਖ ਵਿਭਾਗਾਂ ਦੇ ਡਾਇਰੈਕਟੋਰੇਟ ਜਾਂ ਟਰਾਂਸਪੋਰਟ ਵਿਭਾਗ ਵੱਲੋਂ ਕਾਰਾਂ ਦੀ ਖਰੀਦ ਨਹੀਂ ਕੀਤੀ ਜਾਵੇਗੀ। ਅਫ਼ਸਰ ਦੀ ਯੋਗਤਾ ਮੁਤਾਬਕ ਕਾਰ ਕਿਰਾਏ 'ਤੇ ਲਈ ਜਾ ਸਕੇਗੀ।

ਟਰਾਂਸਪੋਰਟ ਵਿਭਾਗ ਵੱਲੋਂ ਇਸ ਬਾਰੇ ਬਣਾਏ ਅੰਦਾਜ਼ੇ ਅਨੁਸਾਰ ਇਕ ਸਰਕਾਰੀ ਵਾਹਨ ਦਾ ਮਹੀਨੇ ਦਾ ਖਰਚਾ ਤਕਰੀਬਨ 74000 ਰੁਪਏ ਆਉਂਦਾ ਹੈ ਜਦੋਂਕਿ ਇਸ ਦੇ ਬਰਾਬਰ ਦੇ ਵਾਹਨ ਮਾਰਕੀਟ ਤੋਂ ਕਿਰਾਏ 'ਤੇ ਲੈਣ ਨਾਲ ਕੁੱਲ ਖਰਚਾ ਤਕਰੀਬਨ 40,000 ਰੁਪਏ ਪ੍ਰਤੀ ਮਹੀਨਾ ਆਉਂਦਾ ਹੈ।

ਇਸ ਤਰ੍ਹਾਂ ਸਰਕਾਰ ਨੂੰ ਬੱਚਤ ਹੋਵੇਗੀ। ਇਸ ਨਾਲ ਸਰਕਾਰੀ ਖ਼ਜ਼ਾਨੇ 'ਤੇ ਡਰਾਈਵਰਾਂ ਦੀਆਂ ਤਨਖਾਹਾਂ ਦਾ ਭਾਰ ਵੀ ਘਟੇਗਾ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਵਾਹਨ ਕਿਰਾਏ 'ਤੇ ਲੈਣ ਲਈ ਪਾਰਦਰਸ਼ੀ ਢੰਗ ਨਾਲ ਟੈਂਡਰ ਵਿਧੀ ਰਾਹੀਂ ਪ੍ਰਕਿਰਿਆ ਮੁਕੰਮਲ ਕੀਤੀ ਜਾਵੇਗੀ ਜਿਸ ਦੀ ਜ਼ਿੰਮੇਵਾਰੀ ਟਰਾਂਸਪੋਰਟ ਵਿਭਾਗ ਦੇ ਮੁਖੀ ਨੂੰ ਦਿੱਤੀ ਗਈ ਹੈ। ਜਿਸ ਵੀ ਵਿਭਾਗ ਦੀ ਕਾਰ ਕੰਡਮ ਹੋਵੇਗੀ, ਉਥੇ ਹੁਣ ਨਵੀਂ ਕਾਰ ਦੀ ਖ਼ਰੀਦ ਨਹੀਂ ਕੀਤੀ ਜਾਵੇਗੀ।

## ਪੰਜਾਬ ਨੂੰ ਆਦਰਸ਼ ਗ੍ਰਾਮ ਯੋਜਨਾ ਵਿਚ ਸ਼ਾਮਲ ਕਰਨ 'ਤੇ ਜ਼ੋਰ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਸਮਾਜਿਕ ਨਿਆਂ ਤੇ ਸ਼ਕਤੀਕਰਨ ਮੰਤਰੀ ਥਾਵਰ ਚੰਦ ਗਹਿਲੋਤ ਤੇ ਵਿਜੈ ਸਾਂਪਲਾ ਨਾਲ ਮੁਲਾਕਾਤ ਕਰਕੇ ਪੰਜਾਬ ਨੂੰ 'ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ' ਤਹਿਤ ਸ਼ਾਮਲ ਕਰਨ ਦੀ ਮੰਗ ਕੀਤੀ ਹੈ ਕਿਉਂਕਿ ਪੰਜਾਬ ਵਿਚ ਦੇਸ਼ ਦੇ ਬਾਕੀ ਰਾਜਾਂ ਦੇ ਮੁਕਾਬਲੇ ਅਨੁਸੂਚਿਤ ਜਾਤੀਆਂ ਦੀ ਵਸੋਂ ਸਭ ਤੋਂ ਵੱਧ (31.94 ਫੀਸਦੀ) ਹੈ।

ਸਮਾਜਿਕ ਨਿਆਂ ਬਾਰੇ ਕੇਂਦਰੀ ਮੰਤਰੀਆਂ ਸ੍ਰੀ ਗਹਿਲੋਤ ਤੇ ਸਾਂਪਲਾ ਨਾਲ ਮੁਲਾਕਾਤ ਦੌਰਾਨ ਉਪ ਮੁੱਖ ਮੰਤਰੀ ਨੇ ਕਿਹਾ ਕਿ ਇਸ ਆਦਰਸ਼ ਯੋਜਨਾ ਤਹਿਤ ਦੇਸ਼ ਦੇ ਉਨ੍ਹਾਂ 1000 ਪਿੰਡਾਂ ਦਾ ਵਿਕਾਸ ਕੀਤਾ ਜਾਣਾ ਹੈ ਜਿਥੇ ਅਨੁਸੂਚਿਤ ਜਾਤੀਆਂ ਦੀ ਵਸੋਂ 50 ਫੀਸਦੀ ਤੋਂ ਵੱਧ ਹੈ। ਪੰਜਾਬ ਵਿਚ 2800 ਅਜਿਹੇ ਪਿੰਡ ਹਨ ਜਿਥੇ ਅਨੁਸੂਚਿਤ ਜਾਤੀਆਂ ਦੀ ਵਸੋਂ 50% ਜਾਂ ਉਸ ਤੋ ਵੱਧ ਹੈ। ਰਾਜ ਦੀ ਕੁੱਲ 2.77 ਕਰੋੜ ਵਸੋਂ ਵਿਚੋਂ 88.60 ਲੱਖ ਵਿਅਕਤੀ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹਨ ਤੇ ਪੰਜਾਬ ਇਸ ਯੋਜਨਾ ਤਹਿਤ ਸ਼ਾਮਲ ਹੋਣ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਇਸ ਯੋਜਨਾ ਤਹਿਤ ਚੁਣੇ ਗਏ ਰਾਜ ਆਸਾਮ, ਤਾਮਿਲਨਾਡੂ, ਹਿਮਾਚਲ ਪ੍ਰਦੇਸ਼, ਰਾਜਸਥਾਨ ਤੇ ਬਿਹਾਰ ਵਿਚ ਪੰਜਾਬ ਦੇ ਮੁਕਾਬਲੇ ਐਸ.ਸੀ. ਵਸੋਂ ਕਾਫੀ ਘੱਟ ਹੈ। ਐਸ.ਸੀ. ਸਬ ਪਲਾਨ ਤਹਿਤ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਦੇ ਆਰਥਿਕ ਵਿਕਾਸ ਲਈ ਪੰਜਾਬ ਸਰਕਾਰ ਨੇ ਪਿਛਲੇ ਵਰ੍ਹੇ ਦੌਰਾਨ 440.48 ਕਰੋੜ ਰੁਪਏ ਦੀ ਵਰਤੋਂ ਕਰਕੇ 7841 ਲਾਭਪਾਤਰੀਆਂ ਨੂੰ ਸਹਾਇਤਾ ਦਿੱਤੀ ਹੈ। ਉਨ੍ਹਾਂ ਅਪੀਲ ਕੀਤੀ ਕਿ ਉਹ ਇਸ ਯੋਜਨਾ ਤਹਿਤ ਸਾਲ 2014-15 ਦੇ 25.65 ਕਰੋੜ ਰੁਪਏ ਤੁਰੰਤ ਜਾਰੀ ਕਰਵਾਉਣ। ਉਨ੍ਹਾਂ ਪੋਸਟ ਮੈਟਰਿਕ ਸਕਾਲਰਸ਼ਿਪ ਤਹਿਤ ਮੌਜੂਦਾ ਸਾਲ ਲਈ ਮਨਜ਼ੂਰ ਕੀਤੇ ਕੁੱਲ 440 ਕਰੋੜ ਰੁਪਏ ਵਿਚੋਂ ਬਕਾਇਆ 229.54 ਕਰੋੜ ਰੁਪਏ ਜਾਰੀ ਕਰਨ ਦੀ ਮੰਗ ਵੀ ਰੱਖੀ।

## ਭਾਰਤੀ ਡਾਕਟਰ ਕੁੜਿੱਕੀ ਵਿਚ

**ਲੰਡਨ:** ਬਰਤਾਨੀਆ ਵਿਚ ਭਾਰਤੀ ਮੂਲ ਦੀ ਡਾਕਟਰ ਵੱਲੋਂ ਕੁੱਖ ਵਿਚ ਬੱਚੇ ਦਾ ਲਿੰਗ ਨਿਰਧਾਰਣ ਕਰਕੇ ਮਾਰਨ ਦੀ ਯੋਜਨਾ 'ਤੇ ਉਸ ਨੂੰ ਅਦਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਡਾਕਟਰ ਪ੍ਰਭਾ ਸ਼ਿਵਾਰਮਨ (46) ਮਾਨਚੈਸਟਰ ਮੈਜਿਸਟਰੇਟ ਕੋਰਟ ਵਿਚ ਪੇਸ਼ ਹੋਈ ਤੇ ਉਸ 'ਤੇ ਪਰਸਨ ਐਕਟ ਦਾ ਦੋਸ਼ ਲੱਗਿਆ ਹੈ। ਇਸ ਮਾਮਲੇ 'ਤੇ ਅਗਲੇ ਸਾਲ 15 ਜਨਵਰੀ ਨੂੰ ਮਾਨਚੈਸਟਰ ਕਰਾਊਨ ਸਕੁਏਅਰ ਵਿਚ ਸੁਣਵਾਈ ਹੋਵੇਗੀ। ਇਹ ਮਾਮਲਾ ਅੱਠ ਫਰਵਰੀ 2012 ਦਾ ਹੈ ਜਦੋਂ ਡਾਕਟਰ ਪ੍ਰਭਾ ਨੇ ਮਹਿਲਾ ਨੂੰ ਗਰਭਪਾਤ ਕਰਾਉਣ ਦੀ ਸਲਾਹ ਦਿੱਤੀ ਕਿਉਂਕਿ ਇਹ ਔਰਤ ਬੱਚੇ ਦੇ ਲਿੰਗ ਅਨੁਸਾਰ ਉਸ ਦਾ ਜਨਮ ਚਾਹੁੰਦੀ ਸੀ।



ਹੈਲਥ ਕੇਅਰ ਰਿਫਾਰਮ ਫਰੀ ਐਨਰੋਲਮੈਂਟ ਅਸਿਸਟੈਂਟ

Kulbir Heer, EA
510-304-7733
Manjit Heer, EA
510-378-1040
Enroll Now
Enrollment Period
Nov. 15, 2014 to Feb. 15, 2015
Free Enrollment Assistance.
Learn how Health Insurance will Effect your Taxes Going Forward.
We are IRS "Enrolled Agents" for income tax prep. assistance.
Please Call 510-885-1040
We are COVERED CA "Certified Enrolled Counselors" for Health Insurance Assistance
COVERED CALIFORNIA
Certified Enrollment Counselor
WE WAVE, YOU SAVE!
www.libertyTax.com
LIBERTY TAX SERVICE
1-866-871-1040

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Homeopathic natural medicines supply

Gurdip Singh Sandhu
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

ਟਰੱਕ ਸਟਾਪ 40 ਓਕਲਹੋਮਾ
ਕੈਸ਼ੀਅਰ, ਮਕੈਨਿਕਾਂ ਅਤੇ ਹੈਲਪਰ ਦੀ ਜ਼ਰੂਰਤ ਹੈ
■ਰੋਟੀ ਬਣਾਉਣ ਵਾਸਤੇ ਬੀਬੀਆਂ ਦੀ ਜ਼ਰੂਰਤ ਹੈ
■ਜੋੜੇ (ਪਤੀ-ਪਤਨੀ) ਨੂੰ ਪਹਿਲ
■ਚੰਗੀ ਤਨਖਾਹ ■ਮੁਫਤ ਰਿਹਾਇਸ਼
ਸੰਪਰਕ ਕਰੋ: ਰਾਜ ਸੌਕਰ
ਫੋਨ: 832-512-7172



# ਮਾਲਵੇ 'ਚ ਕੈਂਸਰ ਨੇ ਢਾਹਿਆ ਕਹਿਰ, ਸਰਕਾਰ ਖਾਮੋਸ਼

## ਮਾੜੀ ਮੁਸਤਫਾ ਪਿੰਡ ਵਿਚ ਦੋ ਸਾਲਾਂ ਦੌਰਾਨ 100 ਮੌਤਾਂ, ਇਲਾਜ ਕਰਾਉਂਦਿਆਂ ਦੀਆਂ ਜ਼ਮੀਨਾਂ ਵੀ ਵਿਕੀਆਂ

**ਚੰਡੀਗੜ੍ਹ:** ਪੰਜਾਬ ਵਿਚ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨੇ ਪੈਰ ਪਸਾਰ ਲਏ ਹਨ। ਖਾਸਕਰ ਮਾਲਵਾ ਖੇਤਰ ਵਿਚ ਵੱਡੀ ਗਿਣਤੀ ਲੋਕ ਕੈਂਸਰ ਦੇ ਸ਼ਿਕਾਰ ਹਨ। ਮਾਲਵਾ ਖੇਤਰ ਦੇ ਮੋਗਾ ਜ਼ਿਲ੍ਹਾ ਦੇ ਪਿੰਡ ਮਾੜੀ ਮੁਸਤਫਾ ਵਿਚ ਕੈਂਸਰ ਨਾਲ ਦੋ ਸਾਲਾਂ ਵਿਚ ਤਕਰੀਬਨ 100 ਮੌਤਾਂ ਹੋ ਚੁਕੀਆਂ ਹਨ ਤੇ ਇਸ ਤੋਂ ਵੱਧ ਲੋਕ ਇਸ ਬਿਮਾਰੀ ਦੀ ਸਾਹਮਣਾ ਕਰ ਰਹੀ ਹੈ। ਮਹਿੰਗੇ ਇਲਾਜ ਕਾਰਨ ਪੀੜਤਾਂ ਦੇ ਘਰ ਤੇ ਜ਼ਮੀਨਾਂ ਵੀ ਵਿਕ ਗਈਆਂ ਹਨ।

ਇਸ ਖਿੱਤੇ ਵਿਚ ਕੈਂਸਰ ਦੇ ਕਹਿਰ ਦਾ ਮੁੱਖ ਕਾਰਨ ਜ਼ਹਿਰੀਲਾ ਪਾਣੀ ਮੰਨਿਆ ਜਾ ਰਿਹਾ ਹੈ। ਜਰਮਨ ਦੀ ਇਕ ਲਬਾਰਟਰੀ ਮਾਈਕਰੋਟਰੇਸ ਮਿਨਰਲ ਵੱਲੋਂ ਖੇਤੀ ਵਿਰਾਸਤ ਨਾਲ ਮਿਲ ਕੇ ਕੈਂਸਰ ਤੋਂ ਪੀੜਤ ਤੇ ਸਿਹਤਮੰਦ ਲੋਕਾਂ ਦੇ ਨੰਹੁ ਤੇ ਵਾਲਾਂ 'ਤੇ ਕੀਤੀ ਗਈ ਟੈਸਟ ਵਿਧੀ ਖੋਜ ਤੋਂ ਸਾਹਮਣੇ ਆਇਆ ਹੈ ਕਿ ਯੂਰੇਨੀਅਮ ਸਮੇਤ ਭਾਰੀ ਧਾਤਾਂ ਦੀ ਬਹੁਤਾਤ ਮਲਵਈਆਂ ਨੂੰ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੀ ਹੈ।

ਇਨ੍ਹਾਂ ਦੀ ਮਨੁੱਖੀ ਸ਼ਰੀਰ ਵਿਚ ਤੈਅਸ਼ੁਦਾ ਮਾਤਰਾ ਨਾਲੋਂ ਵੱਧ ਮਿਕਦਾਰ ਕੈਂਸਰ ਦਾ ਕਾਰਨ ਬਣ ਕੇ ਉਭਰ ਰਹੀ ਹੈ। ਇਸ ਖੋਜ ਲਈ ਨਮੂਨੇ ਬਠਿੰਡਾ ਤੇ ਸ੍ਰੀ ਮੁਕਤਸਰ ਸਾਹਿਬ ਦੇ 12 ਪਿੰਡਾਂ ਤੇ ਫਰੀਦਕੋਟ ਸ਼ਹਿਰ ਵਿਚੋਂ ਲਏ ਗਏ ਸਨ ਜਿਨ੍ਹਾਂ ਦੇ ਅਧਾਰ 'ਤੇ ਅੱਗੇ ਖੋਜ ਕੀਤੀ ਗਈ। ਮਾਹਿਰਾਂ ਦਾ ਕਹਿਣਾ ਹੈ ਕਿ ਯੂਰਪੀਅਨਾਂ ਦੇ ਮੁਕਾਬਲੇ ਮਲਵੱਈਆਂ ਵਿਚ ਭਾਰੀ ਧਾਤਾਂ ਕਾਰਨ 23 ਫ਼ੀਸਦੀ ਵੱਧ ਛਾਤੀ ਦੇ ਕੈਂਸਰ ਫਿਰ ਯੂਟਰਾਈਨ ਤੇ ਖਾਣੇ ਵਾਲੀ ਨਲੀ ਵਿਚ ਵੱਧ ਪਾਇਆ ਗਿਆ ਹੈ।

ਸੂਤਰਾਂ ਮੁਤਾਬਕ ਪੰਜਾਬ ਸਰਕਾਰ ਨੇ ਕੈਂਸਰ ਦੇ ਸਸਤੇ ਇਲਾਜ ਦੇ ਨਾਂ 'ਤੇ ਪੰਜਾਬ ਦੇ 15 ਨਿੱਜੀ ਹਸਪਤਾਲਾਂ ਨੂੰ ਆਪਣੀ ਸੂਚੀ ਵਿਚ ਸ਼ਾਮਲ ਕੀਤਾ ਹੋਇਆ ਹੈ, ਪਰ ਵਾਰ-ਵਾਰ ਸਾਹਮਣੇ ਆ ਰਹੇ ਮਾਮਲਿਆਂ ਨੂੰ ਦੇਖੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਹਸਪਤਾਲਾਂ ਦਾ ਸਾਰਾ ਧਿਆਨ ਕੈਂਸਰ ਮਰੀਜ਼ਾਂ ਲਈ ਪ੍ਰਵਾਨ ਹੋਣ ਵਾਲੀ ਡੇਢ-ਡੇਢ ਲੱਖ ਰੁਪਏ ਸਰਕਾਰੀ ਰਾਸ਼ੀ 'ਤੇ ਹੁੰਦਾ ਹੈ, ਜੋਕਿ ਹਸਪਤਾਲਾਂ ਨੂੰ ਸਰਕਾਰ ਤੋਂ ਮਿਲਣੀ ਹੁੰਦੀ ਹੈ। ਮਰੀਜ਼ ਕੈਂਸਰ ਦੀ ਮਾਰ ਕਾਰਨ ਮਾਨਸਿਕ ਤੇ ਸਰੀਰਕ ਪੱਖੋਂ ਐਨੇ ਝੰਬੇ ਗਏ ਹੁੰਦੇ ਹਨ ਕਿ ਉਨ੍ਹਾਂ ਨੂੰ ਇਨ੍ਹਾਂ ਹਸਪਤਾਲਾਂ ਵਿਚ ਮਰੀਜ਼ਾਂ ਦੇ ਹੋਣ ਵਾਲੇ ਕੈਂਸਰ ਟੈਸਟਾਂ/ਇਲਾਜ ਬਾਰੇ ਕੋਈ ਥਹੁ ਪਤਾ ਨਹੀਂ ਹੁੰਦਾ।

ਇਸ ਬਾਰੇ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪਿਛਲੇ ਸਮੇਂ ਦੌਰਾਨ ਫਰੀਦਕੋਟ ਹਸਪਤਾਲ ਤੋਂ ਕੈਂਸਰ ਮਰੀਜ਼ਾਂ ਦੇ ਇਲਾਜ ਲਈ ਆਈ ਰਾਸ਼ੀ ਬਾਰੇ ਸੂਚਨਾ ਅਧਿਕਾਰ ਕਾਨੂੰਨ ਤਹਿਤ ਵੇਰਵੇ ਵੀ ਮੰਗੇ ਸਨ, ਜਿਨ੍ਹਾਂ ਵਿਚ ਸਾਹਮਣੇ ਆਇਆ ਕਿ ਸੈਂਕੜੇ ਮਰੀਜ਼ਾਂ ਤੱਕ ਤਕਰੀਬਨ ਸੱਤ ਕਰੋੜ ਰੁਪਏ ਰਾਹਤ ਰਾਸ਼ੀ ਨਹੀਂ ਪਹੁੰਚੀ ਤੇ ਇਹ ਵੀ ਨਹੀਂ ਪਤਾ ਕਿ ਉਹ ਰਾਸ਼ੀ ਕਿੱਥੇ ਗਈ।



*ਤਕਰੀਬਨ ਹਰ ਪਿੰਡ ਵਿਚ ਇਸ ਤਰ੍ਹਾਂ ਦੇ ਮਾਰਮਿਕ ਦ੍ਰਿਸ਼ ਆਮ ਦਿਸਦੇ ਹਨ।*

ਰਾਹਤ ਫੰਡ ਲਈ ਜੱਦੋਜਹਿਦ ਕਰ ਰਹੇ ਜ਼ਿਆਦਾਤਰ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਦੀ ਤਾਂ ਮੌਤ ਹੋ ਚੁੱਕੀ ਹੈ ਪਰ ਸਰਕਾਰੀ ਕੈਂਸਰ ਰਾਹਤ ਫੰਡ ਵਿਚੋਂ ਇਕ ਪਾਈ ਵੀ ਨਹੀਂ ਮਿਲੀ। ਇਕ ਹੋਰ ਵਿਅਕਤੀ ਨੇ ਦੱਸਿਆ ਕਿ ਉਸਦੇ ਪਰਿਵਾਰ ਦੀਆਂ ਦੋ ਮਹਿਲਾਵਾਂ ਨੂੰ ਕੈਂਸਰ ਹੋ ਗਿਆ, ਜਿਨ੍ਹਾਂ ਦਾ ਇਲਾਜ ਉਪਰੋਕਤ ਹਸਪਤਾਲ ਵਿਚ ਸ਼ੁਰੂ ਹੋਇਆ, ਪਹਿਲੀ ਕੈਂਸਰ ਪੀੜਿਤ ਮਹਿਲਾ ਲਈ ਕੈਂਸਰ ਰਾਹਤ ਫੰਡ ਵਿਚੋਂ ਡੇਢ ਲੱਖ ਰੁਪਏ ਤੇ ਦੂਜੀ ਮਹਿਲਾ ਲਈ 70 ਹਜ਼ਾਰ ਰੁਪਏ ਪ੍ਰਵਾਨ ਹੋਏ ਸਨ ਤੇ ਹਸਪਤਾਲ ਕੋਲ ਪਹੁੰਚ ਗਏ ਸਨ, ਪਰ ਹਸਪਤਾਲ ਨੇ ਦੋਵਾਂ ਮਹਿਲਾਵਾਂ ਨੂੰ ਇਲਾਜ/ਟੈਸਟਾਂ ਬਾਰੇ ਬਿੱਲ ਸੌਂਪਣ ਲਈ ਕਿਹਾ। ਮਹਿਲਾਵਾਂ ਨੇ ਬਿੱਲ ਸੌਂਪ ਦਿੱਤੇ, ਜੋਕਿ ਪ੍ਰਵਾਨ ਹੋਣ ਲਈ ਚੰਡੀਗੜ੍ਹ ਆਏ ਤੇ ਇਹ ਪ੍ਰਕਿਰਿਆ ਐਨੀ ਲੰਬੀ ਚਲੀ ਗਈ ਕਿ ਇਸੇ ਦੌਰਾਨ ਉਨ੍ਹਾਂ ਵਿਚੋਂ ਇਕ ਕੈਂਸਰ ਪੀੜਤ ਮਹਿਲਾ ਦੀ ਮੌਤ ਹੋ ਗਈ। ਇਕ ਹੋਰ ਵਿਅਕਤੀ ਨੇ ਦੱਸਿਆ ਕਿ ਕੈਂਸਰ ਰਾਹਤ ਕੋਸ਼ ਵਿਚਲੀ ਰਕਮ 'ਤੇ ਦਾਅਵਾ ਕਰਦਿਆਂ ਉਸ ਨੇ ਤਿੰਨ ਹਜ਼ਾਰ ਰੁਪਏ ਦਾ ਬਿੱਲ ਉਪਰੋਕਤ ਹਸਪਤਾਲ ਨੂੰ ਭੇਜਿਆ। ਉਹ ਲੁਧਿਆਣੇ ਰਹਿੰਦਾ ਹੈ ਤੇ ਰਾਸ਼ੀ ਪ੍ਰਵਾਨ ਕਰਨ ਦੀ ਪ੍ਰਕ੍ਰਿਆ ਤਹਿਤ ਉਸ ਨੂੰ ਸਿਰਫ ਤਿੰਨ ਹਜ਼ਾਰ ਰੁਪਏ ਦੇ ਬਿੱਲ ਲਈ ਹੀ ਵਾਰ-ਵਾਰ ਹਸਪਤਾਲ ਫਰੀਦਕੋਟ ਸੱਦਿਆ ਗਿਆ, ਤੰਗ ਆ ਕੇ ਉਸ ਨੇ ਰਾਹਤ ਰਾਸ਼ੀ ਲੈਣ ਤੋਂ ਕਿਨਾਰਾ ਕਰ ਲਿਆ।

ਸੂਤਰਾਂ ਦਾ ਕਹਿਣਾ ਹੈ ਕਿ ਮਸਲਾ ਸਿਰਫ ਇਸ ਇਕ ਹਸਪਤਾਲ ਦਾ ਨਹੀਂ, ਬਲਕਿ ਪੂਰੇ ਪੰਜਾਬ ਵਿਚ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਵਿਚ ਸਰਕਾਰ ਦੇ ਕੈਂਸਰ ਰਾਹਤ ਫੰਡ ਦੀ ਰਾਸ਼ੀ ਵੱਡੇ ਵਿੱਤੀ ਹੇਰਫੇਰ ਦੀ ਭੇਂਟ ਚੜ੍ਹ ਰਹੀ ਹੈ, ਪਰ ਪੰਜਾਬ ਸਰਕਾਰ ਵੱਲੋਂ ਅੱਜ ਤੱਕ ਇਕ ਵੀ ਹਸਪਤਾਲ ਨੂੰ ਇਹ ਨਹੀਂ ਪੁੱਛਿਆ ਗਿਆ ਕਿ ਜੇਕਰ ਹਰ ਮਰੀਜ਼ ਲਈ ਡੇਢ-ਡੇਢ ਲੱਖ ਰੁਪਏ ਪ੍ਰਵਾਨ ਹੋਏ ਸਨ ਤਾਂ ਮਿਲੇ ਕਿਉਂ ਨਹੀਂ।

### ਰਾਹਤ ਫੰਡਾਂ ਨੇ ਸਿਰਫ ਅਫਸਰਸ਼ਾਹੀ ਦਾ ਢਿੱਡ ਭਰਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕੈਂਸਰ ਪੀੜਤਾਂ ਦੀ ਸਹਾਇਤਾ ਲਈ ਭਾਵੇਂ ਫੰਡ ਕਾਇਮ ਕੀਤੇ ਹੋਏ ਹਨ ਪਰ ਇਹ ਫੰਡ ਸਿਰਫ ਅਫਸਰਸ਼ਾਹੀ ਦਾ ਹੀ ਢਿੱਡ ਭਰ ਰਹੇ ਹਨ।

ਸੂਬੇ ਵਿਚ ਸਰਕਾਰੀ ਕੈਂਸਰ ਰਾਹਤ ਫੰਡਾਂ ਨੂੰ ਉਡੀਕਦੇ-ਉਡੀਕਦੇ 500 ਮਰੀਜ਼ਾਂ ਦੀ ਮੌਤ ਹੋ ਜਾਣ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਇਹ ਉਹ ਮਰੀਜ਼ ਸਨ, ਜਿਨ੍ਹਾਂ ਲਈ ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਵਿਚੋਂ ਕਰੋੜਾਂ ਰੁਪਏ ਰਕਮ ਪ੍ਰਵਾਨ ਤਾਂ ਹੋ ਗਈ ਸੀ ਪਰ ਉਨ੍ਹਾਂ ਤੱਕ ਇਕ ਰੁਪਈਆ ਵੀ ਨਹੀਂ ਪਹੁੰਚਿਆ। 15 ਨਵੰਬਰ 2011 ਤੋਂ ਮਈ 2014 ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫ਼ਰੀਦਕੋਟ ਨੂੰ 2950 ਕੈਂਸਰ ਮਰੀਜ਼ਾਂ ਲਈ ਤਕਰੀਬਨ 32 ਕਰੋੜ ਰੁਪਏ ਪ੍ਰਵਾਨ ਹੋ ਕੇ ਆਏ ਸਨ ਪਰ ਉਨ੍ਹਾਂ ਵਿਚੋਂ ਸਿਰਫ ਚਾਰ ਕਰੋੜ ਰੁਪਏ ਹੀ ਕੈਂਸਰ ਮਰੀਜ਼ਾਂ ਤੱਕ ਪਹੁੰਚੇ, ਜਦਕਿ ਉਨ੍ਹਾਂ ਵਿਚੋਂ ਤਕਰੀਬਨ 637 ਕੈਂਸਰ ਮਰੀਜ਼ਾਂ ਨੂੰ ਇਕ ਰੁਪਈਆ ਵੀ ਨਹੀਂ ਮਿਲਿਆ। ਇਨ੍ਹਾਂ ਵਿਚੋਂ ਤਕਰੀਬਨ 500 ਮਰੀਜ਼ ਅਜਿਹੇ ਹਨ ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ।

### ਸਰਕਾਰ ਕੈਂਸਰ ਦੇ ਟਾਕਰੇ ਲਈ ਦ੍ਰਿੜ੍ਹ: ਬਾਦਲ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਸੂਬੇ ਵਿਚੋਂ ਕੈਂਸਰ ਦੇ ਖਾਤਮੇ ਲਈ ਪੰਜਾਬ ਸਰਕਾਰ ਗੰਭੀਰਤਾ ਨਾਲ ਉਪਰਾਲੇ ਕਰ ਰਹੀ ਹੈ ਤੇ ਮੁੱਲਾਂਪੁਰ ਵਿਖੇ ਬਣ ਰਿਹਾ ਹੋਮੀ ਭਾਬਾ ਕੈਂਸਰ ਹਸਪਤਾਲ ਇਸੇ ਕੜੀ ਦਾ ਨਤੀਜਾ ਹੈ। ਸੂਬਾ ਸਰਕਾਰ ਨੇ ਅੰਮ੍ਰਿਤਸਰ, ਫ਼ਰੀਦਕੋਟ ਤੇ ਪਟਿਆਲਾ ਵਿਖੇ ਸਥਿਤ ਸਰਕਾਰੀ ਮੈਡੀਕਲ ਕਾਲਜਾਂ ਵਿਚ ਕੈਂਸਰ ਨਾਲ ਪੀੜਤ ਵਿਅਕਤੀਆਂ ਦੇ ਇਲਾਜ ਲਈ ਖਾਸ



ਉਪਰਾਲੇ ਕੀਤੇ ਹਨ ਤੇ ਇਸੇ ਤਰ੍ਹਾਂ ਬਠਿੰਡਾ ਤੇ ਸੰਗਰੂਰ ਵਿਖੇ ਵੀ ਅਤਿ- ਆਧੁਨਿਕ ਸੈਂਟਰ ਉਸਾਰੇ ਜਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ 'ਕੈਸ਼ ਲੈਸ' ਸਕੀਮ ਵੀ ਸ਼ੁਰੂ ਕੀਤੀ ਹੈ ਤੇ ਨਾਲ ਹੀ ਕੈਂਸਰ ਪੀੜਤਾਂ ਨੂੰ ਸਸਤੇ ਭਾਅ 'ਤੇ ਦਵਾਈਆਂ ਮੁਹੱਈਆ ਕਰਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

# ਪੰਜਾਬ ਵਿਚ ਮਾਂ ਬੋਲੀ ਨੂੰ ਮਾਣ ਮਿਲਣਾ ਅਜੇ ਦੂਰ ਦੀ ਕੌਡੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਲਈ ਸੂਬੇ ਵਿਚ ਮਾਂ ਬੋਲੀ ਨੂੰ ਮਾਣ ਬਖਸ਼ਣਾ ਵੱਡੀ ਚੁਣੌਤੀ ਬਣ ਗਿਆ ਹੈ। ਸਰਕਾਰ ਵੱਲੋਂ ਕੀਤੀ ਕਿਸੇ ਵੀ ਕੋਸ਼ਿਸ਼ ਦੇ ਸਰਕਾਰੀ ਬਾਊ ਪੈਰ ਨਹੀਂ ਲੱਗਣ ਦੇ ਰਹੇ ਤੇ ਇਹ ਹੁਕਮ ਸਿਰਫ ਫਾਈਲਾਂ ਤੱਕ ਹੀ ਸੀਮਤ ਰਹਿੰਦੇ ਹਨ। ਸੂਬਾ ਸਰਕਾਰ ਨੇ ਭਾਸ਼ਾ ਪ੍ਰੇਮੀਆਂ ਵੱਲੋਂ 'ਰਾਜ ਭਾਸ਼ਾ ਸੋਧਿਆ ਕਾਨੂੰਨ-2008' ਵਿਚ ਸਜ਼ਾ ਦੀ ਧਾਰਾ ਜੋੜਨ ਤੇ ਪੰਜਾਬ ਰਾਜ ਭਾਸ਼ਾ ਟ੍ਰਿਬਿਊਨਲ ਬਣਾਉਣ ਬਾਰੇ ਮੰਗਾਂ ਤੋਂ ਵੀ ਟਾਲਾ ਵੱਟਣ ਦੀ ਨੀਤੀ ਅਪਣਾਈ ਜਾ ਰਹੀ ਹੈ। ਅਸਲ ਵਿਚ ਭਾਸ਼ਾ ਵਿਭਾਗ ਦੇ ਡਾਇਰੈਕਟਰ ਡਾ. ਚੇਤਨ ਸਿੰਘ ਇਹ ਤਰਕ ਦੇ ਰਹੇ ਹਨ ਕਿ ਉਹ ਡਰਾਵੇ ਦੀ ਥਾਂ ਪਿਆਰ ਤੇ ਪ੍ਰੇਰਨਾ ਨਾਲ ਪੰਜਾਬੀ ਲਾਗੂ ਕਰਾਉਣ ਲਈ ਯਤਨਸ਼ੀਲ ਹਨ ਪਰ ਸੂਬੇ ਦੀ ਅਫਸਰਸ਼ਾਹੀ ਪਿਆਰ ਦੀ ਭਾਸ਼ਾ ਸਮਝਣ ਲਈ ਤਿਆਰ ਨਹੀਂ ਹੈ।

ਸਰਕਾਰ ਵੱਲੋਂ ਇਕ ਗਸ਼ਤੀ ਪੱਤਰ ਜਾਰੀ ਕਰਕੇ ਭਾਵੇਂ ਸਾਰੇ ਸਰਕਾਰੀ ਦਫ਼ਤਰਾਂ, ਅਦਾਰਿਆਂ ਵਿਚ ਕੰਮ-ਕਾਜ ਲਈ ਪੰਜਾਬੀ ਭਾਸ਼ਾ ਦੀ ਵਰਤੋਂ ਕਰਨ ਬਾਰੇ ਨਿਰਦੇਸ਼ ਦਿੱਤੇ ਗਏ ਹਨ ਪਰ ਫਿਰ ਵੀ ਇਸ ਦਾ ਬਹੁਤਾ ਅਸਰ ਦਿਖਾਈ ਨਹੀਂ ਦਿੰਦਾ। ਪੰਜਾਬ ਰਾਜ ਭਾਸ਼ਾ ਸੋਧ ਐਕਟ 2008 ਨੂੰ ਪੰਜਾਬ ਵਿਚ ਲਾਗੂ ਕੀਤਾ ਗਿਆ ਹੈ, ਜਿਸ ਦੇ ਤਹਿਤ ਸਰਕਾਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਕਰਨੇ ਲਾਜ਼ਮੀ ਹਨ। ਪੰਜਾਬ ਵਿਚ ਚੱਲ ਰਹੇ ਕੁਝ ਸਕੂਲ ਅਜਿਹੇ ਹਨ, ਜਿਥੇ ਬੱਚਿਆਂ ਤੇ ਅਧਿਆਪਕਾਂ ਨੂੰ ਆਪਸੀ ਗੱਲਬਾਤ ਪੰਜਾਬੀ ਵਿਚ ਕਰਨ ਦੀ ਸਖ਼ਤ ਮਨਾਹੀ ਹੈ। ਇਸੇ ਸਾਲ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ ਵਿਚ ਹਜ਼ਾਰਾਂ ਬੱਚੇ ਪੰਜਾਬੀ ਵਿਸ਼ੇ ਵਿਚੋਂ ਪਾਸ ਨਹੀਂ ਹੋ ਸਕੇ। ਇਵੇਂ ਹੀ ਪੰਜਾਬੀ ਵਿਸ਼ੇ ਦੀ ਪ੍ਰਾਈਵੇਟ ਐਮ.ਏ ਕਰਨ ਵਾਲੇ ਪ੍ਰੀਖਿਆਰਥੀ ਕਈ ਵਾਰ ਇਕ ਤੋਂ ਵੱਧ ਪੇਪਰਾਂ ਵਿਚੋਂ ਮਾਰ ਖਾ ਜਾਂਦੇ ਹਨ।

### ਅਫਸਰਸ਼ਾਹੀ ਸਰਕਾਰੀ ਫਰਮਾਨ ਮੰਨਣ ਤੋਂ ਇਨਕਾਰੀ



ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਮੁੱਖ ਮੰਗ ਭਾਸ਼ਾ ਐਕਟ ਦੀ ਧਾਰਾ 8ਡੀ (1) ਵਿਚੋਂ 'ਲਗਾਤਾਰ' ਸ਼ਬਦ ਹਟਾ ਕੇ ਪੰਜਾਬੀ ਭਾਸ਼ਾ ਵਿਚ ਸਰਕਾਰੀ ਕੰਮ ਨਾ ਕਰਨ ਵਾਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਸਜ਼ਾ ਦੇਣ ਦੀ ਮਦ ਜੋੜਨ ਬਾਰੇ ਸਰਕਾਰ ਨੇ ਚੁੱਪ ਧਾਰ ਲਈ ਹੈ। ਇਸ ਤਹਿਤ ਅਧਿਕਾਰੀਆਂ ਤੇ ਮੁਲਾਜ਼ਮਾਂ ਵੱਲੋਂ ਪਹਿਲੀ ਵਾਰ ਪੰਜਾਬੀ ਭਾਸ਼ਾ ਵਿਚ ਕੰਮ ਨਾ ਕਰਨ ਦੀ ਸੂਰਤ ਵਿਚ ਇਕ ਸਾਲਾਨਾ ਤਰੱਕੀ ਰੋਕਣ, ਦੂਜੀ ਵਾਰ ਤਿੰਨ ਤਰੱਕੀਆਂ ਰੋਕਣ, ਤੀਜੀ ਵਾਰ ਮੁਅੱਤਲ ਕਰਨ ਤੇ ਚੌਥੀ ਵਾਰ ਗਲਤੀ ਕਰਨ 'ਤੇ ਬਰਖ਼ਾਸਤ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਸ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ ਲਈ ਪੰਜਾਬੀ ਰਾਜ ਭਾਸ਼ਾ ਟ੍ਰਿਬਿਊਨਲ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਮੈਡੀਕਲ, ਇੰਜਨੀਅਰਿੰਗ, ਵਿਗਿਆਨ ਤੇ ਹੋਰ ਤਕਨੀਕੀ ਵਿਸ਼ਿਆਂ ਦਾ ਮਾਧਿਅਮ ਪੰਜਾਬੀ ਨਿਰਧਾਰਤ ਕਰਨ ਦੀ ਮੰਗ ਵੀ ਕੀਤੀ ਜਾਂਦੀ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕਈ ਸਾਲ ਪਹਿਲਾਂ ਕੇਂਦਰੀ ਲੇਖਕ ਸਭਾ ਲਈ ਭਵਨ ਬਣਾਉਣ ਲਈ ਮਦਦ ਦੇਣ ਦਾ ਐਲਾਨ ਵੀ ਹਵਾ ਵਿਚ ਲਟਕਿਆ ਪਿਆ ਹੈ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾਕਟਰ ਲਾਭ ਸਿੰਘ ਖੀਵਾ ਨੇ ਅਫ਼ਸੋਸ ਜ਼ਾਹਿਰ ਕੀਤਾ ਕਿ ਸਰਕਾਰ ਨੇ ਪੰਜਾਬੀ ਸਪਤਾਹ ਦੀ ਸਕੀਮ ਘੜਨ ਤੋਂ ਪਹਿਲਾਂ, ਉਨ੍ਹਾਂ ਨਾਲ ਮੀਟਿੰਗ ਕਰਨ ਦੀ ਲੋੜ ਨਹੀਂ ਸਮਝੀ। ਇਸ ਸਮਾਗਮ ਦੌਰਾਨ ਲੇਖਕਾਂ ਦਾ ਸਨਮਾਨ ਵੀ ਨਹੀਂ ਕੀਤਾ ਗਿਆ। ਅਸਲ ਵਿਚ ਪੰਜਾਬ ਸਰਕਾਰ ਦੀ ਮੁੱਖ ਭਾਸ਼ਾ ਪੰਜਾਬੀ ਐਲਾਨਣ ਦੇ 48 ਸਾਲਾਂ ਬਾਅਦ ਵੀ ਸਰਕਾਰੀ ਫ਼ੁਰਮਾਨ, ਨੋਟੀਫ਼ਿਕੇਸ਼ਨ, ਵੱਡੀਆਂ ਤੇ ਅਹਿਮ ਨੀਤੀਆਂ ਅਜੇ ਵੀ ਅੰਗਰੇਜ਼ੀ ਵਿਚ ਤਿਆਰ ਕੀਤੀਆਂ ਜਾਂਦੀਆਂ ਹਨ। ਜੇਕਰ ਇਨ੍ਹਾਂ ਦਸਤਾਵੇਜ਼ਾਂ ਦਾ ਪੰਜਾਬੀ ਤਰਜਮਾ ਮੰਗ ਲਿਆ ਜਾਵੇ ਤਾਂ ਬਿਨੈਕਾਰ ਨੂੰ ਦਫ਼ਤਰਾਂ ਦੇ ਕਈ-ਕਈ ਮਹੀਨੇ ਚੱਕਰ ਕੱਟਣੇ ਪੈਂਦੇ ਹਨ। ਪੰਜਾਬੀ ਰਾਜ ਭਾਸ਼ਾ ਐਕਟ ਤਹਿਤ ਪੰਜਾਬੀ ਦੀ ਵਰਤੋਂ ਸਰਕਾਰੀ ਹੀ ਨਹੀਂ ਬਲਕਿ ਅਦਾਲਤੀ ਕੰਮਕਾਜ ਵਿਚ ਵੀ ਲਾਜ਼ਮੀ ਕੀਤੀ ਗਈ ਹੈ। ਐਕਟ (ਤਰਮੀਮ) ਦੀ ਧਾਰਾ 3-ਏ ਉਪ ਧਾਰਾ (1) ਵਿਚ ਮੁੱਢਲੇ ਪੱਧਰ 'ਤੇ ਹੀ ਸਪਸ਼ਟ ਕੀਤਾ ਹੋਇਆ ਹੈ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਤਹਿਤ ਦੀਵਾਨੀ ਤੇ ਫ਼ੌਜਦਾਰੀ ਅਦਾਲਤਾਂ (ਕੋਡ ਆਫ਼ ਸਿਵਲ ਪਰੋਸੀਜਰ, 1908 ਤੇ ਕੋਡ ਆਫ਼ ਕ੍ਰਿਮਿਨਲ ਪ੍ਰੋਸੀਜਰ, 1973 ਰਾਹੀਂ ਪ੍ਰਭਾਸ਼ਿਤ) ਤੇ ਕਿਰਾਇਆ ਟ੍ਰਿਬਿਊਨਲਾਂ ਜਾਂ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੀਆਂ ਹੋਰ ਸਾਰੀਆਂ ਅਦਾਲਤਾਂ ਜਾਂ ਟ੍ਰਿਬਿਊਨਲਾਂ ਵਿਚ ਕੰਮਕਾਜ ਪੰਜਾਬੀ ਵਿਚ ਕੀਤਾ ਜਾਵੇਗਾ।

ਇਸ ਬਾਰੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾਕਟਰ ਲਾਭ ਸਿੰਘ ਖੀਵਾ ਵੱਲੋਂ 'ਪੰਜਾਬੀ ਰਾਜ ਭਾਸ਼ਾ ਟ੍ਰਿਬਿਊਨਲ ਬਣਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ, ਜਿਸ ਵਿਚ ਹੋਰ ਇਜ਼ਾਫਾ ਕਰਦਿਆਂ ਹਾਈਕੋਰਟ ਦੇ ਐਡਵੋਕੇਟ ਤੇ ਪੰਜਾਬੀ ਕਵੀ ਹਰੀ ਚੰਦ ਅਰੋੜਾ ਵੱਲੋਂ ਮਾਮਲਾ ਜਨਹਿਤ ਪਟੀਸ਼ਨ ਦੇ ਰੂਪ ਵਿਚ ਹਾਈਕੋਰਟ ਵਿਚ ਚੁੱਕਣ ਦੀ ਵਕਾਲਤ ਕਰਦਿਆਂ ਟ੍ਰਿਬਿਊਨਲ ਬਣਾਏ ਜਾਣ ਦੀ ਸੂਰਤ ਵਿਚ ਵੀ ਵਾਗਡੋਰ ਘੱਟੋ ਘੱਟ ਹਾਈਕੋਰਟ ਦੇ ਹੀ ਕਿਸੇ ਸੇਵਾ ਮੁਕਤ ਜੱਜ ਦੇ ਹੱਥ ਵਿਚ ਦਿੱਤੇ ਜਾਣ ਦੀ ਗੱਲ ਕਹੀ ਗਈ ਹੈ।

### ਰਾਜ ਭਾਸ਼ਾ ਐਕਟ ਵਿਚ ਵੀ ਕਈ ਚੋਰ ਮੋਰੀਆਂ

ਰਾਜ ਭਾਸ਼ਾ ਐਕਟ ਵਿਚ ਵੀ ਕਈ ਚੋਰ ਮੋਰੀਆਂ ਰੱਖੀਆਂ ਗਈਆਂ ਹਨ ਜੋ ਮਾਂ ਬੋਲੀ ਨੂੰ ਲਾਗੂ ਕਰਨ ਦੇ ਰਾਹ ਵਿਚ ਰੋੜ ਬਣ ਰਹੀਆਂ ਹਨ। ਇਕ ਪਾਸੇ ਤਾਂ ਰਾਜ ਭਾਸ਼ਾ ਐਕਟ ਦੇ ਦਾਇਰੇ ਵਿਚ ਸੂਬਾ ਪੱਧਰੀ ਉੱਚ ਨਿਆਇਕ ਸੰਸਥਾ ਹਾਈਕੋਰਟ ਤੱਕ ਨੂੰ ਪੰਜਾਬੀ ਦੀ ਵਰਤੋਂ ਦਾ 'ਪਾਬੰਦ' ਕੀਤਾ ਗਿਆ ਹੈ ਤੇ ਦੂਜੇ ਪਾਸੇ ਉਲੰਘਣਾ ਦੀ ਸੂਰਤ ਵਿਚ ਕਾਰਵਾਈ ਕਰਨ ਦਾ ਅਖ਼ਤਿਆਰ ਡਾਇਰੈਕਟਰ ਭਾਸ਼ਾ ਵਿਭਾਗ ਦੀ 'ਸਿਫ਼ਾਰਸ਼ਾਂ' ਤੱਕ ਮਹਿਦੂਦ ਹੈ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੀ ਸੂਰਤ ਵਿਚ 'ਕਾਰਵਾਈ' ਦੀ 'ਤੀਬਰਤਾ' ਬਾਰੇ ਖਦਸ਼ੇ ਖੜੇ ਹੋਣੇ ਸੁਭਾਵਿਕ ਹਨ।

ਮਾਹਿਰਾਂ ਦਾ ਮਤ ਹੈ ਕਿ ਪੰਜਾਬੀ ਰਾਜ-ਭਾਸ਼ਾ ਐਕਟ ਦੀ ਉਲੰਘਣਾ ਦੀ ਸੂਰਤ ਵਿਚ ਕਾਰਵਾਈ ਦਾ ਪੱਧਰ ਘੱਟੋ-ਘੱਟ ਕਿਸੇ ਸੇਵਾ ਮੁਕਤ ਜੱਜ ਦੀ ਅਗਵਾਈ ਵਾਲੀ ਅਥਾਰਿਟੀ ਤੱਕ ਤਾਂ ਜ਼ਰੂਰ ਹੋਵੇ ਤਾਂ ਜੋ ਪੰਜਾਬੀ ਭਾਸ਼ਾ ਨੂੰ ਅਣਗੌਲਣ ਦੀ ਸੂਰਤ ਵਿਚ ਪੱਕਾ ਹੱਥ ਪਾਇਆ ਜਾ ਸਕੇ।

# ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਬੁੱਤ ਲਾਉਣ ਲਈ ਬਜ਼ਿਦ

## ਗੁਰਦੁਆਰਾ ਸਾਹਿਬ ਦੇ ਖਾਲਸਾ ਸਕੂਲ ਤੋਂ ਇਲਾਵਾ ਸਾਊਥ ਹਾਲ ਵੀ ਕਿਸੇ ‘ਬਾਹਰਲੀ ਏਜੰਸੀ’ ਨੂੰ ‘ਕਿਰਾਏ ਤੇ ਦੇਣ ਲਈ ਖਾਲੀ’

ਗੁਰਦੁਆਰਾ ਸੈਨ ਹੋਜ਼ੇ ਦੀ ਆਪੂੰ-ਬਣੀ ਪ੍ਰਬੰਧਕ ਕਮੇਟੀ ਆਪਣੀ ਕੁਰਸੀ ਨੂੰ ਬਚਾਉਣ ਲਈ ਕਾਨੂੰਨੀ ਝਗੜਿਆਂ ‘ਤੇ ਗੋਲਕ ਦਾ ਉਜਾੜਾ ਤਾਂ ਕਈ ਸਾਲਾਂ ਤੋਂ ਕਰ ਰਹੀ ਹੈ ਪਰ ਹੁਣ ਇਹ ਗੁਰਦੁਆਰਾ ਸਾਹਿਬ ਦੀ ਪ੍ਰਾਪਰਟੀ ਨੂੰ ਵੀ ਬਾਹਰਲੀਆਂ ਏਜੰਸੀਆਂ ਅਤੇ ਗੈਰ ਸਿੱਖਾਂ ਨੂੰ ਕਿਰਾਏ ਤੇ ਦੇਣ ਲਈ ਪੱਬਾਂ ਭਾਰ ਹੋ ਰਹੀ ਹੈ। ਗੁਰਦੁਆਰਾ ਸਾਹਿਬ ਦੀ ਪਾਰਕਿੰਗ ਲਾਟ ਦਾ ਕੁਝ ਹਿੱਸਾ ਤਾਂ ਪਹਿਲਾਂ ਹੀ ਇਕ ਸੈਲੂਲਰ ਫੋਨ ਕੰਪਨੀ ਨੂੰ 50 ਫੁੱਟ ਉਚਾ ਟਾਵਰ ਲਾਉਣ ਲਈ ਲੀਜ਼ ‘ਤੇ ਦਿਤਾ ਹੋਇਆ ਹੈ ਅਤੇ ਇਸ ਦੀ ਉਚਾਈ 5 ਫੁਟ ਹੋਰ ਵਧਾਉਣ ਲਈ ਵੀ ਪ੍ਰਵਾਨਗੀ ਲਈ ਹੋਈ ਹੈ। ਅਜਿਹੇ ਯੰਤਰ ਦਿਨ ਰਾਤ ਰੇਡੀਏਸ਼ਨ ਕਿਰਨਾਂ ਛਡਦੇ ਹਨ ਜਿਨ੍ਹਾਂ ਨਾਲ ਕੈਂਸਰ ਵਰਗੀ ਭਿਆਨਕ ਬਿਮਾਰੀ ਵੀ ਲੱਗ ਸਕਦੀ ਹੈ।

ਅਸੀਂ ਆਪਣਾ ਫਰਜ਼ ਸਮਝ ਕੇ ਸੰਗਤਾਂ ਨੂੰ ਅਜਿਹੀਆਂ ਗੱਲਾਂ ਬਾਰੇ ਚੌਕਸ ਕਰ ਰਹੇ ਹਾਂ ਅਤੇ ਕਰਦੇ ਰਹਾਂਗੇ। ਇਹੀ ਵਜ੍ਹਾ ਹੈ ਕਿ ਇਹ ਗੁਰਮਤਿ ਤੋਂ ਸੱਖਣੀ ਅਤੇ ਬੁਤ ਪੂਜਾ ਨੂੰ ਉਤਸ਼ਾਹਿਤ ਕਰਨ ਵਾਲੀ ਪ੍ਰਬੰਧਕ ਕਮੇਟੀ ਸਾਡੇ ਖਿਲਾਫ ਊਟ-ਪਟਾਂਗ ਗੱਲਾਂ ਲਿਖਣ ‘ਤੇ ਉਤਰ ਆਈ ਹੈ।

### ਪ੍ਰਬੰਧਕ ਕਮੇਟੀ ਦੀ ਦੋਗਲੀ ਚਾਲ

ਇਹ ਧੱਕੜਸ਼ਾਹ ਅਤੇ ਆਪੂੰ-ਬਣੀ ਕਮੇਟੀ ਇਕ ਪਾਸੇ ਮੰਨ ਰਹੀ ਹੈ ਕਿ ਅਸੀਂ ਸਵਰਗਵਾਸੀ ਜੀਤ ਸਿੰਘ ਬੈਣੀਵਾਲ ਦੀ ਯਾਦ ਵਿਚ ਭਾਈ ਘਨੱਈਆ ਜੀ ਦਾ ਬੁਤ ਲਾ ਰਹੇ ਹਾਂ ਅਤੇ ਪੁਛ ਰਹੀ ਹੈ ਕਿ ਇਸ ਵਿਚ ਮਾੜੀ ਗੱਲ ਕੀ ਹੈ? ਕਮੇਟੀ ਇਹ ਵੀ ਮੰਨ ਰਹੀ ਹੈ ਕਿ ਇਕ ਸਿਵੀਆ ਪਰਿਵਾਰ ਨੇ ਖਾਲਸਾ ਸਕੂਲ ਦੀ ਬਿਲਡਿੰਗ ਆਪਣਾ ਬੇਬੀ ਸਿਟਿੰਗ ਬਿਜ਼ਨਿਸ ਚਲਾਉਣ ਲਈ 2011 ਵਿਚ ਕਿਰਾਏ ‘ਤੇ ਮੰਗੀ ਸੀ ਅਤੇ ਨਾਲ ਹੀ ਇਹ ਕਮੇਟੀ ਸਾਡੇ ਬਿਆਨਾਂ ਦਾ ‘ਖੰਡਨ’ ਕਰ ਰਹੀ ਹੈ। ਇਹ ਗੱਲ ਸਾਡੀ ਸਮਝ ਤੋਂ ਬਾਹਰ ਹੈ। ਇਥੇ ਕਿਹਦਾ ਕਿਹਦਾ ਬੁਤ ਕਿਹਦੀ ਕਿਹਦੀ ਯਾਦ ਵਿਚ ਲੁਆਓਗੇ?

ਪੰਥਕ ਸੋਚ ਅਤੇ ਇਤਿਹਾਸ ਤੋਂ ਨਾਵਾਕਫ ਇਹ ਕਮੇਟੀ ਇਹ ਵੀ ਕਹਿ ਰਹੀ ਹੈ ਕਿ ਭਾਈ ਘਨੱਈਆ ਜੀ ਰੈਡ ਕਰਾਸ ਦੇ ਬਾਨੀ ਸਨ। ਭਾਈ ਘਨੱਈਆ ਜੀ ਗੁਰੂ ਗੋਬਿੰਦ ਸਿੰਘ ਦੀ ਦੇ ਅਨਿਨ ਸਿੱਖ, ਬਹੁਤ ਮਾਨਵਵਾਦੀ ਅਤੇ ਅਤਿ ਸਤਿਕਾਰਯੋਗ ਸ਼ਖਸੀਅਤ ਸਨ ਜੋ ਬਿਨਾ ਭੇਦ-ਭਾਵ ਮੈਦਾਨੇ ਜੰਗ ਵਿਚ ਜ਼ਖਮੀ ਸਿਪਾਹੀਆਂ ਨੂੰ ਪਾਣੀ ਪਿਆਉਂਦੇ ਸਨ ਅਤੇ ਮੱਲ੍ਹਮ ਪੱਟੀ ਵੀ ਕਰਦੇ ਸਨ। ਉਨ੍ਹਾਂ ਦਾ ਜੀਵਨ ਕਾਲ 1648-1718 ਮਿਥਿਆ ਜਾਂਦਾ ਹੈ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਰੈਡ ਕਰਾਸ (ਲਾਲ ਚਰਖੜੀ) ਸੰਸਥਾ 1863 ਵਿਚ ਹੋਂਦ ਵਿਚ ਆਈ ਅਤੇ ਇਸ ਦਾ ਬਾਨੀ ਜਨੇਵਾ, ਸਵਿਟਜ਼ਰਲੈਂਡ ਦਾ ਵਾਸੀ ਜਾਨ ਹੈਨਰੀ ਡੁਨਾਨਟ ਸੀ ਜਿਸ ਦਾ ਜੀਵਨ ਕਾਲ 1828-1910 ਦਾ ਸੀ। ਭਾਵ ਰੈਡ ਕਰਾਸ ਦੀ ਸੰਸਥਾ ਭਾਈ ਘਨੱਈਆ ਜੀ ਦੇ ਜੀਵਨ ਕਾਲ ਤੋਂ 145 ਸਾਲ ਬਾਦ ਵਿਚ ਹੋਂਦ ਵਿਚ ਆਈ ਅਤੇ ਇਸ ਦੇ ਇਤਿਹਾਸ ਵਿਚ ਕਿਤੇ ਵੀ ਭਾਈ ਘਨੱਈਆ ਜੀ ਦਾ ਨਾਮ ਤਕ ਨਹੀਂ ਹੈ। ਭਾਈ ਘਨੱਈਆ ਜੀ ਰੈਡ ਕਰਾਸ ਵਰਗੀ ਸੰਸਥਾ ਦੇ ਪੂਰਵਗਾਮੀ ਤਾਂ ਹੋ ਸਕਦੇ ਹਨ, ਪਰ ਬਾਨੀ ਨਹੀਂ।

ਸਾਧ ਸੰਗਤ ਦੇ ਧਿਆਨ ਵਿਚ ਮੁੜ ਲਿਆ ਦੇਈਏ ਕਿ ਸਿਰਫ ਖਾਲਸਾ ਸਕੂਲ ਦੀ ਬਿਲਡਿੰਗ ਹੀ ਨਹੀਂ ਸਗੋਂ ਸਾਊਥ ਹਾਲ ਵੀ ਕਿਰਾਏ ‘ਤੇ ਦੇਣ ਲਈ ਕਮੇਟੀ ਨੇ ਮਤੇ ਪਾਸ ਕੀਤੇ ਹੋਏ ਹਨ।

ਹੇਠ ਲਿਖੇ ਅਹਿਮ ਤੱਥ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਕਾਰਵਾਈ ਰਜਿਸਟਰ ਵਿਚੋਂ ਪ੍ਰਾਪਤ ਹੋਏ ਹਨ। ਮੀਟਿੰਗ ਦੀ ਕਾਰਵਾਈ ਬਾਬ (ਭੁਪਿੰਦਰ ਸਿੰਘ) ਢਿੱਲੋਂ ਨੇ ਆਪਣੇ ਕਰ ਕਮਲਾਂ ਨਾਲ ਹੀ ਲਿਖੀ ਹੋਈ ਹੈ। ਸਾਧ ਸੰਗਤ ਜੀ, ਹਰ ਕਿਸੇ ਮੈਂਬਰ ਨੂੰ ਇਹ ਕਾਰਵਾਈ ਦੇਖਣ ਦਾ ਅਤੇ ਇਸ ਵਿਚੋਂ ਨੋਟ ਬਣਾਉਣ ਦਾ ਹੱਕ ਹੈ। ਸਾਨੂੰ ਬਾਬ ਢਿੱਲੋਂ ਦੀ ਕਮੇਟੀ ਨੇ ਕਾਰਵਾਈ ਰਜਿਸਟਰ ਦੇ ਕਿਸੇ ਸਫੇ ਦੀ ਫੋਟੋ ਕਾਪੀ ਕਰਨ ਦੀ ਇਜਾਜ਼ਤ ਨਹੀਂ ਦਿਤੀ, ਪਰ ਅਸੀਂ ਜੋ ਵੀ ਨੋਟ ਬਣਾ ਸਕੇ, ਉਹ ਸੰਖੇਪ ਰੂਪ ਵਿਚ ਅਸੀਂ ਸੰਗਤਾਂ ਨਾਲ ਸਾਂਝੇ ਕਰਨੇ ਚਾਹੁੰਦੇ ਹਾਂ:

**(1) ਮਿਤੀ 2 ਅਕਤੂਬਰ 2011, ਸਫਾ 109, ਮਤਾ ਨੰ. 4: ਇਸ ਦਿਨ ਸਿਟੀ ਦੇ ਪਲਾਨਿੰਗ ਡਿਪਾਰਟਮੈਂਟ ਤੋਂ ਮਨਜ਼ੂਰੀ ਲੈਣ ਅਤੇ ਉਨ੍ਹਾਂ ਦੀਆਂ ਜਰੂਰਤਾਂ ਅਤੇ ਖਰਚਿਆਂ ਬਾਰੇ ਗੱਲ ਹੋਈ ਅਤੇ ਫੈਸਲਾ ਕੀਤਾ ਗਿਆ ਕਿ ਇਹ ਗੱਲ ਅੱਗੇ ਤੋਰੀ ਜਾਏ ਤਾਂ ਕਿ ਸਕੂਲ ਨੂੰ ਚਲਾਉਣ ਵਾਲੀ ਸੰਭਾਵੀ ਪਾਰਟੀ ਨਾਲ ਕੋਈ ਸਮਝੌਤਾ ਕੀਤਾ ਜਾ ਸਕੇ।**

**(2) ਮਿਤੀ 13 ਨਵੰਬਰ 2011, ਸਫਾ 113, ਮਤਾ ਨੰ. 3: ਸਿਵੀਆ ਪਰਿਵਾਰ ਵਲੋਂ ਸਕੂਲ ਨੂੰ ਕਿਰਾਏ ‘ਤੇ ਲੈਣ ਬਾਰੇ ਗੱਲਬਾਤ ਹੋਈ ਅਤੇ ਫੈਸਲਾ ਕੀਤਾ ਕਿ ਕਿਰਾਏ ‘ਤੇ ਦੇਣ ਦੀ ਯੋਜਨਾ ਨੂੰ ਸਾਕਾਰ ਕੀਤਾ ਜਾਏ ਪਰ ਲੀਜ਼ ‘ਤੇ ਦੇਣ ਦੀਆਂ ਸ਼ਰਤਾਂ ਤੋਂ ਪਹਿਲਾਂ ਇਹ ਫੈਸਲਾ ਕੀਤਾ ਕਿ ਕਰੈਗਜ਼ ਲਿਸਟ ਅਤੇ ਅਖਬਾਰ ਵਿਚ ਇਸ ਬਾਰੇ ਇਸ਼ਤਿਹਾਰ ਦਿਤਾ ਜਾਏ ਤਾਂ ਕਿ ਗੁਰਦੁਆਰਾ ਸਾਹਿਬ ਨੂੰ ਵਧ ਤੋਂ ਵਧ ਕਿਰਾਇਆ ਮਿਲ ਸਕੇ। ਗੁਰਿੰਦਰਪਾਲ ਦੀ ਡਿਊਟੀ ਲਾਈ ਜਾਂਦੀ ਹੈ ਕਿ ਉਹ ਕਰੈਗਜ਼ ਲਿਸਟ ਤੇ ਇਸ ਬਾਰੇ ਇਸ਼ਤਿਹਾਰ ਦੇਵੇ। ਕਿਰਪਾਲ ਸਿੰਘ ਅਟਵਾਲ ਇਸ ਬਾਰੇ ਅਖਬਾਰ ਵਿਚ ਇਸ਼ਤਿਹਾਰ ਦੇਵੇਗਾ। ਬਾਬ ਢਿੱਲੋਂ ਇਸ ਕੰਮ ਲਈ ਸਿਟੀ ਦੀਆਂ ਸ਼ਰਤਾਂ ਅਤੇ ਮਨਜ਼ੂਰੀ ਲੈਣ ਵਾਸਤੇ ਪੈਰਵੀ ਕਰੇਗਾ।**

**(3) ਮਿਤੀ 2 ਫਰਬਰੀ 2012, ਸਫਾ 115, ਮਤਾ ਨੰ. 3: ਇਹ ਫੈਸਲਾ ਕੀਤਾ ਗਿਆ ਕਿ ਯੋਜਨਾ ਨੂੰ ਸਿਰੇ ਚਾੜ੍ਹਨ ਲਈ ਗੁਰਦੁਆਰਾ ਸਾਹਿਬ ਦੇ ਪਰਮਿਟ ਵਿਚ ਤਬਦੀਲੀ ਕੀਤੀ ਜਾਏ ਤਾਂ ਕਿ ਹਫਤੇ ਦੇ ਕੰਮਕਾਰ ਵਾਲੇ ਦਿਨਾਂ ਦੌਰਾਨ ਸਕੂਲ ਚਲਾਇਆ ਜਾਏ ਅਤੇ ਇਹ ਫੈਸਲਾ ਕੀਤਾ ਗਿਆ ਕਿ ਇਸ ਕਾਰਜ ਲਈ ਲਿੰਡਾ ਲੇਜ਼ੌਟ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਅਤੇ ਸਿਟੀ ਦੀਆਂ ਜਰੂਰੀ ਫੀਸਾਂ ਦੀ ਅਦਾਇਗੀ ਕੀਤੀ ਜਾ ਸਕੇ।**

**(4) ਮਿਤੀ 5 ਮਈ 2014, ਸਫਾ 147, ਮਤਾ ਨੰ. 10: ਸਕੂਲ ਦੇ ਥਾਂ ਨੂੰ ਵਰਤਣ ਲਈ ਬਾਹਰਲੀਆਂ ਏਜੰਸੀਆਂ ਸਾਡੇ ਨਾਲ ਸੰਪਰਕ ਕਰ ਰਹੀਆਂ ਹਨ। ਇਸ ਸਬੰਧ ਵਿਚ ਹਰ ਅਲਹਿਦਾ ਸਥਿਤੀ ਮੁਤਾਬਿਕ (ਕੇਸ-ਬਾਈ-ਕੇਸ) ਜਗ੍ਹਾ ਦੀ ਉਪਲਬਧੀ ਮੁਤਾਬਿਕ ਫੈਸਲਾ ਕੀਤਾ ਜਾਵੇਗਾ।**

**(5) ਮਿਤੀ 7 ਜੁਲਾਈ 2014, ਸਫਾ 149, ਮਤਾ ਨੰ. 10: ਜਿਸ ਅਲਹਿਦਾ ਸਥਿਤੀ ਮੁਤਾਬਿਕ (ਕੇਸ-ਬਾਈ-ਕੇਸ) ਦੀ ਪਿਛਲੀ ਮੀਟਿੰਗ ਵਿਚ ਗੱਲ ਹੋਈ ਸੀ, ਉਸ ‘ਤੇ ਗੌਰ ਕੀਤਾ ਗਿਆ।**

**(6) ਮਿਤੀ 3 ਅਗਸਤ 2014, ਸਫਾ 152, ਮਤਾ ਨੰ. 12: ਸਕੂਲ ਦੇ ਥਾਂ ਨੂੰ ਵਰਤਣ ਲਈ ਬਾਹਰਲੀਆਂ ਏਜੰਸੀਆਂ ਨੂੰ ਅਲਹਿਦਾ ਸਥਿਤੀ ਮੁਤਾਬਿਕ (ਕੇਸ-ਬਾਈ-ਕੇਸ) ਦੀ ਇਜ਼ਾਜ਼ਤ ਦਿਤੀ ਜਾਵੇਗੀ ਅਤੇ ਇਹੀ ਸ਼ਰਤ ਸਾਊਥ ਹਾਲ ‘ਤੇ ਲਾਗੂ ਹੋਵੇਗੀ।**

ਇਸ ਤੋਂ ਸਪਸ਼ਟ ਹੈ ਕਿ ਇਹ ਕਮੇਟੀ ਗੁਰਦੁਆਰਾ ਸਾਹਿਬ ਦੀ ਪ੍ਰਾਪਰਟੀ ਨੂੰ ਕਿਸੇ ਪ੍ਰਾਈਵੇਟ ਮੁਨਾਫਾਖੋਰ ਸੰਸਥਾ ਨੂੰ ਕਿਰਾਏ ‘ਤੇ ਦੇਣ ਲਈ ਇਕ ਨਹੀਂ ਸਗੋਂ ਪਿਛਲੇ ਤਿੰਨ ਸਾਲਾਂ ਵਿਚ ਛੇ ਮਤੇ ਪਾਸ ਕਰ ਚੁੱਕੀ ਹੈ। ਸੰਗਤਾਂ ਨੂੰ ਇਸ ਦੀ ਘੋਖ ਕਰਨੀ ਚਾਹੀਦੀ ਹੈ ਕਿ ਇਸ ਸਾਜਿਸ਼ ਦੇ ਪਿਛੇ ਅਸਲ ਵਿਚ ਹੱਥ ਕਿਸ ਦਾ ਹੈ? ਜੇ ਖਾਲਸਾ ਸਕੂਲ ਦਾ ਪ੍ਰਿੰਸੀਪਲ ਗੁਰਿੰਦਰਪਾਲ ਸਿੰਘ ਖੁਦ ਹੀ ਖਾਲਸਾ ਸਕੂਲ ਦੀ ਬਿਲਡਿੰਗ ਨੂੰ ਕਿਸੇ ਤੀਜੀ ਧਿਰ ਨੂੰ ਕਿਰਾਏ ‘ਤੇ ਦੇਣ ਲਈ ਇਸ਼ਤਿਹਾਰ ਦੇ ਰਿਹਾ ਹੈ ਤਾਂ ਉਸ ਨੂੰ ਖਾਲਸਾ ਸਕੂਲ ਵਿਚ ਰਹਿਣ ਦਾ ਕੋਈ ਹੱਕ ਨਹੀਂ। ਉਸ ਨੂੰ ਇਕ ਦਮ ਅਸਤੀਫਾ ਦੇ ਦੇਣਾ ਚਾਹੀਦਾ ਹੈ।

ਹੈਰਾਨੀ ਦੀ ਗੱਲ ਹੈ ਕਿ ਇਹ ਕਮੇਟੀ ਸੰਗਤਾਂ ਦੀ ਮਾਇਆ ਨਾਲ ਬਣਿਆ ਹਾਲ ਵੀ ਕਿਸੇ ਗੈਰ ਸਿੱਖ ਸੰਸਥਾ ਨੂੰ ਕਿਰਾਏ ‘ਤੇ ਦੇਣ ਲਈ ਤਿਆਰ ਹੈ ਜਿਸ ਦਾ ਭਾਵ ਇਹ ਹੈ ਕਿ ਜੇ ਸੰਗਤ ਦੇ ਕੁਝ ਮੈਂਬਰਾਂ ਨੇ ਕੋਈ ਪੰਥਕ ਇਕੱਠ ਜਾਂ ਮੀਟਿੰਗ ਰੱਖਣੀ ਹੋਵੇ ਤਾਂ ਉਹ ਇਸ ਹਾਲ ਨੂੰ ਸਿਰਫ ਕਿਰਾਏ ‘ਤੇ ਲੈ ਕੇ ਹੀ ਅਜਿਹਾ ਕਰ ਸਕਣਗੇ। ਇਹ ਗੁਰਦੁਆਰਾ ਸੰਗਤਾਂ ਨੇ ਆਪਣੇ ਖ਼ੂਨ-ਪਸੀਨੇ ਦੀ ਕਮਾਈ ਨਾਲ ਬਣਾਇਆ ਹੈ। ਜੇ ਗੁਰੂ ਕੀਆਂ ਸੰਗਤਾਂ ਇਸ ਨੂੰ ਪੰਥਕ ਕਾਰਜਾਂ ਵਾਸਤੇ ਨਹੀਂ ਵਰਤ ਸਕਦੀਆਂ ਤਾਂ ਫਿਰ ਇਹ ਕਿਹੜੇ ਕੰਮ?

ਸਾਡੇ ਅੰਦਾਜ਼ੇ ਮੁਤਾਬਿਕ ਇਹ ਪ੍ਰਬੰਧਕ ਕਮੇਟੀ ਪਿਛਲੇ 2-3 ਸਾਲਾਂ ਵਿਚ ਤਕਰੀਬਨ ਦੋ ਲੱਖ ਡਾਲਰ ਕੋਰਟਾਂ ਅਤੇ ਵਕੀਲਾਂ ਨੂੰ ਦੇ ਚੁਕੀ ਹੈ ਅਤੇ ਪਿਛਲੇ ਕਈ ਮਹੀਨਿਆਂ ਤੋਂ ਤਕਰੀਬਨ 20-30 ਹਜ਼ਾਰ ਡਾਲਰ ਪ੍ਰਤੀ ਮਹੀਨਾ ਗੋਲਕ ਵਿਚੋਂ ਵਕੀਲਾਂ ਨੂੰ ਦੇ ਰਹੀ ਹੈ ਪਰ ਸੰਗਤ ਨੂੰ ਇਸ ਦਾ ਕੋਈ ਹਿਸਾਬ-ਕਿਤਾਬ ਵੀ ਨਹੀਂ ਦੇ ਰਹੀ। ਪੁਛਣਾ ਬਣਦਾ ਹੈ ਕਿ ਕੀ ਇਹ ਕਮੇਟੀ ਚੜ੍ਹਾਵੇ ਦੀ ਮਾਇਆ ਸੰਗਤਾਂ ਜਾਂ ਗੁਰਦੁਆਰਾ ਸਾਹਿਬ ਦੇ ਫਾਇਦੇ ਲਈ ਵਰਤ ਰਹੀ ਹੈ ਜਾਂ ਆਪਣੀ ਕੁਰਸੀ ਬਚਾਉਣ ਲਈ?

ਇਹ ਕਮੇਟੀ ਕਹਿ ਰਹੀ ਹੈ ਕਿ ਗੁਰਦੁਆਰਾ ਸਾਹਿਬ ਵਿਚ “ਇਹ ਜਗ੍ਹਾ ਮੀਰੀ-ਪੀਰੀ ਦੇ ਨਿਸ਼ਾਨ ਸਾਹਿਬ ਲਾਉਣ ਲਈ ਬਣਾਈ ਸੀ ਜੋ ਕਿ ਆਰਕੀਟੈਕਟ ਸ. ਮਲਕੀਤ ਸਿੰਘ ਸਿੱਧੂ ਦੀ ਸੋਚ ਸੀ ਪਰ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਪ੍ਰੋ. ਮਨਜੀਤ ਸਿੰਘ ਹੁਰਾਂ ਦੀ ਰਾਇ ਸੀ ਕਿ ਮੀਰੀ-ਪੀਰੀ ਦੇ ਨਿਸ਼ਾਨ ਸਾਹਿਬ ਅਕਾਲ ਤਖਤ ਸਾਹਿਬ ’ਤੇ ਹੀ ਲੱਗ ਸਕਦੇ ਹਨ। ਜਦੋਂਕਿ ਸੱਚਾਈ ਇਹ ਹੈ ਕਿ ਗੁਰਦਆਰਾ ਸਾਹਿਬ ਦੇ ਪਹਿਲੇ ਫੇਜ਼ ਦੀ ਉਸਾਰੀ 2004 ਵਿਚ ਹੋਈ ਸੀ ਅਤੇ ਪ੍ਰੋ. ਮਨਜੀਤ ਸਿੰਘ ਉਸ ਤੋਂ ਤਕਰੀਬਨ 8 ਸਾਲ ਪਹਿਲਾਂ 31 ਦਸੰਬਰ 1996 ਨੂੰ ਹੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਅਹੁਦਾ ਤਿਆਗ ਚੁਕੇ ਸਨ।

ਕਮੇਟੀ ਇਹ ਵੀ ਕਹਿ ਰਹੀ ਹੈ ਕਿ ਗੁਰਦੁਆਰਾ ਸਾਹਿਬ ਵਿਚ ਅਮਰੀਕਨ ਝੰਡਾ 9/11 ਤੋਂ ਬਾਦ ਨਸਲੀ ਹਮਲਿਆ ਤੋਂ ਡਰਦੇ ਹੋਇਆਂ ਲਾਇਆ ਜਾ ਰਿਹਾ ਸੀ। ਇਹ ਕਿਹੋ ਜਿਹੀ ਸਿੱਖੀ ਹੈ? ਦੂਸਰਾ ਝੂਠ ਇਸ ਕਮੇਟੀ ਨੇ ਇਹ ਬੋਲਿਆ ਹੈ ਕਿ “ਕੀ ਡਾ. ਤਰਲੋਚਨ ਸਿੰਘ ਨਾਹਲ ਦਸ ਸਕਦੇ ਹਨ ਕਿ ਜਿਸ ਮਕਸਦ ਲਈ ਇਹ ਜਗ੍ਹਾ ਬਣਾਈ ਸੀ, ਉਸ ਸਮੇਂ ਉਹ ਖੁਦ ਕਮੇਟੀ ਮੈਂਬਰ ਸਨ ਤਾਂ ਉਨ੍ਹਾਂ ਨੇ ਇਸ ਜਗ੍ਹਾ ਦਾ ਵਿਰੋਧ ਕਿਉਂ ਨਹੀਂ ਕੀਤਾ?” ਡਾ. ਨਾਹਲ ਨੇ ਇਹ ਗੱਲ ਸਪਸ਼ਟ ਕੀਤੀ ਹੈ ਕਿ ਜਦੋਂ ਅਮਰੀਕਨ ਝੰਡੇ ਦੀ ਗੱਲ ਉਨ੍ਹਾਂ ਦੇ ਨੋਟਿਸ ਵਿਚ 2004 ਵਿਚ ਆਈ ਤਾਂ ਉਹ ਉਸ ਵੇਲੇ ਕਮੇਟੀ ਦਾ ਮੈਂਬਰ ਹੀ ਨਹੀਂ ਸਨ ਕਿਉਂਕਿ ਉਨ੍ਹਾਂ ਨੇ ਫਰਵਰੀ 1999 ਵਿਚ ਹੀ ਅਸਤੀਫਾ ਦੇ ਦਿੱਤਾ ਸੀ। ਪਰ ਉਨ੍ਹਾਂ ਇਸ ਦਾ ਡਟ ਕੇ ਵਿਰੋਧ ਕੀਤਾ ਸੀ ਅਤੇ ਉਨ੍ਹਾਂ ਦਾ ਸਾਥ ਭਾਈ ਗੁਰਦੀਪ ਸਿੰਘ ਸੋਹਲ ਨੇ ਵੀ ਦਿਤਾ ਸੀ ਜੋ ਕਿ ਬਾਬ ਢਿੱਲੋਂ ਦਾ ਭਾਣਜਾ ਹੈ। ਇਹ ਵਿਰੋਧ ਕੁਇੰਬੀ ਰੋਡ ਵਾਲੇ ਗੁਰੂ ਘਰ ਦੀ ਸਟੇਜ ਤੋਂ ਭਰੇ ਦੀਵਾਨ ਹਾਲ ਵਿਚ ਕੀਤਾ ਗਿਆ ਸੀ। ਇਹੀ ਵਜ੍ਹਾ ਹੈ ਕਿ ਗੁਰਦੁਆਰਾ ਸਾਹਿਬ ਵਿਚ ਅਮਰੀਕਨ ਝੰਡਾ ਨਹੀਂ ਲੱਗ ਸਕਿਆ। ਜੇ ਕਿਤੇ ਲੱਗ ਜਾਂਦਾ ਤਾਂ ਅਮਰੀਕਾ ਦੇ ਕਾਨੂੰਨ ਮੁਤਾਬਿਕ ਨਿਸ਼ਾਨ ਸਾਹਿਬ ਦਾ ਪੋਲ ਅਮਰੀਕਨ ਝੰਡੇ ਦੇ ਪੋਲ ਨਾਲੋਂ ਛੋਟਾ ਹੋਣਾ ਸੀ। ਪੁਰਾਣੀਆਂ ਸੰਗਤਾਂ ਇਸ ਸਾਰੀ ਗੱਲ ਨੂੰ ਭਲੀ ਪ੍ਰਕਾਰ ਜਾਣਦੀਆਂ ਹਨ। ਜੇ ਬਾਬ ਢਿੱਲੋਂ ਨੂੰ ਚੇਤਾ ਭੁੱਲ ਗਿਆ ਹੋਵੇ ਤਾਂ ਉਹ ਆਪਣੇ ਭਾਣਜੇ ਭਾਈ ਗੁਰਦੀਪ ਸਿੰਘ ਸੋਹਲ ਨੂੰ ਪੁੱਛ ਲੈਣ।

# ਗੁਰਦੁਆਰਾ ਸੁਧਾਰ ਕਮੇਟੀ, ਸੈਨ ਹੋਜ਼ੇ

**ਜਾਰੀ ਕਰਤਾ: ਡਾ. ਤਰਲੋਚਨ ਸਿੰਘ ਨਾਹਲ, ਫੋਨ: 408-629-1958**

*Paid Advt.*

ਪੰਜਾਬ ਟਾਈਮਜ਼

*ਸਨਿਚਰਵਾਰ, 13 ਦਸੰਬਰ 2014*

## ਹਾਲ-ਏ-ਪੰਜਾਬ

ਪੰਜਾਬ ਸਰਕਾਰ ਦੀ ਸਰਪ੍ਰਸਤੀ ਹੇਠ 5ਵਾਂ ਕਬੱਡੀ ਕੱਪ ਇਸੇ ਹਫਤੇ ਸ਼ੁਰੂ ਹੋਇਆ ਹੈ; ਉਂਜ ਸੂਬੇ ਵਿਚ ਸਿਆਸੀ ਕਬੱਡੀ ਤਾਂ ਚਿਰਾਂ ਤੋਂ ਜਾਰੀ ਹੈ। ਪੰਜਾਬ ਸਰਕਾਰ ਦੇ ਹਰ ਸਾਲ ਕਰਵਾਏ ਜਾ ਰਹੇ ਇਸ ਕਬੱਡੀ ਕੱਪ ਨਾਲ ਬਿਨਾਂ ਸ਼ੱਕ, ਕਬੱਡੀ ਅਤੇ ਕਬੱਡੀ ਖਿਡਾਰੀਆਂ ਨੂੰ ਖਾਸਾ ਹੁਲਾਰਾ ਮਿਲਿਆ ਹੈ, ਪਰ ਇਸ ਦੀਆਂ ਸਿਆਸੀ ਲੋੜਾਂ ਹਰ ਵਾਰ ਸੂਬੇ ਉਤੇ ਭਾਰੀ ਪੈਂਦੀਆਂ ਰਹੀਆਂ ਹਨ। ਹੁਣ ਜਦੋਂ ਅਦਾਲਤੀ ਹੁਕਮਾਂ ਤੋਂ ਬਾਅਦ ਨੂਰਮਹਿਲੀਏ ਆਪਣੇ ਸ਼ਕਤੀ ਪ੍ਰਦਰਸ਼ਨ ਲਈ ਪੱਬਾਂ ਭਾਰ ਹੋਏ ਹੋਏ ਹਨ, ਤਾਂ ਸਰਕਾਰ ਦਾ ਸਾਰਾ ਜ਼ੋਰ ਇਸ ਕੱਪ ਉਤੇ ਲੱਗਾ ਹੋਇਆ ਹੈ। ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ ਅਦਾਲਤੀ ਹੁਕਮਾਂ ਦੇ ਮਾਮਲੇ 'ਤੇ ਬਰਵਾਲਾ (ਹਰਿਆਣਾ) ਦੇ ਸਤਲੋਕ ਆਸ਼ਰਮ ਵਾਲੇ ਰਾਹ ਹੀ ਪਿਆ ਹੋਇਆ ਜਾਪਦਾ ਹੈ। ਇਸ ਨੇ 14 ਦਸੰਬਰ ਨੂੰ ਡੇਰੇ ਵਿਚ ਵੱਡੇ ਭੰਡਾਰੇ ਦਾ ਐਲਾਨ ਕਰ ਦਿੱਤਾ ਹੋਇਆ ਹੈ। ਜ਼ਾਹਿਰ ਹੈ ਕਿ ਆਸ਼ੂਤੋਸ਼ ਦਾ ਸਸਕਾਰ ਕਰਨ ਬਾਰੇ ਅਦਾਲਤੀ ਹੁਕਮ ਲਾਗੂ ਕੀਤੇ ਜਾਣ ਤੋਂ ਐਨ ਪਹਿਲਾਂ, ਡੇਰੇ ਵਿਚ ਅਣਗਿਣਤ ਸ਼ਰਧਾਲੂ ਇਕੱਠੇ ਕੀਤੇ ਜਾ ਰਹੇ ਹਨ। ਯਾਦ ਰਹੇ ਕਿ ਪਿਛਲੇ ਤਕਰੀਬਨ ਇਕ ਸਾਲ ਤੋਂ ਡੇਰੇ ਵਾਲਿਆਂ ਨੇ ਆਸ਼ੂਤੋਸ਼ ਦੀ ਲਾਸ਼ ਇਹ ਕਹਿ ਕੇ ਸੰਭਾਲੀ ਹੋਈ ਹੈ ਕਿ ਉਹ ਸਮਾਧੀ ਵਿਚ ਹੈ; ਜਦਕਿ ਅਸਲ ਮਸਲਾ ਡੇਰੇ ਦੀ ਜ਼ਮੀਨ-ਜਾਇਦਾਦ ਪਿੱਛੇ ਚੱਲ ਰਹੇ ਰੱਫੜ ਦਾ ਹੈ। ਸਰਕਾਰ ਮੁੱਢ ਤੋਂ ਹੀ ਇਸ ਮਾਮਲੇ ਤੋਂ ਇਕਦਮ ਪਾਸੇ ਹੋ ਕੇ ਬੈਠੀ ਹੈ। ਹੁਣ ਵੀ ਇਹ ਅਦਾਲਤ ਵਿਚ ਹੋ ਰਹੀ ਅਗਲੀ ਸੁਣਵਾਈ ਦੀ ਹੀ ਉਡੀਕ ਕਰ ਰਹੀ ਹੈ।

ਸਰਕਾਰ ਨੇ ਇਕ ਹੋਰ ਅਹਿਮ ਮਸਲੇ ਬਾਰੇ ਵੀ ਇਸੇ ਤਰ੍ਹਾਂ ਖਾਮੋਸ਼ੀ ਧਾਰੀ ਹੋਈ ਹੈ। ਸਜ਼ਾ ਪੂਰੀ ਕਰ ਚੁਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਗੁਰਬਖਸ਼ ਸਿੰਘ ਖਾਲਸਾ ਇਕ ਵਾਰ ਫਿਰ ਮਰਨ ਵਰਤ 'ਤੇ ਡਟਿਆ ਹੋਇਆ ਹੈ, ਪਰ ਪੰਜਾਬ ਸਰਕਾਰ ਦੇ ਕੰਨ 'ਤੇ ਅਜੇ ਤੱਕ ਵੀ ਜੂੰ ਨਹੀਂ ਸਰਕੀ ਹੈ। ਸਿੱਖ ਕੈਦੀਆਂ ਦੇ ਅੰਕੜਿਆਂ ਬਾਰੇ ਵੀ ਸਰਕਾਰ ਚੁੱਪ ਹੈ। ਇਸ ਸਿਲਸਿਲੇ ਵਿਚ ਸਿਆਸਤ ਦਾ ਅਗਲਾ ਰੰਗ ਇਹ ਚੜ੍ਹਿਆ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਕਈ ਆਗੂ ਗੁਰਬਖਸ਼ ਸਿੰਘ ਖਾਲਸਾ ਦੇ ਮਰਨ ਵਰਤ ਦੀ ਹਮਾਇਤ ਕਰ ਰਹੇ ਹਨ। ਅਸਲ ਵਿਚ ਜਦੋਂ ਤੋਂ ਸੂਬੇ ਵਿਚ ਇਹ ਚਰਚਾ ਛਿੜੀ ਹੈ ਕਿ ਹੁਣ ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ ਨੂੰ ਪਟਕਣੀ ਮਾਰਨ ਦੇ ਰੌਂਅ ਵਿਚ ਹੈ, ਇਹ ਪਾਰਟੀ (ਭਾਰਤੀ ਜਨਤਾ ਪਾਰਟੀ) ਅਚਾਨਕ ਸਿੱਖਾਂ ਦੇ ਮਾਮਲਿਆਂ ਵਿਚ ਵਧੇਰੇ ਦਿਲਚਸਪੀ ਲੈਣ ਲੱਗ ਪਈ ਹੈ। ਕੇਂਦਰ ਸਰਕਾਰ ਜੋ ਇਸ ਪਾਰਟੀ ਦੀ ਅਗਵਾਈ ਹੇਠ ਹੀ ਚੱਲ ਰਹੀ ਹੈ, ਵਲੋਂ ਕੀਤੇ ਕੁਝ ਫੈਸਲਿਆਂ ਨਾਲ ਵੀ ਗੱਲ ਇਸ ਪਾਸੇ ਤੁਰ ਲਈ ਹੈ ਕਿ ਭਾਰਤੀ ਜਨਤਾ ਪਾਰਟੀ ਹੁਣ ਸੱਚਮੁੱਚ ਪੰਜਾਬ ਵਿਚ ਵੀ ਮਹਾਂਰਾਸ਼ਟਰ ਵਾਲਾ ਤਜਰਬਾ ਕਰਨ ਦੀ ਤਾਕ ਵਿਚ ਹੈ। ਮਹਾਂਰਾਸ਼ਟਰ ਵਿਚ ਵੀ ਪਹਿਲਾਂ ਵੱਡੀ ਪਾਰਟੀ ਵਜੋਂ ਸ਼ਿਵ ਸੈਨਾ ਦੀ ਹੀ ਪੈਂਠ ਸੀ, ਪਰ ਲੋਕ ਸਭਾ ਚੋਣਾਂ ਪਿਛੋਂ ਬਦਲੇ ਮਾਹੌਲ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੇ ਉਥੇ ਆਪਣਾ ਵਧੇਰੇ ਹੱਕ ਜਤਲਾਇਆ ਅਤੇ ਫਿਰ ਵਿਧਾਨ ਸਭਾ ਚੋਣਾਂ ਵਿਚ ਵੱਡੀ ਜਿੱਤ ਹਾਸਲ ਕਰ ਕੇ ਸਰਕਾਰ ਵੀ ਬਣਾ ਲਈ। ਪੰਜਾਬ ਵਿਚ ਅਜਿਹਾ ਕੋਈ ਕਦਮ ਚੁੱਕਣ ਤੋਂ ਪਹਿਲਾਂ ਇਹ ਪਾਰਟੀ ਅਤੇ ਇਸ ਦੇ ਆਗੂ ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦੀ ਉਡੀਕ ਕਰ ਰਹੇ ਹਨ। ਪਾਰਟੀ ਆਗੂਆਂ ਦਾ ਸਪਸ਼ਟ ਸੰਕੇਤ ਹੈ ਕਿ ਜੇ ਜੰਮੂ-ਕਸ਼ਮੀਰ ਵਿਚ ਪਾਰਟੀ, ਸਰਕਾਰ ਕਾਇਮ ਕਰ ਲੈਂਦੀ ਹੈ, ਜਿਸ ਦੀ ਇਸ ਨੂੰ ਬੜੀ ਆਸ ਹੈ, ਤਾਂ ਪੰਜਾਬ ਵਿਚ ਵੀ ਇਹ ਪੈਂਤੜਾ ਦੁਹਰਾਇਆ ਜਾ ਸਕਦਾ ਹੈ। ਉਂਜ, ਪਾਰਟੀ ਆਗੂਆਂ ਦਾ ਇਹ ਪੈਂਤੜਾ ਵੀ ਸਾਫ ਝਲਕ ਰਿਹਾ ਹੈ ਕਿ ਪੰਜਾਬ ਵਿਚ 2017 ਵਾਲੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਤੱਕ ਗਠਜੋੜ ਕਾਇਮ ਰੱਖਿਆ ਜਾਵੇ। ਅਸਲ ਵਿਚ ਭਾਰਤੀ ਜਨਤਾ ਪਾਰਟੀ ਦਾ ਹਰ ਕਦਮ ਚੋਣਾਂ ਅਤੇ ਚੋਣਾਂ ਵਿਚ ਜਿੱਤ ਨਾਲ ਜੁੜਿਆ ਹੋਇਆ ਹੈ। ਫਿਲਹਾਲ ਪ੍ਰਧਾਨ ਮੰਤਰੀ ਦੀ ਚੜ੍ਹਤ ਕਾਰਨ ਇਸ ਦੇ ਰਾਹ ਦਾ ਹਰ ਅੜਿੱਕਾ ਦੂਰ ਵੀ ਹੋ ਰਿਹਾ ਹੈ।

ਦਰਅਸਲ, ਭਾਰਤੀ ਜਨਤਾ ਪਾਰਟੀ ਦੇ ਅਜਿਹੇ ਪੈਂਤੜਿਆਂ ਤੋਂ ਹੀ ਅਕਾਲੀ ਆਗੂ ਚਿੱਤ ਹੋਏ ਪਏ ਹਨ। ਸਿਆਸੀ ਮਾਹਿਰ ਵੀ ਭਾਵੇਂ ਇਹ ਪੇਸ਼ੀਨਗੋਈ ਕਰ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਫਿਲਹਾਲ ਇਕੱਲਿਆਂ ਚੋਣਾਂ ਲੜਨ ਦੀ ਹਾਲਤ ਵਿਚ ਨਹੀਂ ਹੈ, ਪਰ ਇਹ ਵੀ ਸੱਚ ਹੈ ਕਿ ਪੰਜਾਬ ਦੇ ਲੋਕ ਅਕਾਲੀਆਂ ਖਿਲਾਫ ਜਿੰਨਾ ਗੁੱਸਾ ਕੱਢ ਰਹੇ ਹਨ ਅਤੇ ਸੂਬੇ ਵਿਚ ਕਾਂਗਰਸ ਦਾ ਜੋ ਹਾਲ ਹੈ, ਇਨ੍ਹਾਂ ਦੋਹਾਂ ਹਾਲਾਤ ਨੂੰ ਧਿਆਨ ਵਿਚ ਰੱਖ ਕੇ ਭਾਰਤੀ ਜਨਤਾ ਪਾਰਟੀ ਦੇ ਆਗੂ ਕੱਛਾਂ ਵਜਾ ਰਹੇ ਹਨ। ਉਂਜ ਵੀ, ਇਸ ਪਾਰਟੀ ਦੇ ਆਗੂਆਂ ਨੂੰ ਹੁਣ ਅਕਾਲੀ ਦਲ ਦੇ ਗੋਡੇ ਹੇਠੋਂ ਨਿਕਲਣ ਦਾ ਇਹ ਵਧੀਆ ਮੌਕਾ ਜਾਪ ਰਿਹਾ ਹੈ। ਇਸ ਦੇ ਨਾਲ ਹੀ ਇਹ ਆਗੂ ਹੁਣ ਇਕ ਹੋਰ ਮਾਰ 'ਤੇ ਵੀ ਬੈਠੇ ਹਨ। ਸਾਰਾ ਜੱਗ ਜਾਣਦਾ ਹੈ ਕਿ ਸਿਆਸਤ ਚਲਾਉਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਵਸ ਦਾ ਰੋਗ ਨਹੀਂ ਹੈ ਅਤੇ ਸ. ਪ੍ਰਕਾਸ ਸਿੰਘ ਬਾਦਲ ਦੀ ਪਕੜ ਢਿੱਲੀ ਪੈਣ ਤੋਂ ਬਾਅਦ ਇਕ ਵਾਰ ਤਾਂ ਅਕਾਲੀ ਦਲ ਦੀ ਹਾਲਤ ਡਾਵਾਂਡੋਲ ਹੋਣੀ ਹੀ ਹੋਣੀ ਹੈ। ਆਉਣ ਵਾਲੇ ਸਮੇਂ ਵਿਚ ਇਹ ਖਲਾਅ ਭਰਨ ਲਈ ਭਾਰਤੀ ਜਨਤਾ ਪਾਰਟੀ ਆਪਣੇ ਵਲੋਂ ਪੂਰੀ ਤਿਆਰੀ ਕਰ ਰਹੀ ਹੈ। ਸੂਬੇ ਵਿਚ ਆਰ.ਐਸ.ਐਸ. ਦੀਆਂ ਲਗਾਤਾਰ ਵਧ ਰਹੀਆਂ ਸਰਗਰਮੀਆਂ ਸੂਬੇ ਵਿਚ ਵੱਡੀ ਭੂਮਿਕਾ ਨਿਭਾਏ ਜਾਣ ਦਾ ਹੀ ਸੰਕੇਤ ਹਨ। ਹੋਰ ਸੂਬਿਆਂ ਵਿਚ ਭਾਰਤੀ ਜਨਤਾ ਪਾਰਟੀ ਦੀ ਇਕ ਹੋਰ ਨੀਤੀ ਬੜੀ ਕਾਮਯਾਬ ਰਹੀ ਹੈ। ਇਸ ਨੇ ਵੱਖ-ਵੱਖ ਪਾਰਟੀਆਂ ਦੇ ਕਹਿੰਦੇ-ਕਹਾਉਂਦੇ ਲੀਡਰਾਂ ਨੂੰ ਪਾਰਟੀ ਵਿਚ ਰਲਾ ਕੇ ਆਪਣੀ ਸਿਆਸੀ ਲੀਹ ਪਕੇਰੀ ਕੀਤੀ ਹੈ। ਪੰਜਾਬ ਵਿਚ ਇਹ ਤਜਰਬਾ ਕਿੰਨਾ ਕੁ ਸਫਲ ਹੁੰਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਇਹ ਤਾਂ ਹੁਣ ਤੈਅ ਹੀ ਹੈ ਕਿ ਪੰਜਾਬ ਹੁਣ ਸਿਆਸਤ ਦੀ ਤਕੜੀ ਪ੍ਰਯੋਗਸ਼ਾਲਾ ਬਣ ਚੁੱਕਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### *ਰਾਜਿਆਂ ਦੀ ਰੀਝ ਰਹੀ ਅਧੂਰੀ!*

ਮਜ਼੍ਹਬ ਆਪਣਾ ਦੇਸ਼ 'ਤੇ ਥੋਪਣੇ ਲਈ, ਤਖਤਾਂ ਵਾਲਿਆਂ ਛੱਡੀ ਨਾ ਢਿੱਲ੍ਹ ਮੀਆਂ।
ਪਰਜਾ ਵਿਚੋਂ ਹੀ ਪੈਦਾ ਵਿਦਰੋਹ ਹੁੰਦਾ, ਬਣੀ ਰਹੇ ਲੋਕਾਈ ਨਾ ਸਿੱਲ ਮੀਆਂ।
ਅਣਖੀ ਸੂਰਮੇ ਝੰਡਾ ਲੈ ਨਾਬਰੀ ਦਾ, ਪੈਂਦੇ ਵਿਚ ਸੰਘਰਸ਼ ਦੇ ਠਿੱਲ੍ਹ ਮੀਆਂ।
ਜਿਹੜੇ 'ਨਿਗਲਣਾ' ਚਾਹੁੰਦੇ ਨੇ ਦੂਜਿਆਂ ਨੂੰ, ਪੱਥਰ ਸਮਝ ਲਓ, ਹੋਣੇ ਨਹੀਂ ਦਿਲ ਮੀਆਂ।
ਆਖਰ ਜਾਗਦੇ ਲੋਕ ਨੇ ਨੀਂਦ ਵਿਚੋਂ, ਬਹੁਤਾ ਚਿਰ ਲੁਹਾਉਂਦੇ ਨਾ ਛਿੱਲ ਮੀਆਂ।
ਇਕੋ 'ਰੰਗ' ਦਾ ਦੇਸ਼ ਨਹੀਂ ਕਦੇ ਹੋਇਆ, ਲਾ ਲਾ ਦੇਖਿਆ ਰਾਜਿਆਂ ਟਿੱਲ ਮੀਆਂ!

# ਅਮਰੀਕਾ ਦਾ ਵੱਡਾ ਘੁਟਾਲਾ
# ਪ੍ਰੈਸ ਉਪਰ ਕੰਟਰੋਲ

***ਜਮਹੂਰੀਅਤ ਦੇ ਨਾਂ 'ਤੇ ਕਾਰਪੋਰੇਟ ਸਰਮਾਏਦਾਰੀ ਕਿਵੇਂ ਮੀਡੀਆ ਉਪਰ ਕੰਟਰੋਲ ਰਾਹੀਂ ਆਵਾਮ ਨੂੰ ਗੁੰਮਰਾਹ ਕਰ ਕੇ ਰਾਜ ਕਰਦੀ ਹੈ, ਇਸ ਮਹਾਂ-ਘੁਟਾਲੇ ਦਾ ਪਰਦਾਫਾਸ਼ ਕਰਨ ਵਿਚ ਜੁਟੇ ਅਮਰੀਕੀ ਬੁੱਧੀਜੀਵੀਆਂ ਤੇ ਖੋਜੀ ਪੱਤਰਕਾਰਾਂ ਦੀ ਗਿਣਤੀ ਬੇਸ਼ੁਮਾਰ ਹੈ। ਖੋਜੀ ਪੱਤਰਕਾਰ ਅਤੇ ਇਤਿਹਾਸਕਾਰ ਐਰਿਕ ਜ਼ੀਊਸ*** *They're Not Even Close: The Democratic vs. Republican Economic Records, 1910-2010* ***ਅਤੇ*** *CHRIST'S VENTRILOQUISTS: The Event that Created Christianity* ***ਨਾਂ ਦੀਆਂ ਅਹਿਮ ਕਿਤਾਬਾਂ ਅਤੇ ਬੇਸ਼ੁਮਾਰ ਖੋਜੀ ਰਿਪੋਰਟਾਂ ਦੇ ਲੇਖਕ ਹਨ। ਉਨ੍ਹਾਂ ਦਾ ਇਹ ਲੇਖ ਵਿਸ਼ਵ ਪ੍ਰਸਿੱਧ ਚਿੰਤਕ ਨੋਮ ਚੌਮਸਕੀ ਵਲੋਂ ਆਪਣੀ ਚਰਚਿਤ ਕਿਤਾਬ*** *Manufacturing Consent -The Political Economy of Mass Media* ***ਵਿਚ ਕੀਤੇ ਮੀਡੀਆ ਵਿਸ਼ਲੇਸ਼ਣ ਦੀ ਪ੍ਰਮਾਣਿਕਤਾ 'ਤੇ ਮੋਹਰ ਲਾਉਂਦਾ ਹੈ। ਐਰਿਕ ਜ਼ੀਊਸ ਦੇ ਇਸ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

ਭਲਾ ਕਿੰਨੇ ਕੁ ਅਮਰੀਕਨਾਂ ਨੂੰ ਜਾਣਕਾਰੀ ਹੈ ਕਿ ਯੂਕਰੇਨ ਦਾ ਮੌਜੂਦਾ ਨਿਜ਼ਾਮ ਫਰਵਰੀ 2014 ਦੇ ਖ਼ੂਨੀ ਰਾਜ ਪਲਟੇ ਰਾਹੀਂ ਸਥਾਪਤ ਕੀਤਾ ਗਿਆ ਸੀ ਜਿਸ ਦੀ ਯੋਜਨਾ ਅਮਰੀਕੀ ਵ੍ਹਾਈਟ ਹਾਊਸ ਵਿਚ ਬਣਾਈ ਗਈ ਸੀ ਅਤੇ ਜਿਸ ਨੂੰ ਸਹਾਇਕ ਵਿਦੇਸ਼ ਮੰਤਰੀ ਵਿਕਟੋਰੀਆ ਨੂਲੈਂਡ ਦੀ ਨਿਗਰਾਨੀ ਹੇਠ ਕਰਵਾਇਆ ਗਿਆ ਸੀ। ਇਸ ਰਾਜ ਪਲਟੇ ਦਾ ਸੰਚਾਲਨ ਸੀ.ਆਈ.ਏ. ਨੇ ਕੀਤਾ ਸੀ ਅਤੇ ਇਸ ਨੂੰ ਯੂਕਰੇਨ ਦੀਆਂ ਦੋ ਨਸਲਵਾਦੀ-ਫਾਸ਼ੀਵਾਦੀ, ਜਾਂ ਨਾਜ਼ੀਵਾਦੀ, ਪਾਰਟੀਆਂ ਵਿਚੋਂ ਇਕ ਨੇ ਅੰਜ਼ਾਮ ਦਿੱਤਾ ਸੀ, ਜਿਸ ਦੇ ਬਾਨੀ ਤੇ ਆਗੂ ਦਾ, ਉਸ ਦੇ ਰਾਜ ਪਲਟੇ ਤੋਂ ਕਈ ਮਹੀਨੇ ਬਾਅਦ ਅਜੇ ਵੀ ਯੂਕਰੇਨ ਉਪਰ ਕੰਟਰੋਲ ਹੈ ਭਾਵੇਂ ਇਹ ਅਧਿਕਾਰਤ ਤੌਰ 'ਤੇ ਨਹੀਂ ਹੈ। ਜੋ ਨਾਜ਼ੀ



**ਐਰਿਕ ਜ਼ੀਊਸ**

ਪਾਰਟੀ ਉਦੋਂ ਤੋਂ ਹੀ ਯੂਕਰੇਨ ਦੇ ਖਿੱਤੇ ਦੇ ਆਵਾਮ ਦੀ ਕਤਲੋਗ਼ਾਰਤ ਕਰਨ ਦੀ ਨਸਲਘਾਤੀ ਨੀਤੀ ਵਿਚ ਲੱਗੀ ਹੋਈ ਹੈ ਜਿਸ ਖੇਤਰ ਦੇ ਤਕਰੀਬਨ 90 ਫ਼ੀਸਦੀ ਵੋਟਰਾਂ ਨੇ ਉਸ ਸ਼ਖਸ ਨੂੰ ਚੁਣਿਆ ਸੀ ਜਿਸ ਦਾ ਓਬਾਮਾ ਅਤੇ ਉਨ੍ਹਾਂ ਨਾਜ਼ੀਆਂ ਨੇ ਫਰਵਰੀ ਵਿਚ ਰਾਜ ਪਲਟਾ ਕੀਤਾ। ਇਹ ਹੁਣ ਇਤਿਹਾਸ ਦੀਆਂ ਗੱਲਾਂ ਹਨ ਪਰ ਅਮਰੀਕੀ ਆਵਾਮ ਨੂੰ ਕਦੇ ਵੀ ਇਨ੍ਹਾਂ ਦੀ ਜਾਣਕਾਰੀ ਨਹੀਂ ਦਿੱਤੀ ਗਈ, ਜਦੋਂ ਇਹ ਖ਼ਬਰਾਂ ਬਣਿਆ ਰਿਹਾ; ਜਦੋਂ ਇਹ ਕੁਝ ਵਾਪਰ ਰਿਹਾ ਸੀ, ਤੇ ਅਜੇ ਵੀ ਇੰਜ ਹੀ ਹੈ।

ਕਿੰਨੇ ਕੁ ਅਮਰੀਕਨਾਂ ਨੂੰ ਜਾਣਕਾਰੀ ਹੈ ਕਿ 17 ਜੁਲਾਈ ਨੂੰ ਯੂਕਰੇਨ ਉਪਰੋਂ ਲੰਘ ਰਹੇ ਮਲੇਸ਼ੀਆ ਦੇ ਐਮ.ਐਚ 17 ਜਹਾਜ਼ (ਜਿਸ ਵਿਚ 298 ਮੁਸਾਫ਼ਰ ਸਵਾਰ ਸਨ) ਨੂੰ ਨਿਸ਼ਾਨਾ ਬਣਾ ਕੇ ਤਬਾਹ ਕਰਨ ਵਾਲੇ ਦੋ ਮੁੱਖ ਮਸ਼ਕੂਕ ਵਿਚੋਂ ਇਕ ਨੂੰ ਉਸ ਰਿਪੋਰਟ ਬਾਰੇ ਵੀਟੋ ਤਾਕਤ ਦਿੱਤੀ ਗਈ ਹੈ ਜੋ ਬਲੈਕ ਬਾਕਸ ਅਤੇ ਇਸ ਕਾਂਡ ਦੇ ਹੋਰ ਸਬੂਤਾਂ ਦੀ ਅਧਿਕਾਰਤ 'ਛਾਣ-ਬੀਣ' ਕਰ ਕੇ ਜਾਰੀ ਕੀਤੀ ਜਾਣੀ ਹੈ? (ਹਵਾਈ ਜਹਾਜ਼ ਮਲੇਸ਼ੀਆ ਦਾ, ਤੇ ਇਸ ਵਿਚ ਮਰਨ ਵਾਲੇ ਕਈ ਮੁਸਾਫ਼ਰ ਵੀ ਮਲੇਸ਼ੀਆ ਦੇ ਸਨ, ਇਸ ਦੇ ਬਾਵਜੂਦ ਪੱਛਮੀ ਤਾਕਤਾਂ ਮਲੇਸ਼ੀਆ ਨੂੰ ਇਸ ਕਾਂਡ ਦੀ 'ਛਾਣ-ਬੀਣ' ਵਿਚ ਸ਼ਾਮਲ ਨਹੀਂ ਕਰ ਰਹੀਆਂ।)

ਇਸ ਸਭ ਕਾਸੇ ਨੂੰ ਅਮਰੀਕੀ ਆਵਾਮ ਤੋਂ ਛੁਪਾਉਣ ਦਾ ਵਰਤਾਰਾ ਇਸ ਲੇਖਕ ਲਈ ਸ਼ਾਇਦ ਖ਼ੂਨੀ ਅਮਰੀਕੀ ਨੀਤੀ (ਇਸ ਵਿਚ ਓਬਾਮਾ ਦੀ ਵਿਅਕਤੀਗਤ ਭੂਮਿਕਾ ਸਮੇਤ) ਤੋਂ ਵੀ ਵਧੇਰੇ ਹੈਰਤ-ਅੰਗੇਜ਼ ਹੈ।

ਹਕੀਕਤ ਵਿਚ ਸਾਰੇ ਹੀ 'ਨਿਊਜ਼' ਸੰਪਾਦਕ ਅਤੇ ਪ੍ਰੋਡਿਊਸਰ (ਅਮਰੀਕੀ ਪ੍ਰੈਸ ਅੰਦਰ ਜਿਨ੍ਹਾਂ ਨੂੰ 'ਨਿਊਜ਼' ਐਗਜ਼ੀਕਿਊਟਿਵ ਕਿਹਾ ਜਾਂਦਾ ਹੈ) ਚੰਗੀ ਤਰ੍ਹਾਂ ਜਾਣਦੇ ਹਨ, ਤੇ ਹਮੇਸ਼ਾ ਹੀ ਜਾਣਦੇ ਰਹੇ ਹਨ, ਕਿ ਮਾਮਲਾ ਕੀ ਹੈ, ਕਿਉਂਕਿ ਉਨ੍ਹਾਂ ਕੋਲ ਬਥੇਰੀਆਂ ਖ਼ਬਰਾਂ ਪਹੁੰਚਦੀਆਂ ਰਹਿੰਦੀਆਂ ਹਨ। ਫਰਵਰੀ ਤੋਂ ਲੈ ਕੇ ਉਨ੍ਹਾਂ ਨੂੰ ਮੁਕੰਮਲ ਅਤੇ ਪੂਰੀ ਤਰ੍ਹਾਂ ਭਰੋਸੇਯੋਗ ਤੱਥਪੂਰਨ ਰਿਪੋਰਟਾਂ ਮਿਲਦੀਆਂ ਰਹੀਆਂ ਹਨ, ਪਰ ਉਨ੍ਹਾਂ ਨੇ ਇਹ ਤੱਥ ਕਦੇ ਵੀ ਅਮਰੀਕੀ ਆਵਾਮ ਅੱਗੇ ਪੇਸ਼ ਨਹੀਂ ਕੀਤੇ। ਜਦੋਂ ਇਹ ਖ਼ਬਰਾਂ ਆ ਰਹੀਆਂ ਸਨ ਤਾਂ ਉਨ੍ਹਾਂ ਨੇ ਕਦੇ ਇਹ ਹਕੀਕਤ ਨਹੀਂ ਛਾਪੀ, ਹਾਲਾਂਕਿ ਮੰਨਿਆ ਇਹ ਜਾਂਦਾ ਹੈ ਕਿ ਉਹ ਨਿਊਜ਼ ਨਸ਼ਰ ਕਰਨ ਵਾਲੀਆਂ ਸੰਸਥਾਵਾਂ ਹਨ।

ਮੈਨੂੰ ਇਸ ਕਰ ਕੇ ਜਾਣਕਾਰੀ ਹੈ ਕਿਉਂਕਿ ਮੈਂ ਬਹੁਤ ਸਾਰੇ ਆਜ਼ਾਦਾਨਾ ਖੋਜੀ ਪੱਤਰਕਾਰਾਂ ਵਿਚੋਂ ਹਾਂ ਜੋ ਇਸ ਸਾਰੇ ਵਕਤ ਦੌਰਾਨ ਇਨ੍ਹਾਂ ਮਾਮਲਿਆਂ ਬਾਰੇ ਵਿਸਤਾਰਤ ਰਿਪੋਰਟਿੰਗ ਕਰਦੇ ਰਹੇ ਹਨ, ਤੇ ਜਿਨ੍ਹਾਂ ਦੀਆਂ ਰਿਪੋਰਟਾਂ ਦਰਅਸਲ ਅਮਰੀਕਾ ਦੇ ਹਰ 'ਨਿਊਜ਼' ਮੀਡੀਆ (ਮੁੱਖਧਾਰਾ ਅਤੇ ਮੁਤਬਾਦਲ ਨਿਊਜ਼, ਲਿਬਰਲ ਅਤੇ ਕਨਜ਼ਰਵੇਟਿਵ ਨਿਊਜ਼, ਰਿਪਬਲਿਕਨ ਅਤੇ ਡੈਮੋਕਰੇਟਿਕ ਨਿਊਜ਼) ਨੂੰ ਭੇਜੀਆਂ ਜਾਂਦੀਆਂ ਰਹੀਆਂ ਹਨ। ਇੰਟਰਨੈਟ ਉਪਰ ਮੌਜੂਦ ਅੱਧੀ ਕੁ ਦਰਜਨ ਗੁੰਮਨਾਮ ਜਿਹੀਆਂ, ਪਰ ਕਾਬਲੇ-ਤਾਰੀਫ਼ ਪ੍ਰਮਾਣਿਕ ਨਿਊਜ਼ ਸਾਈਟਾਂ ਨੂੰ ਛੱਡ ਕੇ (ਜੋ 'ਮੁਤਬਾਦਲ ਖ਼ਬਰਾਂ' ਦੀਆਂ ਸਾਈਟਾਂ ਦਾ ਨਿੱਕਾ ਜਿਹਾ ਹਿੱਸਾ ਹੀ ਹਨ), ਬਾਕੀ ਨਿਊਜ਼ ਮੀਡੀਆ ਵਲੋਂ ਠੋਸ ਤੱਥਾਂ 'ਤੇ ਆਧਾਰਤ ਇਹ ਸੂਚਨਾ ਅਮਰੀਕੀ ਆਵਾਮ ਤੱਕ ਪਹੁੰਚਣ ਤੋਂ ਜਾਣ-ਬੁੱਝ ਕੇ ਰੋਕੀ ਜਾਂਦੀ ਰਹੀ ਹੈ। ਦਰਅਸਲ ਸਮੁੱਚੇ ਅਮਰੀਕੀ 'ਨਿਊਜ਼' ਮੀਡੀਆ ਵਲੋਂ ਇਉਂ ਹੀ ਕੀਤਾ ਗਿਆ ਹੈ।

ਜਿੰਨਾ ਸਖ਼ਤ ਕੰਟਰੋਲ ਅੱਜ ਅਮਰੀਕਾ ਵਿਚ ਹੈ, ਕੀ ਸੋਵੀਅਤ ਯੂਨੀਅਨ ਅੰਦਰ, ਜਾਂ ਨਾਜ਼ੀ ਜਰਮਨੀ ਵਿਚ ਕਿਸੇ ਵੀ ਮੁਲਕ ਦੀ ਪ੍ਰੈਸ ਉਪਰ ਇਸ ਤੋਂ ਵਧੇਰੇ ਸਖ਼ਤ ਅਤੇ ਵਧੇਰੇ ਵਿਆਪਕ ਕੰਟਰੋਲ ਰਿਹਾ ਹੈ? ਕਿਸੇ ਨੂੰ ਉਂਜ ਹੀ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਉਥੇ ਅਜਿਹਾ ਕੰਟਰੋਲ ਰਿਹਾ, ਜਾਂ ਨਹੀਂ ਰਿਹਾ, ਸਗੋਂ ਇਸ ਦੀ ਬਜਾਏ ਇਹ ਮੰਨਣਾ ਚਾਹੀਦਾ ਹੈ ਕਿ ਅੱਜ ਦਾ ਸੰਯੁਕਤ ਰਾਜ ਦਰਅਸਲ ਜਮਹੂਰੀਅਤ ਤੋਂ ਕਿੰਨੀ ਇੰਤਹਾ ਦੀ ਹੱਦ ਤਾਈਂ ਦੂਰ ਜਾ ਚੁੱਕਾ ਹੈ। ਇਹ ਸਭ ਤੋਂ ਵੱਧ ਸਦਮਾ ਪਹੁੰਚਾਉਣ ਵਾਲਾ ਅਹਿਸਾਸ ਹੈ, ਕਿਉਂਕਿ ਇਹ ਸਭ ਤੋਂ ਵੱਧ ਦਬਾਈ ਗਈ ਖ਼ਬਰ ਹੈ-'ਨਿਊਜ਼' ਮੀਡੀਆ ਵਲੋਂ ਖ਼ਬਰਾਂ ਨੂੰ ਦਬਾਉਣ ਦੀ ਖ਼ਬਰ।

ਅਮਰੀਕਾ ਅੰਦਰ ਖ਼ਬਰਾਂ ਦਬਾਉਣ ਦੇ ਇਲਜ਼ਾਮਾਂ ਦੀ ਗੱਲ ਕਰੀਏ ਤਾਂ ਜਿਨ੍ਹਾਂ ਨਿਊਜ਼ ਮੀਡੀਆ ਨੂੰ ਇਹ ਖ਼ਬਰਾਂ-ਰਿਪੋਰਟਾਂ ਬਾਕਾਇਦਗੀ ਨਾਲ ਭੇਜੀਆਂ ਜਾਂਦੀਆਂ ਰਹੀਆਂ ਅਤੇ ਜਿਨ੍ਹਾਂ ਵਲੋਂ ਅੱਜ ਤਾਈਂ ਇਹ ਕਦੇ ਵੀ ਨਹੀਂ ਛਾਪੀਆਂ ਗਈਆਂ, ਉਹ ਇਸ ਦੀ ਖ਼ਾਸ ਮੁਹਾਰਤ ਰੱਖਦਾ ਮੀਡੀਆ ਹੈ, ਜਿਵੇਂ fair.org, mediamatters.org ਅਤੇ Foreign Policy magazine. ਇਸ ਦੇ ਬਾਵਜੂਦ ਉਹ ਅਮਰੀਕੀ ਵਿਦੇਸ਼ ਨੀਤੀ ਦੀਆਂ ਇਨ੍ਹਾਂ ਹਕੀਕਤਾਂ ਅਤੇ ਇਨ੍ਹਾਂ ਉਪਰ ਕੀਤੀ ਜਾਂਦੀ ਪਰਦਾਪੋਸ਼ੀ ਅਤੇ ਅਮਰੀਕੀ 'ਨਿਊਜ਼' ਮੀਡੀਆ ਨੂੰ ਕੰਟਰੋਲ ਕੀਤੇ ਜਾਣ ਦੀ ਰਿਪੋਰਟ ਛਾਪਣ ਤੋਂ ਇਨਕਾਰੀ ਰਹੇ ਹਨ। ਕਿਸੇ ਵੀ ਖ਼ਾਸ ਮੁਹਾਰਤ ਵਾਲਿਆਂ ਨੇ ਆਪਣੇ ਖੇਤਰ ਅੰਦਰ ਇਹ ਰਿਪੋਰਟਾਂ ਨਹੀਂ ਛਾਪੀਆਂ ਗਈਆਂ (ਨਾ ਪ੍ਰੈਸ ਰੀਵਿਊ ਵਿਚ, ਅਤੇ ਨਾ ਕੌਮਾਂਤਰੀ ਨੀਤੀ ਦੇ ਖੇਤਰ ਵਿਚ); ਤੇ ਨਿਸ਼ਚੇ ਹੀ ਅਮਰੀਕਾ ਦੇ ਕਿਸੇ ਵੀ ਕੌਮੀ ਮੀਡੀਆ ਅੰਦਰ ਇਹ ਰਿਪੋਰਟ ਨਹੀਂ ਕੀਤੀ ਜਾਂਦੀ। ਕਦੇ ਜੋ ਅਮਰੀਕੀ ਜਮਹੂਰੀਅਤ ਹੋਇਆ ਕਰਦੀ ਸੀ, ਉਸ ਦੀ ਹਾਲਤ ਕਿੰਨੀ ਖ਼ੌਫ਼ਨਾਕ ਬਣ ਚੁੱਕੀ ਹੈ!

ਇਉਂ ਸਾਰਿਆਂ ਤੋਂ ਵੱਡੀ ਨਿਊਜ਼ ਸਟੋਰੀ ਉਹ ਹੈ, ਤੇ ਅਟੱਲ ਤੌਰ 'ਤੇ ਇਹੀ ਹੋਵੇਗੀ ਜੋ ਸਾਰਿਆਂ ਤੋਂ ਵੱਧ ਦਬਾਈ ਗਈ ਨਿਊਜ਼ ਸਟੋਰੀ ਹੈ; ਭਾਵ ਖ਼ੁਦ ਖ਼ਬਰਾਂ ਦਾ ਦਬਾਇਆ ਜਾਣਾ। ਇਹ ਵੱਡੇ 'ਨਿਊਜ਼' ਮੀਡੀਆ ਤੋਂ ਲੈ ਕੇ ਮੁਤਬਾਦਲ ਮੀਡੀਆ ਤਕ, ਇੱਥੋਂ ਤਕ ਕਿ ਖ਼ਾਸ ਮੁਹਾਰਤ ਵਾਲੇ 'ਨਿਊਜ਼' ਮੀਡੀਆ ਤਕ ਫੈਲੀ ਹੋਈ ਹੈ।

ਐਡਵਰਡ ਸਨੋਡਨ ਜੋ ਸੀ.ਆਈ.ਏ. ਅਤੇ ਐਨ.ਐਸ.ਏ. ਦਾ ਸਾਬਕਾ ਮੁਲਾਜ਼ਮ ਰਿਹਾ ਹੈ, ਤੇ ਉਦੋਂ ਠੇਕੇ 'ਤੇ ਕੰਮ ਕਰਦਾ ਸੀ, ਜਿਸ ਨੇ ਚੌਥੀ ਸੋਧ ਅਤੇ ਅਮਰੀਕਨਾਂ ਦੇ ਪ੍ਰਾਈਵੇਸੀ ਵਗੈਰਾ ਦੇ ਹੱਕ ਬਾਰੇ ਅਮਰੀਕੀ ਸੰਵਿਧਾਨਕ ਦੀਆਂ ਧਾਰਾਵਾਂ ਦੀਆਂ ਅਮਰੀਕੀ ਹਕੂਮਤ ਵਲੋਂ ਕੀਤੀਆਂ ਜਾ ਰਹੀਆਂ ਘੋਰ ਉਲੰਘਣਾਵਾਂ ਦਾ ਭਾਂਡਾ ਭੰਨਿਆ, ਨੇ 20 ਅਕਤੂਬਰ ਨੂੰ ਹਾਵਰਡ ਲਾਅ ਸਕੂਲ ਦੀ ਜਮਾਤ ਨੂੰ ਸੰਬੋਧਨ ਕੀਤਾ। ਉਸ ਨੇ ਕਿਹਾ ਕਿ ਜੇ ਆਵਾਮ ਨੂੰ ਇਹ ਨਹੀਂ ਦੱਸਿਆ ਜਾਂਦਾ ਕਿ ਉਨ੍ਹਾਂ ਦੀ ਹਕੂਮਤ ਕੀ ਕਰ ਰਹੀ ਹੈ, ਹਕੂਮਤ ਦੇ ਪ੍ਰਮਾਣਿਕ ਨਿਸ਼ਾਨੇ ਕੀ ਹਨ ਤੇ ਇਹ ਕਰ ਕੀ ਰਹੀ ਹੈ ਅਤੇ ਇਸ ਦੇ ਕੀ ਕਰਨ ਦੇ ਇਰਾਦੇ ਹਨ, ਤਾਂ ਉਥੇ ਜਮਹੂਰੀਅਤ ਦੀ ਹੋਂਦ ਹੀ ਸੰਭਵ ਨਹੀਂ ਹੋ ਸਕਦੀ। ਲਾਜ਼ਮੀ ਹੀ ਉਸ ਵਲੋਂ ਕਿਸੇ ਅਣਦੱਸੀ ਥਾਂ ਤੋਂ ਆਪਣੇ ਵਿਚਾਰ ਪੇਸ਼ ਕੀਤੇ ਸਨ, ਕਿਉਂਕਿ ਅਮਰੀਕੀ ਹਕੂਮਤ ਉਸ ਦੇ ਪਿੱਛੇ ਪਈ ਹੋਈ ਹੈ ਅਤੇ ਉਸ ਨੂੰ ਫੜਨਾ ਚਾਹੁੰਦੀ ਹੈ। ਉਸ ਨੇ ਸਿਰੇ ਦਾ ਗੰਭੀਰ ਸਵਾਲ ਉਠਾਇਆ ਕਿ ਇਕ ਹਕੂਮਤ ਆਪਣੇ ਨਾਗਰਿਕਾਂ ਨੂੰ ਕਿਸ ਹੱਦ ਤੀਕ ਝੂਠ ਪਰੋਸ ਸਕਦੀ ਹੈ ਅਤੇ ਫਿਰ ਵੀ ਕਿਵੇਂ ਜਮਹੂਰੀਅਤ ਦੀ ਦਾਅਵੇਦਾਰ ਬਣੀ ਰਹਿੰਦੀ ਹੈ।


ਸਵਾਲ ਵੀ ਇਹੀ ਹੈ। ਜੇ 'ਨਿਊਜ਼' ਮੀਡੀਆ ਸਭ ਤੋਂ ਅਹਿਮ ਚੀਜ਼ਾਂ ਬਾਰੇ ਲਗਾਤਾਰ ਅਤੇ ਸਿਲਸਿਲੇਵਾਰ ਤਰੀਕੇ ਨਾਲ ਝੂਠ ਪਰੋਸ ਰਿਹਾ ਹੈ, ਅਤੇ ਹਕੂਮਤ ਦੇ ਸਭ ਤੋਂ ਭੈੜੇ, ਸਭ ਤੋਂ ਘਿਨਾਉਣੇ ਜੁਰਮਾਂ ਉਪਰ ਪਰਦਾ ਪਾ ਰਿਹਾ ਹੈ, ਤਾਂ ਉਨ੍ਹਾਂ ਲੋਕਾਂ ਕੋਲ ਐਸੀ ਹਕੂਮਤ ਕਿਵੇਂ ਹੋ ਸਕਦੀ ਹੈ ਜੋ ਜਾਗਰੂਕ ਆਮ ਸਹਿਮਤੀ ਦੀ ਨੁਮਾਇੰਦਗੀ ਕਰਦੀ ਹੋਵੇ? ਐਪਰ, ਅੱਜ ਅਮਰੀਕਨਾਂ ਕੋਲ ਜੋ ਹਕੂਮਤ ਹੈ, ਉਹ ਇਸ ਤਰ੍ਹਾਂ ਦੀ ਹੀ ਹੈ।

ਇਉਂ ਹੁਣ ਅਮਰੀਕਾ ਕਿਸੇ ਤਾਨਾਸ਼ਾਹ ਸਟੇਟ ਨੂੰ ਛੱਡ ਕੇ ਕਿਸੇ ਹੋਰ ਮੁਲਕ ਲਈ ਕੋਈ ਨਮੂਨੇ ਦੀ ਮਿਸਾਲ ਨਹੀਂ ਹੈ। ਇਹ ਕਿਵੇਂ ਸੰਭਵ ਹੈ ਕਿ ਇਸ ਤਰ੍ਹਾਂ ਦੀ ਅਮਰੀਕੀ ਪ੍ਰੈਸ ਇਹ ਇਜਾਜ਼ਤ ਦੇਵੇਗੀ ਕਿ ਅਮਰੀਕੀ ਆਵਾਮ ਨੂੰ ਅੱਜ ਦੀ ਇਹ ਸਥਾਪਤ ਸੱਚਾਈ ਪਤਾ ਲੱਗ ਜਾਵੇ?

ਕੁਝ ਗ਼ਲਤ ਹੋ ਰਿਹਾ ਹੈ-ਤੇ ਗ਼ਲਤ ਐਡਵਰਡ ਸਨੋਡਨ ਵਰਗੇ ਲੋਕ ਨਹੀਂ ਹਨ। ਇਸੇ ਦੀ ਮਿਸਾਲ ਘੰਟਾ ਭਰ ਲੰਮੀ ਉਹ ਵਾਰਤਾਲਾਪ (ਓਰਚਹਟਿਏਚਟਸ ਅਨਦ ਓਨਗਨਿਏਰਸ ੋਰ 9/11 ਠਰੁਟਹ ਦੇ ਬਾਨੀ ਰਿਚਰਡ ਗੇਜ ਨਾਲ ਇੰਟਰਵਿਊ) ਹੈ ਜੋ http://wp.me/p4HX8b-f4 'ਤੇ ਪਈ ਹੈ, ਜੋ ਵਾਕਿਆ ਹੋਣ ਤੋਂ ਤੇਰਾਂ ਵਰ੍ਹੇ ਪਿੱਛੋਂ ਵੀ ਸੀ-ਸਪੈਨ (ਅਮਰੀਕੀ ਕੇਬਲ-ਸੈਟੇਲਾਈਟ ਪਬਲਿਕ ਅਫੇਅਰਜ਼ ਨੈਟਵਰਕ, ਜਿਸ ਵਿਚ ਤਿੰਨ ਟੀ.ਵੀ. ਚੈਨਲ, ਇਕ ਰੇਡੀਓ ਸਟੇਸ਼ਨ ਅਤੇ ਉਨ੍ਹਾਂ ਵੈਬ ਸਾਈਟਾਂ ਦਾ ਸਮੂਹ ਸ਼ਾਮਲ ਹੈ ਜੋ ਸਟਰੀਮਿੰਗ ਮੀਡੀਆ ਤੇ ਸੀ-ਸਪੈਨ ਪ੍ਰੋਗਰਾਮਾਂ ਦੇ ਆਰਕਾਈਵ/ਪੁਰਾਣਾ ਰਿਕਾਰਡ ਮੁਹੱਈਆ ਕਰਦੀਆਂ ਹਨ) ਦੇ ਕਿਸੇ ਖੂੰਜੇ ਵਿਚ ਹੀ ਸੁੱਟੀ ਹੋਈ ਹੈ। ਇਹ ਕਦੇ ਵੀ ਏ.ਬੀ.ਸੀ., ਸੀ.ਬੀ.ਐਸ., ਐਨ.ਬੀ.ਸੀ., ਪੀ.ਬੀ.ਐਸ., ਜਾਂ ਕੇਬਲ-ਨਿਊਜ਼ ਚੈਨਲਾਂ ਉਪਰ ਪ੍ਰਸਾਰਤ ਨਹੀਂ ਕੀਤੀ ਗਈ।

# ਹਿੰਦੂ ਸਾਮਰਾਜ ਬਾਰੇ ਦੁਰਲੱਭ ਖੋਜ ਕਾਰਜ ਦਾ ਤਰਜਮਾ

***ਕੇਰਲ ਦੇ ਜੰਮਪਲ ਪਰਮੇਸ਼ਵਰ ਮੈਨਨ ਤੋਂ ਸਵਾਮੀ ਧਰਮ ਤੀਰਥ ਬਣੇ ਇਸ ਵਿਦਵਾਨ ਨੇ ਭਰਪੂਰ ਖੋਜ ਤੋਂ ਬਾਅਦ 'ਹਿਸਟਰੀ ਆਫ ਹਿੰਦੂ ਇੰਪੀਰੀਲਿਜ਼ਮ' 1941 ਵਿਚ ਛਪਵਾਈ ਸੀ। ਪੂਰੇ 25 ਕਾਂਡਾਂ ਦੇ ਰੂਪ ਵਿਚ 400 ਸਫਿਆਂ ਉਤੇ ਫੈਲੀ ਇਸ ਕਿਤਾਬ ਵਿਚ ਲੇਖਕ ਨੇ ਬ੍ਰਾਹਮਣਵਾਦ ਬਾਰੇ ਨਿੱਠ ਕੇ ਚਰਚਾ ਕੀਤੀ ਹੈ। ਕਿਤਾਬ ਵਿਚ ਸਿੱਖ ਧਰਮ ਦਾ ਬ੍ਰਾਹਮਣਵਾਦ ਨਾਲੋਂ ਬੁਨਿਆਦੀ ਨਿਆਰੇਪਣ ਦਾ ਮਸਲਾ ਵੀ ਬਾਕਾਇਦਾ ਵਿਚਾਰਿਆ ਗਿਆ ਹੈ। ਇਸ ਕਿਤਾਬ ਦਾ ਤਰਜਮਾ ਅਮਰੀਕਾ ਵੱਸਦੇ ਪੰਜਾਬੀ ਸੋਚੀ ਸੁਲਤਾਨ ਸਿੰਘ ਨੇ ਕੀਤਾ ਹੈ। -ਸੰਪਾਦਕ***





'ਹਿੰਦੂ ਸਾਮਰਾਜਵਾਦ ਦਾ ਇਤਿਹਾਸ' ਸਵਾਮੀ ਧਰਮ ਤੀਰਥ (1893-1978) ਰਚਿਤ ਬਹੁ-ਮੁੱਲਾ ਖੋਜ-ਕਾਰਜ ਹੈ। ਕੇਰਲ ਦੇ ਇਕ ਕੱਟੜ, ਆਹਲਾ ਤਾਲੀਮਯਾਫ਼ਤਾ ਹਿੰਦੂ ਪਰਿਵਾਰ ਵਿਚ ਪੈਦਾ ਹੋਏ ਪਰਮੇਸ਼ਵਰ ਮੈਨਨ ਨੇ ਖ਼ੁਦ ਉਚ ਤਾਲੀਮ ਲੈ ਕੇ ਥੋੜ੍ਹਾ ਵਕਤ ਰਿਆਸਤੀ ਰਾਜ ਦੀ ਨੌਕਰੀ ਕੀਤੀ। ਫਿਰ ਐਲ.ਐਲ.ਬੀ. ਕੀਤੀ, ਕੁਝ ਵਕਤ ਵਕਾਲਤ ਵੀ ਕੀਤੀ, ਇਕੋ ਵਕਤ ਦੋ ਅਗਾਂਹਵਧੂ ਰਸਾਲਿਆਂ ਦਾ ਸੰਪਾਦਨ ਕੀਤਾ ਅਤੇ ਆਖ਼ਿਰ ਆਪਣੀ ਪੂਰੀ ਹਯਾਤੀ ਮੁਕੰਮਲ ਤੌਰ 'ਤੇ ਸਮਾਜਕ ਤਬਦੀਲੀ ਦੇ ਯਤਨਾਂ ਦੇ ਲੇਖੇ ਲਾ ਦਿੱਤੀ। 34 ਸਾਲ ਦੀ ਉਮਰ ਵਿਚ ਦੱਖਣੀ ਭਾਰਤ ਦੇ ਮਸ਼ਹੂਰ ਸਮਾਜ-ਸੁਧਾਰਕ ਨਰਾਇਣ ਗੁਰੂ (ਤਫ਼ਸੀਲ 22ਵਾਂ ਕਾਂਡ) ਦੀ ਮਿਕਨਾਤੀਸੀ ਸ਼ਖ਼ਸੀਅਤ ਅਤੇ ਉਸ ਦੇ 'ਇਕ ਨਸਲ, ਇਕ ਧਰਮ ਤੇ ਇਕ ਇਨਸਾਨ ਲਈ ਸਿਰਫ਼ ਇਕ ਹੀ ਪਰਮਾਤਮਾ' ਦੇ ਪੈਗ਼ਾਮ ਵਾਲੇ ਸਮਾਜ ਸੁਧਾਰਾਂ ਦੇ ਉਦਮ ਤੋਂ ਪ੍ਰਭਾਵਿਤ ਹੋ ਕੇ ਇਸੇ ਮਿਸ਼ਨ ਦਾ ਹੋ ਰਹਿ ਗਿਆ, ਬੋਧੀ ਭਿਕਸ਼ੂ ਬਣ ਗਿਆ ਅਤੇ ਆਪਣੀ ਜ਼ਿੰਦਗੀ ਦੇ ਨਵੇਂ ਸਾਰਥਕ ਉਦੇਸ਼ ਨੂੰ ਪ੍ਰਣਾ ਕੇ ਨਵੀਂ ਪਛਾਣ ਸਵਾਮੀ ਧਰਮ ਤੀਰਥ ਨਾਂ ਨਾਲ ਨਾਮਣਾ ਖੱਟਿਆ। ਇਸੇ ਮਿਸ਼ਨ ਦੇ ਪ੍ਰਚਾਰ-ਪ੍ਰਸਾਰ ਲਈ ਥਾਂ-ਥਾਂ ਘੁੰਮਦਿਆਂ ਉਸ ਨੇ ਭਾਰਤੀ ਸਮਾਜ ਦੇ ਦੱਬੇ-ਕੁਚਲੇ ਆਵਾਮ ਨਾਲ ਹਿੰਦੂਵਾਦ ਦੇ ਅਕਹਿ ਤੇ ਅਸਹਿ ਜ਼ੁਲਮ ਬਹੁਤ ਨੇੜਿਓਂ ਡਿੱਠੇ। ਉਸ ਦੀਆਂ ਅਮੁੱਕ ਧਾਰਮਿਕ ਯਾਤਰਾਵਾਂ 'ਹਿੰਦੂ ਸਾਮਰਾਜਵਾਦ' ਦੇ ਡੂੰਘੇ ਮੁਤਾਲਿਆ ਦਾ ਸਬੱਬ ਹੋ ਨਿੱਬੜੀਆਂ। ਓੜਕ ਉਸ ਨੇ ਹਿੰਦੂ ਧਰਮ ਨਾਲੋਂ ਮੁਕੰਮਲ ਤੋੜ-ਵਿਛੋੜਾ ਕਰ ਕੇ ਜਿਸ ਨਿਹਚਾ ਨਾਲ ਇਸ ਸਮਾਜੀ-ਰਾਜਸੀ ਵਰਤਾਰੇ ਦੀ ਡੂੰਘੀ ਛਾਣ-ਬੀਣ ਕਰ ਕੇ ਹਥਲਾ ਇਤਿਹਾਸਕ ਵਿਸ਼ਲੇਸ਼ਣ ਪੇਸ਼ ਕੀਤਾ, ਉਹ ਉਸ ਦੇ ਇਨਸਾਨੀਅਤ ਨਾਲ ਦਿਲੀ ਮੋਹ ਅਤੇ ਬ੍ਰਾਹਮਣਵਾਦ ਦੀ ਘਿਨਾਉਣੀ ਵਿਚਾਰਧਾਰਾ ਪ੍ਰਤੀ ਘੋਰ ਨਫ਼ਰਤ ਦਾ ਪੁਰਜ਼ੋਰ ਇਜ਼ਹਾਰ ਹੈ ਜੋ ਸਾਡੇ ਇਸ ਸਮਾਜ ਨੂੰ ਹਜ਼ਾਰਾਂ ਸਾਲਾਂ ਤੋਂ ਸਮਾਜੀ ਕੋਹੜ ਬਣ ਕੇ ਚਿੰਬੜੀ ਹੋਈ ਹੈ।

ਇਹ ਵਿਸ਼ਲੇਸ਼ਣ ਕਿਤਾਬੀ ਸ਼ਕਲ ਵਿਚ ਪਹਿਲੀ ਦਫ਼ਾ ਅੰਗਰੇਜ਼ ਰਾਜ ਦੌਰਾਨ 1941 ਵਿਚ 'ਹਿੰਦੂ ਸਾਮਰਾਜਵਾਦ ਦੇ ਭਿਆਨਕ ਖ਼ਤਰੇ' ਅਨੁਵਾਨ ਹੇਠ ਲਾਹੌਰ ਤੋਂ ਛਪਿਆ। ਬਾਅਦ ਵਿਚ 1946, 1969 ਅਤੇ 1978 ਵਿਚ ਇਸ ਦੇ ਅਗਲੇ ਐਡੀਸ਼ਨ ਛਪੇ। ਉਸ ਵਕਤ ਦੇ ਚੋਟੀ ਦੇ ਅਖ਼ਬਾਰਾਂ/ਰਸਾਲਿਆਂ ਵਿਚ ਇਸ ਖੋਜ ਦੇ ਜੋ ਰੀਵਿਊ ਛਪੇ, ਉਨ੍ਹਾਂ ਵਿਚ ਇਸ ਨੂੰ ਬੇਖ਼ੌਫ਼, ਅਸਾਧਾਰਨ ਤੇ ਅਦਭੁੱਤ ਕਿਤਾਬ ਬਿਆਨ ਕੇ ਇਸ ਨੂੰ ਹਰ ਚਿੰਤਨਸ਼ੀਲ ਇਨਸਾਨ ਨੂੰ ਲਾਜ਼ਮੀ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਸ਼ ਕੀਤੀ ਗਈ ਸੀ। ਡਾ. ਅੰਬੇਦਕਰ ਦੇ ਲਫ਼ਜ਼ਾਂ ਵਿਚ, "ਇਹ ਕਿਤਾਬ ਖ਼ਾਸ ਚਰਚਿਤ ਮਜ਼ਮੂਨ ਨੂੰ ਲੈ ਕੇ ਲਿਖੀ ਗਈ ਹੈ ਜਿਸ ਦੀ ਮੈਂ ਬੇਹੱਦ ਪ੍ਰਸ਼ੰਸਾ ਕਰਦਾ ਹਾਂ।...ਕਿਤਾਬ ਮੇਰੇ ਲਈ ਸਵਾਗਤਯੋਗ ਕਿਤਾਬ ਹੈ।"

ਲੇਖਕ ਅਨੁਸਾਰ ਇਸ ਖੋਜ ਦਾ ਮਨੋਰਥ ਭਾਰਤੀ ਆਵਾਮ ਦੀ ਇੰਨੀ ਲੰਮੀ ਗ਼ੁਲਾਮੀ ਦੇ ਕਾਰਨਾਂ ਨੂੰ ਖੋਜਣਾ, ਇਸ ਦੀ ਗਤੀ ਦਾ ਸੁਰਾਗ਼ ਲਾਉਣਾ ਅਤੇ ਇਸ ਜ਼ਰੀਏ ਸਾਰੇ ਵਰਗਾਂ ਦੀ ਜ਼ਮੀਰ ਨੂੰ ਝੰਜੋੜ ਕੇ ਜਗਾਉਣਾ ਹੈ। ਉਸ ਨੇ ਹਿੰਦੂਵਾਦ/ਬ੍ਰਾਹਮਣਵਾਦ ਦਾ ਡੂੰਘਾ ਵਿਸ਼ਲੇਸ਼ਣ ਕੀਤਾ। ਉਸ ਮੁਤਾਬਕ ਹਿੰਦੂਵਾਦ ਦਰਅਸਲ ਬ੍ਰਾਹਮਣ ਪੁਜਾਰੀ ਵਰਗ ਵਲੋਂ ਪੇਸ਼ ਕੀਤਾ ਗਿਆ ਸਮਾਜਕ, ਆਰਥਿਕ, ਰਾਜਨੀਤਕ, ਧਾਰਮਿਕ ਅਤੇ ਬੌਧਿਕ ਸਾਮਰਾਜਵਾਦ ਹੈ ਜਿਸ ਨੂੰ ਭਾਰਤੀ ਸਮਾਜ ਅੱਗੇ ਪਰੋਸ ਕੇ ਸਮਾਜ ਉਪਰ ਥੋਪ ਦਿੱਤਾ ਗਿਆ ਹੈ। ਇਸ ਸਾਮਰਾਜਵਾਦ ਵੱਲੋਂ ਮੂਲ ਭਾਰਤੀਆਂ ਨੂੰ ਉਨ੍ਹਾਂ ਦੀ ਹੀ ਆਪਣੀ ਸਰਜ਼ਮੀਨ ਉਪਰ ਅਛੂਤ ਅਤੇ ਐਨੇ ਨਿਸੱਤੇ ਤੇ ਨਿਤਾਣੇ ਬਣਾ ਦਿੱਤਾ ਗਿਆ ਕਿ ਉਹ ਇਸ ਅਨਮਨੁੱਖੀ ਜ਼ਿੰਦਗੀ ਦਾ ਬੋਝ ਢੋਣ ਤੋਂ ਇਲਾਵਾ ਕੁਝ ਸੋਚਣ-ਵਿਚਾਰਨ ਦੀ ਹਾਲਤ ਵਿਚ ਹੀ ਨਹੀਂ ਰਹੇ। ਲੇਖਕ ਦਾ ਵਿਸ਼ਵਾਸ ਹੈ ਕਿ ਸਮੁੱਚੀ ਭਾਰਤੀ ਨਸਲ ਦੀਆਂ ਗੋਡਣੀਆਂ ਲਵਾਉਣ ਵਾਲੇ ਹਿੰਦੂਆਂ ਦੇ ਧਰਮ ਸ਼ਾਸਤਰ ਵਿਦੇਸ਼ੀ ਸਾਮਰਾਜਵਾਦ ਨਾਲੋਂ ਕਿਤੇ ਵੱਧ ਸ਼ੈਤਾਨੀ ਨਾਲ ਭਰੇ ਹੋਏ ਹਨ ਅਤੇ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਇਨ੍ਹਾਂ ਨੂੰ ਤਬਾਹ ਕਰਨਾ ਬੇਹੱਦ ਜ਼ਰੂਰੀ ਹੈ। ਇਹ ਤੈਅ ਹੈ ਕਿ ਭਾਰਤ ਸਹੀ ਮਾਅਨਿਆਂ 'ਚ ਉਦੋਂ ਤਾਈਂ ਆਜ਼ਾਦ ਨਹੀਂ ਹੋ ਸਕਦਾ ਜਦ ਤਾਈਂ ਇਥੇ ਜੜ੍ਹਾਂ ਜਮਾਈ ਬੈਠੇ ਹਿੰਦੂਵਾਦੀ-ਬ੍ਰਾਹਮਣਵਾਦੀ ਢਾਂਚੇ ਨੂੰ ਨੇਸਤੋਨਾਬੂਦ ਨਹੀਂ ਕਰ ਦਿੱਤਾ ਜਾਂਦਾ ਜੋ ਨਵੇਂ ਹਾਲਾਤ ਵਿਚ ਲਗਾਤਾਰ ਆਪਣੇ ਰੂਪ ਬਦਲਦਾ ਜਾਂਦਾ ਹੈ। ਇਸ ਕੌੜੀ ਹਕੀਕਤ ਨੂੰ ਭਾਰਤ ਦੀ ਕਮਿਊਨਿਸਟ ਲਹਿਰ ਬੁੱਝਣ-ਸਮਝਣ ਤੋਂ ਲੰਮਾ ਸਮਾਂ ਆਰੀ ਰਹੀ।

***ਲੇਖਕ ਦਾ ਵਿਸ਼ਵਾਸ ਹੈ ਕਿ ਭਾਰਤੀ ਨਸਲ ਦੀਆਂ ਗੋਡਣੀਆਂ ਲਵਾਉਣ ਵਾਲੇ ਹਿੰਦੂਆਂ ਦੇ ਧਰਮ ਸ਼ਾਸਤਰ ਵਿਦੇਸ਼ੀ ਸਾਮਰਾਜਵਾਦ ਨਾਲੋਂ ਕਿਤੇ ਵੱਧ ਸ਼ੈਤਾਨੀ ਨਾਲ ਭਰੇ ਹੋਏ ਹਨ। ਤੈਅ ਹੈ ਕਿ ਭਾਰਤ ਸਹੀ ਮਾਅਨਿਆਂ 'ਚ ਉਦੋਂ ਤਾਈਂ ਆਜ਼ਾਦ ਨਹੀਂ ਹੋ ਸਕਦਾ ਜਦ ਤਾਈਂ ਇਥੇ ਜੜ੍ਹਾਂ ਜਮਾਈ ਬੈਠੇ ਹਿੰਦੂਵਾਦੀ-ਬ੍ਰਾਹਮਣਵਾਦੀ ਢਾਂਚੇ ਨੂੰ ਨੇਸਤੋਨਾਬੂਦ ਨਹੀਂ ਕਰ ਦਿੱਤਾ ਜਾਂਦਾ ਜੋ ਨਵੇਂ ਹਾਲਾਤ ਵਿਚ ਲਗਾਤਾਰ ਆਪਣੇ ਰੂਪ ਬਦਲਦਾ ਜਾਂਦਾ ਹੈ। ਇਸ ਕੌੜੀ ਹਕੀਕਤ ਨੂੰ ਭਾਰਤ ਦੀ ਕਮਿਊਨਿਸਟ ਲਹਿਰ ਬੁੱਝਣ-ਸਮਝਣ ਤੋਂ ਲੰਮਾ ਸਮਾਂ ਆਰੀ ਰਹੀ।***




ਪੰਝੀ ਕਾਂਡਾਂ ਦੇ ਰੂਪ ਵਿਚ ਚਾਰ ਸੌ ਸਫ਼ਿਆਂ ਵਿਚ ਫੈਲੀ ਇਹ ਡੂੰਘੀ ਇਤਿਹਾਸਕ ਖੋਜ ਜ਼ੋਰ ਦਿੰਦੀ ਹੈ ਕਿ ਭਾਰਤ ਦੇ ਮਹਾਨ ਲੋਕ ਅਧੀਨ, ਗ਼ੁਲਾਮ ਇਨਸਾਨਾਂ ਦੇ ਨੀਵੇਂ ਪੱਧਰ ਤੱਕ ਕਿਵੇਂ ਡਿੱਗ ਗਏ, ਇਸ ਲਈ ਜ਼ਿੰਮੇਵਾਰ ਬ੍ਰਾਹਮਣਵਾਦ ਦੀਆਂ ਪੈਰੋਕਾਰ ਤਾਕਤਾਂ ਦੀ ਸਪਸ਼ਟ ਸ਼ਨਾਖ਼ਤ ਕਰਨੀ ਬਹੁਤ ਜ਼ਰੂਰੀ ਹੈ। ਲੇਖਕ ਮੁੱਢ ਕਦੀਮੀ ਭਾਰਤੀ ਧਾਰਮਿਕ ਮਾਨਤਾਵਾਂ, ਸਮਾਜੀ ਵਿਵਸਥਾ ਤੋਂ ਆਪਣੀ ਖੋਜ ਦਾ ਆਗਾਜ਼ ਕਰ ਕੇ ਬੁੱਧ ਧਰਮ ਦੇ ਆਗਮਨ, ਇਸ ਦੀ ਚੜ੍ਹਤ, ਤੇ ਓੜਕ ਇਸ ਦੇ ਪਤਨ ਨਾਲ ਬ੍ਰਾਹਮਣਵਾਦੀ ਸਾਮਰਾਜਵਾਦ ਦੀ ਚੜ੍ਹ ਮੱਚਣ, ਵੱਖੋ-ਵੱਖਰੇ ਰਿਆਸਤੀ ਰਾਜਾਂ ਤੇ ਸਾਮਰਾਜਾਂ ਦੇ ਹੋਂਦ ਵਿਚ ਆਉਣ ਅਤੇ ਉਨ੍ਹਾਂ ਦੇ ਪਤਨ, ਧੜਵੈਲ ਹਿੰਦੂ ਮੰਦਰਾਂ ਦੀ ਧੜਾਧੜ ਤਾਮੀਰ, ਭਗਤੀ ਲਹਿਰ ਨਾਲ ਆਈ ਸੀਮਤ ਤਬਦੀਲੀ, ਹਿੰਦੂਵਾਦ ਦੇ ਉਲਟ ਇਸਲਾਮ ਧਰਮ ਦੀ ਸਾਰਥਿਕਤਾ, ਸਿੱਖ ਧਰਮ ਦੀ ਬ੍ਰਾਹਮਣਵਾਦ ਨਾਲੋਂ ਬੁਨਿਆਦੀ ਅਲਹਿਦਗੀ, ਯੂਰਪੀਨ ਧਾੜਵੀਆਂ ਦੀ ਆਮਦ ਅਤੇ ਅੰਗਰੇਜ਼ ਰਾਜ ਦੇ ਬ੍ਰਾਹਮਣਵਾਦ ਨਾਲ ਗੱਠਜੋੜ, ਅੰਗਰੇਜ਼ ਰਾਜ ਦੀ ਦੋਹਰੀ ਭੂਮਿਕਾ, ਹਿੰਦੂ ਰਾਸ਼ਟਰਵਾਦ ਦੇ ਮੁੜ ਉਭਾਰ, ਹਿੰਦੂ-ਮੁਸਲਮਾਨ ਫ਼ਸਾਦਾਂ ਵਿਚ ਹਿੰਦੂਵਾਦ ਦੀ ਮੁੱਖ ਭੂਮਿਕਾ, ਕਸ਼ਮੀਰ ਦੇ ਸਵਾਲ ਤੱਕ ਦੇ ਹਰ ਗਿਣਨਯੋਗ ਇਤਿਹਾਸਕ ਵਰਤਾਰੇ ਦੀ ਭਰਵੀਂ ਤਫ਼ਸੀਲ ਪੇਸ਼ ਕਰਦਾ ਹੈ। ਇਨ੍ਹਾਂ ਵਰਤਾਰਿਆਂ ਦੀ ਭਰਵੀਂ ਚੀਰ-ਫਾੜ ਕਰਦਿਆਂ ਲੇਖਕ ਇਨ੍ਹਾਂ ਦੀ ਤਹਿ ਹੇਠ ਕਾਰਜਸ਼ੀਲ ਕਾਰਨਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਸਥਾਪਤ ਮਿੱਥਾਂ ਤੇ ਧਾਰਨਾਵਾਂ ਤੋਂ ਲੀਹੋਂ ਹਟਵੇਂ ਨਿਚੋੜ ਪੇਸ਼ ਕਰਦਾ ਹੈ। ਮਸਲਨ, "ਕਈ ਵਾਰ ਮੰਦਰਾਂ ਦੇ ਇਸ ਵੱਡੇ ਚੜ੍ਹਾਵੇ ਨੂੰ ਵੇਖ ਕੇ ਧਨ ਦੇ ਲਾਲਚੀ ਸ਼ਹਿਜ਼ਾਦੇ, ਖ਼ਾਸ ਕਰ ਕੇ ਮੁਸਲਮਾਨ ਹੁਕਮਰਾਨਾਂ ਦੇ ਸ਼ਹਿਜ਼ਾਦੇ ਵੀ ਸਰਗਰਮੀ ਫੜ ਲੈਂਦੇ ਸਨ ਅਤੇ ਆਪਣਾ ਹਿੱਸਾ ਮੰਗਦੇ ਸਨ। ਦਰਅਸਲ ਕੰਪਨੀ ਦੇ ਅੰਗਰੇਜ਼ ਹਾਕਮਾਂ, ਕਰਮਚਾਰੀਆਂ ਅਤੇ ਬ੍ਰਾਹਮਣਾਂ ਦਰਮਿਆਨ ਇੰਨੀ ਗੂੜ੍ਹੀ ਦਿਲੀ ਨੇੜਤਾ ਤੇ ਇਕਸੁਰਤਾ ਹੋਰ ਕਿਸੇ ਵੀ ਮਾਮਲੇ ਵਿਚ ਨਹੀਂ ਰਹੀ, ਜਿੰਨੀ ਧਨਵਾਨ ਹਿੰਦੂ ਮੰਦਰਾਂ ਦੇ ਇੰਤਜ਼ਾਮਾਂ ਦੇ ਮਾਮਲੇ ਵਿਚ ਰਹੀ।...19ਵੀਂ ਸਦੀ ਦੇ ਮੱਧ ਵਿਚ ਬਣੇ ਮੰਦਰ ਅਸਲ ਵਿਚ ਗੋਰਿਆਂ ਦੀ ਜਿਸਮਾਨੀ ਜ਼ਰੂਰਤ ਦੀ ਉਪਜ ਸਨ ਅਤੇ ਇਹ ਬਿਨਾਂ ਕਿਸੇ ਵੀ ਇਤਿਹਾਸਕ ਤੱਥ ਤੋਂ ਬਣੇ ਹਨ।...ਸਾਰੇ ਮੁਲਕ ਉਪਰ ਰਾਜ ਭਾਵੇਂ ਅੰਗਰੇਜ਼ ਕਰਦੇ ਸਨ, ਪਰ ਅਸਲੀ ਜਿੱਤ ਬ੍ਰਾਹਮਣਵਾਦ ਦੀ ਹੀ ਹੋਈ ਸੀ।...ਅੰਗਰੇਜ਼ ਹਕੂਮਤ ਤੇ ਬ੍ਰਾਹਮਣਵਾਦ, ਇਹ ਦੋਵੇਂ ਤਾਕਤਾਂ ਅੰਦਰ-ਖਾਤੇ ਇਕ-ਦੂਜੇ ਨਾਲ ਬਹੁਤ ਡੂੰਘੀਆਂ ਜੁੜੀਆਂ ਹੋਈਆਂ ਹਨ, ਇਕ ਦੂਜੇ ਨੂੰ ਲਾਭ ਪਹੁੰਚਾਉਂਦੀਆਂ ਹਨ ਅਤੇ ਇਨ੍ਹਾਂ ਦੋਹਾਂ ਦਾ ਆਪਸ ਵਿਚ ਅਜਿਹਾ ਡੂੰਘਾ ਭੇਤਪੂਰਨ ਗੱਠਜੋੜ ਹੈ ਜੋ ਆਮ ਆਦਮੀ ਨੂੰ ਨਜ਼ਰ ਹੀ ਨਹੀਂ ਆਉਂਦਾ।"

ਲੇਖਕ ਅਨੁਸਾਰ ਲਫ਼ਜ਼ 'ਬ੍ਰਾਹਮਣਵਾਦ' ਇਤਿਹਾਸਕਾਰਾਂ ਵਲੋਂ ਬ੍ਰਾਹਮਣਾਂ ਦੀ ਸਭਿਅਤਾ ਅਤੇ ਉਨ੍ਹਾਂ ਵੱਲੋਂ ਕੀਤੇ ਜਾਂਦੇ ਆਵਾਮ ਦੇ ਸ਼ੋਸ਼ਣ ਨੂੰ ਦਰਸਾਉਣ ਲਈ ਈਜਾਦ ਤੇ ਇਸਤੇਮਾਲ ਕੀਤਾ ਗਿਆ ਹੈ। ਇਹ ਉਸ ਵਿਵਸਥਾ ਨੂੰ ਪਰਿਭਾਸ਼ਤ ਕਰਦਾ ਹੈ ਜਿਸ ਜ਼ਰੀਏ ਪੁਜਾਰੀ ਵਰਗ ਆਪਣੇ ਵੱਲੋਂ ਘੜੇ ਝੂਠੇ ਮਨਘੜਤ ਦਰਸ਼ਨ ਸ਼ਾਸਤਰ ਦਾ ਸਹਾਰਾ ਲੈ ਕੇ ਧਰਮ ਦੇ ਆਧਾਰ 'ਤੇ ਸਮਾਜ ਨੂੰ ਜਾਤਾਂ ਵਿਚ ਵੰਡ ਕੇ ਉਨ੍ਹਾਂ ਉਪਰ ਗ਼ਲਬਾ ਪਾਈ ਬੈਠਾ ਹੈ। ਇਹ ਵਰਗ ਆਪਣੀ ਤਾਕਤ ਨੂੰ ਰਾਜਸੱਤਾ ਦੀ ਸਰਪ੍ਰਸਤੀ ਹੇਠ ਉਤਪੰਨ ਕਰਦਾ ਹੈ ਅਤੇ ਦੋਵੇਂ ਗਰੋਹ ਮਿਲ ਕੇ ਲੋਕਾਂ ਦਾ ਬੜੀ ਚਲਾਕੀ ਨਾਲ ਸ਼ੋਸ਼ਣ ਕਰਦੇ ਹਨ। ਹਿੰਦੂ ਸਾਮਰਾਜਵਾਦ ਦੀ ਟੇਕ ਅਨੇਕਾਂ ਸਿਧਾਂਤਾਂ ਉਪਰ ਹੈ ਅਤੇ ਇਸ ਦੇ ਸੰਗਠਨ ਸੰਸਥਾਨ, ਇਸ ਦਾ ਬੀਤਿਆ ਇਤਿਹਾਸ ਅਤੇ ਇਸ ਦੇ ਧਰਮ-ਸ਼ਾਸਤਰ ਹੀ ਹਿੰਦੂ ਸਮਾਜ ਦੇ ਨਿਯਮਬੱਧ ਕਾਨੂੰਨ ਹਨ।

ਲੇਖਕ ਦਰਸਾਉਂਦਾ ਹੈ ਕਿ ਬ੍ਰਾਹਮਣਵਾਦੀ ਵਿਵਸਥਾ ਵਿਦੇਸ਼ੀ ਆਰੀਅਨ ਹਮਲਾਵਰਾਂ ਦੇ ਮੁੱਢਲੇ ਨਹੀਂ, ਸਗੋਂ ਅਗਲੇ ਵਿਕਾਸ ਦੀ ਦੇਣ ਹੈ। 'ਹਿੰਦੂਆਂ' ਦੀ ਪ੍ਰਾਚੀਨ ਵਰਣ ਵਿਵਸਥਾ ਅਤੇ ਆਸ਼ਰਮਾਂ ਵਿਚ ਜਾਤਪਾਤੀ ਪ੍ਰਥਾ ਵਾਲੀ ਕਿਸੇ ਵਿਵਸਥਾ, ਸਿਧਾਂਤ ਦੀ ਹੋਂਦ ਨਹੀਂ ਸੀ। ਬੁੱਧ ਤੋਂ ਪਹਿਲਾਂ ਹਿੰਦੂ ਧਰਮ ਨਾਂ ਦੀ ਭਾਰਤ ਵਿਚ ਕੋਈ ਸ਼ੈਅ ਹੀ ਨਹੀਂ ਸੀ। 'ਜਾਤ' ਪੂਰੀ ਤਰ੍ਹਾਂ ਆਜ਼ਾਦ ਧਾਰਮਿਕ ਵਿਵਸਥਾ ਸੀ ਜਿਹੜੀ ਨਾ ਤਾਂ ਅਤਿ-ਪ੍ਰਾਚੀਨ ਆਰੀਅਨ ਧਰਮ ਵਿਚ ਪ੍ਰਚਲਤ ਸੀ, ਨਾ ਹੀ ਅਣਘੜ ਅਵਿਕਸਤ ਭਾਰਤੀ ਧਰਮ ਵਿਚ ਪ੍ਰਚਲਤ ਸੀ ਅਤੇ ਨਾ ਹੀ ਬੁੱਧ ਧਰਮ ਵਿਚ ਮੌਜੂਦ ਸੀ। ਜਾਤਪਾਤ ਦੀ ਸ਼ੁਰੂਆਤ ਗੁਪਤ ਤਰੀਕੇ ਨਾਲ ਕਰਦੇ ਹੋਏ ਇਸ ਨੂੰ ਬਾਕਾਇਦਗੀ ਨਾਲ ਵਿਕਸਤ ਕੀਤਾ ਗਿਆ। ਇਸ ਦੇ ਮੂਲ ਨਾਲੋਂ ਬਿਲਕੁਲ ਹੀ ਵੱਖਰੇ ਕਾਰਜ ਲਈ ਇਸ ਦਾ ਇਸਤੇਮਾਲ ਕਰਨ ਵਾਲੇ ਪੁਰੋਹਤ ਵਰਗ ਨੇ ਆਪਣੀ ਘਿਨਾਉਣੀ ਵਿਵਸਥਾ ਨੂੰ ਜਾਇਜ਼ ਠਹਿਰਾਉਣ ਲਈ ਇਸ ਨੂੰ ਪ੍ਰਚਲਤ ਪ੍ਰਾਚੀਨ ਨਾਂ ਦੇ ਦਿੱਤੇ ਅਤੇ ਇਸ ਦੀ ਅੰਦਰੂਨੀ ਕਰੂਰਤਾ ਉਪਰ ਪੂਰੀ ਚਲਾਕੀ ਨਾਲ ਪਰਦਾ ਪਾ ਲਿਆ। ਖ਼ੁਦ 'ਹਿੰਦੂ' ਲਫ਼ਜ਼ ਵੀ ਭਾਰਤੀ ਨਹੀਂ, ਸਗੋਂ ਵਿਦੇਸ਼ੀ ਪਿਛੋਕੜ ਵਾਲਾ ਹੈ।

ਲੇਖਕ ਰਾਮਾਇਣ ਅਤੇ ਮਹਾਂਭਾਰਤ ਦੇ ਮਿਥਹਾਸਕ ਕਿਰਦਾਰਾਂ-ਰਾਵਣ, ਰਾਮ, ਸੀਤਾ, ਕਰਨ, ਦੁਰਯੋਧਨ, ਅਰਜਨ ਵਗੈਰਾ, ਦੀ ਵਰਗ-ਵੰਡ ਕਰ ਕੇ ਇਨ੍ਹਾਂ ਬਾਰੇ ਪ੍ਰਚਲਤ ਸਥਾਪਤ ਧਾਰਨਾਵਾਂ ਅਤੇ ਮਿੱਥਾਂ ਨੂੰ ਇਕ ਵਾਢਿਓਂ ਖ਼ਾਰਜ ਕਰਦਾ ਜਾਂਦਾ ਹੈ ਅਤੇ ਤਰਕਪੂਰਨ ਢੰਗ ਨਾਲ ਇਹ ਸਥਾਪਤ ਕਰਦਾ ਹੈ ਕਿ ਬ੍ਰਾਹਮਣਵਾਦ ਵਲੋਂ ਬੇਈਮਾਨੀ ਨਾਲ ਕੀਤੀਆਂ ਇਨ੍ਹਾਂ ਕਿਰਦਾਰਾਂ ਦੀਆਂ ਪੇਸ਼ਕਾਰੀਆਂ ਦੀ ਵਜ੍ਹਾ ਨਾਲ ਇਸ ਚਲਾਕ ਵਰਗ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋਏ ਲਾਈਲੱਗ ਭਾਰਤੀ ਲੋਕ ਰਾਵਣ ਜਿਹੇ ਮਹਾਨ ਕਿਰਦਾਰਾਂ ਨੂੰ ਤਾਂ ਰਾਖਸ਼ ਤੇ ਬਦਕਾਰ ਸਮਝ ਕੇ ਭੰਡਦੇ ਹਨ ਜਦਕਿ ਜੂਏਬਾਜ਼, ਸ਼ਰਾਬੀ ਪਾਂਡਵ ਆਰੀਅਨਾਂ ਜਿਹੇ ਬਦਕਾਰ ਕਿਰਦਾਰਾਂ ਨੂੰ ਦੇਵਤੇ ਸਮਝ ਕੇ ਪੂਜਦੇ ਹਨ। ਲੇਖਕ ਠੋਸ ਤੱਥਾਂ ਸਹਿਤ ਇਹ ਸਾਬਤ ਕਰਦਾ ਹੈ ਕਿ ਬ੍ਰਾਹਮਣ ਵਰਗ ਦੀ ਆਪਣਾ ਸਿਰਮੌਰ ਗ਼ਲਬਾ ਬਣਾਈ ਰੱਖਣ ਦੀ ਲਾਲਸਾ ਕਿਵੇਂ ਹਰ ਵਿਦੇਸ਼ੀ ਹਮਲਾਵਰ ਨੂੰ 'ਜੀ ਆਇਆਂ ਨੂੰ' ਕਹਿਣ, ਇਸ ਵਰਗ ਦੇ ਗ਼ਲਬੇ ਨੂੰ ਕਮਜ਼ੋਰ ਕਰਨਾ ਚਾਹੁੰਦੇ ਸਥਾਨਕ ਰਾਜਿਆਂ ਦੇ ਆਜ਼ਾਦ ਰਾਜਾਂ ਨੂੰ ਕਮੀਨੀਆਂ ਸਾਜ਼ਿਸ਼ਾਂ ਜ਼ਰੀਏ ਤਬਾਹ ਕਰਨ ਤੇ ਵਿਦੇਸ਼ੀ ਹਮਲਾਵਰਾਂ ਦੇ ਕਬਜ਼ੇ ਨੂੰ ਪੱਕੇ ਪੈਰੀਂ ਕਰਨ ਅਤੇ ਭਾਰਤੀ ਆਵਾਮ ਦੀ ਮੂਲ ਰਾਸ਼ਟਰਵਾਦੀ ਭਾਵਨਾ ਦੇ ਜੜ੍ਹੀਂ ਤੇਲ ਦਿੰਦੀ ਆਈ ਹੈ। ਇਸ ਵਰਗ ਦਾ ਮੁੱਢ ਤੋਂ ਹੀ ਇਹੀ ਸਿਆਸੀ ਤੇ ਧਾਰਮਿਕ ਰੋਡ-ਮੈਪ ਰਿਹਾ ਹੈ।


ਹਾਲ ਹੀ ਵਿਚ ਇਸ ਕਿਤਾਬ ਦਾ ਪੰਜਾਬੀ ਵਿਚ ਛਪਣਾ ਇਸ ਕਾਰਨ ਹੋਰ ਵੀ ਅਹਿਮੀਅਤ ਅਖ਼ਤਿਆਰ ਕਰ ਲੈਂਦਾ ਹੈ ਕਿ 1930ਵਿਆਂ ਦੇ ਅਖ਼ੀਰ ਵਿਚ ਇਹ ਖੋਜ ਕਾਰਜ ਕਰਦੇ ਵਕਤ ਲੇਖਕ ਨੇ ਹਿੰਦੂ ਸਾਮਰਾਜਵਾਦ ਦੀ ਮਜ਼ਬੂਤ ਜਕੜ ਦੇ ਮੱਦੇਨਜ਼ਰ ਬਹੁਤ ਹੀ ਅਹਿਮ ਪੇਸ਼ੀਨਗੋਈ ਕੀਤੀ ਸੀ। ਉਹ ਇਹ ਕਿ ਅੰਗਰੇਜ਼ਾਂ ਦੇ ਰਾਜ ਤੋਂ ਮੁਲਕ ਨੂੰ ਆਜ਼ਾਦ ਕਰਾਉਣ ਦੇ ਇਤਿਹਾਸਕ ਕਾਜ ਨੂੰ ਪ੍ਰਣਾਈਆਂ ਤਾਕਤਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਸ ਵਿਵਸਥਾ ਨੂੰ ਪੂਰੀ ਤਰ੍ਹਾਂ ਫ਼ਨਾਹ ਕੀਤੇ ਬਗੈਰ ਲਿਆਂਦੀ ਜਾਣ ਵਾਲੀ ਆਜ਼ਾਦੀ ਅਧੂਰੀ ਹੋਵੇਗੀ। ਲੇਖਕ ਨਿਚੋੜ ਕੱਢਦਾ ਹੈ, "ਸਾਨੂੰ ਆਪਣੀ ਰਾਸ਼ਟਰੀ ਮਾਨਸਿਕ ਰਚਨਾ ਦੀ ਉਸਾਰੀ ਬ੍ਰਾਹਮਣਵਾਦ ਦੀ ਸ਼ਹਿ 'ਤੇ ਜਾਤਾਂ ਦੇ ਮਲਬੇ ਉਪਰ ਨਹੀਂ, ਬਲਕਿ ਬਰਾਬਰੀ ਅਤੇ ਭਾਈਚਾਰੇ ਦੀ ਠੋਸ ਜ਼ਮੀਨ ਉਪਰ ਕਰਨੀ ਚਾਹੀਦੀ ਹੈ। ਜਿੰਨਾ ਚਿਰ ਅਸੀਂ ਇੰਝ ਨਹੀਂ ਕਰਦੇ, ਜਾਤਪਾਤੀ ਮੱਤਭੇਦਾਂ ਅਤੇ ਅੰਦਰੂਨੀ ਅਫ਼ਰਾ-ਤਫ਼ਰੀ ਦੀ ਰੇਤ ਨਾਲ ਉਸਾਰੀ ਗਈ ਭਾਰਤ ਦੀ ਆਜ਼ਾਦੀ ਸਮੁੰਦਰ ਦੇ ਕੰਢੇ ਉਪਰ ਸੁਰੱਖਿਅਤ ਨਹੀਂ ਰਹਿ ਸਕਦੀ।" 1947 ਦੀ ਸੱਤਾ ਬਦਲੀ ਨਾਲ ਹੋਂਦ ਵਿਚ ਆਏ 'ਆਜ਼ਾਦ ਭਾਰਤ' ਦੀ ਪੌਣੇ ਸੱਤ ਦਹਾਕਿਆਂ ਦੀ ਕਾਰਗੁਜ਼ਾਰੀ ਨਾਲ ਲੇਖਕ ਦੀ ਪੇਸ਼ੀਨਗੋਈ ਸੌ ਫ਼ੀਸਦੀ ਸੱਚ ਸਾਬਤ ਹੋਈ ਹੈ ਜੋ ਇਸ ਦਾ ਸਬੂਤ ਹੈ ਕਿ ਉਸ ਦੀ ਇਸ ਵਿਵਸਥਾ ਦੀ ਮੂਲ ਤਾਸੀਰ ਉਪਰ ਕਿੰਨੀ ਡੂੰਘੀ ਪਕੜ ਸੀ ਅਤੇ ਉਸ ਦੀ ਦ੍ਰਿਸ਼ਟੀ ਕਿੰਨੀ ਦੂਰ-ਅੰਦੇਸ਼ ਸੀ। ਇਨ੍ਹਾਂ ਦਹਾਕਿਆਂ ਦੌਰਾਨ 'ਆਜ਼ਾਦ ਭਾਰਤ' ਵਿਚ ਦਲਿਤਾਂ ਦੀ ਹੱਕ-ਜਤਾਈ ਅਤੇ ਉਨ੍ਹਾਂ ਦੀ ਆਪਣੇ ਮਨੁੱਖੀ ਸਵੈਮਾਣ ਦੀ ਬਹਾਲੀ ਦੀ ਰੀਝ ਨੂੰ ਕੁਚਲਣ ਲਈ ਬ੍ਰਾਹਮਣਵਾਦੀ ਵਿਵਸਥਾ ਦੀਆਂ ਪੈਰੋਕਾਰ ਤਾਕਤਾਂ ਅਤੇ ਅਜੋਕਾ 'ਹਿੰਦੂ ਸਾਮਰਾਜਵਾਦ' ਜਿਸ ਬੇਰਹਿਮੀ ਨਾਲ ਪੇਸ਼ ਆਇਆ ਤੇ ਅੱਜ ਤਾਈਂ ਆ ਰਿਹਾ ਹੈ, ਉਨ੍ਹਾਂ ਦਾ ਵਤੀਰਾ ਪੂਰੀ ਤਰ੍ਹਾਂ ਸਵਾਮੀ ਧਰਮ ਤੀਰਥ ਵਲੋਂ ਤਸੱਵਰ ਕੀਤੀ ਅਧੂਰੀ ਆਜ਼ਾਦੀ ਵਾਲੀ ਭਵਿੱਖੀ ਵਿਵਸਥਾ ਦੇ ਅਨੁਸਾਰ ਹੀ ਹੈ। ਦਰਅਸਲ ਬ੍ਰਾਹਮਣਵਾਦੀ ਵਿਵਸਥਾ ਨੇ ਆਪਣੇ ਸਰੂਪ ਨੂੰ ਸੱਤਾਬਦਲੀ ਦੇ ਨਵੇਂ ਹਾਲਾਤ ਅਨੁਸਾਰ ਢਾਲ-ਤਰਾਸ਼ ਕੇ ਅਤੇ ਇਸ ਉਪਰ ਆਵਾਮ ਦੀਆਂ ਆਜ਼ਾਦੀ, ਬਿਹਤਰ ਜ਼ਿੰਦਗੀ ਅਤੇ ਤਰੱਕੀ ਦੀਆਂ ਰੀਝਾਂ ਦਾ ਮੁਲੰਮਾ ਚਾੜ੍ਹ ਕੇ ਇਸ ਦੇ ਓਹਲੇ ਆਪਣੀ ਮੂਲ ਤਾਸੀਰ ਨੂੰ ਇਕ ਵਾਰ ਫਿਰ ਮਹਿਫ਼ੂਜ਼ ਬਣਾ ਲਿਆ ਸੀ।

ਮੋਦੀ ਦੀ ਅਗਵਾਈ ਹੇਠ ਹਿੰਦੂਤਵੀ ਫਾਸ਼ੀਵਾਦ ਦੇ ਸੱਤਾਨਸ਼ੀਨ ਹੋਣ ਦੇ ਸਮਕਾਲ ਅੰਦਰ, ਇਤਫ਼ਾਕਨ ਇਹ ਕਿਤਾਬ ਪੰਜਾਬੀ ਵਿਚ ਪਹਿਲੀ ਵਾਰ ਤਰਜਮਾ ਹੋ ਕੇ ਛਪਣ ਦੀ ਆਪਣੀ ਹੀ ਖ਼ਾਸ ਅਹਿਮੀਅਤ ਅਤੇ ਪ੍ਰਸੰਗਿਕਤਾ ਹੈ। ਅੱਜ ਜਦੋਂ ਸਮੁੱਚਾ ਭਗਵਾਂ ਬ੍ਰਿਗੇਡ, ਇਸ ਦੇ 'ਥਿੰਕ-ਟੈਂਕ' ਅਤੇ ਇਨ੍ਹਾਂ ਦਾ ਹੁਕਮਰਾਨ ਲਾਣਾ ਧਰਮ-ਨਿਰਪੱਖਤਾ, ਜਮਹੂਰੀਅਤ ਤੇ ਲੋਕ ਭਲਾਈ ਦੇ ਮੁਲੰਮੇ ਨੂੰ ਲਾਹ ਕੇ ਇਸ ਰਾਜ ਦਾ ਅਸਲ ਚਿਹਰਾ-ਮੋਹਰਾ ਬੇਖ਼ੌਫ਼ ਹੋ ਕੇ ਸਾਹਮਣੇ ਲਿਆਉਣ ਅਤੇ ਲੰਮੀਆਂ ਮਾਨਵਤਾਵਾਦੀ ਜੱਦੋ-ਜਹਿਦਾਂ ਦੇ ਸੀਮਤ ਹਾਸਲਾਂ ਨੂੰ ਬੇਰਹਿਮੀ ਨਾਲ ਖ਼ਤਮ ਕਰਨ ਲਈ ਪੂਰਾ ਤਾਣ ਲਾ ਰਹੇ ਹਨ ਤਾਂ ਇਸ ਰਾਜ ਅਤੇ ਇਸ ਦੀ ਬੁਨਿਆਦ, ਜ਼ਾਲਮ ਸਮਾਜੀ ਢਾਂਚੇ ਬਾਰੇ ਭਰਮ-ਭੁਲੇਖੇ ਦੂਰ ਹੋਣ ਦਾ ਰਾਹ ਵੀ ਸਹਿਲ ਹੋ ਗਿਆ ਹੈ। ਸਵਾਮੀ ਧਰਮ ਤੀਰਥ ਦੀ ਪੌਣੀ ਸਦੀ ਪਹਿਲਾਂ ਦੀ ਬੌਧਿਕ ਘਾਲਣਾ ਨੂੰ ਇਸ ਬਦਲ ਰਹੇ ਰਾਜਸੀ ਹਾਲਾਤ ਵਿਚ ਰੱਖ ਕੇ ਪੜ੍ਹਨ ਤੇ ਨਿਰਖਣ-ਪਰਖਣ ਦੀ ਲੋੜ ਹੈ। ਉਸ ਨੇ ਸਪਸ਼ਟ ਲਿਖਿਆ ਸੀ: "ਹਿੰਦੂਵਾਦੀ ਸਮਾਜਕ ਵਿਵਸਥਾ ਸਾਰੀ ਮਨੁੱਖਤਾ ਦੀ ਆਜ਼ਾਦੀ, ਏਕਤਾ ਅਤੇ ਸ਼ਾਂਤੀ ਲਈ ਧਮਕੀ, ਦਹਿਸ਼ਤ ਅਤੇ ਗੰਭੀਰ ਖ਼ਤਰਾ ਹੈ। (ਸਫ਼ਾ 307)...ਜਾਤੀ ਦੀ ਸਰਗਰਮੀ ਉਦੋਂ ਸੱਚਮੁੱਚ ਖ਼ਤਮ ਹੋ ਜਾਵੇਗੀ, ਜਦੋਂ ਰਾਜ ਇਸ ਨੂੰ ਨੇਕ-ਨੀਅਤੀ ਨਾਲ ਖ਼ਤਮ ਕਰਨਾ ਚਾਹੇਗਾ।" ਲਿਹਾਜ਼ਾ ਇਸ "ਹਿੰਦੂ ਸਾਮਰਾਜਵਾਦ" ਨੂੰ ਫ਼ਨਾਹ ਕਰਨ ਦੇ ਸਪਸ਼ਟ ਕਾਜ ਨੂੰ ਬੁਨਿਆਦੀ ਸਮਾਜਕ ਬਦਲਾਅ ਲਈ ਜੱਦੋ-ਜਹਿਦ ਦਾ ਅਨਿੱਖੜ ਅੰਗ ਬਣਾ ਕੇ ਲੜਨਾ ਹੀ ਸੱਚੇ ਸਮਾਜਕ ਤਬਦੀਲੀ ਦੀ ਜ਼ਾਮਨੀ ਹੈ।

ਅਮਰੀਕਾ ਵਿਚ ਮਿਹਨਤ-ਮੁਸ਼ੱਕਤ ਵਿਚ ਮਸਰੂਫ਼ ਸੋਚੀ ਸੁਲਤਾਨ ਸਿੰਘ ਦਾ ਅਜਿਹੇ ਮੌਕਾ-ਮੇਲ ਉਪਰ ਐਨੀ ਦੁਰਲੱਭ ਕਿਤਾਬ ਤਲਾਸ਼ਣੀ, ਇਸ ਦਾ ਤਰਜਮਾ ਕਰਨ ਦਾ ਵੱਡਾ ਹੰਭਲਾ ਮਾਰਨਾ ਅਤੇ ਫਿਰ ਖ਼ੁਦ ਹੀ ਇਸ ਨੂੰ ਪੱਲਿਓਂ ਪੈਸੇ ਖ਼ਰਚ ਕੇ ਛਪਵਾਉਣਾ ਆਪਣੇ ਆਪ ਵਿਚ ਮਾਅਰਕਾ ਹੈ। ਇੰਨੇ ਵੱਡੇ ਤਰੱਦਦ ਲਈ ਤਰਜਮਾਕਾਰ ਸੱਚੀਂ ਹੀ ਵਧਾਈ ਦਾ ਹੱਕਦਾਰ ਹੈ। ਉਸ ਵਲੋਂ ਜਾਤਪਾਤੀ ਭੇਦਭਾਵ ਨਾਲ ਆਪਣੇ ਪ੍ਰਚੰਡ ਨਿੱਜੀ ਸੰਘਰਸ਼ ਦੀ ਤਫ਼ਸੀਲ ਰੂਪੀ ਭੇਂਟ ਸੌ ਸਫ਼ਿਆਂ ਦੀ ਅੰਤਿਕਾ ਕਿਤਾਬ ਵਿਚ ਸ਼ਾਮਲ ਕਰ ਦੇਣ ਨਾਲ ਇਹ ਕਿਤਾਬ ਕੁਝ ਕੁ ਬੋਝਲ ਜ਼ਰੂਰ ਹੋ ਗਈ ਜਾਪਦੀ ਹੈ, ਪਰ ਜਾਤਪਾਤੀ ਵਿਵਸਥਾ ਇਨਸਾਨ ਦੇ ਸਵੈਮਾਣ ਨੂੰ ਜਿਸ ਕਦਰ ਕੁਚਲਦੀ ਤੇ ਉਸ ਦੀ ਕੋਮਲਤਾ ਨੂੰ ਵਲੂੰਧਰਦੀ ਹੈ, ਉਸ ਦੇ ਮੱਦੇਨਜ਼ਰ ਇਸ ਘਿਨਾਉਣੇ ਵਰਤਾਰੇ ਦੇ ਪ੍ਰਤੀਕਰਮ ਵਿਚੋਂ ਅਜਿਹੀਆਂ ਸੰਪਾਦਕੀ ਖ਼ਾਮੀਆਂ ਬਹੁਤੇ ਮਾਇਨੇ ਨਹੀਂ ਰੱਖਦੀਆਂ।

# ਸੱਚ ਕਹਿ: 'ਕੱਲਾ ਹੀ ਰਹਿ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

'ਗੰਗਾ ਗਏ ਗੰਗਾ ਰਾਮ' ਅਤੇ 'ਜਮਨਾ ਗਏ ਜਮਨਾ ਦਾਸ' ਬਣ ਜਾਣ ਵਾਲੇ ਬੰਦੇ ਸੁੱਖ-ਚੈਨ ਨਾਲ ਜ਼ਿੰਦਗੀ ਜਿਉਂਦੇ ਹਨ। ਚੜ੍ਹੀ-ਲੱਥੀ ਦਾ ਕੋਈ ਫਿਕਰ ਨਾ ਫਾਕਾ। ਹਰ ਹਾਲ ਵਿਚ ਅਨੰਦ ਪ੍ਰਸੰਨ। ਉਨ੍ਹਾਂ ਨੂੰ ਸਭ ਕੁਝ ਠੀਕ ਹੀ ਜਾਪਦਾ ਹੈ; ਉਲਟਾ-ਪੁਲਟਾ ਜਾਂ ਗਲਤ-ਮਲਤ ਕੁਝ ਵੀ ਨਹੀਂ। ਉਨ੍ਹਾਂ ਦੇ ਸਾਹਮਣੇ ਜੋ ਕੁਝ ਵੀ ਹੋ ਰਿਹਾ ਹੋਵੇ, ਉਨ੍ਹਾਂ ਸੜਨ-ਭੁੱਜਣ ਦੀ ਬਜਾਏ, ਉਹਦੇ ਨਾਲ ਤਾਲ-ਮੇਲ ਹੀ ਬਿਠਾਉਣਾ ਹੁੰਦਾ ਹੈ; ਤਾੜੀਆਂ ਮਾਰ ਕੇ ਖੁਸ਼ ਹੀ ਹੋਣਾ ਹੁੰਦਾ ਹੈ। ਅਜਿਹੇ ਲੋਕਾਂ ਸਾਹਮਣੇ ਜੇ ਕੋਈ ਬੈਂਗਣ ਦੀ ਸਬਜ਼ੀ ਨੂੰ ਨਖਿੱਧ ਸਾਬਤ ਕਰ ਰਿਹਾ ਹੋਵੇ, ਤਦ ਉਹ ਬੈਂਗਣ ਨੂੰ 'ਬੇ-ਗੁਣ' ਬਣਾ ਕੇ ਹਾਂ ਵਿਚ ਹਾਂ ਮਿਲਾਉਣ ਵਿਚ ਦੇਰੀ ਨਹੀਂ ਕਰਦੇ; ਤੇ ਜੇ ਬੈਂਗਣ ਨੂੰ ਸਵਾਦੀ ਤੇ ਪੌਸ਼ਟਿਕ ਆਹਾਰ ਦੱਸਿਆ ਜਾ ਰਿਹਾ ਹੋਵੇ, ਉਨ੍ਹਾਂ ਫੌਰਨ ਬੈਂਗਣ ਦੀ ਬਨਾਵਟ ਦਾ ਗੁਣ-ਗਾਨ ਕਰਦਿਆਂ ਕਹਿ ਦੇਣਾ ਹੁੰਦਾ ਹੈ, 'ਤਾਂ ਹੀ ਕੁਦਰਤ ਨੇ ਇਸ ਦੇ ਸਿਰ 'ਤੇ ਮੁਕਟ ਧਰਿਆ ਹੋਇਆ ਹੈ।'

ਇਹੋ ਜਿਹੇ ਭੱਦਰ ਪੁਰਸ਼ਾਂ ਤੋਂ ਉਲਟ ਆਪਣੇ ਆਪ ਨੂੰ ਸਿਧਾਂਤਵਾਦੀ ਕਹਾਉਣ ਵਾਲੇ ਬੰਦੇ ਹਰ ਸਮੇਂ ਰਊਂ-ਰਊਂ ਕਰਦੇ ਰਹਿੰਦੇ ਨੇ। ਜਿੰਨੀ ਵੱਡੀ ਅਸੂਲਪ੍ਰਸਤੀ ਦੀ ਪੰਡ ਕਿਸੇ ਨੇ ਸਿਰ 'ਤੇ ਚੁੱਕ ਰੱਖੀ ਹੋਵੇਗੀ, ਉਤਨਾ ਹੀ ਉਸ ਨੂੰ ਮੁੱਲ ਵੀ ਤਾਰਨਾ ਪੈਂਦਾ ਹੈ। ਵੱਡੀ ਪੰਡ ਵਾਲੇ ਨੂੰ ਸੜਨਾ-ਕ੍ਰਿਝਣਾ ਵੱਧ ਪੈਂਦਾ ਹੈ ਤੇ ਛੋਟੀ ਪੰਡ ਵਾਲੇ ਨੂੰ ਜ਼ਰਾ ਘੱਟ।

ਕਦੀ ਅਜਿਹਾ ਹੋ ਸਕਦਾ ਹੈ ਕਿ ਕਿਸੇ ਸਮਾਗਮ 'ਤੇ ਸੱਦੇ ਪੱਤਰ ਦੇ ਕੇ, ਆਉਣ ਦੀ ਵਾਰ-ਵਾਰ ਤਾਕੀਦ ਕਰ ਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਮਹਿਮਾਨ ਨੂੰ ਕੋਈ ਪਾਣੀ ਵੀ ਨਾ ਪੁੱਛੇ? ਕੋਈ ਇਹ ਵੀ ਨਾ ਪਤਾ ਕਰੇ ਕਿ ਸਮਾਗਮ ਵਿਚ ਪਧਾਰਿਆ ਸ੍ਰੀਮਾਨ ਮੁੱਖ ਮਹਿਮਾਨ ਆਖਰ ਬੈਠਾ ਕਿੱਥੇ ਹੈ? ਚਾਵਾਂ-ਮਲਾਰਾਂ ਨਾਲ ਬੁਲਾਇਆ ਹੋਇਆ ਉਹ ਅਣਗੌਲਿਆ ਪ੍ਰਾਹੁਣਾ ਹੀ ਬਣ ਕੇ ਰਹਿ ਜਾਵੇ? ਅਜਿਹਾ ਵਾਪਰਨਾ ਸੱਚਾਈ ਤੋਂ ਕੋਹਾਂ ਦੂਰ ਜਾਪਦਾ ਹੈ; ਲੇਕਿਨ ਮੈਂ ਇਹ 'ਬਦਸਲੂਕੀ' ਆਪਣੇ ਪਿੰਡੇ 'ਤੇ ਹੰਢਾਈ ਹੋਈ ਹੈ। ਕੁਝ ਕੁ ਘੰਟੇ ਪਹਿਲਾਂ ਹੱਥੀਂ ਛਾਂਵਾਂ ਕਰਵਾ ਕੇ ਫਿਰ ਖੂੰਡੇ ਲਾਈਨ ਲੱਗ ਜਾਣ ਦਾ 'ਆਨੰਦ' ਮਾਣਿਆ ਹੋਇਆ ਹੈ। ਆਪਣਾ ਇਹ 'ਹਸ਼ਰ' ਕਰਵਾਉਣ ਪਿੱਛੇ ਮੇਰਾ ਕਸੂਰ ਕੀ ਸੀ...ਅਗਲੀਆਂ ਸਤਰਾਂ ਵਿਚ ਦੱਸ ਦਿੰਦਾ ਹਾਂ।

ਸੰਨ ਛਿਆਨਵੇਂ ਵਿਚ ਪਛੜੇ ਜਿਹੇ ਇਲਾਕੇ ਦੇ ਗੁੰਮਨਾਮ ਜਿਹੇ ਪਿੰਡ ਵਿਚ ਮੇਰਾ ਸ਼੍ਰੋਮਣੀ ਕਮੇਟੀ ਮੈਂਬਰ ਬਣ ਜਾਣ ਨਾਲ ਟੌਹਰ-ਟੱਪਾ ਕਾਫੀ ਵਧ ਗਿਆ। ਜਦੋਂ ਸੰਨ ਨੜਿੰਨਵੇਂ ਵਿਚ ਬਾਦਲ-ਟੌਹੜਾ ਲੜਾਈ ਸ਼ੁਰੂ ਹੋ ਗਈ, ਤਾਂ ਸਾਨੂੰ ਸਰਕਾਰ ਵਲੋਂ ਦੋ-ਦੋ ਬਾਡੀਗਾਰਡ ਦੇ ਦਿੱਤੇ ਗਏ। ਆਮ ਲੋਕਾਂ ਦੀ ਨਜ਼ਰ ਵਿਚ ਸਾਡੀ ਸ਼ਾਨ ਦੂਣ-ਸਵਾਈ ਹੋ ਗਈ। ਆਪਣੇ ਸ਼ਾਦੀ-ਗਮੀ ਦੇ ਸਮਾਗਮਾਂ ਵਿਚ ਮੈਨੂੰ ਬੁਲਾਉਣਾ ਸਾਡੇ ਇਲਾਕੇ ਵਾਲਿਆਂ ਨੇ ਆਪਣੀ 'ਸ਼ਾਨ' ਸਮਝਣਾ ਸ਼ੁਰੂ ਕਰ ਦਿੱਤਾ। ਆਟੋਮੈਟਿਕ ਗੰਨਾਂ ਵਾਲੇ ਦੋ ਵਰਦੀਧਾਰੀ



ਪੁਲਿਸ ਮੁਲਾਜ਼ਮ ਮੇਰੇ ਸੱਜੇ-ਖੱਬੇ ਹੁੰਦੇ। ਇਸ ਰੂਪ ਵਿਚ ਅਸੀਂ ਜਿੱਥੇ ਵੀ ਜਾਂਦੇ, ਲੋਕ ਇਉਂ ਸਮਝਦੇ ਕਿ ਸਾਡੇ ਘਰ 'ਮੰਤਰੀ' ਹੀ ਆ ਗਿਆ ਹੈ। ਜਨ-ਸਧਾਰਨ ਸਾਨੂੰ ਅੱਡੀਆਂ ਚੁੱਕ-ਚੁੱਕ ਦੇਖਦੇ ਰਹਿੰਦੇ। ਜਿਨ੍ਹਾਂ ਦੇ ਸਮਾਗਮ ਵਿਚ ਅਸੀਂ ਸ਼ਾਮਲ ਹੋਏ ਹੁੰਦੇ, ਉਹ ਐਵੇਂ ਫੁੱਲ-ਫੁੱਲ ਕੁੱਪਾ ਬਣੀ ਜਾਂਦੇ।

ਇਨ੍ਹਾਂ ਹੀ ਦਿਨਾਂ ਵਿਚ ਸਾਡੇ ਇਕ ਜਾਣੂ ਪਰਿਵਾਰ ਵਿਚ ਮੁੰਡੇ ਦਾ ਵਿਆਹ ਆ ਗਿਆ। ਵਧੀਆ ਮਠਿਆਈ ਦੇ ਡੱਬੇ ਸਮੇਤ ਕਾਰਡ ਦੇਣ ਆਏ ਉਹ ਸੱਜਣ, ਮੈਨੂੰ ਬੜੇ ਮੋਹ-ਸਤਿਕਾਰ ਨਾਲ ਕਹਿੰਦੇ, 'ਅਸੀਂ ਸਭ ਤੋਂ ਪਹਿਲਾਂ ਤੁਹਾਨੂੰ ਹੀ ਕਾਰਡ ਦੇਣ ਆਏ ਹਾਂ।' ਸਾਡੇ ਘਰ ਚਾਹ ਪੀਂਦਿਆਂ ਉਹ ਵਾਰ-ਵਾਰ ਕਹੀ ਜਾਣ ਕਿ ਮੈਂ ਡਾਇਰੀ 'ਤੇ ਨੋਟ ਕਰ ਲਵਾਂ, ਤਾਂ ਕਿ ਕਿਤੇ ਤਰੀਕ ਭੁੱਲ ਹੀ ਨਾ ਜਾਵੇ। ਦੂਜੇ-ਤੀਜੇ ਮੈਨੂੰ ਉਨ੍ਹਾਂ ਦਾ ਫੋਨ ਵੀ ਆਉਂਦਾ ਰਿਹਾ। ਜੇ ਕਿਤੇ ਉਹ ਰਾਹ ਵਾਟੇ ਵੀ ਮਿਲ ਪੈਂਦੇ, ਤਾਂ ਬਰਾਤੇ ਜਾਣ ਦੀ ਤਾਕੀਦ ਕਰਨੀ ਨਾ ਭੁੱਲਦੇ।

'ਟੌਹੜਾ-ਕਲਰ' ਨੀਲੀ ਦਸਤਾਰ ਸਜਾ ਕੇ ਦੁੱਧ-ਚਿੱਟੇ ਕੁੜਤੇ ਪਜਾਮੇ ਉਤੋਂ ਜਥੇਦਾਰ ਵਾਲੀ ਕਾਲੀ ਜੈਕਟ ਪਹਿਨ ਕੇ ਆਪਣੇ ਦੋਹਾਂ ਬਾਡੀਗਾਰਡਾਂ ਸਮੇਤ ਮੈਂ ਵਿਆਹ ਵਾਲੇ ਘਰ ਜਾ ਪਹੁੰਚਿਆ। ਬਰਾਤ ਚੜ੍ਹਨ ਦੀ ਤਿਆਰੀ ਹੋ ਰਹੀ ਸੀ। ਸਾਨੂੰ ਘਰ ਆਏ ਦੇਖ ਕੇ ਉਨ੍ਹਾਂ ਦੀਆਂ ਵਾਛਾਂ ਖਿੜ ਗਈਆਂ। ਉਨ੍ਹਾਂ ਦਾ ਇਕ ਮੁੰਡਾ ਕਈ ਸਾਲਾਂ ਬਾਅਦ ਕੈਨੇਡਾ ਤੋਂ ਪੱਕਾ ਹੋ ਕੇ ਮੁੜਿਆ ਸੀ। ਉਹਦੇ ਨਾਲ ਸਾਡੀ ਉਚੇਚੀ 'ਇੰਟਰੋਡਕਸ਼ਨ' ਕਰਵਾਈ ਗਈ। ਆਏ ਹੋਏ ਰਿਸ਼ਤੇਦਾਰਾਂ ਉਤੇ ਰੋਹਬ ਜਮਾਉਣ ਲਈ ਮੈਨੂੰ 'ਕੱਲੇ-'ਕੱਲੇ ਨਾਲ ਮਿਲਾਇਆ ਗਿਆ। ਤਹਿ-ਦਿਲੋਂ ਆਓ-ਭਗਤ ਕਰਦਿਆਂ ਵਿਆਂਦੜ ਮੁੰਡੇ ਦੇ ਬਾਪ ਨੇ ਸਾਨੂੰ ਤਿੰਨਾਂ ਨੂੰ ਆਪਣੀ ਗੱਡੀ ਵਿਚ ਬਹਾਇਆ।

ਵਾਜੇ-ਗਾਜਿਆਂ ਨਾਲ ਚੜ੍ਹੀ ਬਰਾਤ ਕੁੜੀ ਵਾਲਿਆਂ ਦੇ ਪਿੰਡ ਪਹੁੰਚ ਗਈ। ਮਿਲਣੀ ਮੌਕੇ ਵੀ ਮੇਰਾ ਮਾਣ-ਸਤਿਕਾਰ ਕਰਦਿਆਂ ਮੈਨੂੰ ਦਸਤਾਰ ਭੇਟ ਕੀਤੀ ਗਈ। ਚਾਹ-ਪਾਣੀ ਅਤੇ ਅਨੰਦ ਕਾਰਜ ਤੋਂ ਫੌਰਨ ਬਾਅਦ ਬਰਾਤ ਦੇ ਡੇਰੇ ਕੋਲ ਪਏ ਖੁੱਲ੍ਹੇ ਖੇਤ ਵਿਚ ਸਟੇਜ ਲੱਗਣਾ ਸ਼ੁਰੂ ਹੋ ਗਿਆ। ਪਤਾ ਲੱਗਾ ਕਿ ਮੁੰਡੇ ਵਾਲਿਆਂ ਨੇ ਆਪਣੀ ਅਮੀਰੀ ਦਿਖਾਉਣ ਲਈ ਗਾਇਕ ਕਲਾਕਾਰ ਜੋੜੀ ਨੂੰ ਬੁਲਾਇਆ ਹੋਇਆ ਹੈ। ਕਲਾਕਾਰ ਵੀ ਉਹ ਜੋ ਫੂਹੜ ਕਿਸਮ ਦੇ ਗੀਤ ਗਾਉਣ ਲਈ ਮਸ਼ਹੂਰ ਸੀ।

ਜੇ ਮੈਨੂੰ ਪਹਿਲੋਂ ਪਤਾ ਲੱਗ ਜਾਂਦਾ ਤਾਂ ਸ਼ਾਇਦ ਮੈਂ ਮੁੰਡੇ ਦੇ ਬਾਪ ਨੂੰ ਸਮਝਾ ਕੇ ਕਲਾਕਾਰ ਬੁਲਾਉਣ ਤੋਂ ਹਟਾ ਹੀ ਲੈਂਦਾ, ਪਰ ਹੁਣ ਤਾਂ ਕੀਤਾ ਵੀ ਕੁਝ ਨਹੀਂ ਸੀ ਜਾ ਸਕਦਾ। ਖੈਰ, ਗਾਇਕ ਜੋੜੀ ਦੇ ਸਾਜ਼ਿੰਦੇ ਸਟੇਜ 'ਤੇ ਜਾ ਚੜ੍ਹੇ, ਮਗਰੇ ਹੀ ਸ਼ੋਖ ਰੰਗਾਂ ਦੇ ਕੁੜਤੇ-ਚਾਦਰੇ ਵਾਲਾ ਸਿੰਗਰ ਅਤੇ ਭੜਕੀਲੇ ਲਿਬਾਸ ਵਾਲੀ ਚੰਚਲ ਜਿਹੀ ਗਾਇਕ ਕੁੜੀ ਵੀ ਸਟੇਜ ਉਤੇ ਆ ਕੇ ਚੋਹਲ-ਮੋਹਲ ਜਿਹੇ ਕਰਨ ਲੱਗ ਪਏ। ਚੁਸਤ-ਚਲਾਕ ਗਾਇਕ ਨੇ ਮੈਨੂੰ ਗੰਨਮੈਨਾਂ ਵਿਚ ਘਿਰਿਆ ਦੇਖ ਕੇ ਮੇਰੇ ਬਾਰੇ ਥੋੜ੍ਹੀ-ਬਹੁਤੀ ਜਾਣਕਾਰੀ ਸ਼ਾਇਦ ਆਉਂਦਿਆਂ ਹੀ ਲੈ ਲਈ ਸੀ। 'ਰੱਬ ਵਰਗੇ' ਸਰੋਤਿਆਂ ਨੂੰ ਫਤਹਿ ਬੁਲਾ ਕੇ ਗਾਇਕ ਕਲਾਕਾਰ ਨੇ ਪਹਿਲਾਂ ਮੈਨੂੰ ਚੰਗੀ ਫੂਕ ਛਕਾਈ। ਮਾੜੀ ਕਿਸਮਤ ਨੂੰ ਉਸ ਨੇ ਮੈਨੂੰ ਪਹਿਲਾਂ ਹੀ ਸਟੇਜ 'ਤੇ ਸੱਦ ਲਿਆ। ਆਖੇ, ਸਾਨੂੰ ਅਸ਼ੀਰਵਾਦ ਦਿਓ...ਅਸੀਂ ਪ੍ਰੋਗਰਾਮ ਸ਼ੁਰੂ ਕਰੀਏ।

ਲਓ ਜੀ...ਮੈਨੂੰ ਚੜ੍ਹ ਗਿਆ ਜਥੇਦਾਰ ਵਾਲਾ ਤਾਅ। ਪਹਿਲਾਂ ਤਾਂ ਮੈਂ ਮੁੰਡੇ ਵਾਲਿਆਂ ਦਾ ਰਗੜਾ ਬੰਨ੍ਹਦਿਆਂ ਉਨ੍ਹਾਂ ਨੂੰ ਪੁੱਛਿਆ ਕਿ ਕੱਲ੍ਹ ਤੁਸੀਂ ਅਖੰਡ ਪਾਠ ਦੇ ਭੋਗ ਮੌਕੇ ਸੱਦ ਲਿਆ ਸ੍ਰੀ ਦਰਬਾਰ ਸਾਹਿਬ ਦਾ ਰਾਗੀ ਜਥਾ, ਜਿਸ ਨੇ ਇਲਾਹੀ ਬਾਣੀ ਦਾ ਕੀਰਤਨ ਕਰ ਕੇ ਰੂਹਾਨੀ ਰੰਗ ਬਿਖੇਰਿਆ; ਅੱਜ ਤੁਸੀਂ ਆਹ ਕੰਜਰਘਾਟ ਦਾ ਪ੍ਰੋਗਰਾਮ ਬਣਾ ਲਿਆ?

ਚੰਦਾ ਦੇਤੇ ਹੈਂ ਮਸਜਿਦ ਮੇਂ ਔਰ ਪੀਤੇ ਹੈਂ ਮੈਖਾਨੇ ਮੇਂ
ਖੁਦਾ ਵੀ ਨਾਰਾਜ਼ ਨਾ ਹੋ ਸ਼ੈਤਾਨ ਭੀ ਰਾਜ਼ੀ ਰਹੇ।

ਸਾਹਮਣੇ ਬੈਠੀਆਂ ਕੁੜੀਆਂ-ਬੁੜ੍ਹੀਆਂ ਵੱਲ ਹੱਥ ਕਰ ਕੇ ਮੈਂ ਸਵਾਲ ਕੀਤਾ ਕਿ ਸਟੇਜ 'ਤੇ ਨੱਚ ਰਹੀ ਅੱਧ-ਨੰਗੀ ਕੁੜੀ ਦੇਖ ਕੇ, ਬੀਬੀਓ ਭੈਣੋਂ...ਤੁਹਾਡਾ ਦਿਲ ਨਹੀਂ ਕਰਦਾ ਕਿ ਇਨ੍ਹਾਂ ਮਰਦਾਂ ਨੂੰ ਲਾਹਣਤਾਂ ਪਾਈਏ? ਲੱਚਰਪੁਣੇ ਵਿਰੁਧ ਜੀਅ ਭਰ ਕੇ ਬੋਲਦਿਆਂ ਮੈਂ ਕਲਾਕਾਰ ਨੂੰ ਵੀ ਚੰਗੀ ਤਰ੍ਹਾਂ 'ਲੂਣ' ਦਿੱਤਾ। ਸ਼੍ਰੋਮਣੀ ਕਮੇਟੀ ਦੇ ਮੈਂਬਰ ਵਾਲੇ ਫਰਜ਼ਾਂ ਨੂੰ ਆਪਣੇ ਵਲੋਂ ਬਾ-ਖੂਬੀ ਨਿਭਾਅ ਕੇ ਮੈਂ ਸਟੇਜ ਤੋਂ ਥੱਲੇ ਉਤਰ ਆਇਆ। ਆਲੇ-ਦੁਆਲੇ ਸਰਸਰੀ ਜਿਹੀ ਨਜ਼ਰ ਮਾਰਦਿਆਂ ਮੈਂ ਤਾੜਿਆ ਕਿ ਇਕੱਠ ਵਿਚ ਬੈਠੇ ਕੁਝ ਨੀਲੀਆਂ-ਪੀਲੀਆਂ ਪੱਗਾਂ ਵਾਲਿਆਂ ਦੇ ਚਿਹਰੇ ਜ਼ਰੂਰ ਖਿੜੇ ਹੋਏ ਸਨ, ਪਰ ਬਹੁਤੇ ਮੇਰੇ ਵੱਲ ਇੰਜ ਦੇਖ ਰਹੇ ਸਨ ਜਿਵੇਂ ਮਾਰ-ਖੰਡੀ ਮੱਝ, ਬਾਲਟੀ ਲੈ ਕੇ ਦੁੱਧ ਚੋਣ ਆਉਂਦਿਆਂ ਵੱਲ ਘੂਰਦੀ ਹੁੰਦੀ ਹੈ।

ਹੁਣ ਉਥੇ ਮੇਰੇ ਬੈਠੇ ਰਹਿਣ ਦੀ ਕੋਈ ਕਸਰ ਤਾਂ ਰਹਿ ਈ ਨਹੀਂ ਸੀ ਗਈ; ਸੋ, ਮੈਂ ਇਕੱਠ ਵਿਚੋਂ ਰਵਾਂ-ਰਵੀਂ ਤੁਰਦਾ ਬਾਹਰ ਆ ਗਿਆ। ਜਿਹੜੇ ਕੱਲ੍ਹ ਦੇ ਮੈਨੂੰ ਪਲਕਾਂ 'ਤੇ ਬਿਠਾਉਂਦੇ ਰਹੇ ਸਨ, ਹੁਣ ਉਨ੍ਹਾਂ ਮੇਰੇ ਨਾਲ ਅੱਖਾਂ ਵੀ ਨਾ ਮਿਲਾਈਆਂ। ਮੇਰੇ ਗੰਨਮੈਨਾਂ ਦੇ ਨਾਲ ਦੋ-ਤਿੰਨ ਬੰਦੇ ਹੋਰ ਉਠ ਕੇ ਮੇਰੇ ਨਾਲ ਆ ਰਲੇ। ਅਸੀਂ ਪੰਜ-ਸੱਤ ਜਣੇ ਸੂਮੋ ਗੱਡੀ ਵਿਚ ਆਣ ਬੈਠੇ। ਮੇਰੇ ਗੰਨਮੈਨ ਤਾਂ ਮੈਨੂੰ ਉਲਾਂਭਾ ਜਿਹਾ ਦੇਣ ਲੱਗ ਪਏ ਕਿ ਸਰ ਜੀ, ਵੋਟਾਂ ਦਾ ਖਿਆਲ ਰੱਖਿਆ ਕਰੋ, ਤੁਸੀਂ ਫਿਰ ਵੀ ਇਲੈਕਸ਼ਨ ਲੜਨੀ ਐ; ਪਰ ਅਖਾੜੇ ਵਿਚੋਂ ਉਠ ਕੇ ਸਾਡੇ ਨਾਲ ਆਏ ਇਕ ਹੋਰ ਸੱਜਣ ਨੇ ਮੇਰੀ ਤਾਈਦ ਕਰਨ ਦੇ ਨਾਲ-ਨਾਲ ਨਵੀਂ ਗੱਲ ਸੁਣਾ ਦਿੱਤੀ, ਜਿਸ ਨੂੰ ਸੁਣ ਕੇ ਅਸੀਂ ਸਾਰੇ ਖਿੜ-ਖਿੜਾ ਕੇ ਹੱਸ ਪਏ,

"ਜਥੇਦਾਰ ਜੀ, ਜਦ ਤੁਸੀਂ ਤਵਾ ਲਾ ਰਹੇ ਸੀ...", ਉਹ ਬੰਦਾ ਦੱਸਣ ਲੱਗਾ, "...ਉਨ੍ਹਾਂ ਦਾ ਬਾਹਰੋਂ ਆਇਆ ਮੁੰਡਾ ਆਪਣੇ ਘਰਦਿਆਂ ਨੂੰ ਕਹਿੰਦਾ, 'ਓ ਤੁਸੀਂ ਐਸ ਬੰਦੇ ਨੂੰ ਸਵੇਰੇ-ਸ਼ਾਮ ਫੋਨ ਕਰੀ ਜਾਂਦੇ ਸੀ ਕਿ ਬਰਾਤੇ ਜ਼ਰੂਰ ਜਾਣਾ ਜੀ?...ਕੀ ਗੱਡਾ ਖੜ੍ਹਾ ਸੀ ਇਹਦੇ ਖੁਣੋਂ....ਆਪਣਾ ਜਲੂਸ ਕੱਢਿਐ ਉਹਨੇ ਸਵਾਰ ਕੇ।"

# ਕੀਰਤਨ ਵਿਚ ਗੂੰਜਦੀਆਂ ਫਿਲਮੀ ਧੁਨਾਂ

ਅੱਜ ਦੁਨੀਆਂ ਦੇ ਹਰ ਮੁਲਕ ਵਿਚ ਸਿੱਖ ਆਪਣੇ ਪੈਰ ਜਮਾ ਚੁੱਕੇ ਹਨ ਅਤੇ ਆਪਣੀ ਮਿਹਨਤ-ਮੁਸ਼ੱਕਤ ਸਦਕਾ ਰਹਿਣ-ਸਹਿਣ-ਬਹਿਣ ਦੇ ਚੰਗੇ ਤੌਰ-ਤਰੀਕੇ ਅਪਨਾ ਕੇ ਸੋਹਣਾ ਜੀਵਨ ਵੀ ਗੁਜ਼ਾਰ ਰਹੇ ਹਨ। ਸਿੱਖਾਂ ਦੀ ਜੋ ਪਹਿਲੀ ਆਤਮਿਕ ਜ਼ਰੂਰਤ ਹੈ, ਉਹ ਹੈ ਇਸ ਦੇ ਧਾਰਮਿਕ ਅਸਥਾਨ ਜੋ ਗੁਰਦੁਆਰਿਆਂ ਦੇ ਰੂਪ ਵਿਚ ਸਿੱਖਾਂ ਨੇ ਹਰ ਥਾਂ ਸਥਾਪਤ ਕਰ ਲਏ ਹਨ। ਇਨ੍ਹਾਂ ਗੁਰੂਘਰਾਂ ਵਿਚ ਹਰ ਵੀਕ-ਐਂਡ 'ਤੇ ਖੂਬ ਰੌਣਕਾਂ ਲਗਦੀਆਂ ਹਨ। ਗੁਰਬਾਣੀ ਕੀਰਤਨ ਤੇ ਕਥਾ ਦੇ ਪ੍ਰਵਾਹ ਚਲਦੇ ਹਨ। ਸੰਗਤ ਇਨ੍ਹਾਂ ਦੇ ਭਰਪੂਰ ਅਨੰਦ ਮਾਣਦੀ ਹੈ। ਕਈ ਵਾਰੀ ਸਿੱਖਾਂ ਦੇ ਸਿਰਮੌਰ ਧਾਰਮਿਕ ਅਸਥਾਨਾਂ ਤੋਂ ਇਹ ਫਰਮਾਨ ਵੀ ਜਾਰੀ ਹੁੰਦੇ ਰਹਿੰਦੇ ਹਨ ਕਿ ਗੁਰਬਾਣੀ ਕੀਰਤਨ, ਰਾਗਾਂ ਵਿਚ ਹੀ ਹੋਣਾ ਚਾਹੀਦਾ ਹੈ, ਪਰ ਇਹੋ ਜਿਹੇ ਫਰਮਾਨ ਜਾਂ ਐਲਾਨ ਦੋ-ਚਾਰ ਦਿਨ ਦੀ ਦੰਦ-ਕਥਾ ਬਣ ਕੇ ਰਹਿ ਜਾਂਦੇ ਹਨ; ਅਸਰ ਕਦੀ ਕਿਸੇ ਉਤੇ ਵੀ ਨਹੀਂ ਹੁੰਦਾ।

ਅੱਜ ਦੇ ਯੁੱਗ ਵਿਚ ਅਣਗਿਣਤ ਕੀਰਤਨੀ ਜਥੇ ਕੀਰਤਨ ਕਰ ਰਹੇ ਹਨ ਅਤੇ ਮਾਇਆ ਦੇ ਨਾਲ-ਨਾਲ ਚੰਗਾ ਨਾਮ ਵੀ ਕਮਾ ਰਹੇ ਹਨ, ਪਰ ਸ਼ਬਦ ਗੁਰੂ ਦੀ ਬਾਣੀ ਦਾ ਜੋ ਪ੍ਰਚਾਰ ਤੇ ਸਤਿਕਾਰ ਹੋਣਾ ਚਾਹੀਦਾ ਸੀ, ਉਹ ਨਹੀਂ ਹੋ ਰਿਹਾ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਪਿਛਲੇ ਕੁਝ ਸਮੇਂ ਤੋਂ ਬਹੁਤ ਸਾਰੇ ਕੀਰਤਨੀ ਜਥੇ ਐਸੇ ਵੀ ਸੁਣਨ ਨੂੰ ਮਿਲ ਰਹੇ ਹਨ ਜਿਨ੍ਹਾਂ ਦੇ ਨਾਂਵਾਂ ਨਾਲ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸੁਣਨ ਨੂੰ ਮਿਲਦਾ ਹੈ। ਕੀ ਵਾਕਿਆ ਹੀ ਇੰਨੇ ਸਾਰੇ ਜਥੇ ਦਰਬਾਰ ਸਾਹਿਬ ਵਿਖੇ ਕੀਰਤਨ ਕਰਦੇ ਆ ਰਹੇ ਹਨ? ਕੀ ਸ਼੍ਰੋਮਣੀ ਕਮੇਟੀ ਉਨ੍ਹਾਂ ਨੂੰ ਆਪ ਕੀਰਤਨ ਲਈ ਵਿਦੇਸ਼ਾਂ ਵਿਚ ਭੇਜਦੀ ਹੈ? ਜਾਂ ਇਹ ਛੁੱਟੀ ਲੈ ਕੇ ਵਿਦੇਸ਼ਾਂ ਨੂੰ ਆਉਂਦੇ ਹਨ? ਕਿੰਨੇ ਕੁ ਚਿਰ ਤੋਂ ਇਹ ਜਥੇ ਉਥੇ ਸੇਵਾਵਾਂ ਨਿਭਾਉਂਦੇ ਆ ਰਹੇ ਹਨ? ਜਾਂ ਉਥੇ ਬੈਠੇ ਸਾਡੇ ਧਾਰਮਿਕ ਲੀਡਰ ਮਾਇਆ ਦੇ ਮੋਟੇ ਗੱਫੇ ਲੈ ਕੇ ਇਕ-ਦੋ ਮਹੀਨੇ ਸੇਵਾ ਕਰਵਾ ਕੇ ਹਜ਼ੂਰੀ ਰਾਗੀ ਦਾ ਲਕਬ ਦੇਈ ਜਾਂਦੇ ਹਨ!

ਦੂਜੇ ਪਾਸੇ ਕਈ ਐਸੇ ਨਾਮਵਰ ਕੀਰਤਨੀ ਜਥੇ ਵੀ ਹੋਏ ਹਨ ਅਤੇ ਹੈਣ ਵੀ, ਜਿਨ੍ਹਾਂ ਨੇ ਦਰਬਾਰ ਸਾਹਿਬ ਕੀਰਤਨ ਨਹੀਂ ਕੀਤਾ, ਪਰ ਗੁਰੂ ਪੰਥ ਦੀ ਸੇਵਾ ਵਿਚ ਆਪਣਾ ਜੀਵਨ ਗੁਜ਼ਾਰ ਦਿੱਤਾ ਹੈ। ਗੁਰੂ ਦੇ ਕੀਰਤਨ ਨਾਲ ਜੁੜੇ ਹੋਏ ਸਾਰੇ ਤਾਂ ਹਰਗਿਜ਼ ਨਹੀਂ, ਪਰ ਕੁਝ ਕੁ ਲੋਕਾਂ ਨੇ ਸਸਤੀ ਸ਼ੋਹਰਤ ਜਾਂ ਕਾਹਲੀ ਨਾਲ ਨਾਮ ਕਮਾਉਣ ਦਾ ਰਸਤਾ ਅਪਨਾ ਕੇ ਗੁਰਬਾਣੀ ਦੇ ਪਵਿੱਤਰ ਸ਼ਬਦਾਂ ਨੂੰ ਫਿਲਮਾਂ ਦੀਆਂ ਐਸੀਆਂ ਧੁਨਾਂ ਉਤੇ ਗਾਇਆ ਹੈ ਕਿ ਸੁਣਨ ਵਾਲੇ ਅਸ਼-ਅਸ਼ ਕਰ ਉਠੇ ਹਨ। ਪਾਕਿਸਤਾਨੀ ਗਜ਼ਲ ਗਾਇਕ ਗੁਲਾਮ ਅਲੀ ਨਾਲ ਵੱਜਦੇ ਮਾਸਟਰ ਤਾਰੀ ਦੇ ਤਬਲੇ ਦੀਆਂ ਚਲੰਤ ਗਤਾਂ ਨੂੰ ਵੀ ਸਾਡੇ ਕੀਰਤਨੀਆਂ ਨੇ ਖੂਬ ਅਪਨਾਇਆ, ਸੁਰ ਅਤੇ ਰਿਦਮ ਦੋਹਾਂ ਨੇ ਮਿਲ ਕੇ ਗੁਲਾਮ ਅਲੀ ਅਤੇ ਫਿਲਮਾਂ ਦੀਆਂ ਧੁਨਾਂ ਦਾ ਫਾਇਦਾ ਉਠਾ ਕੇ ਨਾਮ ਅਤੇ ਨਾਮਾ ਰੱਜ ਕੇ ਸਮੇਟਿਆ, ਪਰ ਗਾਉਣ ਅਤੇ ਸੁਣਨ ਵਾਲੇ ਦੋਹਾਂ ਪਾਸਿਆਂ ਵਲੋਂ ਕਦੀ ਇਹ ਸੋਚਣ ਦੀ ਜ਼ਰੂਰਤ ਹੀ ਮਹਿਸੂਸ ਨਾ ਕੀਤੀ ਗਈ ਕਿ ਗੁਰੂ ਦੇ ਸ਼ਬਦ ਨੂੰ ਕਿਹੜੀਆਂ ਚੀਜ਼ਾਂ ਦੀ ਮਿਲਾਵਟ ਨਾਲ ਸ਼ਿੰਗਾਰ ਕੇ ਗੁਰੂ ਤੇ ਸੰਗਤਾਂ ਦੇ ਸਨਮੁਖ ਪੇਸ਼ ਕੀਤਾ ਜਾ ਰਿਹਾ ਹੈ! ਉਂਜ, ਸੋਚਣ ਦੀ ਲੋੜ ਹੀ ਨਹੀਂ ਰਹਿ ਜਾਂਦੀ, ਕਿਉਂਕਿ ਮਿਲਾਵਟ ਵਾਲਾ ਸਾਮਾਨ ਅੱਜ ਸੰਸਾਰ ਦੀ ਮੰਡੀ ਵਿਚ ਖੂਬ ਮਹਿੰਗਾ ਅਤੇ ਪੂਰੀ ਸ਼ਾਨੋ-ਸ਼ੌਕਤ ਨਾਲ ਵਿਕ ਰਿਹਾ ਹੈ।

ਕੁਝ ਸਾਲ ਪਹਿਲਾਂ ਸਾਡੇ ਏਰੀਏ ਵਿਚ ਵੀ ਗੁਰਦੁਆਰੇ ਸਥਾਪਿਤ ਹੋਏ ਹਨ। ਸਾਰਿਆਂ ਨੂੰ ਬੇਹੱਦ ਖੁਸ਼ੀ ਹੋਈ ਕਿ ਹੁਣ ਕੀਰਤਨ-ਕਥਾ ਸੁਣਨ ਦੇ ਜ਼ਿਆਦਾ ਅਵਸਰ ਪ੍ਰਾਪਤ ਹੋਇਆ ਕਰਨਗੇ। ਪਹਿਲਾਂ-ਪਹਿਲਾਂ ਵੀਕ-ਐਂਡ 'ਤੇ ਅਤੇ ਫਿਰ ਸ਼ਾਮ ਸਵੇਰੇ ਵੀ ਕੀਰਤਨ ਸ਼ੁਰੂ ਹੋ ਗਏ। ਸ਼ੁਰੂ ਵਿਚ ਤਾਂ ਕੋਈ ਵਿਰਲਾ ਜਥਾ ਹੀ ਵਤਨਾਂ ਤੋਂ ਆਉਂਦਾ ਸੀ, ਪਰ ਹੁਣ ਤਾਂ ਕਮਾਲ ਹੀ ਹੋ ਗਈ ਸੀ; ਇੰਨੇ ਜਥੇ ਆਉਣ ਲੱਗ ਪਏ ਕਿ ਪੁੱਛੋ ਹੀ ਨਾ। ਕਈਆਂ ਦੀ ਤਾਂ ਵਾਰੀ ਹੀ ਨਾ ਆਉਣੀ। ਜਥੇ ਵੀ ਇਕ-ਦੂਜੇ ਤੋਂ ਵਧ ਕੇ ਸੋਹਣੀਆਂ ਪਿਆਰੀਆਂ ਆਵਾਜ਼ਾਂ ਅਤੇ ਮਿੱਠੀਆਂ ਬੰਦਿਸ਼ਾਂ ਵਿਚ ਕੀਰਤਨ ਕਰਦੇ। ਸੰਗਤਾਂ ਝੂਮ ਉਠਦੀਆਂ ਪਰ ਪਿਛਲੇ ਕੁਝ ਸਮੇਂ ਤੋਂ ਦੱਬਵੀਂ ਜਿਹੀ ਸੁਰ ਵਿਚ ਇਕ ਚਰਚਾ ਵੀ ਚੱਲ ਰਹੀ ਸੀ।

> ਗੁਰੂ ਦੇ ਕੀਰਤਨ ਨਾਲ ਜੁੜੇ ਹੋਏ ਸਾਰੇ ਤਾਂ ਹਰਗਿਜ਼ ਨਹੀਂ, ਪਰ ਕੁਝ ਕੁ ਲੋਕਾਂ ਨੇ ਸਸਤੀ ਸ਼ੋਹਰਤ ਜਾਂ ਕਾਹਲੀ ਨਾਲ ਨਾਮ ਕਮਾਉਣ ਦਾ ਰਸਤਾ ਅਪਨਾ ਕੇ ਗੁਰਬਾਣੀ ਦੇ ਪਵਿੱਤਰ ਸ਼ਬਦਾਂ ਨੂੰ ਫਿਲਮਾਂ ਦੀਆਂ ਐਸੀਆਂ ਧੁਨਾਂ ਉਤੇ ਗਾਇਆ ਹੈ ਕਿ ਸੁਣਨ ਵਾਲੇ ਅਸ਼-ਅਸ਼ ਕਰ ਉਠੇ ਹਨ।

ਪਿਛਲੇ ਸਾਲ ਇਕ ਜਥਾ ਆਇਆ ਜੋ ਨਵਾਂ-ਨਵਾਂ ਮਸ਼ਹੂਰ ਹੋ ਰਿਹਾ ਸੀ। ਬਹੁਤ ਮਾਸੂਮ ਅਤੇ ਭੋਲੀਆਂ ਸ਼ਕਲਾਂ ਵਾਲੇ ਕੀਰਤਨੀਏ ਸਨ। ਸੰਗਤਾਂ ਨੇ ਵੀ ਵਧ-ਚੜ੍ਹ ਕੇ ਸੇਵਾ ਕੀਤੀ। ਹੁਣ ਤਾਂ ਜਿਵੇਂ ਉਸ ਜਥੇ ਨੇ ਪ੍ਰਬੰਧਕਾਂ ਅਤੇ ਸੰਗਤਾਂ ਉਤੇ ਜਾਦੂ ਹੀ ਕਰ ਦਿੱਤਾ ਹੋਵੇ! ਉਹ ਦੋ ਮਹੀਨੇ ਲਾ ਕੇ ਜਾਂਦੇ ਅਤੇ ਦੋ ਮਹੀਨੇ ਮਗਰੋਂ ਉਨ੍ਹਾਂ ਨੂੰ ਫਿਰ ਬੁਲਾ ਲਿਆ ਜਾਂਦਾ। ਸਾਰਾ ਖਰਚਾ ਕਮੇਟੀ ਹੀ ਉਠਾਉਂਦੀ ਅਤੇ ਉਨ੍ਹਾਂ ਦੇ ਰਹਿਣ ਦਾ ਇੰਤਜ਼ਾਮ ਵੀ ਚੰਗੇ ਖਾਂਦੇ-ਪੀਂਦੇ ਘਰਾਂ ਵਿਚ ਕਰਵਾਇਆ ਜਾਂਦਾ। ਜਥਾ ਵੀ ਹਰ ਫੇਰੀ 'ਤੇ ਵਧ-ਚੜ੍ਹ ਕੇ ਕੀਰਤਨ ਕਰਦਾ। ਪੁਰਾਣੀਆਂ ਫਿਲਮਾਂ ਦੀਆਂ ਮਨ ਨੂੰ ਲੁਭਾਉਂਦੀਆਂ ਤਰਜ਼ਾਂ, ਉਪਰੋਂ ਜਥੇ ਦੀਆਂ ਬੀਬੀਆਂ ਸ਼ਕਲਾਂ- ਸੋਨੇ 'ਤੇ ਸੁਹਾਗੇ ਦਾ ਕੰਮ ਕਰ ਜਾਂਦੀਆਂ। ਹੁਣ ਜੋ ਚਰਚਾ ਹੋ ਰਹੀ ਸੀ, ਉਹ ਇਹ ਸੀ ਕਿ ਜਥਾ ਜਦੋਂ ਸਟੇਜ 'ਤੇ ਬੈਠਦਾ ਤਾਂ ਬੀਬੀਆਂ ਜੋ ਘਰਾਂ ਤੋਂ ਖੂਬ ਸਜ-ਧਜ ਕੇ ਆਈਆਂ ਹੁੰਦੀਆਂ, ਆਪਣੇ ਪਾਸਿਓਂ ਉਠ ਕੇ ਸਟੇਜ ਦੇ ਸਾਹਮਣੇ ਸਜ ਜਾਂਦੀਆਂ। ਆਦਮੀ ਹੌਲੀ-ਹੌਲੀ ਪਿੱਛੇ ਸਰਕਣਾ ਸ਼ੁਰੂ ਕਰ ਦਿੰਦੇ, ਦੁਖੀ ਵੀ ਹੁੰਦੇ; ਪਰ ਬੋਲਦੇ ਕੁਝ ਨਾ। ਜਿਉਂ ਹੀ ਕੀਰਤਨ ਸ਼ੁਰੂ ਹੁੰਦਾ, ਬੀਬੀਆਂ ਸੁਰ ਨਾਲ ਸੁਰ ਮਿਲਾ ਕੇ ਗਾਉਂਦੀਆਂ ਤੇ ਝੂਮਦੀਆਂ, ਕੁਝ ਸਮਝਦਾਰ ਸਿਆਣੇ ਲੋਕ ਅੰਦਰੋਂ ਬੜੇ ਦੁਖੀ ਸਨ ਕਿ ਗੁਰਬਾਣੀ ਦੇ ਕੀਰਤਨ ਵਿਚ ਫਿਲਮੀ ਧੁਨਾਂ ਦਾ ਕੀ ਕੰਮ? ਪਰ ਬੋਲੇ ਕੌਣ? ਜੋ ਬੋਲੇ ਉਹੀ ਗੱਦਾਰ!

ਅੱਜ ਵੀ ਐਤਵਾਰ ਦਾ ਦਿਨ ਸੀ, ਸ਼ਬਦ ਗਾਇਨ ਹੋ ਰਿਹਾ ਸੀ- ਹਉ ਵਾਰੀ ਮੁਖੁ ਫੇਰਿ ਪਿਆਰੇ; ਫਿਲਮ 'ਨਾਗਿਨ' ਦੀ ਤਰਜ਼ ਸੀ- 'ਤੇਰੇ ਇਸ਼ਕ ਕਾ ਮੁਝ ਪੇ ਹੂਆ ਯਿਹ ਅਸਰ ਹੈ।' ਸਿਆਣੇ ਬਜ਼ੁਰਗ ਸਿਰ ਨੀਵੇਂ ਕਰੀ ਬੈਠੇ ਸਨ, ਨੌਜਵਾਨ ਇੱਧਰ-ਉਧਰ ਦੇਖ ਰਹੇ ਸਨ। ਦੂਜਾ ਸ਼ਬਦ ਸ਼ੁਰੂ ਹੋਇਆ- ਹਰਿ ਹਰਿ ਹਰਿ ਨ ਜਪਸਿ ਰਸਨਾ; ਫਿਲਮ 'ਕਭੀ ਕਭੀ' ਵਾਲੀ ਤਰਜ਼ ਸੀ- 'ਪਹਿਲੀ-ਪਹਿਲੀ ਵਾਰ ਦੇਖਾ ਐਸਾ ਜਲਵਾ।' ਹੁਣ ਸਿਆਣੇ ਉਠ ਕੇ ਬਾਹਰ ਆ ਗਏ, ਨੌਜਵਾਨ ਇਕ-ਦੂਜੇ ਵੱਲ ਵੇਖ ਕੇ ਕੁਝ ਆਖ ਰਹੇ ਸਨ ਪਰ ਜਥੇ ਅਤੇ ਬੀਬੀਆਂ ਅਤਿਅੰਤ ਪ੍ਰੇਮ 'ਚ ਸ਼ਬਦ ਦਾ ਗਾਇਨ ਕਰ ਰਹੇ ਸਨ।

ਇਹ ਕੋਈ ਨਵੀਂ ਪ੍ਰਥਾ ਨਹੀਂ ਹੈ, ਪੁਰਾਣੀ ਹੈ ਅਤੇ ਇਸ ਦਾ ਗੁਰੂ ਦੇ ਪਿਆਰਿਆਂ ਨੇ ਰੱਜ ਕੇ ਭਰਪੂਰ ਫਾਇਦਾ ਵੀ ਉਠਾਇਆ ਹੈ। ਅਜੇ ਕੁਝ ਹਫਤੇ ਪਹਿਲਾਂ ਹੀ ਇਕ ਨਗਰ ਕੀਰਤਨ ਦਾ ਚੈਨਲਾਂ 'ਤੇ ਸਿੱਧਾ ਪ੍ਰਸਾਰਨ ਕੀਤਾ ਜਾ ਰਿਹਾ ਸੀ। ਪੰਥ ਦਾ ਕੋਈ ਮਹਾਨ ਜਥਾ ਕੀਰਤਨ ਕਰ ਰਿਹਾ ਸੀ, ਜਾਂ ਉਸ ਦੀ ਰਿਕਾਰਡਿੰਗ ਵੱਜ ਰਹੀ ਸੀ। ਸ਼ਬਦ ਸੀ- ਹਉ ਵੰਞਾ ਕੁਰਬਾਣੁ ਸਾਈ ਆਪਣੇ; ਫਿਲਮ ਸੀ- 'ਹਮ ਆਪ ਕੇ ਹੈਂ ਕੌਨ', ਤੇ ਤਰਜ਼ ਸੀ- 'ਆਜ ਹਮਾਰੇ ਦਿਲ ਮੇਂ ਅਜਬ ਸੀ ਹਲਚਲ ਹੈ।' ਗੁਰੂ ਦਾ ਇਕ ਹੋਰ ਮਹਾਨ ਜਥਾ ਇਸੇ ਹੀ ਸ਼ਬਦ ਨੂੰ ਨੁਸਰਤ ਫਤਹਿ ਅਲੀ ਦੇ ਗੀਤ ਦੀ ਤਰਜ਼ 'ਤੇ ਗਾ ਕੇ ਵਾਹਵਾ ਖੱਟ ਰਿਹਾ ਹੈ। ਤਰਜ਼ ਵਾਲੇ ਗੀਤ ਦੇ ਬੋਲ ਹਨ- 'ਅੱਖੀਆਂ ਹੋ ਜਾਣ ਚਾਰ ਤੇ ਸੌਣਾ ਭੁੱਲ ਜਾਂਦਾ।' ਆਉ ਜ਼ਰਾ ਆਪਣੇ ਆਪ ਨੂੰ ਪੁੱਛੀਏ- ਕੀ ਅਸੀਂ ਆਪਣੇ ਨਾਂਵਾਂ ਨਾਲ ਜੁੜੇ ਹੋਏ ਸ਼ਬਦ, ਗੁਰੂ ਦੇ ਕੀਰਤਨੀਏ ਦਾ ਸਤਿਕਾਰ ਕਰ ਰਹੇ ਹਾਂ ਜਾਂ ਅਪਮਾਨ ਕਰ ਰਹੇ ਹਾਂ?... ਜਵਾਬ ਖੁਦ-ਬਖੁਦ ਮਿਲ ਜਾਵੇਗਾ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਜਨਤਾ ਦਲ ਦੀ ਮੀਟਿੰਗ ਨਾਲ ਕਾਂਗਰਸ-ਭਾਜਪਾ 'ਚ ਹਲਚਲ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬੀਤੀ ਚਾਰ ਦਸੰਬਰ ਨੂੰ ਦਿੱਲੀ ਵਿਚ ਕੀਤੀ ਗਈ ਇੱਕ ਮੀਟਿੰਗ ਵੇਖਣ ਨੂੰ ਛੋਟੀ ਜਿਹੀ ਸੀ, ਪਰ ਇਸ ਨਾਲ ਜਿੰਨੀ ਹਲਚਲ ਰਾਜਨੀਤੀ ਦੇ ਪਾਣੀਆਂ ਦੀ ਹੇਠਲੀ ਤਹਿ ਵਿਚ ਮਹਿਸੂਸ ਕੀਤੀ ਗਈ, ਉਸ ਨਾਲ ਮੀਟਿੰਗ ਦਾ ਅਸਰ ਦਿੱਸ ਪਿਆ ਹੈ। ਸਮਾਜਵਾਦੀ ਪਾਰਟੀ ਦੇ ਮੁਖੀ ਅਤੇ ਉਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਦੇ ਘਰ ਕੀਤੀ ਗਈ ਇਸ ਮੀਟਿੰਗ ਵਿਚ ਭਾਰਤ ਦਾ ਪ੍ਰਧਾਨ ਮੰਤਰੀ ਰਹਿ ਚੁੱਕਾ ਹਰਦਨਹੱਲੀ ਦੇਵਗੌੜਾ ਵੀ ਸ਼ਾਮਲ ਸੀ, ਬਿਹਾਰ ਦੇ ਦੋ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਅਤੇ ਨਿਤੀਸ਼ ਕੁਮਾਰ ਵੀ, ਤੇ ਕਈ ਹੋਰ ਲੀਡਰ ਵੀ ਆਏ ਸਨ। ਉਥੇ ਸਾਰੇ ਲੀਡਰਾਂ ਦੀ ਇਸ ਮਾਮਲੇ ਵਿਚ ਇੱਕ ਰਾਏ ਬਣ ਗਈ ਕਿ ਪੁਰਾਣੇ ਜਨਤਾ ਦਲ ਪਰਿਵਾਰ ਦੇ ਲੀਡਰਾਂ ਨੂੰ ਇਕੱਠੇ ਕਰ ਕੇ ਇੱਕ ਵਾਰ ਫਿਰ ਦੇਸ਼ ਦੀ ਰਾਜਨੀਤੀ ਨੂੰ ਮੋੜਾ ਦੇਣ ਦਾ ਯਤਨ ਕੀਤਾ ਜਾਵੇ। ਰਾਜਨੀਤੀ 'ਚ ਇਹ ਗੱਲ ਆਮ ਵੇਖੀ ਜਾਂਦੀ ਹੈ ਕਿ ਜਿਹੜਾ ਕੰਮ ਕੋਈ ਆਪ ਕਰੇ, ਉਹ ਸਿਧਾਂਤਕ ਆਖਦਾ ਹੈ, ਤੇ ਜਿਹੜਾ ਕਿਸੇ ਹੋਰ ਨੇ ਛੋਹ ਲਿਆ ਹੋਵੇ, ਉਸ ਨੂੰ ਮੌਕਾਪ੍ਰਸਤੀ ਕਹਿਣ ਵਿਚ ਦੇਰ ਨਹੀਂ ਕੀਤੀ ਜਾਂਦੀ। ਇਸ ਵਾਰ ਵੀ ਇਹੋ ਹੋਇਆ ਹੈ।

ਜਿਹੜੀ ਸਰਗਰਮੀ ਹੁਣ ਛੋਹੀ ਜਾ ਰਹੀ ਹੈ, ਇਸ ਦੀ ਚਰਚਾ ਤੋਂ ਪਹਿਲਾਂ ਅਸੀਂ ਇੱਕ ਪੁਰਾਣੀ ਗੱਲ ਦਾ ਚੇਤਾ ਕਰਵਾਉਣਾ ਚਾਹੁੰਦੇ ਹਾਂ। ਕਾਂਗਰਸ ਪਾਰਟੀ ਨੇ ਜਦੋਂ ਸਾਂਝੇ ਮੋਰਚੇ ਦੇ ਪ੍ਰਧਾਨ ਮੰਤਰੀ ਦੇਵਗੌੜਾ ਵਾਲੀ ਸਰਕਾਰ ਦੀ ਹਮਾਇਤ ਵਾਪਸ ਲੈਣ ਦਾ ਐਲਾਨ ਕੀਤਾ, ਉਸ ਦਿਨ ਅਸੀਂ ਦਿੱਲੀ ਵਿਚ ਸਾਂ। ਉਦੋਂ ਕੇਂਦਰ ਦੇ ਮੰਤਰੀ ਵਜੋਂ ਬਲਵੰਤ ਸਿੰਘ ਰਾਮੂਵਾਲੀਆ ਦੀ ਬੜੀ ਅਹਿਮੀਅਤ ਹੁੰਦੀ ਸੀ। ਮਾਰਕਸੀ ਕਮਿਊਨਿਸਟ ਪਾਰਟੀ ਸਰਕਾਰ ਵਿਚ ਸ਼ਾਮਲ ਨਹੀਂ ਸੀ, ਪਰ ਪਾਰਟੀ ਦੇ ਮੁਖੀ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਨੁਮਾਇੰਦੇ ਵਜੋਂ ਬਲਵੰਤ ਸਿੰਘ ਰਾਮੂਵਾਲੀਆ ਉਸ ਸਰਕਾਰ ਵਿਚ ਮੰਤਰੀ ਬਣਾ ਦਿੱਤਾ ਗਿਆ ਸੀ। ਉਦੋਂ ਆਮ ਕਿਹਾ ਜਾਂਦਾ ਸੀ ਕਿ ਭਲਕੇ ਕਾਮਰੇਡ ਸੁਰਜੀਤ ਕੀ ਕਰਨਗੇ, ਇਹ ਗੱਲ ਸਿਰਫ ਰਾਮੂਵਾਲੀਆ ਜਾਣਦਾ ਹੈ। ਅਸੀਂ ਉਦੋਂ ਰਾਮੂਵਾਲੀਏ ਨੂੰ ਪੁੱਛ ਲਿਆ ਕਿ ਪ੍ਰਧਾਨ ਮੰਤਰੀ ਦੀ ਕਲਗੀ ਭਲਕੇ ਕਿਸ ਨੂੰ ਲੱਗਣੀ ਹੈ? ਰਾਮੂਵਾਲੀਏ ਨੇ ਕੰਨ ਵਿਚ ਦੱਸਣ ਵਾਂਗ ਕਿਹਾ ਕਿ ਮੁਲਾਇਮ ਸਿੰਘ ਪ੍ਰਧਾਨ ਮੰਤਰੀ ਬਣ ਰਿਹਾ ਹੈ। ਜਿਹੜੀ ਗੱਲ ਉਹ ਕਈ ਲੋਕਾਂ ਨੂੰ ਦੱਸ ਚੁੱਕਾ ਹੋਵੇ, ਉਹ ਵੀ ਇਸ ਤਰ੍ਹਾਂ ਕੰਨ ਵਿਚ ਦੱਸਦਾ ਹੈ ਕਿ ਅਗਲਾ ਬੰਦਾ ਇਹ ਸਮਝ ਲਵੇ ਕਿ ਭੇਦ ਦੀ ਗੱਲ ਸਿਰਫ ਮੈਨੂੰ ਦੱਸੀ ਹੈ। ਮੈਂ ਇਹ ਗੱਲ ਸੁਣਦੇ ਸਾਰ ਹੱਸਦੇ ਹੋਏ ਕਹਿ ਦਿੱਤਾ, 'ਬਾਈ, ਕੁੱਬੇ ਦੇ ਘੋੜੀ ਚੜ੍ਹਨ ਤੋਂ ਪਹਿਲਾਂ ਦਿਨ ਡੁੱਬ ਜਾਂਦਾ ਹੁੰਦੈ।' ਉਸ ਨੇ ਕਾਰਨ ਪੁੱਛਿਆ। ਮੈਂ ਕਹਿ ਦਿੱਤਾ ਕਿ ਮੁਲਾਇਮ ਨੂੰ ਕਲਗੀ ਲਾਉਣ ਦੀ ਥਾਂ ਕਾਂਗਰਸ ਪਾਰਟੀ ਚੋਣਾਂ ਕਰਾਉਣ ਨੂੰ ਪਹਿਲ ਦੇਣਾ ਚੰਗਾ ਮੰਨੇਗੀ, ਜਾਂ ਤਾਂ ਕੋਈ ਹੋਰ ਲੀਡਰ ਪ੍ਰਧਾਨ ਮੰਤਰੀ ਬਣੇਗਾ, ਜਾਂ ਚੋਣਾਂ ਲੜਨੀਆਂ ਪੈਣਗੀਆਂ। ਅਗਲੇ ਦਿਨ ਅੜਿੱਕਾ ਪੈ ਗਿਆ ਅਤੇ ਮੁਲਾਇਮ ਸਿੰਘ ਨੂੰ ਪਾਸੇ ਕਰ ਕੇ ਇੰਦਰ ਕੁਮਾਰ ਗੁਜਰਾਲ ਨੂੰ ਪ੍ਰਧਾਨ ਮੰਤਰੀ ਬਣਾਉਣਾ ਪੈ ਗਿਆ ਸੀ।

ਕਾਂਗਰਸ ਦੀ ਇਹ ਰਣਨੀਤੀ ਰਹੀ ਹੈ ਕਿ ਉਹ ਸਿਰ ਚੁੱਕਣ ਦੀ ਸੰਭਾਵਨਾ ਵਾਲੇ ਆਗੂ ਨੂੰ ਆਪਣੀ ਪਾਰਟੀ ਵਿਚ ਵੀ ਚੱਜ ਦੀ ਥਾਂ ਨਹੀਂ ਦਿੰਦੀ ਤੇ ਜਿਸ ਗਠਜੋੜ ਨੂੰ ਬਾਹਰੋਂ ਮਦਦ ਦੇਵੇ, ਉਹਦੇ ਬਾਰੇ ਵੀ ਇਹ ਸੋਚ ਰੱਖਦੀ ਹੈ। ਪਾਰਟੀ ਵਿਚ ਪ੍ਰਣਬ ਮੁਖਰਜੀ ਦੀ ਥਾਂ ਮਨਮੋਹਨ ਸਿੰਘ ਵਰਗਾ ਵਿਚਾਰਾ ਜਿਹਾ ਬੰਦਾ ਅੱਗੇ ਕਰ ਦਿਓ ਤੇ ਤੀਸਰੇ ਮੋਰਚੇ ਵਿਚ ਸਿਰ ਚੁੱਕਣ ਦੀ ਸੰਭਾਵਨਾ ਰੱਖਦੇ ਸਾਰੇ ਲੀਡਰ ਪਾਸੇ ਧੱਕ ਕੇ ਇੰਦਰ ਕੁਮਾਰ ਗੁਜਰਾਲ ਲਈ ਹਾਮੀ ਭਰ ਦਿਓ, ਕਿਉਂਕਿ ਗੁਜਰਾਲ ਦੀ ਆਪਣੀ ਕਹੀ ਜਾਣ ਵਾਲੀ ਕੋਈ ਸੀਟ ਸਾਰੇ ਭਾਰਤ ਵਿਚ ਨਹੀਂ ਸੀ। ਜਿਹੜੇ ਲੋਕਾਂ ਨੇ ਉਦੋਂ ਇਹ ਚੁਸਤੀ ਵਿਖਾਈ ਸੀ, ਉਹ ਹੁਣ ਇਸ ਨਵੇਂ ਗਠਜੋੜ ਦੀ ਸ਼ੁਰੂਆਤ ਹੁੰਦੇ ਸਾਰ ਸਰਗਰਮ ਹੋ ਗਏ ਹਨ ਤੇ ਐਨ ਓਹੋ ਬੋਲੀ ਬੋਲ ਰਹੇ ਹਨ, ਜਿਹੜੀ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦੇ ਲੀਡਰ ਬੋਲਦੇ ਹਨ। ਜਦੋਂ ਨਿਸ਼ਾਨਾ ਦੋਵਾਂ ਧਿਰਾਂ ਦਾ ਇੱਕੋ ਹੈ ਤਾਂ ਸਮਝਣਾ ਚਾਹੀਦਾ ਹੈ ਕਿ ਖਤਰਾ ਵੀ ਦੋਵਾਂ ਧਿਰਾਂ ਨੂੰ ਇੱਕੋ ਜਿਹਾ ਹੈ।



*ਮੀਟਿੰਗ ਵਿਚ ਸ਼ਾਮਲ ਪੁਰਾਣੇ ਜਨਤਾ ਦਲ ਦੇ ਆਗੂ*

***ਇਸ ਗਠਜੋੜ ਵਿਚ ਜਿਹੜੇ ਲੋਕ ਜੁੜਨ ਲੱਗੇ ਹਨ, ਬੀਤੇ ਸਮੇਂ ਵਿਚ ਉਨ੍ਹਾਂ ਸਭਨਾਂ ਨੇ ਇੱਕ ਦੂਸਰੇ ਦਾ ਪੈਰ ਮਿੱਧਿਆ ਹੋਇਆ ਹੈ ਅਤੇ ਮੁੱਢਾਂ ਦੇ ਵੈਰ ਕਾਰਨ ਨਿਭਾਅ ਨਹੀਂ ਕਰ ਸਕਣਗੇ। ਦੂਸਰੀ ਗੱਲ ਇਹ ਹੈ ਕਿ ਇਨ੍ਹਾਂ ਵਿਚ ਕਈ ਆਗੂ ਉਹ ਹਨ, ਜਿਨ੍ਹਾਂ ਦੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਬਦਨਾਮੀ ਬੜੀ ਹੋ ਚੁਕੀ ਹੈ। ਇਹ ਦੂਸਰੀ ਗੱਲ ਵਜ਼ਨਦਾਰ ਹੈ। ਲਾਲੂ ਪ੍ਰਸਾਦ ਯਾਦਵ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਅਦਾਲਤ ਵਿਚੋਂ ਸਜ਼ਾ ਹੋ ਚੁੱਕੀ ਹੈ।***

ਪਹਿਲੀ ਗੱਲ ਇਹ ਕਹੀ ਗਈ ਹੈ ਕਿ ਇਸ ਗਠਜੋੜ ਵਿਚ ਜਿਹੜੇ ਲੋਕ ਜੁੜਨ ਲੱਗੇ ਹਨ, ਬੀਤੇ ਸਮੇਂ ਵਿਚ ਉਨ੍ਹਾਂ ਸਭਨਾਂ ਨੇ ਇੱਕ ਦੂਸਰੇ ਦਾ ਪੈਰ ਮਿੱਧਿਆ ਹੋਇਆ ਹੈ ਅਤੇ ਮੁੱਢਾਂ ਦੇ ਵੈਰ ਕਾਰਨ ਨਿਭਾਅ ਨਹੀਂ ਕਰ ਸਕਣਗੇ। ਦੂਸਰੀ ਗੱਲ ਇਹ ਹੈ ਕਿ ਇਨ੍ਹਾਂ ਵਿਚ ਕਈ ਆਗੂ ਉਹ ਹਨ, ਜਿਨ੍ਹਾਂ ਦੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਬਦਨਾਮੀ ਬੜੀ ਹੋ ਚੁਕੀ ਹੈ। ਇਹ ਦੂਸਰੀ ਗੱਲ ਵਜ਼ਨਦਾਰ ਹੈ। ਲਾਲੂ ਪ੍ਰਸਾਦ ਯਾਦਵ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਅਦਾਲਤ ਵਿਚੋਂ ਸਜ਼ਾ ਹੋ ਚੁੱਕੀ ਹੈ। ਹਰਿਆਣੇ ਦੀ ਇਨੈਲੋ ਪਾਰਟੀ ਦਾ ਮੁਖੀ ਓਮ ਪ੍ਰਕਾਸ਼ ਚੌਟਾਲਾ ਵੀ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਜੇਲ੍ਹ ਵਿਚ ਹੈ ਤੇ ਉਸ ਦੇ ਪਰਿਵਾਰ ਦਾ ਇੱਕ ਜੀਅ ਮੁਲਾਇਮ ਦੇ ਘਰ ਹੋਈ ਮੀਟਿੰਗ ਵਿਚ ਗਿਆ ਸੀ। ਨਵੇ ਉਗਦੇ ਮੋਰਚੇ ਲਈ ਇਹ ਹਕੀਕਤਾਂ ਬੇੜੀ ਦੇ ਪੱਥਰ ਬਣ ਸਕਦੀਆਂ ਹਨ, ਪਰ ਤਸਵੀਰ ਦਾ ਦੂਸਰਾ ਪਾਸਾ ਇਹ ਹੈ ਕਿ ਭਾਜਪਾ ਤੇ ਕਾਂਗਰਸ- ਦੋਵਾਂ ਹੀ ਪਾਰਟੀਆਂ ਨੇ ਇਨ੍ਹਾਂ ਦਲਾਂ ਨਾਲ ਕਈ ਵਾਰੀ ਸਾਂਝ ਪਾਈ ਹੋਈ ਹੈ। ਓਮ ਪ੍ਰਕਾਸ਼ ਚੌਟਾਲਾ ਦੇ ਨਾਲ ਭਾਰਤੀ ਜਨਤਾ ਪਾਰਟੀ ਦਾ ਗਠਜੋੜ ਰਹਿ ਚੁੱਕਾ ਹੈ ਤੇ ਉਹ ਗਠਜੋੜ ਉਦੋਂ ਵੀ ਸੀ, ਜਦੋਂ ਭ੍ਰਿਸ਼ਟਾਚਾਰ ਦਾ ਉਹ ਕੇਸ ਅਦਾਲਤ ਵਿਚ ਪਹੁੰਚ ਚੁੱਕਾ ਸੀ, ਜਿਸ ਵਿਚ ਪਿਛੋਂ ਉਸ ਨੂੰ ਸਜ਼ਾ ਹੋਈ ਸੀ। ਕਾਂਗਰਸ ਪਾਰਟੀ ਨੇ ਲਾਲੂ ਪ੍ਰਸਾਦ ਨਾਲ ਕਈ ਵਾਰੀ ਚੋਣ ਸਮਝੌਤੇ ਕੀਤੇ ਹਨ ਤੇ ਉਸ ਦੇ ਭ੍ਰਿਸ਼ਟਾਚਾਰ ਦੀ ਉਦੋਂ ਕਦੀ ਪ੍ਰਵਾਹ ਨਹੀਂ ਸੀ ਕੀਤੀ। ਇਹ ਦੋਵੇਂ ਪਾਰਟੀਆਂ ਆਪ ਵੀ ਦੁੱਧ-ਧੋਤੀਆਂ ਨਹੀਂ। ਜਿਹੜੇ ਸੁਖ ਰਾਮ ਦੇ ਘਰੋਂ ਸਿਰਹਾਣਿਆਂ ਵਿਚ ਨੋਟ ਭਰੇ ਹੋਏ ਮਿਲੇ ਸਨ, ਉਸ ਨੇ ਇਹ ਕਮਾਈ ਕਾਂਗਰਸ ਦੀ ਸਰਕਾਰ ਵਿਚ ਹੁੰਦਿਆਂ ਕੀਤੀ ਸੀ ਤੇ ਜਦੋਂ ਨੋਟ ਫੜੇ ਗਏ ਤੇ ਕੇਸ ਚੱਲ ਪਿਆ, ਉਦੋਂ ਕਾਂਗਰਸ ਪਾਰਟੀ ਨੇ ਕੱਢ ਦਿੱਤਾ ਤੇ ਵਾਜਪਾਈ ਸਰਕਾਰ ਦਾ ਮੰਤਰੀ ਭਾਜਪਾ ਨੇ ਬਣਾਇਆ ਸੀ।

ਹੁਣ ਆਈਏ ਇਸ ਪਹਿਲੇ ਸਵਾਲ ਵੱਲ ਕਿ ਇਨ੍ਹਾਂ ਸਾਰਿਆਂ ਦੇ ਬੀਤੇ ਸਮੇਂ ਵਿਚ ਏਨੇ ਵਿਰੋਧ ਰਹੇ ਹਨ ਕਿ ਉਨ੍ਹਾਂ ਦਾ ਨਿਭਾਅ ਨਹੀਂ ਹੋਣਾ। ਤਾਮਿਲਨਾਡੂ ਦੀ ਡੀ ਐਮ ਕੇ ਪਾਰਟੀ ਉਤੇ ਕਾਂਗਰਸ ਦੇ ਆਗੂ ਪਹਿਲਾਂ ਇਹ ਦੋਸ਼ ਲਾਉਂਦੇ ਹੁੰਦੇ ਸਨ ਕਿ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਇਸ ਪਾਰਟੀ ਦੀ ਸ਼ਹਿ ਹੈ, ਪਰ ਮਨਮੋਹਨ ਸਿੰਘ ਦੀ ਸਰਕਾਰ ਵਿਚ ਉਹ ਵੀ ਸ਼ਾਮਲ ਹੋ ਗਈ। ਪਾਰਟੀ ਦੇ ਮੁਖੀ ਕਰੁਣਾਨਿਧੀ ਦਾ ਪੁੱਤਰ ਵੀ ਮੰਤਰੀ ਬਣਾ ਦਿੱਤਾ। ਇਸ ਸਾਲ ਲੋਕ ਸਭਾ ਚੋਣਾਂ ਦੌਰਾਨ ਇੱਕ ਦਿਨ 'ਇੰਡੀਅਨ ਐਕਸਪ੍ਰੈਸ' ਵਿਚ ਰਾਮ ਵਿਲਾਸ ਪਾਸਵਾਨ ਦੀ ਪੂਰੇ ਸਫੇ ਦੀ ਇੰਟਰਵਿਊ ਛਪੀ ਕਿ ਨਰਿੰਦਰ ਮੋਦੀ ਨਾਲ ਦਾ ਮਾੜਾ ਲੀਡਰ ਕੋਈ ਨਹੀਂ ਅਤੇ ਜਿਸ ਭਾਜਪਾ ਨੇ ਉਸ ਨੂੰ ਅੱਗੇ ਲਾਇਆ ਹੈ, ਉਸ ਦਾ ਨੇੜ ਕਦੇ ਨਹੀਂ ਕੀਤਾ ਜਾ ਸਕਦਾ। ਮਸਾਂ ਦੋ ਦਿਨ ਪਿੱਛੋਂ ਪਾਸਵਾਨ ਉਸੇ ਮੋਦੀ ਨੂੰ ਆਪਣਾ ਆਗੂ ਬਣਾ ਕੇ ਏਧਰ-ਓਧਰ ਦੀ ਟੁੱਟ-ਭੱਜ ਵੀ ਭਾਜਪਾ ਨਾਲ ਜੋੜਨ ਤੁਰ ਪਿਆ ਸੀ। ਮਹਾਰਾਸ਼ਟਰ ਦੀਆਂ ਵਿਧਾਨ ਸਭਾ ਚੋਣਾਂ ਦਾ ਕਿੱਸਾ ਅਜੇ ਤਾਜ਼ਾ ਹੈ। ਸ਼ਿਵ ਸੈਨਾ ਵਾਲਿਆਂ ਨੇ ਨਰਿੰਦਰ ਮੋਦੀ ਨੂੰ ਅਫਜ਼ਲ ਖਾਨ ਆਖ ਕੇ ਭੰਡਿਆ ਸੀ। ਸਰਕਾਰ ਬਣਾ ਕੇ ਜਿਸ ਦਿਨ ਭਾਜਪਾ ਨੇ ਭਰੋਸੇ ਦਾ ਵੋਟ ਲੈਣਾ ਸੀ, ਸਭ ਤੋਂ ਵੱਧ ਆਢਾ ਸ਼ਿਵ ਸੈਨਾ ਨੇ ਲਾਇਆ ਸੀ, ਪਰ ਹੁਣ ਉਹ ਫਿਰ ਇਕੱਠੇ ਹੋ ਗਏ ਹਨ। ਸੱਤਾ ਦੀ ਲੋੜ ਰੁੱਸਿਆਂ ਨੂੰ ਮਿਲਾ ਦਿੰਦੀ ਹੈ ਤੇ ਕਈ ਵਾਰ ਇਹੋ ਲੋੜ ਜਦੋਂ ਹਵਸ ਬਣਨ ਤੱਕ ਪਹੁੰਚ ਜਾਵੇ ਤਾਂ ਰਾਜ-ਮਹਿਲਾਂ ਦੀਆਂ ਕੰਧਾਂ ਹਿਲਾ ਦੇਣ ਦਾ ਰਾਹ ਵੀ ਫੜ ਲੈਂਦੀ ਹੈ।

ਜਿਹੜੇ ਲੋਕ ਹੁਣ ਫਿਰ ਇੱਕ ਪਾਰਟੀ ਵਿਚ ਜੁੜਨ ਲੱਗੇ ਹਨ, ਇਨ੍ਹਾਂ ਦਾ ਪਿਛਲਾ ਤਜਰਬਾ ਇਹੋ ਹੈ ਕਿ ਇਹ ਜੁੜਦੇ ਬੜੀ ਤੇਜ਼ੀ ਨਾਲ ਹਨ, ਪਰ ਬਹੁਤਾ ਚਿਰ ਇਕੱਠੇ ਨਹੀਂ ਰਹਿੰਦੇ। ਐਮਰਜੈਂਸੀ ਦੌਰਾਨ ਜਦੋਂ ਇਹ ਲੋਕ ਜੇਲ੍ਹ ਵਿਚ ਸਨ ਤਾਂ ਇਨ੍ਹਾਂ ਨੇ ਇੱਕ ਪਾਰਟੀ ਬਣਾਉਣ ਦਾ ਫੈਸਲਾ ਲੈ ਲਿਆ। ਫਿਰ ਪਾਰਟੀ ਬਣ ਗਈ। ਮੋਰਾਰਜੀ ਡਿਸਾਈ ਦੀ ਅਗਵਾਈ ਹੇਠ ਸਰਕਾਰ ਬਣਾ ਲਈ, ਪਰ ਪੌਣੇ ਤਿੰਨ ਸਾਲ ਪੂਰੇ ਨਾ ਕਰ ਸਕੇ ਤੇ ਸੱਤਾ ਦੀ ਕਮਾਨ ਫਿਰ ਇੰਦਰਾ ਗਾਂਧੀ ਦੇ ਹੱਥ ਆ ਗਈ। ਇੰਦਰਾ ਗਾਂਧੀ ਦੇ ਪਿੱਛੋਂ ਉਸ ਦੇ ਪੁੱਤਰ ਰਾਜੀਵ ਗਾਂਧੀ ਦੇ ਵਿਰੁਧ ਇੱਕ ਵਾਰ ਫਿਰ ਇਹ ਲੋਕ ਜੁੜੇ ਤਾਂ ਜਨਤਾ ਦਲ ਬਣਾ ਕੇ ਲੋਕ ਸਭਾ ਅੰਦਰ ਸਭ ਤੋਂ ਵੱਡੀ ਧਿਰ ਬਣ ਗਏ ਅਤੇ ਰਾਜਾ ਵੀ ਪੀ ਸਿੰਘ ਦੀ ਅਗਵਾਈ ਹੇਠ ਸਰਕਾਰ ਬਣਾ ਲਈ, ਜਿਹੜੀ ਮਸਾਂ ਗਿਆਰਾਂ ਮਹੀਨੇ ਚੱਲੀ ਅਤੇ ਟੁੱਟ ਗਈ। ਇਹ ਫਿਰ ਵੱਖੋ-ਵੱਖ ਰਾਹਾਂ ਉਤੇ ਚੱਲ ਪਏ। ਦੇਵਗੌੜਾ ਤੇ ਗੁਜਰਾਲ ਸਰਕਾਰਾਂ ਦੇ ਬਾਅਦ ਫਿਰ ਇਹ ਇਕੱਠੇ ਨਹੀਂ ਰਹਿ ਸਕੇ ਅਤੇ ਵੱਖੋ-ਵੱਖ ਚੱਲਦਿਆਂ ਨੇ ਕਈ ਸਾਲ ਲੰਘਾ ਦਿੱਤੇ। ਹੁਣ ਜਦੋਂ ਇਹ ਫਿਰ ਇਕੱਠੇ ਹੋਣ ਲੱਗੇ ਹਨ, ਦੋਵੇਂ ਵੱਡੀਆਂ ਪਾਰਟੀਆਂ ਨੇ ਇਸ ਧੜੇ ਨੂੰ 'ਭਾਨਮਤੀ ਦਾ ਕੁਨਬਾ' ਕਹਿ ਕੇ ਮਜ਼ਾਕ ਉਡਾਇਆ ਹੈ ਤੇ ਇਹ ਵੀ ਆਖਿਆ ਹੈ ਕਿ ਇਹ ਪਾਰਟੀ ਚੱਲ ਨਹੀਂ ਸਕਣੀ। ਜੇ ਏਨਾ ਯਕੀਨ ਹੈ ਕਿ ਇਸ ਪਾਰਟੀ ਨੇ ਚੱਲ ਨਹੀਂ ਸਕਣਾ ਤਾਂ ਉਨ੍ਹਾਂ ਨੂੰ ਖੇਡਾਂ ਖੇਡ ਲੈਣ ਦੇਣ, ਭਾਜਪਾ ਤੇ ਕਾਂਗਰਸ- ਦੋਵੇਂ ਧਿਰਾਂ ਵਾਲੇ ਆਗੂ ਇੱਕੋ ਸੁਰ ਵਿਚ ਚੀਕ-ਚਿਹਾੜਾ ਕਿਉਂ ਪਾਈ ਜਾਂਦੇ ਹਨ?

ਇਸ ਦਾ ਵੀ ਕਾਰਨ ਹੈ। ਹੁਣ ਜੁੜਦੇ ਫਿਰਦੇ ਇਹ ਧੜੇ ਐਮਰਜੈਂਸੀ ਤੋਂ ਬਾਅਦ ਜਦੋਂ ਇਕੱਠੇ ਹੋਏ ਸਨ ਤਾਂ ਇੰਦਰਾ ਗਾਂਧੀ ਨੂੰ ਰਾਜ ਮਹਿਲਾਂ ਤੋਂ ਨਿਕਲਣਾ ਪੈ ਗਿਆ ਸੀ। ਫਿਰ ਇਹ ਬੋਫੋਰਜ਼ ਤੋਪ ਸੌਦੇ ਦੇ ਰੌਲੇ ਦੌਰਾਨ ਇਕੱਠੇ ਹੋਏ ਤਾਂ ਰਾਜੀਵ ਗਾਂਧੀ ਨੂੰ ਸੜਕ ਸਵਾਰ ਹੋਣਾ ਪਿਆ ਸੀ। ਤੀਸਰੀ ਵਾਰੀ ਇਹ ਸਾਰੇ ਜਦੋਂ ਇਕੱਠੇ ਹੋਏ ਤਾਂ ਸਭ ਤੋਂ ਵੱਡੀ ਪਾਰਟੀ ਦੇ ਆਗੂ ਵਜੋਂ ਸਰਕਾਰ ਬਣਾ ਚੁੱਕੇ ਅਟਲ ਬਿਹਾਰੀ ਵਾਜਪਾਈ ਨੂੰ ਲੋਕ ਸਭਾ ਤੋਂ ਭਰੋਸੇ ਦੇ ਮਤੇ ਦੀ ਬਹਿਸ ਦੇ ਬਾਅਦ ਵੋਟਾਂ ਦਾ ਸਾਹਮਣਾ ਕਰਨ ਦੀ ਥਾਂ ਅਸਤੀਫਾ ਦੇਣ ਲਈ ਰਾਸ਼ਟਰਪਤੀ ਭਵਨ ਵੱਲ ਭੱਜਣਾ ਪਿਆ ਸੀ। ਕਿਹਾ ਤਾਂ ਅਟਲ ਬਿਹਾਰੀ ਵਾਜਪਾਈ ਨੇ ਇਹ ਸੀ ਕਿ ਮੈਂ ਸੱਤਾ ਦਾ ਭੁੱਖਾ ਨਹੀਂ, ਪਰ ਇਹ ਗੱਲ ਵੀ ਬਾਹਰ ਆ ਗਈ ਸੀ ਕਿ ਆਖਰੀ ਵੇਲੇ ਤੱਕ ਵਾਜਪਾਈ ਦੇ ਦੂਤ ਤੀਸਰੀ ਧਿਰ ਦੇ ਕੁਝ ਛੋਟੇ ਗਰੁਪਾਂ ਨੂੰ ਖਿੱਚਣ ਲਈ ਸਰਗਰਮੀ ਕਰਦੇ ਰਹੇ ਸਨ। 'ਅੰਗੂਰ ਖੱਟੇ' ਨਿਕਲੇ ਤਾਂ ਕਹਿ ਦਿੱਤਾ ਕਿ ਮੈਂ ਸੱਤਾ ਦਾ ਭੁੱਖਾ ਨਹੀਂ। ਪਿਛਲਾ ਸਾਰਾ ਤਜਰਬਾ ਦੇਸ਼ ਦੇ ਲੋਕਾਂ ਨੂੰ ਯਾਦ ਹੋਵੇ ਜਾਂ ਨਾ, ਕਾਂਗਰਸ ਪਾਰਟੀ ਤੇ ਭਾਜਪਾ ਨੂੰ ਯਾਦ ਹੈ ਤੇ ਸਿਰਫ ਏਨਾ ਹੀ ਯਾਦ ਨਹੀਂ ਕਿ ਇਹ ਲੋਕ ਆਪੋ ਵਿਚ ਨਿਭਾਅ ਨਹੀਂ ਸਕਦੇ, ਸਗੋਂ ਇਹ ਵੀ ਯਾਦ ਹੈ ਕਿ ਜਦੋਂ ਇਹ ਜੁੜ ਜਾਣ ਤਾਂ ਕਾਂਗਰਸ ਤੇ ਭਾਜਪਾ- ਦੋਵਾਂ ਨੂੰ ਸੱਤਾ ਤੋਂ ਪਾਸੇ ਹਟਣਾ ਪੈ ਜਾਂਦਾ ਹੈ। ਇਹੋ ਖਤਰਾ ਉਹ ਦੋਵੇਂ ਧਿਰਾਂ ਵਾਲੇ ਹੁਣ ਵੀ ਮਹਿਸੂਸ ਕਰਦੇ ਹਨ।

ਅਸੀਂ ਮੁਲਾਇਮ ਸਿੰਘ ਦੀ ਨੀਤ ਤੇ ਨੀਤੀ- ਦੋਵਾਂ ਨੂੰ ਕਦੇ ਠੀਕ ਨਹੀਂ ਕਿਹਾ, ਤੇ ਕਹਿਣ ਵਾਲੇ ਵੀ ਨਹੀਂ, ਪਰ ਜਿਹੋ ਜਿਹੇ ਹਾਲਾਤ ਹੁਣ ਇਸ ਦੇਸ਼ ਵਿਚ ਬਣੀ ਜਾਂਦੇ ਹਨ, ਉਹ ਨੋਟ ਕਰਨੇ ਪੈਣਗੇ। ਇੱਕ ਤਾਂ ਕਾਗਰਸ ਲੀਡਰਸ਼ਿਪ ਨੂੰ ਅਜੇ ਤੱਕ ਰਾਹੁਲ ਗਾਂਧੀ ਤੋਂ ਬਿਨਾ ਕੋਈ ਲੀਡਰ ਨਹੀਂ ਲੱਭਦਾ ਤੇ ਰਾਹੁਲ ਨੂੰ ਰਾਜਨੀਤੀ ਦੀ ਸੂਝ ਨਹੀਂ। ਸੋਨੀਆ ਗਾਂਧੀ ਦੇ ਦਰਬਾਰ ਵਿਚ ਉਸ ਦੇ ਦਰਬਾਰੀ ਆਪੋ ਵਿਚ ਭਿੜੀ ਜਾਂਦੇ ਹਨ। ਕਾਂਗਰਸ ਪਾਰਟੀ ਦੇ ਅੱਧੇ ਤੋਂ ਵੱਧ ਆਗੂ ਭਾਜਪਾ ਦੇ ਹੱਥੀਂ ਚੜ੍ਹੇ ਹੋਏ ਸੁਣੇ ਜਾਂਦੇ ਹਨ। ਦੂਸਰੇ ਪਾਸੇ ਭਾਜਪਾ ਸਰਕਾਰ ਵੀ ਉਤਲੇ ਪ੍ਰਭਾਵ ਦੇ ਆਸਰੇ ਹਵਾਈ ਗੁਬਾਰੇ ਉਡਾਈ ਜਾਂਦੀ ਹੈ, ਅੰਦਰੋਂ ਇਹ ਤੇਜ਼ੀ ਨਾਲ ਬਦਰੰਗ ਹੋ ਰਹੀ ਹੈ। ਕਾਲਾ ਧਨ ਵਾਪਸ ਲਿਆਉਣ ਸਣੇ ਕਈ ਮਾਮਲਿਆਂ ਵਿਚ ਜਦੋਂ ਇਸ ਦੇ ਆਗੂ ਫਸ ਜਾਂਦੇ ਹਨ ਤਾਂ ਇਹ ਕਹਿ ਕੇ ਪਿੱਛਾ ਛੁਡਾਉਂਦੇ ਹਨ ਕਿ ਨਰਿੰਦਰ ਮੋਦੀ ਸਰਕਾਰ ਦਾ ਡੰਕਾ ਸੰਸਾਰ ਭਰ ਵਿਚ ਵੱਜ ਰਿਹਾ ਹੈ। ਇਹ ਪ੍ਰਭਾਵ ਵੀ ਬਹੁਤੇ ਦਿਨ ਨਹੀਂ ਰਹਿਣਾ। ਐਟਮੀ ਸਮਝੌਤੇ ਨੂੰ ਜਦੋਂ ਮਨਮੋਹਨ ਸਿੰਘ ਦੀ ਸਰਕਾਰ ਨੇ ਕਾਨੂੰਨੀ ਸ਼ਕਲ ਦੇਣੀ ਸੀ, ਜਿਹੜੀ ਮੱਦ ਉਸ ਵਿਚ ਸ਼ਾਮਲ ਕਰਨ ਲਈ ਉਦੋਂ ਭਾਜਪਾ ਵਾਲਿਆਂ ਨੇ ਆਪ ਜ਼ੋਰ ਪਾਇਆ ਸੀ, ਨਰਿੰਦਰ ਮੋਦੀ ਨਾਲ ਨੇੜਤਾ ਦੇ ਵਿਖਾਵੇ ਕਰਨ ਵਾਲੇ ਬਰਾਕ ਓਬਾਮਾ ਨੇ ਉਹੋ ਮੱਦ ਕੱਢਣ ਲਈ ਹੁਣ ਭਾਜਪਾ ਦੀ ਬਾਂਹ ਨੂੰ ਮਰੋੜਾ ਚਾੜ੍ਹ ਦਿੱਤਾ ਹੈ। ਜਾਪਾਨ ਨੇ ਵੀ ਬੜਾ ਨਿੱਘ ਵਿਖਾਇਆ ਤਾਂ ਕਿਹਾ ਗਿਆ ਸੀ ਕਿ ਉਹ ਐਨੇ ਪ੍ਰਾਜੈਕਟ ਦੇਣ ਵਾਲਾ ਹੈ। ਹੁਣ ਇਹ ਭੇਦ ਖੁੱਲ੍ਹਾ ਹੈ ਕਿ ਮੋਦੀ ਦੇ ਨੇੜ ਵਾਲਾ ਜਾਪਾਨ ਵੀ ਕੁਝ ਪ੍ਰਾਜੈਕਟਾਂ ਵਿਚੋਂ ਪੈਰ ਖਿੱਚ ਰਿਹਾ ਹੈ। ਲਾਰਿਆਂ ਦੇ ਲਾਲੀਪਾਪ ਪੇਸ਼ ਕਰਨ ਵਿਚ ਨਰਿੰਦਰ ਮੋਦੀ ਦਾ ਸਾਨੀ ਨਹੀਂ ਲੱਭਦਾ, ਪਰ ਇਹ ਖੇਡ ਲੰਮਾ ਚਿਰ ਨਹੀਂ ਚੱਲ ਸਕਣੀ। ਨਵਾਂ ਗਠਜੋੜ ਬਣ ਨਹੀਂ ਗਿਆ, ਇਸ ਦੀ ਹਾਲੇ ਪਹਿਲੀ ਮੀਟਿੰਗ ਹੋਈ ਹੈ, ਪਰ ਚਿੰਤਾ ਇਸ ਗੱਲ ਤੋਂ ਹੋ ਗਈ ਹੈ ਕਿ ਮੋਦੀ ਦੇ ਰਾਜ ਦੀ ਕਚਿਆਈ ਗਲੀ-ਗਲੀ ਘੁੰਮਦੀ ਜਿਸ ਦਿਨ ਖੁੰਢਾਂ ਉਤੇ ਬੈਠੇ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣਨ ਲੱਗੀ, ਉਸ ਦਿਨ ਲੋਕ ਫਿਰ ਕੋਈ ਬਦਲ ਲੱਭਣ ਤੁਰ ਸਕਦੇ ਹਨ। ਇਸ ਨੂੰ ਕਾਂਗਰਸ ਤੇ ਭਾਜਪਾ ਦੇ ਆਗੂਆਂ ਦੀ ਦੂਰ-ਦ੍ਰਿਸ਼ਟੀ ਕਹੋ ਜਾਂ ਵੇਲਾ ਆਉਣ ਤੋਂ ਪਹਿਲਾਂ ਦੀ ਘਬਰਾਹਟ ਮੰਨ ਲਵੋ, ਦੋਵਾਂ ਧਿਰਾਂ ਦੇ ਆਗੂਆਂ ਤੋਂ ਇਹ ਚਿੰਤਾ ਲੁਕਾਈ ਨਹੀਂ ਜਾ ਸਕੀ।



ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਘੱਗਰ ਨਾਲ ਹੁੰਦੀ ਤਬਾਹੀ ਰੋਕਣ ਬਾਰੇ ਸਰਕਾਰ ਨੇ ਵੱਟੀ ਘੇਸ

**ਚੰਡੀਗੜ੍ਹ:** ਘੱਗਰ ਦਰਿਆ ਵੱਲੋਂ ਹਰ ਵਰ੍ਹੇ ਕੀਤੀ ਜਾਂਦੀ ਤਬਾਹੀ ਰੋਕਣ ਲਈ ਪੰਜਾਬ ਸਰਕਾਰ ਬਿਲਕੁਲ ਵੀ ਗੰਭੀਰ ਨਹੀਂ ਹੈ। ਚੋਣਾਂ ਸਮੇਂ ਭਾਵੇਂ ਵੱਡੀ ਗਿਣਤੀ ਸਿਆਸੀ ਆਗੂ ਇਸ ਸਮੱਸਿਆ ਦੇ ਪੱਕੇ ਹੱਲ ਦੇ ਦਾਅਵੇ ਕਰਦੇ ਹਨ ਪਰ ਹਰ ਵਾਰ ਚੋਣਾਂ ਤੋਂ ਬਾਅਦ ਇਸ ਪਾਸੇ ਘੇਸ ਵੱਟ ਲਈ ਜਾਂਦੀ ਹੈ। ਅਸਲ ਵਿਚ ਘੱਗਰ ਦਰਿਆ ਮਾਲਵਾ ਖੇਤਰ ਵਿਚ ਹਰ ਵਰ੍ਹੇ ਵੱਡੀ ਤਬਾਹੀ ਮਚਾਉਂਦਾ ਹੈ। ਹਰ ਸਾਲ ਸਾਉਣੀ ਦੇ ਸੀਜ਼ਨ ਸਮੇਂ ਝੋਨੇ ਦਾ ਵੱਡਾ ਰਕਬਾ ਹੜ੍ਹਾਂ ਕਾਰਨ ਤਬਾਹ ਹੋ ਜਾਂਦਾ ਹੈ ਤੇ ਸਰਕਾਰ ਖਰਾਬੇ ਦੇ ਨਾਂ 'ਤੇ ਥੋੜ੍ਹਾ-ਬਾਹਲਾ ਮੁਆਵਜ਼ਾ ਦੇ ਕੇ ਪੱਲਾ ਝਾੜ ਲੈਂਦੀ ਹੈ।

ਸਰਕਾਰ ਨੇ ਇਸ ਸਮੱਸਿਆ ਦੇ ਹੱਲ ਲਈ ਕਈ ਪ੍ਰੋਜੈਕਟ ਤਿਆਰ ਕੀਤੇ ਹਨ ਪਰ ਆਰਥਿਕ ਮੰਦੀ ਤੇ ਸਬੰਧਤ ਵਿਭਾਗ ਦੀ ਅਣਦੇਖੀ ਕਾਰਨ ਸਾਰੇ ਅਧਵਾਟੇ ਲਟਕੇ ਹੋਏ ਹਨ। ਘੱਗਰ ਦੇ ਪਾਣੀ ਨੂੰ ਬੰਨ੍ਹ ਲਾ ਕੇ ਇਸ ਨੂੰ ਸਿੰਚਾਈ ਲਈ ਵਰਤਣ ਦਾ ਪ੍ਰੋਜੈਕਟ ਪਿਛਲੇ ਛੇ ਸਾਲ ਤੋਂ ਠੱਪ ਹੋਇਆ ਪਿਆ ਹੈ। ਇਸ ਪ੍ਰੋਜੈਕਟ ਦੇ ਸਿਰੇ ਚੜ੍ਹਨ ਨਾਲ ਘਨੌਰ ਤੇ ਬਨੂੜ ਇਲਾਕੇ ਦੇ ਕਿਸਾਨਾਂ ਨੂੰ ਚੰਗੀ ਮਾਤਰਾ ਵਿਚ ਨਹਿਰੀ ਪਾਣੀ ਮਿਲਣਾ ਸ਼ੁਰੂ ਹੋ ਜਾਣਾ ਸੀ ਤੇ ਘੱਗਰ ਦੇ ਹੜ੍ਹਾਂ ਨਾਲ ਹੋਣ ਵਾਲੀ ਤਬਾਹੀ ਦਾ ਹੱਲ ਹੋ ਜਾਣਾ ਸੀ। ਇਸ 33 ਕਰੋੜ ਦੇ ਪ੍ਰੋਜੈਕਟ ਲਈ ਭਾਵੇਂ ਸਿੰਚਾਈ ਮਹਿਕਮੇ ਨੇ ਦੁਬਾਰਾ ਟੈਂਡਰ ਕੱਢ ਦਿੱਤੇ ਹਨ ਪਰ ਇਸ ਪ੍ਰੋਜੈਕਟ 'ਤੇ ਫਿਰ ਤੋਂ ਬਰੇਕਾਂ ਲੱਗਣ ਦੀ ਸੰਭਾਵਨਾ ਹੈ, ਕਿਉਂਕਿ ਟੈਂਡਰ ਲਈ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ।

ਮਿਲੀ ਜਾਣਕਾਰੀ ਮੁਤਾਬਕ ਇਸ ਕੰਮ ਲਈ ਇਕ ਅਜਿਹੇ ਠੇਕੇਦਾਰ ਨੂੰ ਟੈਂਡਰ ਦੇ ਦਿੱਤੇ ਸਨ ਜਿਸ ਦਾ ਨਾਂ ਸਿੰਚਾਈ ਮਹਿਕਮੇ ਦੀ ਸੂਚੀ ਵਿਚ ਦਰਜ ਨਹੀਂ ਸੀ। ਚੰਡੀਗੜ੍ਹ ਵਾਸੀ ਉਸ ਠੇਕੇਦਾਰ ਨੇ ਪ੍ਰੋਜੈਕਟ ਦਾ ਕੰਮ ਤਾਂ ਸ਼ੁਰੂ ਕੀਤਾ ਹੀ ਨਹੀਂ ਸੀ ਪਰ ਇਸ ਪ੍ਰੋਜੈਕਟ ਦੀ ਨੌਂ ਕਰੋੜ ਰੁਪਏ ਤੋਂ ਵਧੇਰੇ ਰਕਮ ਡਕਾਰ ਗਿਆ ਤੇ ਢਾਈ ਸਾਲ ਤੋਂ ਉਹ ਠੇਕੇਦਾਰ ਕੰਮ ਹੀ ਛੱਡ ਗਿਆ ਸੀ। ਉਸ ਨੇ ਚਲਾਕੀ ਇਹ ਕੀਤੀ ਸੀ ਕਿ ਸਿੰਚਾਈ ਮਹਿਕਮੇ ਦੇ ਪੈਸੇ ਨਾਲ ਜਿਹੜੀ ਮਸ਼ੀਨਰੀ ਖ਼ਰੀਦੀ ਸੀ, ਉਸ ਨੂੰ ਆਪਣੀ ਕਹਿ ਕੇ ਬੈਂਕ ਲੋਨ ਹਾਸਲ ਕਰ ਲਿਆ। ਠੇਕੇਦਾਰ ਦੀ ਸਰਕਾਰੇ-ਦਰਬਾਰੇ ਪਹੁੰਚ ਹੋਣ ਕਾਰਨ ਵਿਭਾਗ ਦੇ ਅਧਿਕਾਰੀ ਉਸ ਦਾ ਪਾਣੀ ਭਰਨ ਲੱਗ ਪਏ ਸਨ ਤੇ ਠੇਕੇਦਾਰ ਜੋ ਵੀ ਕਹਿੰਦਾ ਸੀ, ਉਸ ਨੂੰ ਅਧਿਕਾਰੀ ਮੰਨ ਲੈਂਦੇ ਸਨ।

ਛੱਤਬੀੜ ਕੋਲ ਬਣਾਏ ਜਾਣ ਵਾਲੇ ਇਸ ਬੰਨ੍ਹ ਦੀ ਦੇਖਰੇਖ ਦਾ ਜ਼ਿੰਮਾ ਐਸ.ਈ. ਭਾਖੜਾ ਮੇਨ ਲਾਈਨ ਪਟਿਆਲਾ ਦਾ ਸੀ ਤੇ ਦੇਵੀਗੜ੍ਹ ਡਵੀਜ਼ਨ ਦੇ ਐਕਸੀਅਨ ਦੀ ਨਿਗਰਾਨੀ ਵਿਚ ਇਹ ਕੰਮ ਸਿਰੇ ਚੜ੍ਹਨਾ ਸੀ ਪਰ ਜਿਸ ਠੇਕੇਦਾਰ ਨੇ ਠੇਕਾ ਲਿਆ ਸੀ, ਉਸ ਦਾ ਬੰਨ੍ਹ ਦੀ ਨੀਂਹ 'ਤੇ ਕੰਕਰੀਟ ਪਾਉਣ ਦਾ ਕੰਮ ਤਸੱਲੀਬਖ਼ਸ਼ ਹੈ ਜਾਂ ਨਹੀਂ, ਇਹ ਅਜੇ ਬੁਝਾਰਤ ਬਣਿਆ ਹੋਇਆ ਹੈ। ਮਹਿਕਮੇ ਦੇ ਅਧਿਕਾਰੀਆਂ ਨੇ ਇਸ ਪ੍ਰੋਜੈਕਟ ਲਈ ਨਾ ਤਾਂ ਚੰਗੀ ਤਰ੍ਹਾਂ ਨਿਗਰਾਨੀ ਕੀਤੀ ਤੇ ਨਾ ਹੀ ਠੇਕੇਦਾਰ ਨੇ ਕੰਮ ਕਰਨ ਲਈ ਗੰਭੀਰਤਾ ਦਿਖਾਈ।

ਹੁਣ ਹਾਈਕੋਰਟ ਦੇ ਹੁਕਮ ਹਨ ਕਿ ਪਹਿਲਾਂ ਵਾਲੇ ਟੈਂਡਰਾਂ ਦੀਆਂ ਸ਼ਰਤਾਂ ਮੁਤਾਬਕ ਕੰਮ ਕਰਵਾਇਆ ਜਾਵੇ। ਇਹ ਵੀ ਹੁਕਮ ਹਨ ਕਿ ਪੁਰਾਣੇ ਠੇਕੇਦਾਰ ਨੂੰ ਜੋ ਅਦਾਇਗੀ ਕੀਤੀ ਗਈ ਸੀ, ਉਹ ਵੀ ਵਸੂਲ ਕੀਤੀ ਜਾਵੇ ਪਰ ਸਿੰਜਾਈ ਮਹਿਕਮੇ ਨੇ ਅਜੇ ਇਹ ਹਿਸਾਬ ਨਹੀਂ ਲਾਇਆ ਕਿ ਪਾਣੀ ਵਿਚ ਕੰਕਰੀਟ ਪਾਉਣ ਦਾ ਕੰਮ ਕਿੰਨਾ ਹੋ ਗਿਆ ਸੀ ਤੇ ਕਿੰਨਾ ਬਾਕੀ ਹੈ। ਇਸ ਕੰਮ ਬਾਰੇ ਬਣੇ ਭੰਬਲਭੂਸੇ ਕਾਰਨ ਭਾਖੜਾ ਮੇਨ ਲਾਈਨ ਦੇ 4 ਐਸ.ਈ. ਪਿਛਲੇ ਕੁਝ ਦਿਨਾਂ ਦੌਰਾਨ ਬਦਲੀ ਕਰਵਾ ਗਏ ਹਨ।

ਇਸ ਪ੍ਰੋਜੈਕਟ ਦੇ ਨੇਪਰੇ ਚੜ੍ਹਨ ਨਾਲ ਬਨੂੜ ਬਰਾਂਚ ਵਿਚ ਛੇ ਮਹੀਨੇ ਦੀ ਬਜਾਏ ਪੂਰਾ ਸਾਲ ਪਾਣੀ ਵਗਣਾ ਸੀ ਤੇ ਪਾਣੀ ਦੀ ਮਾਤਰਾ ਵੀ ਵੱਧ ਜਾਣੀ ਸੀ। ਪਹਿਲਾਂ ਉਸ ਥਾਂ 'ਤੇ ਕੱਚਾ ਬੰਨ੍ਹ ਮਾਰ ਕੇ ਪਾਣੀ ਨੂੰ ਸਿੰਚਾਈ ਲਈ ਵਰਤਿਆ ਜਾਂਦਾ ਸੀ ਤੇ ਹੜ੍ਹਾਂ ਦੇ ਪਾਣੀ ਕਾਰਨ ਕੱਚਾ ਬੰਨ੍ਹ ਖੁਰ ਜਾਂਦਾ ਸੀ। ਘੱਗਰ ਉਤੇ ਬਣਾਏ ਜਾਣ ਵਾਲੇ ਇਸ ਪੱਕੇ ਬੰਨ੍ਹ ਕਾਰਨ ਪਟਿਆਲਾ ਤੇ ਖਨੌਰੀ ਨੇੜਲੇ ਪਿੰਡਾਂ ਨੂੰ ਹੜ੍ਹਾਂ ਦੀ ਤਬਾਹੀ ਤੋਂ ਵੀ ਨਿਜ਼ਾਤ ਮਿਲ ਜਾਣੀ ਸੀ ਕਿਉਂਕਿ ਘੱਗਰ ਦੇ ਪਾਣੀ ਨੂੰ ਬੰਨ੍ਹ 'ਤੇ ਹੀ ਰੋਕਣ ਦਾ ਪ੍ਰਬੰਧ ਹੋ ਜਾਣਾ ਸੀ। ਚੋਣਾਂ ਦੇ ਮਾਹੌਲ ਵਿਚ ਇਸ ਬੰਨ੍ਹ ਲਈ ਲੋਕਾਂ ਨਾਲ ਸਿਆਸੀ ਆਗੂ ਵਾਅਦੇ ਵੀ ਕਰਦੇ ਸਨ ਪਰ ਸਿੰਜਾਈ ਮਹਿਕਮੇ ਦੀ ਨਾਲਾਇਕੀ ਕਾਰਨ ਇਹ ਪ੍ਰੋਜੈਕਟ ਨੇੜ ਭਵਿੱਖ ਵਿਚ ਸਿਰੇ ਚੜ੍ਹਦਾ ਨਜ਼ਰ ਨਹੀਂ ਆ ਰਿਹਾ।


ਇਸ ਮਾਮਲੇ ਬਾਰੇ ਸਿੰਚਾਈ ਮਹਿਕਮੇ ਦੇ ਚੀਫ਼ ਇੰਜਨੀਅਰ ਅਮਰਜੀਤ ਸਿੰਘ ਦੁਲਟ ਨੇ ਦੱਸਿਆ ਕਿ ਪ੍ਰੋਜੈਕਟ ਲਈ ਟੈਂਡਰ ਕੱਢੇ ਜਾ ਚੁੱਕੇ ਹਨ ਤੇ ਇਕ ਮਹੀਨੇ ਅੰਦਰ ਟੈਂਡਰ ਅਲਾਟ ਹੋਣ ਦਾ ਕੰਮ ਸਿਰੇ ਚੜ੍ਹ ਜਾਵੇਗਾ।

### ਹਰ ਵਰ੍ਹੇ ਹਜ਼ਾਰਾਂ ਏਕੜ ਫਸਲ ਹੁੰਦੀ ਹੈ ਤਬਾਹ



## ਕੇਂਦਰ ਵਲੋਂ ਸਮੱਸਿਆ ਦੇ ਹੱਲ ਦਾ ਭਰੋਸਾ

**ਪਟਿਆਲਾ:** ਪਿਛਲੇ ਲੰਬੇ ਸਮੇਂ ਤੋਂ ਲਟਕ ਰਹੇ ਘੱਗਰ ਦੇ ਮਸਲੇ ਬਾਰੇ ਲੋਕ ਸਭਾ ਵਿਚ ਆਮ ਆਦਮੀ ਪਾਰਟੀ ਦੇ ਲੀਡਰ ਤੇ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਨੇ ਕੇਂਦਰੀ ਜਲ ਸਰੋਤ ਮੰਤਰੀ ਉਮਾ ਭਾਰਤੀ ਨਾਲ ਮੁਲਾਕਾਤ ਕੀਤੀ। ਡਾ. ਗਾਂਧੀ ਨੇ ਦੱਸਿਆ ਕਿ ਮੁਲਾਕਾਤ ਦੌਰਾਨ ਕੇਂਦਰੀ ਮੰਤਰੀ ਨੂੰ ਘੱਗਰ ਕਾਰਨ ਆਉਂਦੇ ਹੜ੍ਹਾਂ ਨਾਲ ਫਸਲਾਂ ਸਮੇਤ ਲੋਕਾਂ ਦੇ ਹੁੰਦੇ ਨੁਕਸਾਨ ਤੇ ਇਸ ਦਰਿਆ ਤੋਂ ਫੈਲ ਰਹੇ ਪ੍ਰਦੂਸ਼ਣ ਬਾਰੇ ਜਾਣੂ ਕਰਵਾਇਆ ਗਿਆ ਹੈ। ਕੇਂਦਰੀ ਮੰਤਰੀ ਨੂੰ ਘੱਗਰ ਕਾਰਨ ਹੁੰਦੇ ਨੁਕਸਾਨ ਤੋਂ ਬਚਾਅ ਲਈ ਚੈੱਕ ਡੈਮ, ਜੀਓ ਬੈਗਜ਼ ਤੇ ਪੁਰਾਣੇ ਘੱਗਰ ਪਲਾਨ ਨੂੰ ਮੁੜ ਸੁਰਜੀਤ ਕਰਨ ਦੇ ਸੁਝਾਅ ਦਿੱਤੇ ਗਏ, ਜਿਨ੍ਹਾਂ 'ਤੇ ਵਿਸਥਾਰਤ ਰਿਪੋਰਟ ਤੇ ਅਨੁਮਾਨਤ ਲਾਗਤ ਤੈਅ ਕਰਨ ਲਈ ਕੇਂਦਰੀ ਮੰਤਰੀ ਉਮਾ ਭਾਰਤੀ ਨੇ ਜਲ ਸਰੋਤ ਮੰਤਰਾਲੇ ਦੇ ਸਟੇਟ ਪ੍ਰੋਜੈਕਟ ਕਮਿਸ਼ਨਰ ਪਰਦੀਪ ਕੁਮਾਰ ਦੀ ਅਗਵਾਈ ਹੇਠ ਇਕ ਟੀਮ ਦਾ ਗਠਨ ਕੀਤਾ ਹੈ। ਇਹ ਟੀਮ ਇਸ ਦੇ ਫ਼ੌਰੀ ਸੰਭਾਵਿਤ ਹੱਲ ਲਈ ਇਕ ਮਹੀਨੇ ਦੇ ਅੰਦਰ ਸਰਕਾਰ ਨੂੰ ਆਪਣੀ ਰਿਪੋਰਟ ਦੇਵੇਗੀ।



## ਧਰਮਿੰਦਰ ਨੇ 79ਵਾਂ ਜਨਮ ਦਿਨ ਮਨਾਇਆ

**ਕਰਤਾਰਪੁਰ (ਬਿਊਰੋ):** ਹਿੰਦੀ ਫਿਲਮਾਂ ਦੇ 'ਹੀ-ਮੈਨ' ਸਦਾਬਹਾਰ ਅਦਾਕਾਰ ਧਰਮਿੰਦਰ ਨੇ ਆਪਣਾ 79ਵਾਂ ਜਨਮ ਦਿਨ ਇਥੇ ਆਪਣੀ ਨਵੀਂ ਆ ਰਹੀ ਹਿੰਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਦੀ ਸ਼ੂਟਿੰਗ ਦੇ ਸੈਟ 'ਤੇ ਆਪਣੇ ਪ੍ਰਸ਼ੰਸਕਾਂ ਨਾਲ ਮਨਾਇਆ। ਇਸ ਮੌਕੇ ਫਿਲਮ ਦੇ ਅਦਾਕਾਰ ਗਿੱਪੀ ਗਰੇਵਾਲ, ਗੋਵਿੰਦਾ ਦੀ ਬੇਟੀ ਟੀਨਾ ਆਹੂਜਾ, ਅਦਾਕਾਰਾ ਗੀਤਾ ਬਸਰਾ ਤੇ ਫਿਲਮ ਨਿਰਮਾਤਾ ਕੈਲੀਫੋਰਨੀਆ ਵਾਸੀ ਅਮੋਲਕ ਸਿੰਘ ਗਾਖਲ ਸਮੇਤ ਫਿਲਮ ਨਾਲ ਜੁੜੀਆਂ ਕਈ ਸ਼ਖਸੀਅਤਾਂ ਹਾਜ਼ਰ ਸਨ।

ਧਰਮਿੰਦਰ ਨੇ ਇਸ ਮੌਕੇ ਕਿਹਾ ਕਿ ਮੈਂ 55 ਸਾਲ ਬਾਅਦ ਪੰਜਾਬ ਵਿਚ ਆਪਣਾ ਜਨਮ ਦਿਨ ਮਨਾ ਰਿਹਾ ਹਾਂ ਤੇ ਮੈਨੂੰ ਮਹਿਸੂਸ ਹੋ ਰਿਹਾ ਹੈ, ਜਿਵੇਂ ਮੈਂ ਆਪਣੀ ਮਾਂ ਦੀ ਗੋਦ ਵਿਚ ਆ ਗਿਆ ਹੋਵਾਂ। ਭਾਵੇਂ ਮੈਨੂੰ ਆਪਣੀ ਜਨਮ ਤਰੀਕ ਚੰਗੀ ਤਰ੍ਹਾਂ ਯਾਦ ਨਹੀਂ ਪਰ ਮਾਂ ਦੇ ਦੱਸਣ ਮੁਤਾਬਕ ਜਨਮ ਲੁਧਿਆਣਾ ਜ਼ਿਲ੍ਹੇ 'ਚ ਪੈਂਦੇ ਛੋਟੇ ਜਿਹੇ ਪਿੰਡ ਨਸਰਾਲੀ ਦੇ ਚੁਬਾਰੇ ਵਿਚ ਹੋਇਆ ਸੀ। ਮੇਰੇ ਪਿਤਾ ਮੇਰੇ ਫਿਲਮਾਂ 'ਚ ਜਾਣ ਦੇ ਖਿਲਾਫ ਸਨ।

ਧਰਮਿੰਦਰ ਨੇ ਆਪਣੀ ਨਵੀਂ ਆ ਰਹੀ ਫਿਲਮ 'ਸੈਕੰਡ ਹੈਂਡ ਹਸਬੈਂਡ' ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਫਿਲਮ ਪੰਜਾਬੀ ਰੰਗ ਵਿਚ ਰੰਗੀ ਤੇ ਕਾਮੇਡੀ ਨਾਲ ਭਰਪੂਰ ਬਹੁਤ ਹੀ ਉਚ ਪਾਏ ਦੀ ਫਿਲਮ ਹੈ। ਫਿਲਮ ਨਿਰਮਾਤਾ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਵੱਡੇ ਬਜਟ ਵਾਲੀ ਇਸ ਫਿਲਮ ਵਿਚ ਪੰਜਾਬੀ ਖ਼ੁਸ਼ਬੂ ਭਾਰੂ ਰਹੇਗੀ। ਫਿਲਮ ਵਿਚ ਹੀਰੋ ਦਾ ਕਿਰਦਾਰ ਨਿਭਾਅ ਰਹੇ ਗਿੱਪੀ ਗਰੇਵਾਲ ਪਹਿਲੀ ਵਾਰ ਪੰਜਾਬੀ ਫਿਲਮਾਂ ਤੋਂ ਹਿੰਦੀ ਵੱਲ ਛਾਲ ਮਾਰ ਰਹੇ ਹਨ। ਇਸੇ ਦੌਰਾਨ ਮਾਨ ਭਰਾਵਾਂ ਅਤੇ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਨੇ ਗਾਖਲ ਭਰਾਵਾਂ ਨੂੰ ਫਿਲਮ 'ਸੈਕੰਡ ਹੈਂਡ ਹਸਬੈਂਡ' ਬਣਾਉਣ 'ਤੇ ਵਧਾਈ ਦਿੱਤੀ ਹੈ।

## ਸਿੱਖਾਂ ਬਾਰੇ ਤਾਲਮੇਲ ਕਮੇਟੀ ਵਲੋਂ ਪੀ.ਡੀ.ਪੀ. ਨੂੰ ਸਮਰਥਨ

**ਸ੍ਰੀਨਗਰ:** ਆਲ ਪਾਰਟੀ ਸਿੱਖ ਤਾਲਮੇਲ ਕਮੇਟੀ ਦੇ ਵਫ਼ਦ ਨੇ ਵਿਰੋਧੀ ਪਾਰਟੀ ਪੀ.ਡੀ.ਪੀ. ਦੇ ਸਰਪ੍ਰਸਤ ਮੁਫਤੀ ਮੁਹੰਮਦ ਸਈਦ ਨੂੰ ਇਥੇ ਮਿਲ ਕੇ ਸਿੱਖ ਭਾਈਚਾਰੇ ਵੱਲੋਂ ਚੋਣਾਂ ਵਿਚ ਸਮਰਥਨ ਦੇਣ ਦਾ ਭਰੋਸਾ ਦਿੱਤਾ ਹੈ।

ਵਫ਼ਦ ਨੇ ਪੀ.ਡੀ.ਪੀ. ਦੀ ਇਸ ਗੱਲੋਂ ਪ੍ਰਸੰਸਾ ਕੀਤੀ ਕਿ ਚੋਣ ਮੈਨੀਫੈਸਟੋ ਵਿਚ ਘੱਟ ਗਿਣਤੀਆਂ ਲਈ ਕਈ ਭਲਾਈ ਸਕੀਮਾਂ ਨੂੰ ਸ਼ਾਮਲ ਕੀਤਾ ਗਿਆ ਹੈ। ਵਫ਼ਦ ਦੀ ਅਗਵਾਈ ਤਾਲਮੇਲ ਕਮੇਟੀ ਦੇ ਪ੍ਰਧਾਨ ਜਗਮੋਹਨ ਸਿੰਘ ਰੈਣਾ ਨੇ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਵਫ਼ਦ ਵਿਚ ਕਸ਼ਮੀਰ ਦੇ ਤਕਰੀਬਨ ਸਾਰੇ ਗੁਰਦੁਆਰਿਆਂ ਦੇ ਮੁਖੀ ਸ਼ਾਮਲ ਸਨ।

## ਟਰੱਸਟ ਘੁਟਾਲਾ ਕੇਸ ਵਿਚ ਕੈਪਟਨ ਅਮਰਿੰਦਰ ਪੇਸ਼ ਨਾ ਹੋਏ

**ਮੁਹਾਲੀ:** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ-ਚਰਚਿਤ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਕੈਬਨਿਟ ਮੰਤਰੀ ਚੌਧਰੀ ਜਗਜੀਤ ਸਿੰਘ ਸਮੇਤ ਹੋਰਨਾਂ ਖਿਲਾਫ਼ ਦਰਜ ਭ੍ਰਿਸ਼ਟਾਚਾਰ ਮਾਮਲੇ ਦੀ ਅਗਲੀ ਸੁਣਵਾਈ ਜ਼ਿਲ੍ਹਾ ਅਦਾਲਤ ਨੇ 23 ਦਸੰਬਰ 'ਤੇ ਅੱਗੇ ਪਾ ਦਿੱਤੀ ਹੈ। ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ (ਸੀਨੀਅਰ ਡਵੀਜ਼ਨ) ਪਰਮਿੰਦਰਪਾਲ ਸਿੰਘ ਦੀ ਅਦਾਲਤ ਵਿਚ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਕਰਨ ਬਾਰੇ ਕਾਰਵਾਈ ਚੱਲ ਰਹੀ ਹੈ।



ਕੇਸ ਦੀ ਸੁਣਵਾਈ ਮੌਕੇ ਕੈਪਟਨ ਅਮਰਿੰਦਰ ਸਿੰਘ ਤੇ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਜੁਗਲ ਕਿਸ਼ੋਰ ਸ਼ਰਮਾ, ਗੁਰਚਰਨ ਸਿੰਘ ਖਾਰਾ ਤੇ ਪਰਮਿੰਦਰ ਸਿੰਘ ਤੁੰਗ ਅਦਾਲਤ ਵਿਚ ਪੇਸ਼ ਨਹੀਂ ਹੋਏ। ਜ਼ਿਕਰਯੋਗ ਹੈ ਕਿ ਮੁਲਜ਼ਮ ਖਾਰਾ ਨੂੰ ਕੁਝ ਦਿਨ ਪਹਿਲਾਂ ਧੋਖਾਧੜੀ ਦੇ ਮਾਮਲੇ ਵਿਚ ਦਿੱਲੀ ਪੁਲਿਸ ਗ੍ਰਿਫ਼ਤਾਰ ਕਰਕੇ ਲੈ ਗਈ ਸੀ, ਹੁਣ ਉਹ ਜੁਡੀਸ਼ਲ ਰਿਮਾਂਡ ਤਹਿਤ ਦਿੱਲੀ ਜੇਲ੍ਹ ਵਿਚ ਹਨ। ਕੈਪਟਨ ਨੇ ਆਪਣੇ ਵਕੀਲ ਰਾਹੀਂ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਹੈ। ਉਹ ਪਹਿਲਾਂ ਵੀ ਇਹ ਛੋਟ ਲੈ ਚੁੱਕੇ ਹਨ।

# ਸੰਸਾਰ 'ਚ ਇਕ ਤਿਹਾਈ ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ

**ਚੰਡੀਗੜ੍ਹ:** ਸੰਸਾਰ ਵਿਚ ਇਕ ਤਿਹਾਈ ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ ਹੋ ਰਹੀਆਂ ਹਨ ਅਤੇ ਬਾਹਰੀ ਹਿੰਸਾ ਦਾ ਸ਼ਿਕਾਰ ਹੋਣ ਵਾਲੀਆਂ ਔਰਤਾਂ ਦੀ ਗਿਣਤੀ ਦਾ ਕੋਈ ਅੰਦਾਜ਼ਾ ਹੀ ਨਹੀਂ। ਦੇਸ਼ ਭਰ ਵਿਚ ਔਰਤਾਂ ਖ਼ਿਲਾਫ਼ ਹੋਣ ਵਾਲੀਆਂ ਘਟਨਾਵਾਂ ਵਿਚ ਇਜ਼ਾਫਾ ਹੁੰਦਾ ਜਾ ਰਿਹਾ ਹੈ ਤੇ ਔਰਤਾਂ ਬਾਹਰੀ ਤੇ ਘਰੇਲੂ ਹਿੰਸਾ ਦੀ ਮਾਰ ਝੱਲਣ ਲਈ ਮਜਬੂਰ ਹੋ ਰਹੀਆਂ ਹਨ। ਕਈ ਵਾਰ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਸਾਫ਼ ਬਚ ਕੇ ਨਿਕਲ ਜਾਂਦੇ ਹਨ ਕਿਉਂਕਿ ਪਿਆਰ ਵਿਚ ਅਗਵਾ ਹੋਣ ਦੇ ਮਾਮਲਿਆਂ ਵਿਚ 90 ਫੀਸਦੀ ਲੜਕੀਆਂ ਨਾਬਾਲਗ ਹੁੰਦੀਆਂ ਹਨ ਤੇ ਅਦਾਲਤ ਵਿਚ 80 ਫੀਸਦੀ ਲੜਕੀਆਂ ਅਗਵਾ ਦੀ ਘਟਨਾ ਤੋਂ ਕਿਸੇ ਨਾ ਕਿਸੇ ਕਾਰਨ ਮੁੱਕਰ ਜਾਂਦੀਆਂ ਹਨ।



ਵਿਸ਼ਵ ਸਿਹਤ ਸੰਗਠਨ ਵੱਲੋਂ ਪ੍ਰਕਾਸ਼ਿਤ ਸਿਲਸਿਲੇਵਾਰ ਰਿਪੋਰਟ ਮੁਤਾਬਕ ਔਰਤਾਂ ਖ਼ਿਲਾਫ਼ ਹਿੰਸਾ ਵਧਦੀ ਜਾ ਰਹੀ ਹੈ ਤੇ ਰਿਪੋਰਟ ਮੁਤਾਬਕ ਘਰੇਲੂ ਹਿੰਸਾ ਨੂੰ ਰੋਕਣ ਲਈ ਮੌਜੂਦਾ ਕਾਨੂੰਨ ਦੇ ਬਾਵਜੂਦ ਵੀ ਦੁਨੀਆ ਭਰ ਦੀਆਂ ਇਕ ਤਿਹਾਈ ਔਰਤਾਂ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋ ਰਹੀਆਂ ਹਨ। ਦੇਸ਼ ਭਰ ਵਿਚ 10 ਤੋਂ 14 ਕਰੋੜ ਔਰਤਾਂ ਅਜੇ ਵੀ ਕਿਸੇ ਨਾ ਕਿਸੇ ਤਰ੍ਹਾਂ ਦੀ ਹਿੰਸਾ ਤੇ ਸ਼ੋਸ਼ਣ ਦੀਆਂ ਸ਼ਿਕਾਰ ਹੋ ਰਹੀਆਂ ਹਨ। ਸਰਵੇਖਣ ਅਨੁਸਾਰ ਤਕਰੀਬਨ ਸੱਤ ਕਰੋੜ ਲੜਕੀਆਂ ਦੇ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਉਨ੍ਹਾਂ ਦੀ ਮਰਜ਼ੀ ਦੇ ਖ਼ਿਲਾਫ਼ ਕਰ ਦਿੱਤੇ ਜਾਂਦੇ ਹੈ ਤੇ ਇਸ ਮਗਰੋਂ ਉਨ੍ਹਾਂ ਨੂੰ ਘਰੇਲੂ ਤੇ ਬਾਹਰੀ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਕ ਰਿਪੋਰਟ ਮੁਤਾਬਕ ਫਿਰੌਤੀ ਲਈ ਅਗਵਾ ਦੀਆਂ ਘਟਨਾਵਾਂ ਕਿਸੇ ਸਮੇਂ ਆਪਣੇ ਸਿਖਰ 'ਤੇ ਸਨ ਪਰ ਹੁਣ 'ਪਿਆਰ ਵਿਚ ਅਗਵਾ' ਦੇ ਮਾਮਲੇ ਦਿਨੋਂ ਦਿਨ ਵਧ ਦੇ ਜਾ ਰਹੇ ਹਨ। ਰਿਪੋਰਟ ਅਨੁਸਾਰ ਮਾਪਿਆਂ ਵੱਲੋਂ ਪਿਆਰ ਵਿਚ ਅਗਵਾ ਮਗਰੋਂ ਲੜਕੀ ਦੇ ਅਗਵਾ ਹੋਣ ਦੀ ਰਿਪੋਰਟ ਲਿਖਵਾ ਦਿੱਤੀ ਜਾਂਦੀ ਹੈ ਪਰ 80 ਫੀਸਦੀ ਕੇਸਾਂ ਵਿਚ ਲੜਕੀਆਂ ਕਿਸੇ ਨਾ ਕਿਸੇ ਕਾਰਨ ਅਗਵਾ ਦੀ ਘਟਨਾ ਤੋਂ ਮੁੱਕਰ ਜਾਂਦੀਆਂ ਹਨ ਤੇ ਲੜਕੇ ਨਾਲ ਰਜ਼ਾਮੰਦੀ ਹੋਣ ਦੀ ਗੱਲ ਕਹਿਣ 'ਤੇ ਜਿਥੇ ਅਦਾਲਤਾਂ ਵਿਚ ਮਾਪਿਆਂ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ ਉਥੇ ਬਹਿਲਾ ਫੁਸਲਾ ਕੇ ਲੜਕੀਆਂ ਨੂੰ ਲੈ ਜਾਣ ਵਾਲਿਆਂ ਦੇ ਹੌਸਲੇ ਵੀ ਹੋਰ ਬੁਲੰਦ ਹੋ ਜਾਂਦੇ ਹਨ।

ਰਿਪੋਰਟ ਮੁਤਾਬਕ ਪਿਆਰ ਵਿਚ ਅਗਵਾ ਹੋਣ ਦੇ ਸਾਹਮਣੇ ਆਉਣ ਵਾਲੇ ਮਾਮਲਿਆਂ ਵਿਚ 80 ਫ਼ੀਸਦੀ ਤੋਂ ਜ਼ਿਆਦਾ ਲੜਕੀਆਂ ਨਾਬਾਲਿਗ ਹੁੰਦੀਆਂ ਹਨ ਜਦਕਿ ਇਸ ਕੇਸ ਨਾਲ ਸਬੰਧਤ ਲੜਕੇ ਬਾਲਗ ਦੱਸੇ ਜਾਂਦੇ ਹਨ ਤੇ ਇਸ ਤਰ੍ਹਾਂ ਭੋਲੀਆਂ ਭਾਲੀਆਂ ਲੜਕੀਆਂ ਨੂੰ ਸਬਜ਼ਬਾਗ ਦਿਖਾ ਕੇ ਸ਼ੋਸ਼ਣ ਕਰਨ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ ਪਿਆਰ ਵਿਚ ਅਗਵਾ ਹੋਣ ਦੀਆਂ ਘਟਨਾਵਾਂ ਦਿਨੋਂ ਦਿਨ ਵਧ ਦੀਆ ਨਜ਼ਰ ਰਹੀਆਂ ਹੈ ਤੇ ਪਿਛਲੇ ਪੰਜ ਸਾਲ ਦੌਰਾਨ ਇਨ੍ਹਾਂ ਮਲੀਨਾ ਵਿਚ 50 ਫ਼ੀਸਦੀ ਤੱਕ ਦਾ ਵਾਧਾ ਹੋਇਆ ਹੈ।

ਰਿਪੋਰਟ ਅਨੁਸਾਰ ਨੰਨ੍ਹੀਆਂ ਛਾਵਾਂ ਨੂੰ ਪੈਣ ਵਾਲੀ ਮਾਰ ਦਾ ਸਿਲਸਿਲਾ ਇਥੇ ਹੀ ਖ਼ਤਮ ਨਹੀਂ ਹੁੰਦਾ ਤੇ ਦੁਨੀਆ ਵਿਚ ਆਉਣ ਤੋਂ ਪਹਿਲਾਂ ਹੀ ਭਾਰਤ ਵਿਚ ਹਰ ਸਾਲ 50 ਲੱਖ ਨੰਨ੍ਹੀਆਂ ਛਾਵਾਂ ਨੂੰ ਖ਼ਤਮ ਕਰ ਦਿੱਤਾ ਜਾਂਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ 1980 ਤੋਂ ਲੈ ਕੇ 2010 ਤੱਕ ਦੇਸ਼ ਵਿਚ ਇਕ ਕਰੋੜ 20 ਲੱਖ ਨੰਨ੍ਹੀਆਂ ਛਾਵਾਂ ਨੂੰ ਗਰਭ ਵਿਚ ਹੀ ਖ਼ਤਮ ਕਰ ਦਿੱਤਾ ਗਿਆ। ਇਕ ਹੋਰ ਰਿਪੋਰਟ ਅਨੁਸਾਰ ਵਿਸ਼ਵ ਭਰ ਵਿਚ ਹੋਣ ਵਾਲੇ ਬਾਲ ਵਿਆਹਾਂ ਵਿਚੋਂ 40 ਫੀਸਦੀ ਬਾਲ ਵਿਆਹ ਭਾਰਤ ਵਿਚ ਹੋ ਰਹੇ ਹਨ ਜੋ ਔਰਤਾਂ ਤੇ ਲੜਕੀਆਂ ਨਾਲ ਹੋਣ ਵਾਲੀ ਘਰੇਲੂ ਹਿੰਸਾ ਦਾ ਹੀ ਰੂਪ ਹੈ।

## ਮੈਲਬਰਨ 'ਚ ਪੰਜਾਬੀ ਨੌਜਵਾਨ ਦੀ ਮੌਤ

**ਮੈਲਬਰਨ:** ਭਾਰਤੀ ਮੂਲ ਦਾ ਇਕ 21 ਸਾਲਾ ਲੜਕਾ ਇਥੇ ਇਕ ਉੱਚੀ ਇਮਾਰਤ ਵਿਚਲੇ ਅਪਾਰਟਮੈਂਟ ਦੀ 26ਵੀਂ ਮੰਜ਼ਿਲ ਤੋਂ ਡਿੱਗ ਕੇ ਮਰ ਗਿਆ। ਰਹਿਮਤ ਸੰਧੂ ਨਾਂ ਦਾ ਇਹ ਲੜਕਾ ਇਕ 36 ਮੰਜ਼ਿਲੀ ਅਪਾਰਟਮੈਂਟ ਬਿਲਡਿੰਗ ਦੀ ਸ਼ੀਸ਼ੇ ਦੀ ਬਾਲਕੋਨੀ ਤੋਂ ਡਿੱਗ ਗਿਆ। ਇਹ ਇਮਾਰਤ ਸਿਟੀ ਰੋਡ 'ਤੇ ਸਥਿਤ ਹੈ। ਉਹ ਮੈਲਬਰਨ ਦੇ ਪੰਜਾਬ ਡਾਂਸ ਗਰੁੱਪ ਦਾ ਮੈਂਬਰ ਸੀ।

ਮਿਲੀ ਜਾਣਕਾਰੀ ਮੁਤਾਬਕ ਰਹਿਮਤ ਬਾਲਕੋਨੀ ਦੀ ਰੇਲਿੰਗ 'ਤੇ ਬੈਠਣ ਲੱਗਿਆ ਸੀ, ਜੋ ਗਿੱਲੀ ਸੀ ਤੇ ਉਹ ਤਿਲਕ ਕੇ ਡਿੱਗ ਗਿਆ। ਸਥਾਨਕ ਪੁਲਿਸ ਅਨੁਸਾਰ ਉਹ ਇਕ ਨੌਜਵਾਨ ਦੇ ਮਾਰੇ ਜਾਣ ਦੀ ਜਾਂਚ ਕਰ ਰਹੀ ਹੈ ਤੇ ਘਟਨਾ ਸਮੇਂ ਅਪਾਰਟਮੈਂਟ ਵਿਚ ਹਾਜ਼ਰ ਬਹੁਤ ਸਾਰੇ ਲੋਕਾਂ ਨਾਲ ਗੱਲਬਾਤ ਕਰ ਰਹੀ ਹੈ। ਇਸ ਮੌਤ ਬਾਰੇ ਕੋਈ ਸ਼ੱਕ ਨਹੀਂ ਕੀਤਾ ਜਾ ਰਿਹਾ ਤੇ ਪੁਲਿਸ ਹੀ ਜਾਂਚ ਰਿਪੋਰਟ ਤਿਆਰ ਕਰੇਗੀ।

# Gakhal Brothers Entertainments

## ਗਾਖਲ ਭਰਾਵਾਂ- ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਵਲੋਂ

## ਸਦਾਬਹਾਰ ਫਿਲਮ ਕਲਾਕਾਰ ਧਰਮਿੰਦਰ ਨੂੰ 79ਵਾਂ ਜਨਮ ਦਿਨ ਮੁਬਾਰਕ












# ਜੈਨਕੋ ਹਮੇਸ਼ਾ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਦੀ ਸਹਿਯੋਗੀ ਰਹੇਗੀ: ਸੰਘਾ




*ਜੈਨਕੋ ਜਥੇਬੰਦੀ ਦੇ ਆਗੂ ਤੇ ਮੈਂਬਰ ਗੁਰਦੁਆਰਾ ਪ੍ਰਬੰਧਕਾਂ ਨਾਲ*

**ਸੈਨ ਹੋਜ਼ੇ (ਬਿਊਰੋ):** ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਦੀ ਜਥੇਬੰਦੀ (ਜੈਨਕੋ) ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨੂੰ ਪੂਰਾ ਸਹਿਯੋਗ ਦੇਵੇਗੀ। ਇਹ ਸ਼ਬਦ ਜੈਨਕੋ ਆਗੂ ਗੁਰਜੰਟ ਸਿੰਘ ਸੰਘਾ ਨੇ ਗੁਰਦੁਆਰਾ ਸਾਹਿਬ ਵਿਖੇ ਬੋਲਦਿਆਂ ਕਹੇ। ਯਾਦ ਰਹੇ, ਗੁਰਦੁਆਰਾ ਸੈਨ ਹੋਜ਼ੇ ਦੀ ਸ਼ਾਨਦਾਰ ਇਮਾਰਤ ਬਣਾਉਣ ਵਿਚ ਜੈਨਕੋ ਨੇ ਭਰਵਾਂ ਯੋਗਦਾਨ ਪਾਇਆ ਹੈ। ਹੁਣ ਵੀ ਜੈਨਕੋ ਕਮੇਟੀ ਵਿਚ ਭਾਈਵਾਲ ਬਣ ਕੇ ਸੇਵਾ ਨਿਭਾਅ ਰਹੀ ਹੈ।

ਇਸ ਸਮੇਂ ਗੁਰਜੰਟ ਸਿੰਘ ਸੰਘਾ ਜੋ ਸਿਟੀ ਆਫ ਸੈਨ ਹੋਜ਼ੇ ਵਿਚ ਚੀਫ ਹਨ, ਨੇ ਕਿਹਾ ਕਿ ਜੈਨਕੋ ਇੰਡੀਆ ਤੋਂ ਅਮਰੀਕਾ ਆਏ ਨਵੇਂ ਵਿਦਿਆਰਥੀਆਂ ਨੂੰ ਨੌਕਰੀਆਂ ਦਿਵਾਉਣ ਦਾ ਪ੍ਰਬੰਧ ਕਰਦੀ ਹੈ। ਉਨ੍ਹਾਂ ਕਿਹਾ ਕਿ ਅਗਰ ਕਿਸੇ ਨੂੰ ਵੀ ਜੈਨਕੋ ਪ੍ਰਤੀ ਕੋਈ ਕੰਮ ਹੋਵੇ, ਉਹ ਜਥੇਬੰਦੀ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਇੰਦਰਜੀਤ ਸਿੰਘ ਥਿੰਦ ਅਤੇ ਸੁਰਜੀਤ ਸਿੰਘ ਬੈਂਸ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਰਾਜ ਪਾਲ ਸਿੰਘ ਐਲਾਮੀਡਾ ਕਾਊਂਟੀ ਦੇ ਕਮਿਸ਼ਨਰ ਨਿਯੁਕਤ

**ਹੇਵਰਡ (ਬਿਊਰੋ):** ਇਥੋਂ ਦੇ ਵਾਸੀ ਪ੍ਰਿੰ. ਰਾਜ ਪਾਲ ਸਿੰਘ ਨੂੰ ਐਲਾਮੀਡਾ ਕਾਊਂਟੀ ਵਲੋਂ ਬਜ਼ੁਰਗਾਂ ਦੇ ਹਿਤਾਂ ਲਈ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਲੰਘੀ 10 ਨਵੰਬਰ ਨੂੰ ਬਾਕਾਇਦਾ ਹਲਫ ਲੈ ਕੇ ਆਪਣੇ ਅਹੁਦੇ ਦੇ ਜ਼ਿੰਮੇ ਕੰਮ ਕਾਜ ਕਰਨੇ ਅਰੰਭ ਕਰ ਦਿੱਤੇ ਹਨ। ਐਲਾਮੀਡਾ ਕਾਊਂਟੀ ਵਿਚ 18 ਜ਼ਿਲ੍ਹੇ ਪੈਂਦੇ ਹਨ। ਪ੍ਰਿੰ. ਰਾਜ ਪਾਲ ਸਿੰਘ ਦੀ ਨਿਯੁਕਤੀ ਉਨ੍ਹਾਂ ਦੇ ਸਮਾਜ ਭਲਾਈ ਕਾਰਜਾਂ ਕਰਕੇ ਕੀਤੀ ਗਈ ਹੈ।



ਜ਼ਿਕਰਯੋਗ ਹੈ ਕਿ ਪ੍ਰਿੰ. ਰਾਜ ਪਾਲ ਸਿੰਘ ਪੰਜਾਬ ਵਿਚ ਸ਼ਹੀਦ ਭਗਤ ਸਿੰਘ ਨਗਰ ਦੇ ਮਹੱਲਾ ਵਿਕਾਸ ਨਗਰ ਤੋਂ ਪ੍ਰਿੰਸੀਪਲ ਵਜੋਂ ਰਿਟਾਇਰ ਹੋਣ ਉਪਰੰਤ 2005 ਵਿਚ ਪੱਕੇ ਤੌਰ 'ਤੇ ਕੈਲੀਫੋਰਨੀਆ ਆ ਵੱਸੇ ਸਨ। ਉਨ੍ਹਾਂ ਨਾਲ ਸੰਪਰਕ ਫੋਨ 510-452-7370 ਰਾਹੀਂ ਕੀਤਾ ਜਾ ਸਕਦਾ ਹੈ।

# 'ਭਾਰਤ ਨੇ ਹੜ੍ਹਾਂ ਬਾਰੇ ਗੁੰਮਰਾਹਕੁਨ ਅੰਕੜੇ ਭੇਜੇ'

**ਇਸਲਾਮਾਬਾਦ:** ਪਾਕਿਸਤਾਨ ਨੇ ਭਾਰਤ ਉਪਰ ਦੋਸ਼ ਲਾਇਆ ਹੈ ਕਿ ਉਸ ਨੇ ਕੁਝ ਮਹੀਨੇ ਪਹਿਲਾਂ ਆਏ ਹੜ੍ਹਾਂ ਬਾਰੇ ਗੁੰਮਰਾਹਕੁਨ ਅੰਕੜੇ ਮੁਹੱਈਆ ਕੀਤੇ ਜਿਸ ਕਾਰਨ ਉਨ੍ਹਾਂ ਦੇ ਦੇਸ਼ ਵਾਸੀਆਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਹੜ੍ਹਾਂ ਤੋਂ ਬਾਅਦ ਤਿਆਰ ਕੀਤੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਦੇ ਭੇਜੇ ਅੰਕੜੇ ਗੁੰਮਰਾਹਕੁਨ ਸਨ।

ਰਿਪੋਰਟ ਵਿਚ ਲਿਖਿਆ ਗਿਆ ਹੈ ਕਿ ਪਾਕਿਸਤਾਨ ਸਰਕਾਰ ਇਹ ਮੁੱਦਾ ਭਾਰਤੀ ਅਧਿਕਾਰੀਆਂ ਕੋਲ ਉਠਾਏ ਤਾਂ ਜੋ ਭਵਿੱਖ ਵਿਚ ਭਾਰੀ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਾਅ ਲਈ ਢੁੱਕਵੇਂ ਉਪਰਾਲੇ ਕੀਤੇ ਜਾ ਸਕਣ। 'ਐਕਸਪ੍ਰੈਸ ਟ੍ਰਿਬਿਊਨ' ਦੀ ਖਬਰ ਅਨੁਸਾਰ ਪਾਕਿਸਤਾਨ ਦੇ ਸਿੰਚਾਈ ਤੇ ਊਰਜਾ ਵਿਭਾਗ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚੇਨਾਬ ਤੇ ਜੇਹਲਮ ਦਰਿਆਵਾਂ ਵਿਚ ਹੜਾਂ ਦੌਰਾਨ ਪਾਣੀ ਦੀ ਮਾਤਰਾ ਬਾਰੇ ਜਿਹੜੇ ਭਾਰਤ ਨੇ ਅੰਕੜੇ ਦਿੱਤੇ, ਉਹ ਸਚਾਈ ਤੋਂ ਕੋਹਾਂ ਦੂਰ ਸਨ।












Sant Attar Singh Ji
(1866 – 1927)

ਇਹ ਹੈ ਪ੍ਰਗਟ ਹਮਾਰੀ ਕਾਸੀ। ਪੜ੍ਹਹੈਂ ਇਹਾਂ ਢੋਰ ਮਤਿਰਾਸੀ।
ਲੇਖਕ ਗੁਨੀ ਕਵਿੰਦ ਗਿਆਨੀ। ਬੁੱਧਿਸਿੰਧੁ ਹ੍ਵੈਹੈਂ ਇਤ ਆਨੀ॥
(Ref:- Mahan Kosh by Bhai Kahan Singh Nabha)





Sant Teja Singh Ji
(1877 – 1965)

# ਅਕਾਲ ਯੂਨੀਵਰਸਿਟੀ – ਗੁਰੂ ਕੀ ਕਾਸ਼ੀ ਦਮਦਮਾ ਸਾਹਿਬ
# ਐਜੂਕੇਸ਼ਨਲ ਸੈਮੀਨਾਰ

# Akal University - Guru Ki Kahsi Damdama Sahib Educational Seminars

WWW.BARUSAHIB.ORG

**Chaired by Baba Iqbal Singh Ji**

## 13 December 2014
Saturday
*5:00 PM Onwards*
Taj Mahal Cuisine of India
5416 California Ave.,
Bakersfield, CA 93309

## 14 December 2014
Sunday
*5:00 PM Onwards*
India's Oven
3035 W. Ashlan Ave.,
Fresno, CA 93722

## 20 December 2014
Saturday
*5:00 PM Onwards*
Sikh Gurudwara San Jose
3636 Murillo Ave.,
San Jose, CA 95148

## 21 December 2014
Sunday
*5:00 PM Onwards*
Raja Sweets
1275 Winton Ave.,
Hayward, CA 94545

## 26 December 2014
Friday
*5:00 PM Onwards*
Mirage Banquet Hall
2159 El Camino Ave.,
Sacramento, CA 95821

## 28 December 2014
Sunday
*5:00 PM Onwards*
The Taj Fine Indian Cuisine
1400 Whyler Rd.,
Yuba City, CA 95993

## 4 January 2014
Sunday
*11:30 PM Onwards*
Gurdwara Sahib Stockton
1930 South Sikh Temple Street,
Stockton, CA 95206

#BaruSahibHP

**For Registration, Please Text: Ravideep Kaur Mukta 972-693-1077**
**Email: mukta@barusahib.org**
**No Registration Fees, Complimentary Dinner.**

@kalgidhartrust




# THE KALGIDHAR SOCIETY - BARU SAHIB

# ਸੰਗੀਤ ਤੋਂ ਸਿਤਾਰਿਆਂ ਤੱਕ ਦਾ ਸਫਰ

## ਜੇਨ ਤੇ ਸਟੀਫਨ ਹਾਕਿੰਗ ਦੀ ਪਿਆਰ ਕਹਾਣੀ




### ਕਲਾ ਪਰਿਕਰਮਾ

ਮਿਸਾਲੀ ਸ਼ਖ਼ਸ ਸਟੀਫਨ ਹਾਕਿੰਗ ਅਤੇ ਉਨ੍ਹਾਂ ਦੀ ਪਤਨੀ ਜੇਨ ਵਾਈਲਡ ਹਾਕਿੰਗ ਦੀ ਰੁਮਾਂਟਿਕ ਜ਼ਿੰਦਗੀ ਬਾਰੇ ਫਿਲਮ 'ਦਿ ਥਿਊਰੀ ਆਫ ਐਵਰੀਥਿੰਗ' ਹਾਲ ਹੀ ਵਿਚ ਰਿਲੀਜ਼ ਹੋਈ ਹੈ। ਇਹ ਫਿਲਮ ਫਿਲਮਸਾਜ਼ ਜੇਮਸ ਮਾਰਸ਼ਲ ਨੇ ਬਣਾਈ ਹੈ ਅਤੇ ਇਸ ਦੀ ਪਟਕਥਾ ਐਂਥਨੀ ਮੈਕਕਾਟਨ ਨੇ ਲਿਖੀ ਹੈ। ਇਹ ਫਿਲਮ ਸੰਸਾਰ ਪ੍ਰਸਿੱਧ ਵਿਗਿਆਨੀ ਸਟੀਫਨ ਹਾਕਿੰਗ ਦੀ ਪਤਨੀ ਜੇਨ ਵਲੋਂ ਆਪਣੇ ਪਤੀ ਬਾਰੇ ਲਿਖੀਆਂ ਯਾਦਾਂ 'ਟਰੈਵਲਿੰਗ ਟੂ ਇਨਫਾਈਨਿਟੀ: ਮਾਈ ਲਾਈਫ ਵਿਦ ਸਟੀਫਨ' ਉਤੇ ਆਧਾਰਤ ਹੈ। ਇਹ ਕਿਤਾਬ ਪਹਿਲਾਂ 'ਮਿਊਜ਼ਿਕ ਟੂ ਮੂਵ ਦਿ ਸਟਾਰਜ਼: ਏ ਲਾਈਫ ਵਿਦ ਸਟੀਫਨ' ਦਾ ਅੱਪਡੇਟ ਹੀ ਹੈ। ਜੇਨ ਨੇ ਪਹਿਲੀ ਕਿਤਾਬ 1999 ਅਤੇ ਦੂਜੀ 2008 ਵਿਚ ਛਪਵਾਈ ਸੀ।

ਸਟੀਫਨ ਹਾਕਿੰਗ ਦੀ ਲਿਖੀ ਕਿਤਾਬ 'ਬਰੀਫ ਹਿਸਟਰੀ ਆਫ ਟਾਇਮੀਜ਼' ਹੁਣ ਤੱਕ ਲੱਖਾਂ ਦੀ ਗਿਣਤੀ ਵਿਚ ਵਿਕ ਚੁੱਕੀ ਹੈ। ਇਹ ਕਿਤਾਬ 'ਸੰਡੇ ਟਾਈਮਜ਼' ਦੀ 'ਬੈਸਟ ਸੇਲਰ ਲਿਸਟ' ਵਿਚ ਲਗਾਤਾਰ 237 ਹਫਤੇ ਪਹਿਲੇ ਸਥਾਨ ਉਤੇ ਰਹੀ ਸੀ। ਅੱਜ ਵੀ ਇਸ ਕਿਤਾਬ ਦੀ ਵਿਕਰੀ ਉਤੇ ਕੋਈ ਅਸਰ ਨਹੀਂ ਪਿਆ, ਇਹ ਧੜਾ-ਧੜ ਵਿਕ ਰਹੀ ਹੈ ਅਤੇ ਇਸ ਨੂੰ ਹਰ ਵਰਗ ਤੇ ਉਮਰ ਨਾਲ ਸਬੰਧਤ ਲੋਕ ਖਰੀਦ ਰਹੇ ਹਨ। ਇਸ ਦੇ ਅਣਗਿਣਤ ਅਡੀਸ਼ਨ ਛਪ ਚੁੱਕੇ ਹਨ ਅਤੇ ਲੋਕ ਆਪਣੇ ਮਿੱਤਰ-ਪਿਆਰਿਆਂ ਨੂੰ ਸਟੀਫਨ ਦੀ ਇਹ ਰਚਨਾ ਤੋਹਫੇ ਵਜੋਂ ਦਿੰਦੇ ਹਨ। ਸਟੀਫਨ ਭਿਅੰਕਰ ਬਿਮਾਰੀ ਦੇ ਬਾਵਜੂਦ ਅੱਜ ਵੀ ਵਿਗਿਆਨ ਦੇ ਖੇਤਰ ਵਿਚ ਯੋਗਦਾਨ ਪਾ ਰਿਹਾ ਹੈ। ਉਹ ਅੱਜ ਕੱਲ੍ਹ ਭਾਵੇਂ ਵਿਗਿਆਨ ਦੀਆਂ ਕਾਢਾਂ ਕਰ ਕੇ ਆਪਣਾ ਜੀਵਨ ਬਤੀਤ ਕਰ ਰਿਹਾ ਹੈ ਅਤੇ ਇਸ ਵਿਗਿਆਨ ਕਰ ਕੇ ਹੀ ਅੱਜ ਦੁਨੀਆਂ ਉਸ ਨੂੰ ਸਮਝ ਰਹੀ ਹੈ, ਪਰ ਉਸ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਦੀ ਮਸਨੂਈ (ਨਕਲੀ) ਜਾਣਕਾਰੀ ਅੱਜ ਕੱਲ੍ਹ ਹਰ ਥਾਂ ਤੁਰਤ-ਫੁਰਤ ਮੁਹੱਈਆ ਹੋ ਰਹੀ ਹੈ, ਉਹ ਬੰਦੇ ਦੀ ਸੋਚ ਨੂੰ ਖੁੰਢਾ ਕਰ ਰਹੀ ਹੈ। ਹਾਲ ਹੀ ਵਿਚ ਉਹ ਨੇ ਚਿਤਾਵਨੀ ਦਿੱਤੀ ਹੈ ਕਿ ਕੰਪਿਊਟਰ ਦੇ ਯੁੱਗ ਵਿਚ ਇਹ ਨਕਲੀ ਜਾਣਕਾਰੀ ਮਨੁੱਖੀ ਨਸਲ ਦੀ ਹੋਂਦ ਉਤੇ ਹੀ ਸਵਾਲੀਆ ਨਿਸ਼ਾਨ ਲਾ ਰਹੀ ਹੈ। ਸਟੀਫਨ ਦੇ ਇਸ ਬਿਆਨ ਤੋਂ ਬਾਅਦ ਅੱਜ ਕੱਲ੍ਹ ਇਸ ਸਵਾਲ ਉਤੇ ਸੰਸਾਰ ਭਰ ਵਿਚ ਨਵੀਂ ਬਹਿਸ ਛਿੜ ਗਈ ਹੈ। ਅਸਲ ਵਿਚ ਇਹੀ ਹੈ ਸਟੀਫਨ ਹਾਕਿੰਗ ਦਾ ਖਾਸਾ ਜੋ ਕੁਰਸੀ ਉਤੇ ਪਿਆ-ਪਿਆ ਵੀ ਉਹ ਸੋਚ ਦਾ ਦੀਵਾ ਬਲਦਾ ਰੱਖ ਰਿਹਾ ਹੈ। ਸਟੀਫਨ ਦੀ ਇਸ ਹਿੰਮਤ ਤੇ ਹੌਸਲੇ ਨੂੰ ਸੰਸਾਰ ਭਰ ਤੋਂ ਸਲਾਮਾਂ ਮਿਲ ਰਹੀਆਂ ਹਨ। ਉਹ ਦਾ ਸਪਸ਼ਟ ਆਖਣਾ ਹੈ ਕਿ ਬੰਦਾ ਇਸ ਨਕਲੀ ਜਾਣਕਾਰੀ ਉਤੇ ਜਿੰਨਾ ਵੱਧ ਨਿਰਭਰ ਕਰ ਰਿਹਾ ਹੈ, ਇਸ ਦੇ ਅੰਦਰੋਂ ਉਤਨੀ ਦੀ ਸਿਰਜਣਾਤਮਿਕਤਾ ਖਤਮ ਹੋ ਰਹੀ ਹੈ।



*ਜੇਨ ਅਤੇ ਸਟੀਫਨ ਹਾਕਿੰਗ ਦੀ ਵਿਆਹ ਵੇਲੇ ਦੀ ਤਸਵੀਰ।*

***ਸਟੀਫਨ ਦੇ ਮਸਨੂਈ ਜਾਣਕਾਰੀ ਬਾਰੇ ਬਿਆਨ ਤੋਂ ਬਾਅਦ ਇਸ ਸਵਾਲ ਉਤੇ ਸੰਸਾਰ ਭਰ ਵਿਚ ਨਵੀਂ ਬਹਿਸ ਛਿੜ ਗਈ ਹੈ। ਅਸਲ ਵਿਚ ਇਹੀ ਹੈ ਸਟੀਫਨ ਹਾਕਿੰਗ ਦਾ ਖਾਸਾ ਜੋ ਕੁਰਸੀ ਉਤੇ ਪਿਆ-ਪਿਆ ਵੀ ਉਹ ਸੋਚ ਦਾ ਦੀਵਾ ਬਲਦਾ ਰੱਖ ਰਿਹਾ ਹੈ। ਸਟੀਫਨ ਦੀ ਇਸ ਹਿੰਮਤ ਤੇ ਹੌਸਲੇ ਨੂੰ ਸੰਸਾਰ ਭਰ ਤੋਂ ਸਲਾਮਾਂ ਮਿਲ ਰਹੀਆਂ ਹਨ।***

ਸਟੀਫਨ ਨਾਲ ਜੁੜੇ ਅਜਿਹੇ ਬਹੁਤ ਸਾਰੇ ਕਿੱਸੇ ਹਨ ਜੋ ਫਿਲਮ ਵਿਚ ਦਿਖਾਏ ਗਏ ਹਨ। ਫਿਲਮ ਦਾ ਮੁੱਖ ਹਿੱਸਾ ਜੇਨ ਤੇ ਸਟੀਫਨ ਦਾ ਪਿਆਰ ਅਤੇ ਫਿਰ ਵਿਛੋੜਾ ਹੈ। ਉਹ ਕੈਂਬਰਿਜ ਵਿਚ ਇਕੱਠੇ ਪੜ੍ਹਦੇ ਸਨ ਜਦੋਂ ਇਕ-ਦੂਜੇ ਦੇ ਨੇੜੇ ਆਏ। ਇਸ ਜੋੜੀ ਦੇ ਘਰ ਤਿੰਨ ਬੱਚਿਆਂ ਨੇ ਜਨਮ ਲਿਆ। ਇਨ੍ਹਾਂ ਵਿਚੋਂ ਵਿਚਕਾਰਲੀ, ਬੇਟੀ ਲੂਸੀ ਹਾਕਿੰਗ ਪੱਤਰਕਾਰ ਅਤੇ ਨਾਵਲਕਾਰ ਹੈ। ਜੇਨ ਅਸਲ ਵਿਚ ਸਟੀਫਨ ਦੀ ਭੈਣ ਦੀ ਸਹੇਲੀ ਸੀ। ਦੋਵਾਂ ਦੀ ਮੰਗਣੀ ਅਕਤੂਬਰ 1964 ਨੂੰ ਹੋਈ ਅਤੇ ਦੋਵੇਂ 14 ਜੁਲਾਈ 1965 ਨੂੰ ਵਿਆਹ ਦੇ ਬੰਧਨ ਵਿਚ ਬੱਝ ਗਏ। ਜਦੋਂ ਸਟੀਫਨ ਨੂੰ ਬਿਮਾਰੀ ਨੇ ਆਣ ਘੇਰਿਆ ਤਾਂ ਜੇਨ ਨੇ ਉਸ ਦਾ ਡਟ ਕੇ ਸਾਥ ਦਿੱਤਾ।

ਫਿਰ ਸਟੀਫਨ ਦੀ ਨੇੜਤਾ ਆਪਣੀ ਨਰਸ ਈਲੇਨ ਨਾਲ ਹੋ ਗਈ ਅਤੇ ਉਸ ਨੇ ਹੌਲੀ-ਹੌਲੀ ਜੇਨ ਵਲੋਂ ਧਿਆਨ ਘਟਾ ਦਿੱਤਾ। ਇਹ ਦੂਰੀਆਂ ਇੰਨੀਆਂ ਵਧੀਆਂ ਕਿ ਦੋਵੇਂ 1990 ਵਿਚ ਇਕ-ਦੂਜੇ ਤੋਂ ਵੱਖ ਹੋ ਗਏ ਅਤੇ 5 ਸਾਲ ਬਾਅਦ ਉਨ੍ਹਾਂ ਦਾ ਤਲਾਕ ਲੈ ਲਿਆ। ਉਂਜ ਜੇਨ ਸਿਹਤ ਦੇ ਮਾਮਲਿਆਂ ਵਿਚ ਅੱਜ ਤੱਕ ਉਸ ਦਾ ਸਾਥ ਨਿਭਾਅ ਰਹੀ ਹੈ। ਤਲਾਕ ਤੋਂ 5 ਸਾਲ ਬਾਅਦ ਜੇਨ ਨੇ ਸੰਗੀਤਕਾਰ ਅਤੇ ਪਰਿਵਾਰ ਦੇ ਇਕ ਜਾਣੂੰ ਜੋਨਾਥਨ ਜੋਨ ਨਾਲ ਵਿਆਹ ਕਰਵਾ ਲਿਆ। ਮਗਰੋਂ ਹਾਕਿੰਗ ਨੇ ਵੀ ਈਲੇਨ ਨਾਲ 2006 ਵਿਚ ਵਿਆਹ ਕਰਵਾ ਲਿਆ। ਛੇਤੀ ਹੀ ਬਾਅਦ ਦੋਹਾਂ ਵਿਚਕਾਰ ਤਕਰਾਰ ਦੇ ਕਿੱਸੇ ਦੁਨੀਆਂ ਸਾਹਮਣੇ ਆ ਗਏ। ਉਂਜ, ਇਹ ਕਿੱਸੇ ਫਿਲਮ ਦਾ ਹਿੱਸਾ ਨਹੀਂ ਹਨ। ਫਿਲਮ ਕਿਉਂਕਿ ਜੇਨ ਦੀ ਕਿਤਾਬ ਉਤੇ ਆਧਾਰਤ ਹੈ, ਇਸ ਲਈ ਫਿਲਮ ਦੀ ਤਕਰੀਬਨ ਸਾਰੀ ਕਹਾਣੀ ਜੇਨ ਅਤੇ ਸਟੀਫਨ ਦੁਆਲੇ ਘੁੰਮਦੀ ਹੈ। ਵੈਸੇ ਵੀ ਦੂਜੀ ਪਤਨੀ ਨਾਲ ਤਕਰਾਰ ਤੋਂ ਬਾਅਦ ਸਟੀਫਨ ਨੇ ਜੇਨ, ਆਪਣੇ ਬੱਚਿਆਂ ਅਤੇ ਦੋਹਤੇ-ਦੋਹਤੀਆਂ ਨਾਲ ਨੇੜਤਾ ਫਿਰ ਵਧਾ ਲਈ। ਅਸਲ ਵਿਚ ਇਹੀ ਸਟੀਫਨ ਦੀ ਜ਼ਿੰਦਗੀ ਦੀ ਅਹਿਮ ਗੱਲ ਹੈ; ਉਹ ਅੰਤਾਂ ਦਾ ਬਿਮਾਰ ਹੋਣ ਦੇ ਬਾਵਜੂਦ ਆਮ ਬੰਦੇ ਵਾਂਗ ਵਿਚਰਦਾ ਹੈ।

***-ਗੁਰਬਖਸ਼ ਸਿੰਘ ਸੋਢੀ***

## ਐਡੀ ਤੇ ਫੈਲੀਸਿਟੀ ਦੀ ਉਮਦਾ ਕਲਾਕਾਰੀ

*ਫਿਲਮ 'ਦਿ ਥਿਊਰੀ ਆਫ਼ ਐਬਰੀਥਿੰਗ' ਵਿਚ ਐਡੀ ਰੈਡਮੈਨ ਨੇ ਸਟੀਫਨ ਹਾਕਿੰਗ ਦਾ ਕਿਰਦਾਰ ਅਤੇ ਫੈਲੀਸਿਟੀ ਜ਼ੋਨਸ ਨੇ ਜੇਨ ਦਾ ਕਿਰਦਾਰ ਨਿਭਾਇਆ ਹੈ। ਇਸ ਫਿਲਮ ਕਰ ਕੇ ਦੋਵਾਂ ਕਲਾਕਾਰਾਂ ਦੀ ਖੂਬ ਪ੍ਰਸ਼ੰਸਾ ਹੋਈ ਹੈ ਅਤੇ ਇਨਾਮ ਵੀ ਮਿਲੇ ਹਨ। ਫਿਲਮ 7 ਸਤੰਬਰ 2014 ਨੂੰ ਟੋਰਾਂਟੋ ਫਿਲਮ ਮੇਲੇ ਵਿਚ ਦਿਖਾਈ ਗਈ। ਮਗਰੋਂ 123 ਮਿੰਟਾਂ ਦੀ ਇਹ ਫਿਲਮ 7 ਨਵੰਬਰ ਨੂੰ ਰਿਲੀਜ਼ ਕੀਤੀ ਗਈ।*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਦਸੰਬਰ 2014 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-147




***ਚਾਹ-ਪਾਣੀ ਲੈਣ ਲਈ, ਨਾ ਕਿਸੇ ਨੂੰ ਸਤਾਵਾਂਗਾ।***
***ਵਫਾਦਾਰੀ ਨਾਲ ਯਾਰੋ, ਡਿਊਟੀ ਮੈਂ ਨਿਭਾਵਾਂਗਾ।***

## ਕੈਪਸ਼ਨ ਮੁਕਾਬਲਾ-145



ਮਾਂਵਾਂ ਧੀਆਂ ਦੀ ਸਾਂਝ ਨੀ ਅੜੀਓ
ਬਣੀ ਜੁਗਾਂ ਤੋਂ ਆਈ।
ਸਹੁਰੇ ਘਰ ਜਾਂ ਇਹੋ ਸਾਂਝ
ਜਿਸ ਨੂੰਹ ਨੇ ਸੱਸ ਨਾਲ ਪਾਈ।
ਐਸੇ ਘਰ ਵਿਚ ਬਰਕਤ ਦੀ ਗੱਲ
ਸਾਰੀ ਦੁਨੀਆਂ ਦੱਸਦੀ।
ਨੀ ਮੈਂ ਸੱਸ ਆਪਣੀ ਨੂੰ
ਮਾਂ ਬਣਾ ਕੇ ਰੱਖਦੀ।
ਸੁਣੋ ਨੀ ਅੜੀਓ ਮੇਰਾ ਤਜਰਬਾ
ਮੈਂ ਸਭ ਨੂੰ ਸਮਝਾਵਾਂ।
ਸਹੁਰੇ ਘਰ ਵਿਚ ਜੇ ਸੁੱਖ ਪਾਉਣਾ
ਸੱਸਾਂ ਨੂੰ ਸਮਝੋ ਮਾਂਵਾਂ।
ਪਿਆਰ ਗੜੁੱਚੀ ਮੈਂ ਸੱਸ ਮਾਂ ਦੇ
ਪੈਰ ਧੋਂਦੀ, ਸਿਰ ਝੱਸਦੀ।
ਨੀ ਮੈਂ ਸੱਸ ਆਪਣੀ ਨੂੰ
ਮਾਂ ਬਣਾ ਕੇ ਰੱਖਦੀ।

***-ਕਰਨੈਲ ਸਿੰਘ ਕੈਲ***
***ਸਿਆਟਲ, ਕੈਲੀਫੋਰਨੀਆ।***

---

ਕੱਟ ਕੇ ਲੰਬਾ ਸਫਰ ਕੈਨੇਡਾ ਤੋਂ
ਬੀਬੀ ਪੰਜਾਬ 'ਚ ਪਹੁੰਚੀ।
ਦੇਖ ਕੇ ਸੁੱਜੇ ਪੈਰ ਤੇ ਗਿੱਟੇ
ਨੂੰਹ ਪੈ ਗਈ ਵਿਚ ਸੋਚੀਂ।
ਪਾ ਕੇ ਲੂਣ ਕੋਸੇ ਪਾਣੀ ਵਿਚ
ਟਕੋਰ ਹੌਲੀ ਹੌਲੀ ਦੇਵੇ।
ਰਤਾ ਕੁ ਪੈਰਾਂ ਨੂੰ ਚੈਨ ਆਇਆ
ਸੱਸ ਲੱਖ ਅਸੀਸਾਂ ਦੇਵੇ।

***-ਸੇਵਾ ਸਿੰਘ ਨੂਰਪੁਰੀ***
***ਫੋਨ: 408-912-3438***

---

ਅੱਡੀਆਂ ਬਿਆਈਆਂ ਨਾਲ ਨੇ ਫਟੀਆਂ
ਸਾਫ ਰੱਖਣ ਦਾ ਚੱਜ ਨਾ ਆਵੇ।
ਕੰਮ ਤੋਂ ਆਈ ਨੂੰਹ ਰਾਣੀ ਨੂੰ
ਗੰਦੀਆਂ ਅੱਡੀਆਂ ਕੂਚਣ ਲਾਵੇ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਕਲਯੁੱਗ ਵਿਚ ਹੋਇਆ ਚਮਤਕਾਰ।
ਫੋਟੋ ਵਿਚ ਨੂੰਹ-ਸੱਸ ਦਾ ਪਿਆਰ।
ਅੱਧਿਓਂ ਵੱਧ ਤਾਂ ਨੂੰਹ ਨੂੰ ਲੋਕੋ,
ਦਹੇਜ ਦੀ ਖਾਤਰ ਦਿੰਦੇ ਨੇ ਮਾਰ!
ਸੱਸ ਨੂੰਹ ਨੂੰ ਕਹੇ ਚੰਗੀ-ਮਾੜੀ,
ਅੱਗਿਊਂ ਨੂੰਹ ਵੀ ਰਹੇ ਗੱਜਦੀ।
ਤਾਂ ਹੀ ਤਾਂ ਸਾਰਾ ਜੱਗ ਹੈ ਕਹਿੰਦਾ,
ਦੋਹਾਂ ਹੱਥਾਂ ਨਾਲ ਤਾੜੀ ਵੱਜਦੀ।
ਨੂੰਹ ਜੇ ਸੱਸ ਮਾਂ ਬਣਾ ਲਏ,
ਸੱਸ ਮੰਨੇ ਜੇ ਨੂੰਹ ਨੂੰ ਧੀ।
ਗਲਤੀ ਜਿਸ ਵੀ ਧਿਰ ਦੀ ਹੋਵੇ,
ਸੁਲਝਾ ਲੈਣ ਤਾਂ ਰੀਸ ਹੀ ਕੀ!
ਦਾਅਵੇ ਨਾਲ ਮੈਂ ਕਹਿੰਨਾ ਲੋਕੋ,
ਕਦੇ ਨਾ ਹੋਵੇ ਘਰੇ ਲੜਾਈ।
ਜਿਸ ਘਰ ਅੰਦਰ ਚੰਗੇ ਹੋਵਣ,
ਮਾਂ-ਬਾਪ, ਪੁੱਤ-ਨੂੰਹ ਤੇ ਧੀ-ਜੁਆਈ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***






ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਵਲੋਂ ਬੀਤੇ ਦਿਨੀਂ ਬੇਘਰੇ ਅਤੇ ਲੋੜਵੰਦ ਲੋਕਾਂ ਨੂੰ ਕਰੀਬ ਇਕ ਹਜ਼ਾਰ ਕੰਬਲ ਦਾਨ ਕੀਤੇ ਗਏ। ਪ੍ਰਬੰਧਕਾਂ ਅਨੁਸਾਰ ਆਉਣ ਵਾਲੇ ਦਿਨਾਂ ਵਿਚ ਹੋਰ ਕੰਬਲ ਦਾਨ ਕੀਤੇ ਜਾਣਗੇ। ਯਾਦ ਰਹੇ, ਗੁਰਦੁਆਰਾ ਸੈਨ ਹੋਜ਼ੇ ਬੇਘਰੇ ਲੋਕਾਂ ਨੂੰ ਗੁਰੂ ਕਾ ਲੰਗਰ ਲੰਬੇ ਸਮੇਂ ਤੋਂ ਛਕਾ ਰਿਹਾ ਹੈ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਗੁਰਬਾਣੀ ਸਿੱਖਣ ਲਈ ਵੀਡੀਓ ਸੀ.ਡੀ. ਤਿਆਰ



**ਸਿਆਟਲ (ਬਿਊਰੋ):** ਇਥੇ ਰਹਿੰਦੇ ਕੌਮੀ ਸੇਵਾ ਵਿਚ ਜੁਟੇ ਇੱਕ ਕਿਰਤੀ ਸਿੱਖ ਸਤਪਾਲ ਸਿੰਘ ਪੁਰੇਵਾਲ ਨੇ ਗੁਰਬਾਣੀ ਸਿੱਖਣ ਲਈ ਵੀਡੀਓ ਸੀ.ਡੀ. ਤਿਆਰ ਕੀਤੀ ਹੈ। ਪਿਛਲੇ ਦਿਨੀਂ ਇਸ ਵੀਡੀਓ ਸੀ. ਡੀ. ਨੂੰ ਸਿੱਖ ਭਾਈਚਾਰੇ ਦੇ ਪਤਵੰਤੇ ਸੱਜਣਾਂ ਵਲੋਂ ਸਿਆਟਲ ਦੇ ਦੋ ਗੁਰੂ ਘਰਾਂ- ਗੁਰਦੁਆਰਾ ਸਿੰਘ ਸਭਾ ਆਫ ਵਾਸ਼ਿੰਗਟਨ ਅਤੇ ਗੁਰਦੁਆਰਾ ਸੱਚਾ ਮਾਰਗ ਵਿਚ ਰਿਲੀਜ਼ ਕੀਤਾ ਗਿਆ। ਇਸ ਬਾਰੇ ਸਤਪਾਲ ਸਿੰਘ ਪੁਰੇਵਾਲ ਨੇ ਦੱਸਿਆ ਕਿ ਜਿਨ੍ਹਾਂ ਕੋਲ ਨਵਾਂ ਆਪਰੇਟਿੰਗ ਸਿਸਟਮ ਹੈ, ਉਨ੍ਹਾਂ ਲਈ ਇੱਕ ਸੀ ਡੀ ਹੈ ਅਤੇ ਜਿਨ੍ਹਾਂ ਕੋਲ ਪੁਰਾਣੇ ਸਿਸਟਮ ਹਨ, ਉਨ੍ਹਾਂ ਲਈ ਪੰਜ ਸੀਡੀਆਂ ਬਣੀਆਂ ਹਨ।

ਜ਼ਿਕਰਯੋਗ ਹੈ ਕਿ ਸਤਪਾਲ ਸਿੰਘ ਪੁਰੇਵਾਲ ਵਲੋਂ ਪਹਿਲਾਂ ਗੁਰਬਾਣੀ ਪੜ੍ਹਨੀ ਸਿੱਖਣ ਲਈ 'ਗੁਰਬਾਣੀ ਟਿਊਟਰ' ਸਾਫਟਵੇਅਰ, ਆਨਲਾਈਨ ਗੁਰਬਾਣੀ ਵੀਡੀਓ, ਆਈ ਫੋਨ ਦੀ ਐਪ ਅਤੇ ਐਂਡਰੀਓਡ ਫੋਨ ਦੀ ਐਪ ਕੌਮ ਨੂੰ ਸਮਰਪਿਤ ਕੀਤੀ ਜਾ ਚੁੱਕੀ ਹੈ। ਭਾਵੇਂ ਇਹ ਕੰਮ ਛੋਟੀਆਂ ਛੋਟੀਆਂ ਵੀਡੀਓ ਵਿਚ ਬਹੁਤ ਦੇਰ ਪਹਿਲਾਂ ਹੋ ਚੁੱਕਾ ਸੀ ਪਰ ਹੁਣ ਉਨ੍ਹਾਂ ਨੇ ਸਾਰੀਆਂ ਵੀਡੀਓਜ਼ ਨੂੰ ਇਕੱਠਾ ਕਰ ਕੇ ਇੱਕ ਵੀਡੀਓ 'ਚ ਪਾ ਦਿੱਤਾ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825



EARLY BIRD SALE!!!!
India $545
London $250

## ਅਮਰੀਕੀ ਫੌਜ 'ਚ ਭਰਤੀ ਲਈ ਸਿੱਖਾਂ ਨੂੰ ਖੁੱਲ੍ਹ ਦੇਣ ਦੀ ਵਕਾਲਤ

**ਵਾਸ਼ਿੰਗਟਨ:** ਸਿੱਖ ਜਥੇਬੰਦੀ 'ਸਿੱਖ ਕੁਲੀਸ਼ਨ' ਨੇ ਅਮਰੀਕਾ ਦੇ ਹਥਿਆਰਬੰਦ ਬਲਾਂ ਵਿਚ ਸਿੱਖਾਂ ਦੀ ਭਰਤੀ ਲਈ ਰਾਹੇ ਜਾ ਰਹੇ ਅੜਿੱਕਿਆਂ ਨੂੰ ਦੂਰ ਕਰਨ ਦੀ ਵਕਾਲਤ ਕੀਤੀ ਹੈ। ਜਥੇਬੰਦੀ ਨੇ ਹਾਊਸ ਆਰਮਡ ਸਰਵਿਸਿਜ਼ ਕਮੇਟੀ ਦੀ ਸਬ ਕਮੇਟੀ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਸਿੱਖਾਂ ਨੂੰ ਕੈਨੇਡਾ, ਭਾਰਤ ਤੇ ਬਰਤਾਨੀਆ ਦੀਆਂ ਫੌਜਾਂ ਵਿਚ ਧਰਮ ਦੀ ਆਜ਼ਾਦੀ ਦੀ ਖੁੱਲ੍ਹ ਹੈ, ਪਰ ਅਮਰੀਕਾ ਵਿਚ ਅਜਿਹੀ ਛੋਟ ਨਹੀਂ ਹੈ। ਉਨ੍ਹਾਂ ਸਬ ਕਮੇਟੀ ਦੇ ਮੈਂਬਰਾਂ ਨੂੰ ਦੱਸਿਆ ਹੈ ਕਿ ਸਿੱਖਾਂ ਨੂੰ ਅਜਿਹੇ ਹੱਕ ਨਾ ਦੇਣ ਕੇ ਦੇਸ਼ ਦੀ ਧਾਰਮਿਕ ਆਜ਼ਾਦੀ ਪ੍ਰਤੀ ਵਚਨਬੱਧਤਾ ਖੋਖਲੀ ਸਾਬਤ ਹੋ ਰਹੀ ਹੈ।

ਇਸ ਸਾਲ ਜਨਵਰੀ ਵਿਚ ਰੱਖਿਆ ਵਿਭਾਗ ਨੇ ਫੌਜ ਵਿਚ ਹਰ ਧਰਮ ਨੂੰ ਤਰਜੀਹ ਦੇਣ ਦਾ ਫੈਸਲਾ ਕੀਤਾ ਸੀ। ਸਿੱਖ ਕੁਲੀਸ਼ਨ ਦਾ ਕਹਿਣਾ ਹੈ ਕਿ ਦਿਸ਼ਾ-ਨਿਰਦੇਸ਼ਾਂ ਵਿਚ ਕਈ ਖਾਮੀਆਂ ਸਨ ਤੇ ਅਮਰੀਕਾ ਰਹਿੰਦੇ ਸਿੱਖਾਂ ਨਾਲ ਧਰਮ ਦੇ ਆਧਾਰ 'ਤੇ ਵਿਤਕਰਾ ਜਾਰੀ ਹੈ। ਉਨ੍ਹਾਂ ਕਿਹਾ ਕਿ 1948 ਵਿਚ ਰਾਸ਼ਟਰਪਤੀ ਹੈਰੀ ਟਰੂਮੈਨ ਨੇ ਵਾਅਦਾ ਕੀਤਾ ਸੀ ਕਿ ਹਥਿਆਰਬੰਦ ਬਲਾਂ ਵਿਚ ਸਾਰਿਆਂ ਨੂੰ ਬਰਾਬਰ ਦਾ ਮੌਕਾ ਦਿੱਤਾ ਜਾਏਗਾ ਤੇ ਉਨ੍ਹਾਂ ਨਾਲ ਨਸਲ, ਰੰਗ, ਧਰਮ ਜਾਂ ਕੌਮ ਦੇ ਨਾਮ 'ਤੇ ਕੋਈ ਵਿਤਕਰਾ ਨਹੀਂ ਹੋਏਗਾ।

ਤੰਦੂਰੀਏ, ਕੱਰੀ ਕੁੱਕ, ਹੈਲਪਰ, ਵੇਟਰ ਤੇ ਡਿਸ਼ ਵਾਸ਼ਰ ਦੀ ਲੋੜ ਹੈ
ਅਟਲਾਂਟਾ, ਜਾਰਜੀਆ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਤੰਦੂਰੀਏ, ਕੱਰੀ ਕੁੱਕ, ਵੇਟਰ, ਹੈਲਪਰ ਤੇ ਡਿਸ਼ ਵਾਸ਼ਰ ਦੀ ਲੋੜ ਹੈ।
ਜੋੜੇ (ਪਤੀ-ਪਤਨੀ) ਨੂੰ ਪਹਿਲ
ਚੰਗੀ ਤਨਖਾਹ, ਮੁਫਤ ਰਿਹਾਇਸ਼
ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ
ਫੋਨ: 757-240-9348
50-51

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਡੀਜ਼ਲ ਉਤੇ ਕਰ ਵਧਾਉਣ ਦਾ ਫੈਸਲਾ ਪੁੱਠਾ ਪਿਆ

**ਚੰਡੀਗੜ੍ਹ:** ਪੰਜਾਬ ਵਿਚ ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਨਾਲੋਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਘੱਟ ਹੋਣ ਕਾਰਨ ਸਰਹੱਦੀ ਜ਼ਿਲ੍ਹਿਆਂ ਵਿਚ ਤੇਲ ਦੀ ਵਿਕਰੀ ਪੰਜ ਫ਼ੀਸਦੀ ਘਟ ਗਈ ਹੈ। ਹਰਿਆਣਾ ਵਿਚ ਪੰਜਾਬ ਨਾਲੋਂ ਸੱਤ ਰੁਪਏ ਪੈਟਰੋਲ ਤੇ ਸਵਾ ਰੁਪਏ ਪ੍ਰਤੀ ਲਿਟਰ ਡੀਜ਼ਲ ਦਾ ਰੇਟ ਘੱਟ ਹੈ। ਭਾਅ ਵਿਚ ਅੰਤਰ ਹੋਣ ਕਾਰਨ ਸਰਹੱਦੀ ਜ਼ਿਲ੍ਹਿਆਂ ਦੇ ਤਕਰੀਬਨ 500 ਪੈਟਰੋਲ ਪੰਪ ਪ੍ਰਭਾਵਿਤ ਹੋ ਗਏ ਹਨ।

ਸੂਬਾ ਸਰਕਾਰ ਵੱਲੋਂ ਇਕ ਮਹੀਨੇ ਅੰਦਰ ਡੀਜ਼ਲ 'ਤੇ 2.5 ਫ਼ੀਸਦੀ ਵੈਟ ਵਧਾਇਆ ਗਿਆ ਹੈ। ਸਰਕਾਰ ਦਾ ਮੰਨਣਾ ਹੈ ਕਿ ਵੈਟ ਵਿਚ ਵਾਧੇ ਨਾਲ 300 ਕਰੋੜ ਰੁਪਏ ਦਾ ਮਾਲੀਆ ਵਧੇਰੇ ਆਵੇਗਾ ਜਦੋਂ ਕਿ ਕੇਂਦਰ ਸਰਕਾਰ ਵੱਲੋਂ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਵਿਚ ਕਟੌਤੀ ਕਰਨ ਨਾਲ ਸੂਬਾ ਸਰਕਾਰ ਦੀ 250 ਕਰੋੜ ਰੁਪਏ ਦੀ ਆਮਦਨ ਘਟਣ ਦਾ ਅੰਦਾਜ਼ਾ ਹੈ। ਪੰਜਾਬ ਵਿਚ ਹਜ਼ਾਰ ਕਿਲੋ ਲਿਟਰ ਡੀਜ਼ਲ ਦੀ ਵਿਕਰੀ ਰੋਜ਼ਾਨਾ ਹੁੰਦੀ ਹੈ। ਇਸ ਉਪਰ ਸਰਕਾਰ ਨੇ 12.5 ਫ਼ੀਸਦੀ ਵੈਟ ਤੇ 10 ਫ਼ੀਸਦੀ ਸਰਚਾਰਜ ਲਾਇਆ ਹੋਇਆ ਹੈ। ਪੈਟਰੋਲੀਅਮ ਖੇਤਰ ਨਾਲ ਜੁੜੇ ਵਿਅਕਤੀਆਂ ਦਾ ਦੱਸਣਾ ਹੈ ਕਿ ਇਸ ਕੁੱਲ ਵਿਕਰੀ ਦਾ ਤਕਰੀਬਨ 40 ਫ਼ੀਸਦੀ ਖੇਤੀ ਖੇਤਰ ਲਈ ਵਰਤਿਆ ਜਾਂਦਾ ਹੈ, 40 ਫ਼ੀਸਦੀ ਟਰਾਂਸਪੋਰਟ ਤੇ ਬਾਕੀ ਉਦਯੋਗ ਤੇ ਹੋਰਨਾਂ ਖੇਤਰਾਂ ਦੇ ਹਿੱਸੇ ਆਉਂਦਾ ਹੈ। ਇਸ ਤਰ੍ਹਾਂ ਨਾਲ ਖੇਤੀ ਤੇ ਟਰਾਂਸਪੋਰਟ ਖੇਤਰ ਨੂੰ ਸਭ ਤੋਂ ਜ਼ਿਆਦਾ ਮਾਰ ਪਈ ਹੈ।

ਸਰਕਾਰ ਵੱਲੋਂ ਡੀਜ਼ਲ 'ਤੇ ਵੈਟ ਵਧਾ ਕੇ ਖੇਤੀ ਲਾਗਤਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਦੇਖਿਆ ਜਾਵੇ ਤਾਂ ਕੌਮਾਂਤਰੀ ਮੰਡੀ ਵਿਚ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਘਟਣਾ ਸਰਕਾਰ ਲਈ ਵੱਡਾ ਸਦਮਾ ਹੈ। ਤੇਲ ਦੀਆਂ ਕੀਮਤਾਂ ਘਟਣ ਕਾਰਨ ਖ਼ਪਤਕਾਰ ਭਾਵੇਂ ਖ਼ੁਸ਼ ਨਜ਼ਰ ਆ ਰਿਹਾ ਹੈ ਪਰ ਸਰਕਾਰ ਦੀ ਆਮਦਨ ਨੂੰ ਲਗਾਤਾਰ ਖੋਰਾ ਲੱਗ ਰਿਹਾ ਹੈ। ਆਮਦਨ ਘਟਣ ਦੇ ਡਰੋਂ ਹੀ ਸੂਬਾ ਸਰਕਾਰ ਵੱਲੋਂ ਵੈਟ ਵਿਚ ਵਾਧਾ ਕੀਤਾ ਜਾ ਰਿਹਾ ਹੈ। ਕੌਮਾਂਤਰੀ ਮੰਡੀ ਵਿਚ ਕੱਚੇ ਤੇਲ ਦੀਆਂ ਕੀਮਤਾਂ ਜਿਸ ਹਿਸਾਬ ਨਾਲ ਘਟ ਰਹੀਆਂ ਹਨ ਉਸ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ (ਤੇਲ ਕੀਮਤਾਂ) ਡੀਜ਼ਲ ਦੀ ਕੀਮਤ 45 ਤੋਂ 50 ਰੁਪਏ ਦੇ ਦਰਮਿਆਨ ਪ੍ਰਤੀ ਲਿਟਰ ਤੇ ਪੈਟਰੋਲ ਦੀ ਕੀਮਤ 60 ਰੁਪਏ ਪ੍ਰਤੀ ਲਿਟਰ ਦੇ ਆਸ ਪਾਸ ਆ ਜਾਣਗੀਆਂ। ਇਸ ਨਾਲ ਸਰਕਾਰ ਦੀ ਆਮਦਨ ਹੋਰ ਘਟੇਗੀ। ਪੰਜਾਬ ਵਿਚ ਤਕਰੀਬਨ ਤਿੰਨ ਹਜ਼ਾਰ ਪੈਟਰੋਲ ਪੰਪ ਹਨ। ਸਰਕਾਰ ਵੱਲੋਂ ਵੈਟ ਵਧਾਏ ਜਾਣ ਦੇ ਰੋਸ ਵਜੋਂ ਇਨ੍ਹਾਂ ਪੰਪਾਂ ਦੇ ਮਾਲਕਾਂ ਨੇ ਤੇਲ ਦੀ ਖ਼ਰੀਦ ਕਰਨੋਂ ਵੀ ਮਨਾਂ ਕਰ ਦਿੱਤਾ ਸੀ। ਪੈਟਰੋਲੀਅਮ ਡੀਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਜੇ.ਪੀ. ਖੰਨਾ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਨੇ ਵੈਟ ਨਾ ਘਟਾਇਆ ਤਾਂ ਪੈਟਰੋਲ ਪੰਪਾਂ ਦੇ ਮਾਲਕ ਸੰਘਰਸ਼ ਤੇਜ਼ ਕਰਨ ਲਈ ਮਜਬੂਰ ਹੋਣਗੇ। ਉਨ੍ਹਾਂ ਕਿਹਾ ਕਿ ਸਰਕਾਰ ਦੇ ਫ਼ੈਸਲਿਆਂ ਕਾਰਨ ਸਰਹੱਦੀ ਜ਼ਿਲ੍ਹਿਆਂ ਦੇ ਪੰਪ ਬੰਦ ਹੋਣ ਕੰਢੇ ਪਹੁੰਚ ਗਏ ਹਨ।

ਦਿਲਚਸਪ ਗੱਲ ਇਹ ਕਿ ਪੰਜਾਬ ਦੇ ਤਕਰੀਬਨ ਤਿੰਨ ਹਜ਼ਾਰ ਤੇਲ ਪੰਪਾਂ ਤੋਂ ਰੋਜ਼ਾਨਾ ਅੰਦਾਜ਼ਨ ਨੌਂ ਹਜ਼ਾਰ ਕਿੱਲੋਲਿਟਰ ਡੀਜ਼ਲ ਦੀ ਵਿੱਕਰੀ ਹੁੰਦੀ ਹੈ ਤੇ ਪੰਜਾਬ ਸਰਕਾਰ ਨੂੰ ਅੰਦਾਜ਼ਨ 2000 ਕਰੋੜ ਦਾ ਸਾਲਾਨਾ ਟੈਕਸ ਲਾਭ ਇਸ ਤੋਂ ਮਿਲਦਾ ਹੈ, ਪਰ ਕੌਮਾਂਤਰੀ ਮੰਡੀ ਵਿਚ ਕੱਚੇ ਤੇਲ ਦੀਆਂ ਕੀਮਤਾਂ ਪਿਛਲੇ ਕੁਝ ਮਹੀਨਿਆਂ ਵਿਚ ਹੀ 83 ਡਾਲਰ (ਯੂ.ਐਸ.) ਪ੍ਰਤੀ ਬੈਰਲ ਤੋਂ 72 ਡਾਲਰ ਕੀਮਤਾਂ 'ਤੇ ਆ ਡਿੱਗਣ ਕਾਰਨ ਤੇ ਇਸੇ ਦੌਰਾਨ ਭਾਰਤ ਸਰਕਾਰ ਵੱਲੋਂ ਡੀਜ਼ਲ ਦੀਆਂ ਕੀਮਤਾਂ ਕੰਟਰੋਲ ਮੁਕਤ ਕਰ ਦੇਣ ਨਾਲ ਦੇਸ਼ ਵਿਚ ਕੌਮਾਂਤਰੀ ਰੁਝਾਨਾਂ ਮੁਤਾਬਕ ਹੀ ਪੈਟ੍ਰੋਲ ਤੇ ਡੀਜ਼ਲ ਦੀਆਂ ਕੀਮਤਾਂ ਵੀ ਡਿਗਦੀਆਂ ਜਾ ਰਹੀਆਂ ਹਨ ਜਿਸ ਦਾ ਪਰਤਵਾਂ ਅਸਰ ਪੰਜਾਬ ਸਰਕਾਰ ਨੂੰ ਆਉਂਦੇ ਟੈਕਸ ਲਾਭਾਂ 'ਤੇ ਪੈਣ ਲੱਗ ਪਿਆ ਹੈ।

ਪੰਜਾਬ ਸਰਕਾਰ ਲਈ ਇਸ ਮੁੱਦੇ ਉਤੇ ਮੁਸੀਬਤ ਵਾਲੀ ਗੱਲ ਕਿਸਾਨ ਜਥੇਬੰਦੀਆਂ ਦਾ ਵਿਰੋਧ ਤਾਂ ਆਪਣੇ ਥਾਂ ਹੈ ਹੀ ਨਾਲ-ਨਾਲ ਭਾਈਵਾਲ ਪਾਰਟੀ ਭਾਜਪਾ ਵੱਲੋਂ ਸੂਬਾਈ ਪੱਧਰ ਉੱਤੇ ਡੀਜ਼ਲ ਉੱਤੇ ਵੈਟ ਦੀ ਦਰ ਵਧਾਏ ਜਾਣ ਦੇ ਫ਼ੈਸਲੇ ਦਾ ਵਿਰੋਧ ਕੀਤੇ ਜਾਣ ਨੇ ਸਰਕਾਰ ਦੀ ਸਥਿਤੀ ਹੋਰ ਕਸੂਤੀ ਬਣਾ ਦਿੱਤੀ ਹੈ।

## ਗੁਆਂਢੀ ਸੂਬਿਆਂ 'ਚ ਸਸਤਾ ਤੇਲ ਹੋਣ ਕਾਰਨ ਵਿਕਰੀ ਘਟੀ



## ਉਤਰੀ ਭਾਰਤ ਵਿਚ ਸਭ ਤੋਂ ਮਹਿੰਗਾ ਡੀਜ਼ਲ ਪੰਜਾਬ 'ਚ

**ਜਲੰਧਰ:** ਪੰਜਾਬ ਵਿਚ ਡੀਜ਼ਲ ਦਾ ਭਾਅ ਉੱਤਰੀ ਭਾਰਤ ਦੇ ਸਾਰੇ ਸੂਬਿਆਂ ਨਾਲੋਂ ਵੱਧ ਹੋ ਗਿਆ ਹੈ। ਵੈਟ ਵਿਚ ਤਾਜ਼ਾ ਵਾਧੇ ਨਾਲ ਡੀਜ਼ਲ ਦੇ ਮੌਜੂਦਾ ਭਾਅ ਵਿਚ 78 ਪੈਸੇ ਪ੍ਰਤੀ ਲਿਟਰ ਦਾ ਵਾਧਾ ਹੋ ਜਾਵੇਗਾ। ਉਧਰ ਚੰਡੀਗੜ੍ਹ ਪ੍ਰਸ਼ਾਸਨ ਨੇ ਕੁਝ ਦਿਨ ਪਹਿਲਾਂ ਡੀਜ਼ਲ 'ਤੇ ਵੈਟ ਘਟਾ ਦਿੱਤਾ ਸੀ, ਜਿਸ ਨਾਲ ਚੰਡੀਗੜ੍ਹ ਤੇ ਪੰਜਾਬ ਦੇ ਪੈਟਰੋਲ ਪੰਪਾਂ 'ਤੇ ਡੀਜ਼ਲ ਦੇ ਭਾਅ ਦਾ ਅੰਤਰ ਅੱਠ ਪੈਸੇ ਪ੍ਰਤੀ ਲਿਟਰ ਰਹਿ ਗਿਆ ਸੀ। ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨਾਲ ਚੰਡੀਗੜ੍ਹ ਵਿਚ ਡੀਜ਼ਲ ਪੰਜਾਬ ਨਾਲੋਂ ਸਸਤਾ ਹੋ ਗਿਆ ਹੈ।

ਚੰਡੀਗੜ੍ਹ ਵਿਚ ਪੈਟਰੋਲ ਪਹਿਲਾਂ ਹੀ ਪੰਜਾਬ ਨਾਲੋਂ 6.50 ਰੁਪਏ ਪ੍ਰਤੀ ਲਿਟਰ ਸਸਤਾ ਹੈ। ਹਰਿਆਣਾ ਵਿਚ ਪੈਟਰੋਲ ਪੰਜਾਬ ਨਾਲੋਂ ਸੱਤ ਰੁਪਏ ਪ੍ਰਤੀ ਲਿਟਰ ਤੇ ਡੀਜ਼ਲ ਸਵਾ ਰੁਪਏ ਸਸਤਾ ਹੈ। ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਵਿਚ ਵੀ ਡੀਜ਼ਲ ਸਸਤਾ ਹੈ। ਸੂਬਾ ਸਰਕਾਰ ਵੱਲੋਂ ਡੀਜ਼ਲ 'ਤੇ ਵੈਟ ਵਧਾਉਣ ਦਾ ਜ਼ਿਆਦਾ ਅਸਰ ਕਿਸਾਨੀ 'ਤੇ ਪਵੇਗਾ, ਕਿਉਂਕਿ ਫ਼ਸਲਾਂ ਦੀ ਲਾਗਤ ਵਧ ਜਾਵੇਗੀ। ਸੂਬੇ ਦੀ ਕੁੱਲ ਖ਼ਪਤ ਦਾ 50 ਫ਼ੀਸਦੀ ਡੀਜ਼ਲ ਖੇਤੀ ਲਈ ਵਰਤਿਆ ਜਾਂਦਾ ਹੈ।

# ਸਿਆਸੀ ਚਾਲ ਹੈ ਬਾਦਲਾਂ ਦਾ ਪੰਥਕ ਏਜੰਡਾ: ਖਹਿਰਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਸ਼੍ਰੋਮਣੀ ਅਕਾਲੀ ਦਲ 'ਤੇ 'ਕਾਗਜ਼ੀ ਪੰਥਕ ਮੁੱਦੇ' ਉਠਾਉਣ ਦਾ ਦੋਸ਼ ਲਾਉਂਦਿਆਂ ਪਿਛਲੇ 17 ਸਾਲਾਂ ਦੌਰਾਨ ਅਪਨਾਏ 'ਸਿੱਖ ਵਿਰੋਧੀ ਏਜੰਡੇ' ਦਾ ਲੇਖਾ-ਜੋਖਾ ਲੋਕਾਂ ਸਾਹਮਣੇ ਰੱਖਣ ਲਈ ਆਖਿਆ ਹੈ।



ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਭਾਜਪਾ ਦੇ ਬੇਯਕੀਨੇ ਗੱਠਜੋੜ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸੌੜੇ ਸਿਆਸੀ ਲਾਹੇ ਲੈਣ ਲਈ ਇਕ ਵਾਰ ਫਿਰ ਸਿੱਖਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਦਾ ਯਤਨ ਕਰ ਰਹੇ ਹਨ।ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਹੈ ਕਿ ਬਾਦਲਾਂ ਨੇ ਕਦੇ ਵੀ ਸੱਚੇ ਮਨੋ ਪੰਥਕ ਏਜੰਡੇ ਨੂੰ ਅਪਣਾਇਆ ਹੀ ਨਹੀਂ ਹੈ। ਇਕ ਪਾਸੇ ਮੁੱਖ ਮੰਤਰੀ ਸ. ਬਾਦਲ ਨੇ ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰਨ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਲਿਖਿਆ ਹੈ ਤੇ ਦੂਸਰੇ ਪਾਸੇ ਅਕਾਲੀ ਦਲ ਵੱਲੋਂ ਹਰਿਆਣਾ ਵਿਧਾਨ ਸਭਾ ਚੋਣਾਂ ਦੌਰਾਨ ਚੰਡੀਗੜ੍ਹ ਨੂੰ ਹਰਿਆਣੇ ਹਵਾਲੇ ਕਰਨ ਦੀ ਮੰਗ ਕਰਦੇ ਆ ਰਹੇ ਚੌਟਾਲਿਆਂ ਦੀ ਪਾਰਟੀ ਇਨੈਲੋ ਲਈ ਵੋਟਾਂ ਮੰਗ ਕੇ ਇਸ ਮੁੱਦੇ ਉਪਰ ਵੀ ਆਪਣੀ ਅਸਲ ਮਨਸ਼ਾ ਜੱਗ ਜ਼ਾਹਿਰ ਕਰ ਦਿੱਤੀ ਹੈ। ਉਨ੍ਹਾਂ ਆਖਿਆ ਕਿ ਹੁਣ ਬਾਦਲ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ 100 ਸਿੱਖ ਬੰਦੀਆਂ ਨੂੰ ਰਿਹਾਅ ਕਰਨ ਦੀ ਮੰਗ ਕਰਕੇ ਪੰਜਾਬੀਆਂ ਨੂੰ ਗੁੰਮਰਾਹ ਕਰਨ ਦਾ ਯਤਨ ਕਰ ਰਹੇ ਹਨ।

# ਸਰਕਾਰ ਨੇ ਹੁਣ ਵਿਕਾਸ ਬੋਰਡ ਦੇ ਖਾਤਿਆਂ ਨੂੰ ਵਾਢਾ ਧਰਿਆ

**ਚੰਡੀਗੜ੍ਹ:** ਖ਼ਜ਼ਾਨਾ ਖਾਲੀ ਹੋਣ ਕਾਰਨ ਪੰਜਾਬ ਸਰਕਾਰ ਹੁਣ ਗ੍ਰਾਂਟਾਂ ਦਾ ਪੈਸਾ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ. ਆਈ. ਡੀ. ਬੀ.) ਦੇ ਖਾਤੇ ਵਿਚੋਂ ਕਢਵਾ ਰਹੀ ਹੈ। ਪ੍ਰੋਜੈਕਟ ਸਿਰੇ ਲੱਗਣ ਤੋਂ ਪਹਿਲਾਂ ਹੀ ਅਰਬਾਂ ਰੁਪਏ ਵਿਭਾਗਾਂ ਦੇ ਹਵਾਲੇ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਨਾਲ ਸਰਕਾਰੀ ਪੈਸੇ ਦੀ ਵਰਤੋਂ ਦੇ ਢੰਗ ਤਰੀਕਿਆਂ ਬਾਰੇ ਕਈ ਤਰ੍ਹਾਂ ਦੇ ਸ਼ੰਕੇ ਵੀ ਉਭਰ ਆਏ ਹਨ। ਉਚ ਪੱਧਰੀ ਸੂਤਰਾਂ ਮੁਤਾਬਕ ਮੁੱਖ ਸਕੱਤਰ ਸਰਵੇਸ਼ ਕੌਸ਼ਲ ਦੀ ਪ੍ਰਧਾਨਗੀ ਹੇਠ ਪਿਛਲੇ ਦਿਨਾਂ ਦੌਰਾਨ ਹੋਈ ਮੀਟਿੰਗ ਵਿਚ ਦੋ ਸੀਨੀਅਰ ਆਈ.ਏ.ਐਸ. ਅਧਿਕਾਰੀਆਂ ਨੇ ਪੈਸੇ ਦੀ ਵਰਤੋਂ ਦੇ ਢੰਗ ਬਾਰੇ ਗੰਭੀਰ ਟਿੱਪਣੀਆਂ ਵੀ ਕੀਤੀਆਂ ਸਨ।

ਇਨ੍ਹਾਂ ਅਧਿਕਾਰੀਆਂ ਨੇ ਜ਼ੁਬਾਨ ਉਦੋਂ ਖੋਲ੍ਹੀ ਜਦੋਂ ਬੋਰਡ ਦੀ ਕਾਰਜਕਰਨੀ ਵੱਲੋਂ ਸਿੰਜਾਈ ਵਿਭਾਗ ਲਈ ਜਾਰੀ ਕੀਤੇ 200 ਕਰੋੜ ਤੇ ਯੂਨੀਫਾਈਡ ਸਰਵਿਸ ਡਲਿਵਰੀ ਕੇਂਦਰਾਂ ਲਈ ਜਾਰੀ 100 ਕਰੋੜ ਰੁਪਏ ਦੀ ਰਕਮ ਦੀ ਕਾਰਜ ਬਾਅਦ ਪ੍ਰਵਾਨਗੀ ਦਾ ਮਾਮਲਾ ਵਿਚਾਰਿਆ ਜਾਣ ਲੱਗਾ। ਅਧਿਕਾਰੀਆਂ ਦਾ ਤਰਕ ਸੀ ਕਿ ਪ੍ਰਾਜੈਕਟ ਸਿਰੇ ਲੱਗਣ 'ਤੇ ਹੀ ਪੈਸਾ ਜਾਰੀ ਹੋਣਾ ਚਾਹੀਦਾ ਹੈ। ਪੀ.ਆਈ.ਡੀ.ਬੀ. ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੁੱਖ ਮੰਤਰੀ ਦੀ ਪ੍ਰਵਾਨਗੀ ਨਾਲ ਵਿੱਤ ਵਿਭਾਗ ਵੱਲੋਂ ਬੋਰਡ ਨੂੰ ਪੈਸਾ ਜਾਰੀ ਕਰਨ ਦੀਆਂ ਹਦਾਇਤਾਂ ਲਗਾਤਾਰ ਦਿੱਤੀਆਂ ਜਾ ਰਹੀਆਂ ਹਨ। ਸੂਤਰਾਂ ਮੁਤਾਬਕ ਇਸ ਵਿੱਤੀ ਵਰ੍ਹੇ ਦੌਰਾਨ ਤਕਰੀਬਨ 1000 ਕਰੋੜ ਰੁਪਏ ਦੀ ਰਾਸ਼ੀ ਦਿਹਾਤੀ ਜਲ ਸਪਲਾਈ, ਸਿੰਜਾਈ, ਸਥਾਨਕ ਸਰਕਾਰਾਂ, ਲੋਕ ਨਿਰਮਾਣ ਵਿਭਾਗ, ਸੈਰ ਸਪਾਟਾ ਤੇ ਪ੍ਰਸ਼ਾਸਕੀ ਸੁਧਾਰ ਵਿਭਾਗਾਂ ਨੂੰ ਜਾਰੀ ਕੀਤੀ ਗਈ ਹੈ।

ਸੂਤਰਾਂ ਮੁਤਾਬਕ ਕੁਝ ਅਧਿਕਾਰੀਆਂ ਵੱਲੋਂ ਅੰਨ੍ਹੇਵਾਹ ਪੈਸੇ ਜਾਰੀ ਕਰਨ ਬਾਰੇ ਅੰਦਰਖਾਤੇ ਬੇਸ਼ੱਕ ਇਤਰਾਜ਼ ਜਤਾਇਆ ਜਾ ਰਿਹਾ ਹੈ ਪਰ ਮੁੱਖ ਮੰਤਰੀ ਦੇ ਹੁਕਮਾਂ ਕਾਰਨ ਬੋਰਡ ਅਧਿਕਾਰੀਆਂ ਦੀ ਕੋਈ ਪੇਸ਼ ਨਹੀਂ ਚੱਲ ਰਹੀ। ਇਹ ਵੀ ਤੱਥ ਸਾਹਮਣੇ ਆਇਆ ਹੈ ਕਿ ਪੈਸੇ ਪੱਖੋਂ ਅਮੀਰ ਮੰਨਿਆ ਜਾਂਦਾ ਇਹ ਅਦਾਰਾ (ਪੀ. ਆਈ. ਡੀ. ਬੀ.) ਪੰਜਾਬ ਸਰਕਾਰ ਦੇ ਗਰੀਬ ਅਦਾਰਿਆਂ ਵਿਚ ਸ਼ਾਮਲ ਹੋ ਗਿਆ ਹੈ। ਇਸ ਦੀ ਪੁਸ਼ਟੀ ਯੂਨੀਫਾਈਡ ਸਰਸਿਵ ਡਲਿਵਰੀ ਸੈਂਟਰ ਸਥਾਪਤ ਕਰਨ ਲਈ 100 ਕਰੋੜ ਰੁਪਏ ਦੀ ਕਾਰਜ ਬਾਅਦ ਪ੍ਰਵਾਨਗੀ ਵਾਲੇ ਏਜੰਡੇ ਤੋਂ ਮਿਲਦੀ ਹੈ। ਇਸ ਏਜੰਡੇ ਦੀ 7ਵੀਂ ਮਦ ਵਿਚ ਬੋਰਡ ਦੀ ਵਿੱਤੀ ਹਾਲਤ ਕਮਜ਼ੋਰ ਹੋਣ ਦੀ ਗੱਲ ਮੰਨੀ ਗਈ ਹੈ।

# ਹਾਈ ਕੋਰਟ ਸੁਣੇਗਾ ਡੇਰਿਆਂ ਵਿਚ ਹਥਿਆਰਾਂ ਬਾਰੇ ਸਰਕਾਰੀ ਪੱਖ

**ਚੰਡੀਗੜ੍ਹ:** ਸਿਰਸਾ ਦੇ ਡੇਰਾ ਸੱਚਾ ਸੌਦਾ ਵਿਚ ਹਥਿਆਰਾਂ ਦੀ ਸਿਖਲਾਈ ਦੇ ਮਾਮਲੇ ਵਿਚ ਪੰਜਾਬ-ਹਰਿਆਣਾ ਹਾਈਕੋਰਟ ਨੇ ਡੇਰੇ, ਹਰਿਆਣਾ ਤੇ ਪੰਜਾਬ ਸਰਕਾਰਾਂ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਨੋਟਿਸ ਜਾਰੀ ਕਰਕੇ ਉਨ੍ਹਾਂ ਤੋਂ ਜਵਾਬ ਮੰਗਿਆ ਹੈ। ਡਵੀਜ਼ਨ ਬੈਂਚ ਨੇ ਕਿਹਾ ਹੈ ਕਿ ਪੰਜਾਬ ਤੇ ਚੰਡੀਗੜ੍ਹ ਵਿਚ ਵੀ ਅਜਿਹੇ ਡੇਰੇ ਜਾਂ ਆਸ਼ਰਮ ਹੋਣ ਕਰਕੇ ਦੋਹਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਇਸ ਮਾਮਲੇ 'ਤੇ ਅਗਲੀ ਸੁਣਵਾਈ ਹੁਣ 14 ਜਨਵਰੀ ਨੂੰ ਹੋਵੇਗੀ। ਇਸ ਮਾਮਲੇ ਨੂੰ ਜਨਹਿਤ ਪਟੀਸ਼ਨ ਵਜੋਂ ਲੈਂਦਿਆਂ ਹਾਈਕੋਰਟ ਨੇ ਪਹਿਲਾਂ ਸਪਸ਼ਟ ਕਰ ਦਿੱਤਾ ਸੀ ਕਿ ਧਾਰਮਿਕ ਅਸਥਾਨ, ਡੇਰੇ ਜਾਂ ਆਸ਼ਰਮ ਮੁਖੀ ਦੀ ਰਾਖੀ ਲਈ ਤਾਇਨਾਤ ਪ੍ਰਾਈਵੇਟ ਕਮਾਂਡੋਜ਼ ਨੂੰ ਸਿਖਲਾਈ ਦੇਣ ਵਾਲੇ ਸਥਾਨ ਨਹੀਂ ਹੁੰਦੇ। ਰਾਮਪਾਲ ਮਾਮਲੇ ਦੀ ਸੁਣਵਾਈ ਦੌਰਾਨ ਬੈਂਚ ਨੇ ਕਿਹਾ ਸੀ ਕਿ ਕਿਸੇ ਵੀ ਕੀਮਤ 'ਤੇ ਡੇਰਿਆਂ ਨੂੰ ਹਥਿਆਰ ਤੇ ਗੋਲੀ ਸਿੱਕਾ ਜਮ੍ਹਾਂ ਕਰਨ ਲਈ ਨਹੀਂ ਵਰਤਿਆ ਜਾ ਸਕਦਾ। ਬੈਂਚ ਨੇ ਕਿਹਾ ਸੀ ਕਿ ਪ੍ਰਾਈਵੇਟ ਕਮਾਂਡੋਜ਼ ਨੂੰ ਸਿਖਲਾਈ ਦੇਣਾ ਤੇ ਕਿਸੇ ਵਿਅਕਤੀ ਵਿਸ਼ੇਸ਼ ਦੀ ਰਾਖੀ ਲਈ ਗੈਰ-ਕਾਨੂੰਨੀ ਹਥਿਆਰਾਂ ਨਾਲ ਲੈਸ ਕਰਨਾ, ਨਾ ਸਿਰਫ ਨਿਆਂਪਾਲਿਕਾ ਨੂੰ ਚੁਣੌਤੀ ਦੇਣਾ ਸਮਝਿਆ ਜਾਏਗਾ ਸਗੋਂ ਇਹ ਰਾਜ ਨੂੰ ਵੀ ਚੁਣੌਤੀ ਹੋਏਗੀ।

# ਕਿਸਾਨਾਂ ਅਤੇ ਮਜ਼ਦੂਰਾਂ ਵਲੋਂ ਖੁਦਕੁਸ਼ੀਆਂ ਦੇ ਸਰਵੇਖਣ ਤੋਂ ਸਰਕਾਰ ਨੇ ਪੈਰ ਪਿਛਾਂਹ ਖਿੱਚੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਬਾਰੇ ਸਰਵੇਖਣ ਕਵਾਉਣ ਦੇ ਵਾਅਦੇ ਤੋਂ ਪੈਰ ਪਿਛਾਂਹ ਖਿੱਚ ਲਏ ਹਨ। ਸੂਬਾ ਸਰਕਾਰ ਨੇ ਸਾਲ 2000 ਤੋਂ ਲੈ ਕੇ 2008 ਤੱਕ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਗਿਣਤੀ ਦਾ ਪਤਾ ਲਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਬਠਿੰਡਾ ਤੇ ਸੰਗਰੂਰ ਜ਼ਿਲ੍ਹਿਆਂ ਦਾ ਸਰਵੇਖਣ ਕਰਵਾਇਆ ਸੀ ਤੇ ਇਨ੍ਹਾਂ ਤੋਂ ਬਾਅਦ ਪੂਰੇ ਪੰਜਾਬ ਦਾ ਸਰਵੇਖਣ ਕਰਵਾਉਣ ਦਾ ਵਾਅਦਾ ਕੀਤਾ ਸੀ ਪਰ ਇਨ੍ਹਾਂ ਜ਼ਿਲ੍ਹਿਆਂ ਵਿਚ ਮੌਤਾਂ ਦੀ ਵੱਡੀ ਗਿਣਤੀ ਸਾਹਮਣੇ ਆਉਣ ਤੇ ਮੁਆਵਜ਼ਾ ਦੇਣ ਦੇ ਡਰੋਂ ਸਰਕਾਰ ਨੇ ਚੁੱਪ ਧਾਰ ਲਈ ਹੈ। ਯੂਨੀਵਰਸਿਟੀਆਂ ਨੇ ਸਾਲ 2009 ਵਿਚ ਦੋਹਾਂ ਜ਼ਿਲ੍ਹਿਆਂ ਦਾ ਸਰਵੇਖਣ ਪੂਰਾ ਕਰਕੇ ਸਰਕਾਰ ਨੂੰ ਰਿਪੋਰਟ ਦੇ ਦਿੱਤੀ ਸੀ। ਇਸ ਵਿਚ 2890 ਖ਼ੁਦਕੁਸ਼ੀਆਂ ਦੀ ਸੂਚੀ ਦਿੱਤੀ ਗਈ ਸੀ ਜਦੋਂਕਿ ਖ਼ੁਦਕੁਸ਼ੀ ਕਰਨ ਵਾਲਿਆਂ ਦੀ ਗਿਣਤੀ ਪੰਜਾਹ ਹਜ਼ਾਰ ਤੋਂ ਵੀ ਵੱਧ ਬਣਦੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਮੋਗਾ, ਬਰਨਾਲਾ, ਮਾਨਸਾ, ਲੁਧਿਆਣਾ ਜ਼ਿਲ੍ਹੇ ਦਿੱਤੇ ਗਏ ਸਨ ਜਿਨ੍ਹਾਂ ਵਿਚੋਂ ਸੰਗਰੂਰ ਤੇ ਬਠਿੰਡੇ ਦਾ ਸਰਵੇਖਣ ਹੋ ਚੁੱਕਿਆ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਫ਼ਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਮੁਹਾਲੀ, ਰੋਪੜ, ਫ਼ਿਰੋਜ਼ਪੁਰ, ਫ਼ਤਹਿਗੜ੍ਹ ਸਾਹਿਬ ਤੇ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਤਰਨਤਾਰਨ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ ਨਵਾਂਸ਼ਹਿਰ ਤੇ ਕਪੂਰਥਲਾ ਜ਼ਿਲ੍ਹਿਆਂ ਦਾ ਸਰਵੇਖਣ ਕਰਨ ਲਈ ਪੈਸੇ ਦਿੱਤੇ ਗਏ ਸਨ ਪਰ ਕਿਸਾਨ ਯੂਨੀਅਨਾਂ ਦੇ ਆਗੂਆਂ ਮੁਤਾਬਕ ਇਹ ਸਰਵੇਖਣ ਵੀ ਬਹੁਤਾ ਕਾਮਯਾਬ ਨਹੀਂ ਹੋ ਸਕਿਆ ਕਿਉਂਕਿ ਪੰਜਾਬ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਅਸਲ ਜ਼ਿੰਦਗੀ ਦਾ ਸਰਵੇਖਣ ਕੀਤਾ ਹੀ ਨਹੀਂ ਗਿਆ ਕਿ ਕਿਵੇਂ ਹਰਾ ਇਨਕਲਾਬ ਲਿਆਉਣ ਦੇ ਚੱਕਰ ਵਿਚ ਕਿਸਾਨ ਤੇ ਖੇਤ ਮਜ਼ਦੂਰ ਬਰਬਾਦ ਹੋ ਗਏ।

## ਵੱਡੀ ਗਿਣਤੀ ਮੌਤਾਂ ਵੇਖ ਪੰਜਾਬ ਸਰਕਾਰ ਨੂੰ ਮੁਆਵਜ਼ੇ ਦਾ ਫਿਕਰ ਪਿਆ



ਪੰਜਾਬ ਦੇ ਹਲਕਾ ਲਹਿਰਾਗਾਗਾ ਦਾ ਪੂਰਾ ਇਲਾਕਾ ਹੀ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨਾਲ ਭਰਿਆ ਪਿਆ ਹੈ। ਜ਼ਿਲ੍ਹਾ ਸੰਗਰੂਰ ਦੇ ਪਿੰਡ ਬੱਲਰਾਂ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਕਹਾਣੀ ਬਹੁਤ ਦਰਦਨਾਕ ਹੈ। ਇਹ ਖ਼ੁਸ਼ਹਾਲ ਮੰਨੇ ਜਾਂਦੇ ਪੰਜਾਬ ਦਾ ਇਕ ਅਜਿਹਾ ਪਿੰਡ ਹੈ ਜਿਥੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਸੈਂਕੜਾ ਪਾਰ ਕਰ ਚੁੱਕੀਆਂ ਹਨ। ਦੋ ਦਰਜਨ ਤੋਂ ਵੱਧ ਵਿਅਕਤੀ ਪਿੰਡ ਵਿਚੋਂ ਗਾਇਬ ਹਨ, ਜਿਹੜੇ ਵਾਪਸ ਹੀ ਨਹੀਂ ਆਏ। ਸਰਕਾਰ ਨੇ ਸਾਲ 2000 ਤੋਂ ਲੈ ਕੇ ਸਾਲ 2009 ਤੱਕ ਹਲਕਾ ਲਹਿਰਾਗਾਗਾ ਦੇ ਤਕਰੀਬਨ 80 ਪਿੰਡਾਂ ਵਿਚ 395 ਖੇਤ ਮਜ਼ਦੂਰਾਂ ਤੇ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕੀਤੇ ਜਾਣ ਦੀ ਸੂਚੀ ਜਾਰੀ ਕੀਤੀ ਹੈ ਜਿਨ੍ਹਾਂ ਨੂੰ ਸਹਾਇਤਾ ਵਜੋਂ ਦੋ-ਦੋ ਲੱਖ ਰੁਪਏ ਦੇ ਚੈੱਕ ਦਿੱਤੇ ਗਏ ਹਨ ਜਦੋਂਕਿ ਇਨ੍ਹਾਂ ਪਿੰਡਾਂ ਵਿਚ 2500 ਤੋਂ ਵੀ ਵੱਧ ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ।

ਸਰਕਾਰੀ ਸਰਵੇਖਣ ਸਚਾਈ ਤੋਂ ਕੋਹਾਂ ਦੂਰ ਹੀ ਨਹੀਂ ਸਗੋਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਨਾਲ ਕੀਤਾ ਗਿਆ ਧੋਖਾ ਹੈ ਪਰ ਯੂਨੀਵਰਸਿਟੀਆਂ ਦੀ ਰਿਪੋਰਟ ਨੇ ਰੌਂਗਟੇ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਅਨੁਸਾਰ ਇਸ ਹਲਕੇ ਵਿਚ ਹੁਣ ਤੱਕ ਆਰਥਿਕ ਤੰਗੀਆਂ ਕਾਰਨ 2500 ਤੋਂ ਜ਼ਿਆਦਾ ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਝੋਨੇ ਤੇ ਕਣਕ ਦੇ ਸੀਜ਼ਨ ਵਿਚ ਸਭ ਤੋਂ ਵੱਧ ਖ਼ੁਦਕੁਸ਼ੀਆਂ ਕੀਤੀਆਂ ਹਨ। ਭਾਵੇਂ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਆਰਥਿਕ ਮਦਦ ਕਰਨ ਦੀ ਯੋਜਨਾ ਚਲਾਈ ਜਾ ਰਹੀ ਹੈ ਪਰ ਉਹ ਯੂਨੀਵਰਸਿਟੀਆਂ ਦੇ ਸਰਵੇਖਣ ਤੱਕ ਹੀ ਸੀਮਤ ਹੈ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਕਾਰਨ ਲੱਭਣ ਲਈ ਕਰੋੜਾਂ ਰੁਪਏ ਦੇ ਫੰਡ ਜਾਰੀ ਕੀਤੇ ਗਏ ਸਨ। ਦੂਜੇ ਪਾਸੇ ਹਰ ਰੋਜ਼ ਕਰਜ਼ਾ ਵਸੂਲ ਕਰਨ ਆਉਂਦੇ ਆੜ੍ਹਤੀ ਤੇ ਬੈਂਕਾਂ ਵਾਲੇ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਕਰਦੇ ਰਹਿੰਦੇ ਹਨ। ਮਾਨਸਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਸਮੇਤ ਕਈ ਜ਼ਿਲ੍ਹਿਆਂ ਵਿਚ ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ।

## ਪੀੜਤ ਪਰਿਵਾਰਾਂ ਨੂੰ ਅੱਜ ਵੀ ਮਦਦ ਦੀ ਉਡੀਕ

ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਆਰਥਿਕ ਮਦਦ ਕਰਨ ਦੀ ਯੋਜਨਾ ਤਿਆਰ ਕੀਤੀ ਜਾਂਦੀ ਹੈ ਪਰ ਉਹ ਯੂਨੀਵਰਸਿਟੀਆਂ ਤੱਕ ਹੀ ਸੀਮਤ ਰਹਿ ਜਾਂਦੀ ਹੈ। ਖੇਤੀਬਾੜੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਕਾਰਨ ਲੱਭਣ ਲਈ ਲੱਖਾਂ ਰੁਪਏ ਦੇ ਫੰਡ ਜਾਰੀ ਕੀਤੇ ਗਏ ਸਨ ਪਰ ਕਿਸਾਨਾਂ ਦੇ ਪਰਿਵਾਰਾਂ ਨੂੰ ਨਾ-ਮਾਤਰ ਮਦਦ ਹੀ ਦਿੱਤੀ ਗਈ ਹੈ। ਕਈ ਪਿੰਡਾਂ ਵਿਚ ਕਰਜ਼ੇ ਦੇ ਮਾਰੇ ਕਿਸਾਨਾਂ ਦੀਆਂ ਜ਼ਮੀਨਾਂ ਸ਼ਾਹੂਕਾਰਾਂ ਦੇ ਕਬਜ਼ੇ ਹੇਠ ਹਨ। ਪੀੜਤਾਂ ਨੂੰ ਪ੍ਰਤੀ ਪਰਿਵਾਰ ਪੰਜ ਲੱਖ ਰੁਪਏ ਮੁਆਵਜ਼ਾ ਤੇ ਬੱਚਿਆਂ ਨੂੰ ਮੁਫ਼ਤ ਪੜ੍ਹਾਈ ਦੇਣ ਤੋਂ ਇਲਾਵਾ ਘਰੇਲੂ ਖ਼ਰਚਾ ਵੀ ਦੇਣਾ ਬਣਦਾ ਸੀ ਪਰ ਅਜਿਹਾ ਕੁਝ ਨਹੀਂ ਹੋਇਆ।

# ਹੁਣ ਬਹੁਤਾ ਲਾਹੇਵੰਦ ਨਹੀਂ ਰਿਹਾ ਖੇਤੀਬਾੜੀ ਦਾ ਧੰਦਾ

## ਵੱਧ ਖਰਚੇ ਤੇ ਸਰਕਾਰ ਦੀਆਂ ਨੀਤੀਆਂ ਬਣੇ ਅੜਿੱਕਾ



**ਚੰਡੀਗੜ੍ਹ (ਬਿਊਰੋ):** ਪੰਜਾਬ ਵਿਚ ਖੇਤੀ ਦਾ ਧੰਦਾ ਬਹੁਤਾ ਲਾਹੇਵੰਦ ਨਹੀਂ ਰਿਹਾ। ਸਰਕਾਰ ਦੀਆਂ ਨੀਤੀਆਂ ਤੇ ਆਮਦਨ ਨਾਲੋਂ ਵੱਧ ਖਰਚਿਆਂ ਕਾਰਨ ਕਿਸਾਨ ਹੁਣ ਇਸ ਧੰਦੇ ਤੋਂ ਟਾਲਾ ਵੱਟਣ ਲੱਗੇ ਹਨ। ਇਸ ਤੋਂ ਇਲਾਵਾ ਕੁਦਰਤੀ ਆਫਤਾਂ ਨਾਲ ਹੁੰਦੀ ਤਬਾਹੀ ਤੇ ਮੁਆਵਜ਼ੇ ਦੇ ਨਾਂ 'ਤੇ ਮਿਲਦੇ ਲਾਰਿਆਂ ਨੇ ਕਿਸਾਨਾਂ ਦਾ ਮਨ ਖੱਟਾ ਕਰ ਦਿੱਤਾ ਹੈ। ਇਸ ਵਰ੍ਹੇ ਵਧੇ ਖੇਤੀ ਲਾਗਤ ਖ਼ਰਚਿਆਂ ਤੇ ਨਰਮੇ ਤੇ ਬਾਸਮਤੀ ਦੇ ਘੱਟ ਭਾਅ ਨੇ ਕਿਸਾਨਾਂ ਦੀ ਆਰਥਿਕਤਾ ਨੂੰ ਵੱਡੀ ਸੱਟ ਮਾਰੀ ਹੈ। ਸਤੰਬਰ ਮਹੀਨੇ ਹੋਈਆਂ ਭਾਰੀ ਬਾਰਸ਼ਾਂ ਨੇ ਜਿਥੇ ਸੂਬੇ ਦੇ ਸ੍ਰੀ ਮੁਕਤਸਰ ਸਾਹਿਬ ਤੇ ਫ਼ਾਜ਼ਿਲਕਾ ਜ਼ਿਲ੍ਹਿਆਂ ਅੰਦਰ ਨਰਮੇ ਦੀ ਹਜ਼ਾਰਾਂ ਏਕੜ ਫ਼ਸਲ ਬਿਲਕੁਲ ਬਰਬਾਦ ਕਰ ਦਿੱਤੀ, ਉਥੇ ਬਾਕੀ ਬਚੀ ਨਰਮੇ ਦੀ ਫ਼ਸਲ ਦਾ ਝਾੜ ਵੀ ਅੱਧਾ ਰਹਿ ਗਿਆ ਹੈ।

ਕਿਸਾਨਾਂ ਨੂੰ ਨਰਮੇ ਦੀ ਫ਼ਸਲ ਦਾ ਔਸਤਨ ਝਾੜ 6 ਤੋਂ 7 ਕੁਇੰਟਲ ਪ੍ਰਤੀ ਏਕੜ ਹੀ ਮਿਲ ਰਿਹਾ ਹੈ, ਜਿਸ ਨਾਲ ਲਾਗਤ ਖ਼ਰਚੇ ਵੀ ਪੂਰੇ ਨਹੀਂ ਹੋ ਰਹੇ ਹਨ। ਕੁਦਰਤੀ ਮਾਰ ਦੇ ਨਾਲ-ਨਾਲ ਕਿਸਾਨਾਂ ਨੂੰ ਨਰਮੇ ਦਾ ਭਾਅ ਘੱਟ ਹੋਣ ਕਾਰਨ ਦੂਹਰੀ ਮਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਾਲ ਨਰਮੇ ਦਾ ਭਾਅ ਚਾਰ ਹਜ਼ਾਰ ਪ੍ਰਤੀ ਕੁਇੰਟਲ ਦੇ ਆਸ-ਪਾਸ ਹੀ ਚੱਲ ਰਿਹਾ ਹੈ, ਜਦਕਿ ਪਿਛਲੇ ਸਾਲ ਨਰਮਾ 5500 ਰੁਪਏ ਪ੍ਰਤੀ ਕੁਇੰਟਲ ਤੋਂ ਵੀ ਉੱਪਰ ਵਿਕ ਗਿਆ ਸੀ। ਕਿਸਾਨਾਂ ਨੇ ਝੋਨੇ ਵਾਲੀਆਂ ਜ਼ਮੀਨਾਂ ਤਕਰੀਬਨ 45000 ਰੁਪਏ ਪ੍ਰਤੀ ਏਕੜ ਦੇ ਹਿਸਾਬ ਠੇਕੇ 'ਤੇ ਲੈ ਕੇ ਬਾਸਮਤੀ ਫ਼ਸਲ ਦੀ ਕਾਸ਼ਤ ਕੀਤੀ ਸੀ, ਪਰ ਬਾਸਮਤੀ ਦਾ ਭਾਅ 2800-3000 ਰੁਪਏ ਦੇ ਆਸ ਪਾਸ ਰਹਿਣ ਕਾਰਨ ਕਿਸਾਨਾਂ ਦੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ ਹੈ। ਭਾਅ ਵਧਣ ਦੀ ਉਡੀਕ ਵਿਚ ਬਹੁਤੇ ਕਿਸਾਨ ਇਕ ਮਹੀਨੇ ਤੋਂ ਬਾਸਮਤੀ ਨੂੰ ਲੈ ਕੇ ਮੰਡੀਆਂ ਵਿਚ ਬੈਠੇ ਹਨ, ਪਰ ਕੁਝ ਦਿਨ ਪਹਿਲਾਂ ਤਕਰੀਬਨ 3100 ਰੁਪਏ ਪ੍ਰਤੀ ਕੁਇੰਟਲ ਵਿਕਣ ਵਾਲੀ ਬਾਸਮਤੀ ਦਾ ਭਾਅ ਘੱਟ ਕੇ ਹੁਣ 2800 ਰੁਪਏ ਪ੍ਰਤੀ ਕੁਇੰਟਲ 'ਤੇ ਆਉਣ ਨਾਲ ਕਿਸਾਨਾਂ ਦੀ ਚਿੰਤਾ ਹੋਰ ਵੱਧ ਗਈ ਹੈ। ਕਿਸਾਨਾਂ ਨੇ ਜਿਥੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਿਣਸਾਂ ਦੇ ਭਾਅ ਸੂਚਕ ਅੰਕ ਨਾਲ ਜੋੜ ਕੇ ਡੁੱਬ ਰਹੀ ਕਿਸਾਨੀ ਨੂੰ ਬਚਾਇਆ ਜਾਵੇ, ਉਥੇ ਉਨ੍ਹਾਂ ਨੇ ਪੰਜਾਬ ਸਰਕਾਰ ਅੱਗੇ ਵੀ ਦੁਹਾਈ ਪਾਈ ਹੈ ਕਿ ਨਰਮਾ ਪੱਟੀ ਦੇ ਕਿਸਾਨਾਂ ਨੂੰ ਬਚਾਉਣ ਲਈ ਨਰਮੇ ਉੱਪਰ ਦੋ ਸੌ ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਫ਼ੌਰਨ ਬੋਨਸ ਦੇਣ ਦਾ ਐਲਾਨ ਕੀਤਾ ਜਾਵੇ।

ਇਸ ਤੋਂ ਇਲਾਵਾ ਸੂਬੇ ਦੇ ਕਿਸਾਨਾਂ ਨੂੰ ਇਸ ਵਾਰ ਮਾਮਲੇ ਦੀ ਥਾਂ 50 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ 'ਵਾਟਰ ਟੈਕਸ' ਵੀ ਦੇਣਾ ਪਵੇਗਾ। ਵਾਟਰ ਟੈਕਸ ਦੀ ਵਸੂਲੀ ਲਈ ਸੂਬਾ ਸਰਕਾਰ ਵੱਲੋਂ ਨਹਿਰੀ ਵਿਭਾਗ ਦੀਆਂ ਸਾਰੀਆਂ ਡਵੀਜ਼ਨਾਂ ਨੂੰ ਫ਼ਰਮਾਨ ਜਾਰੀ ਕਰ ਦਿੱਤੇ ਗਏ। ਕੁਝ ਮਹੀਨੇ ਪਹਿਲਾਂ ਪੰਜਾਬ ਸਰਕਾਰ ਨੇ ਕੈਬਨਿਟ ਮੀਟਿੰਗ ਵਿਚ ਸੂਬੇ ਦੇ ਕਿਸਾਨਾਂ ਤੋਂ ਨਹਿਰੀ ਪਾਣੀ ਦੀ ਵਰਤੋਂ ਦੇ ਬਦਲੇ 100 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਸਾਲਾਨਾ ਵਾਟਰ ਟੈਕਸ ਵਸੂਲਣ ਦਾ ਫ਼ੈਸਲਾ ਲਿਆ ਸੀ ਤੇ ਇਸ ਪੈਸੇ ਨੂੰ ਨਹਿਰਾਂ, ਕੱਸੀਆਂ ਦੀ ਮੁਰੰਮਤ ਤੇ ਸਫ਼ਾਈ 'ਤੇ ਖ਼ਰਚਣ ਦੀ ਸਕੀਮ ਤਿਆਰ ਕੀਤੀ ਸੀ। ਇਸ ਤੋਂ ਪਹਿਲਾਂ ਸੂਬਾ ਸਰਕਾਰ ਵੱਲੋਂ ਨਹਿਰੀ ਪਾਣੀ ਦੀ ਵਰਤੋਂ ਦੇ ਬਦਲੇ 150 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਸਾਲਾਨਾ ਮਾਮਲਾ ਵਸੂਲਿਆ ਜਾਂਦਾ ਸੀ। ਸਾਲ 1998 ਵਿਚ ਅਕਾਲੀ-ਭਾਜਪਾ ਸਰਕਾਰ ਵੱਲੋਂ ਸੂਬੇ ਦੇ ਕਿਸਾਨਾਂ ਨੂੰ ਸਿੰਚਾਈ ਲਈ ਮੁਫ਼ਤ ਬਿਜਲੀ ਦੇਣ ਦੇ ਐਲਾਨ ਕਰਨ ਮੌਕੇ ਸੂਬੇ ਦੇ ਕਿਸਾਨਾਂ ਦਾ ਮਾਮਲਾ ਵੀ ਮੁਆਫ਼ ਕਰ ਦਿੱਤਾ ਗਿਆ ਸੀ। ਹੁਣ ਸੂਬਾ ਸਰਕਾਰ ਨੇ ਇਸ ਵਰ੍ਹੇ ਸਾਉਣੀ ਦੀ ਫ਼ਸਲ ਤੋਂ 100 ਰੁਪਏ ਪ੍ਰਤੀ ਏਕੜ ਸਾਲਾਨਾ ਵਾਟਰ ਟੈਕਸ ਵਸੂਲਣ ਦਾ ਫ਼ੈਸਲਾ ਲਿਆ ਹੈ ਤੇ ਇਸ ਦੀ ਪਹਿਲੀ ਛਿਮਾਹੀ ਕਿਸ਼ਤ ਵਸੂਲਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਨਹਿਰੀ ਪਟਵਾਰੀ ਵੀ ਵਾਟਰ ਟੈਕਸ ਦੀ ਵਸੂਲੀ ਲਈ ਕਿਸਾਨਾਂ ਦੀਆਂ ਜ਼ਮੀਨਾਂ ਦਾ ਹਿਸਾਬ ਕਿਤਾਬ ਲਗਾ ਕੇ ਸੂਚੀਆਂ ਤਿਆਰ ਕਰਨ ਵਿਚ ਰੁੱਝੇ ਹੋਏ ਹਨ।

ਉੱਚ ਨਹਿਰੀ ਅਧਿਕਾਰੀਆਂ ਵੱਲੋਂ 30 ਨਵੰਬਰ ਤੱਕ ਨਹਿਰੀ ਪਟਵਾਰੀਆਂ ਨੂੰ ਵਸੂਲੀ ਸੂਚੀਆਂ ਤਿਆਰ ਕਰਕੇ ਦੇਣ ਦੇ ਹੁਕਮ ਜਾਰੀ ਕੀਤੇ ਗਏ। ਦੂਜੇ ਪਾਸੇ ਨਹਿਰੀ ਪਟਵਾਰੀ ਵਾਟਰ ਟੈਕਸ ਵਸੂਲੀ ਦੀਆਂ ਸੂਚੀਆਂ ਤਿਆਰ ਕਰਨ ਨੂੰ ਲੈ ਕੇ ਭਾਰੀ ਮੁਸ਼ਕਿਲ ਵਿਚ ਹਨ। ਸੂਤਰਾਂ ਤੋਂ ਪਤਾ ਚੱਲਿਆ ਹੈ ਕਿ ਨਹਿਰੀ ਵਿਭਾਗ ਨੇ ਨਵੀਆਂ ਗਿਰਦਾਵਰੀਆਂ ਕਰਨ ਦੀ ਬਜਾਏ ਪੁਰਾਣੀਆਂ ਗਿਰਦਾਵਰੀਆਂ ਮੁਤਾਬਕ ਹੀ ਵਾਟਰ ਟੈਕਸ ਵਸੂਲਣ ਲਈ ਸੂਚੀਆਂ ਤਿਆਰ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

## ਕੇਂਦਰ ਨੇ ਕਿਸਾਨਾਂ ਨਾਲ ਇਨਸਾਫ ਨਹੀਂ ਕੀਤਾ: ਬਾਦਲ

**ਹੁਸ਼ਿਆਰਪੁਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਪੰਜਾਬ ਦੇ ਕਿਸਾਨ ਆਪਣੀ ਮਿਹਨਤ ਸਦਕਾ ਕੇਂਦਰੀ ਪੂਲ ਵਿਚ 50 ਫ਼ੀਸਦੀ ਅਨਾਜ ਦਾ ਹਿੱਸਾ ਪਾਉਂਦੇ ਹਨ ਪਰ ਇਸ ਦੇ ਬਾਵਜੂਦ ਕੇਂਦਰ ਵਿਚ ਉਨ੍ਹਾਂ ਦੀ ਕਦਰ ਨਹੀਂ ਪਈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੇ ਪੰਜਾਬ ਨਾਲ ਵਿਤਕਰੇ ਵਾਲੀ ਨੀਤੀ ਅਪਣਾਈ ਰੱਖੀ ਜਿਸ ਦਾ ਖਮਿਆਜ਼ਾ ਸੂਬੇ ਦੇ ਕਿਸਾਨਾਂ ਨੂੰ ਭੁਗਤਣਾ ਪਿਆ। ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨ ਤੋਂ ਕੇਂਦਰ ਨੇ ਟਾਲਾ ਵੱਟੀ ਰੱਖਿਆ। ਪੰਜਾਬ ਦੇ ਕਿਸਾਨਾਂ ਸਿਰ ਇਸ ਵੇਲੇ 30 ਹਜ਼ਾਰ ਕਰੋੜ ਦਾ ਕਰਜ਼ਾ ਹੈ ਤੇ ਪਿਛਲੇ 10 ਸਾਲਾਂ ਦੌਰਾਨ ਤਕਰੀਬਨ 4500 ਕਿਸਾਨਾਂ ਨੇ ਆਰਥਿਕ ਮੰਦਹਾਲੀ ਕਾਰਨ ਖ਼ੁਦਕੁਸ਼ੀਆਂ ਕੀਤੀਆਂ। ਸ. ਬਾਦਲ ਨੇ ਮੰਨਿਆ ਕਿ ਖੇਤੀਬਾੜੀ ਹੁਣ ਪਹਿਲਾਂ ਵਰਗਾ ਲਾਹੇਵੰਦ ਧੰਦਾ ਨਹੀਂ ਰਿਹਾ, ਇਸ ਕਰਕੇ ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਨੂੰ ਅਪਨਾਉਣਾ ਪਵੇਗਾ।

# ਅਕਾਲੀ ਦਲ ਦੀ ਮਾਨਤਾ ਰੱਦ ਕਰਨ ਬਾਰੇ ਪਟੀਸ਼ਨ 'ਤੇ ਸੁਣਵਾਈ

**ਹੁਸ਼ਿਆਰਪੁਰ:** ਸੋਸ਼ਲਿਸਟ ਪਾਰਟੀ ਇੰਡੀਆ ਦੇ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਮਾਨਤਾ ਰੱਦ ਕਰਨ ਬਾਰੇ 2010 ਵਿਚ ਪਾਈ ਗਈ ਜਨਹਿੱਤ ਪਟੀਸ਼ਨ ਦੀ ਸੁਣਵਾਈ ਦਿੱਲੀ ਹਾਈਕੋਰਟ ਦੇ ਚੀਫ ਜਸਟਿਸ ਜੀ. ਰੋਹਨੀ ਤੇ ਜਸਟਿਸ ਆਰ.ਐਨ. ਐਂਡਲਾ ਦੇ ਬੈਂਚ ਸਾਹਮਣੇ ਹੋਈ। ਸ੍ਰੀ ਖੇੜਾ ਨੇ ਪਟੀਸ਼ਨ ਵਿਚ ਦੋਸ਼ ਲਾਇਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਸਾਲ 1989 ਤੋਂ ਲਗਾਤਾਰ ਲੋਕਾਂ ਤੇ ਸੰਵਿਧਾਨ ਨਾਲ ਧੋਖਾ ਕਰਦਾ ਆ ਰਿਹਾ ਹੈ। ਵਕੀਲ ਇੰਦਰਾਣੀ ਓਨੀਆਰ ਨੇ ਅਦਾਲਤ ਨੂੰ ਦੱਸਿਆ ਕਿ ਸ੍ਰੀ ਖੇੜਾ ਵੱਲੋਂ ਸੁਪਰੀਮ ਕੋਰਟ ਤੇ ਚੋਣ ਕਮਿਸ਼ਨ ਕੋਲ ਸ਼ਿਕਾਇਤਾਂ ਕਰਨ ਉਪਰੰਤ ਜਨ ਹਿੱਤ ਪਟੀਸ਼ਨ ਨੰਬਰ-12184 ਪਾਈ ਗਈ, ਜਿਸ ਵਿਚ ਭਾਰਤ ਦੇ ਚੋਣ ਕਮਿਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਚੋਣ ਕਮਿਸ਼ਨ, ਦਿੱਲੀ ਗੁਰਦੁਆਰਾ ਚੋਣ ਬੋਰਡ ਤੇ ਪੰਜਾਬ ਦੇ ਚੋਣ ਕਮਿਸ਼ਨ ਨੂੰ ਵੀ ਧਿਰ ਬਣਾਇਆ ਗਿਆ ਹੈ। ਸ੍ਰੀ ਖੇੜਾ ਦੇ ਵਕੀਲ ਨੇ ਦੋਸ਼ ਲਾਇਆ ਕਿ 16 ਅਪਰੈਲ 2014 ਨੂੰ ਐਕਟਿੰਗ ਚੀਫ ਜਸਟਿਸ ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਤਿੰਨ ਹਫ਼ਤਿਆਂ ਦੇ ਅੰਦਰ ਆਪਣਾ ਲਿਖਤੀ ਪੱਖ ਪੇਸ਼ ਕਰਨ ਲਈ ਕਿਹਾ ਸੀ ਪਰ ਹੁਣ ਤੱਕ ਹੋਈਆਂ ਸਾਰੀਆਂ ਸੁਣਵਾਈਆਂ ਦੌਰਾਨ ਇਕ ਵਾਰ ਵੀ ਕਮਿਸ਼ਨ ਦਾ ਕੋਈ ਪ੍ਰਤੀਨਿਧ ਹਾਜ਼ਰ ਨਹੀਂ ਹੋਇਆ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਵਕੀਲ ਨੇ ਸ਼ਿਕਾਇਤ ਦੇਰੀ ਨਾਲ ਕਰਨ ਤੇ ਸ੍ਰੀ ਖੇੜਾ ਦੇ ਸਿਆਸੀ ਰੁਤਬੇ ਬਾਰੇ ਸਵਾਲ ਉਠਾਏ। ਅਦਾਲਤ ਨੇ ਅਗਲੀ ਸੁਣਵਾਈ 29 ਜਨਵਰੀ 'ਤੇ ਪਾ ਦਿੱਤੀ ਹੈ।

# ਨੂਰਮਹਿਲੀਆਂ ਬਾਰੇ ਸਹਿਮਤੀ ਬਣੀ

**ਤਰਨਤਾਰਨ:** ਪਿੰਡ ਜੋਧਪੁਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੇ ਅਗਨ ਭੇਟ ਹੋ ਜਾਣ ਦੇ ਪਛਤਾਵੇ ਵਜੋਂ ਕਰਵਾਏ ਗਏ ਧਾਰਮਿਕ ਸਮਾਗਮਾਂ ਮੌਕੇ ਜਿਥੇ ਅਕਾਲ ਤਖ਼ਤ ਦੇ ਜਥੇਦਾਰ ਤੇ ਰਵਾਇਤੀ ਆਗੂਆਂ ਨਾਲ ਗਰਮਖਿਆਲ ਸਿੱਖ ਜਥੇਬੰਦੀਆਂ ਦੇ ਤਿੱਖੇ ਮਤਭੇਦ ਦਿਖਾਈ ਦਿੱਤੇ ਉਥੇ ਸਾਂਝੀ ਸਹਿਮਤੀ ਨਾਲ ਸਰਕਾਰ ਪਾਸੋਂ ਨੂਰਮਹਿਲੀਆਂ ਦੇ ਡੇਰੇ ਬਿਨਾਂ ਦੇਰੀ ਪੰਜਾਬ ਵਿਚੋਂ ਬੰਦ ਕਰਾਉਣ ਦੀ ਮੰਗ ਕੀਤੀ ਗਈ। ਸਹਿਮਤੀ ਨਾਲ ਪਾਵਨ ਸਰੂਪਾਂ ਨੂੰ ਅਗਨ ਭੇਟ ਕਰਨ ਵਾਲੇ ਅਨਸਰਾਂ ਖ਼ਿਲਾਫ਼ 12 ਦਸੰਬਰ ਤੱਕ ਕਾਰਵਾਈ ਕੀਤੇ ਜਾਣ ਦਾ ਅਲਟੀਮੇਟਮ ਦਿੱਤਾ ਗਿਆ। ਪਿੰਡ ਦੇ ਗੁਰਦੁਆਰੇ ਵਿਖੇ ਰਖਾਏ ਅਖੰਡ ਪਾਠ ਦੇ ਭੋਗ ਉਪਰੰਤ ਅਰਦਾਸ ਪਿੰਡ ਦੇ ਬਾਹਰਵਾਰ ਸਜਾਏ ਪੰਡਾਲ ਵਿਚ ਕੀਤੀ ਗਈ। ਸ਼੍ਰੋਮਣੀ ਕਮੇਟੀ, ਗਰਮਖਿਆਲ ਜਥੇਬੰਦੀਆਂ ਤੇ ਹੋਰ ਧਿਰਾਂ ਨੇ ਸਹਿਮਤੀ ਨਾਲ ਨੂਰਮਹਿਲੀਆਂ ਦੇ ਡੇਰੇ ਬੰਦ ਕਰਾਉਣ ਦੀ ਆਵਾਜ਼ ਉਠਾਈ। ਇਸ ਦੌਰਾਨ ਚਾਰ ਹੋਰ ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ ਅਤੇ 12 ਦਸੰਬਰ ਨੂੰ ਧਾਰਮਿਕ ਇਕੱਠ ਕੀਤਾ ਜਾਵੇਗਾ।

# ਆਨੰਦਪੁਰ ਸਾਹਿਬ ਵਿਚ ਜ਼ਿਆਦਾਤਰ ਪ੍ਰਾਜੈਕਟ ਮੁਕੰਮਲ ਹੋਣ ਕੰਢੇ

## ਸਥਾਪਨਾ ਦਿਵਸ ਮਨਾਉਣ ਦੀਆਂ ਤਿਆਰੀਆਂ ਨੇ ਜ਼ੋਰ ਫੜਿਆ



**ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਨੰਦਪੁਰ ਸਾਹਿਬ ਦੀ ਸਥਾਪਨਾ ਦੇ 350 ਸਾਲ ਪੂਰੇ ਹੋਣ ਬਾਰੇ ਕਰਵਾਏ ਜਾ ਰਹੇ ਸਮਾਗਮਾਂ ਦੇ ਮੱਦੇਨਜ਼ਰ ਵੱਡੀ ਪੱਧਰ 'ਤੇ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ। ਇਸ ਤਹਿਤ ਤਖ਼ਤ ਕੇਸਗੜ੍ਹ ਸਾਹਿਬ ਦੇ ਨੇੜੇ ਸ੍ਰੀ ਗੁਰੂ ਗੋਬਿੰਦ ਸਿੰਘ ਯਾਤਰੀ ਨਿਵਾਸ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਇਸਨੂੰ ਹੋਰ ਵਧੀਆ ਬਣਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਨਾਲ ਲੱਗਦੀ 46 ਮਰਲੇ ਜ਼ਮੀਨ ਨੂੰ ਤਕਰੀਬਨ 2.70 ਕਰੋੜ ਰੁਪਏ ਵਿਚ ਖਰੀਦ ਲਿਆ ਗਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦੱਸਿਆ ਕਿ ਗੁਰੂ ਸਾਹਿਬ ਵੱਲੋਂ ਵਸਾਈ ਇਸ ਨਗਰੀ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਵੱਡੀ ਪੱਧਰ 'ਤੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਇਸ ਤਹਿਤ ਪੰਜ ਪੁਰਾਤਨ ਕਿਲ੍ਹਿਆਂ ਦਾ ਨਵੀਨੀਕਰਨ ਵੀ ਕੀਤਾ ਜਾ ਰਿਹਾ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦਰਬਾਰ ਸਾਹਿਬ ਦੀ ਤਰਜ਼ 'ਤੇ ਸੋਨੇ ਦੀ ਮੀਨਾਕਾਰੀ ਤੇ ਸੋਨੇ ਦੇ ਦਰਵਾਜ਼ੇ ਲਗਾਉਣ ਦੀ ਸੇਵਾ ਵੀ ਸ਼ਾਮਲ ਹੈ। ਇਸ ਪਵਿੱਤਰ ਨਗਰੀ ਦੀ ਸਥਾਪਨਾ ਨੂੰ 350 ਸਾਲ ਪੂਰੇ ਹੋਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਸ਼ਤਾਬਦੀ ਮਨਾਉਣ ਦਾ ਐਲਾਨ ਕੀਤਾ ਗਿਆ ਹੈ ਤੇ 19 ਜੂਨ ਨੂੰ ਸਮਾਗਮ ਕਰਵਾਏ ਜਾਣਗੇ। ਤਖ਼ਤ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਵੱਡੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਤਹਿਤ ਵੱਖ-ਵੱਖ ਗੁਰਦੁਆਰਿਆਂ, ਪੁਰਾਤਨ ਕਿਲ੍ਹਿਆਂ, ਤਖ਼ਤ ਸਾਹਿਬ ਵਿਖੇ ਸੋਨੇ ਦੀ ਸੇਵਾ ਤੋਂ ਇਲਾਵਾ ਇਥੇ ਆਉਣ ਵਾਲੇ ਸ਼ਰਧਾਲੂਆਂ ਦੀ ਰਿਹਾਇਸ਼ ਲਈ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਈ ਪ੍ਰਾਜੈਕਟ ਆਰੰਭੇ ਗਏ ਹਨ।

ਇਨ੍ਹਾਂ ਪ੍ਰੋਜੈਕਟਾਂ ਬਾਰੇ ਉਨ੍ਹਾਂ ਦੱਸਿਆ ਕਿ ਤਖ਼ਤ ਕੇਸਗੜ੍ਹ ਸਾਹਿਬ ਦੇ ਨੇੜੇ 10 ਮੰਜ਼ਿਲਾ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਸ੍ਰੀ ਗੁਰੂ ਗੋਬਿੰਦ ਸਿੰਘ ਯਾਤਰੀ ਨਿਵਾਸ ਦੀ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਇਹ ਯਾਤਰੀ ਨਿਵਾਸ 10 ਮੰਜ਼ਿਲਾਂ ਵਾਲਾ ਹੋਵੇਗਾ, ਜਿਸ ਵਿਚ 500 ਕਮਰੇ ਤਿਆਰ ਕੀਤੇ ਜਾਣਗੇ। ਸਾਰੇ ਕਮਰਿਆਂ ਦੇ ਨਾਲ ਹੀ ਪਖਾਨੇ ਬਣੇ ਹੋਣਗੇ। ਇਸ ਤੋਂ ਇਲਾਵਾ ਕਈ ਹਾਲ ਕਮਰੇ ਵੀ ਬਣਾਏ ਜਾ ਰਹੇ ਹਨ। ਬੇਸਮੈਂਟ ਤੇ ਪਾਰਕਿੰਗ ਤੋਂ ਇਲਾਵਾ ਵਧੀਆ ਪਾਰਕਾਂ ਦੀ ਉਸਾਰੀ ਵੀ ਕੀਤੀ ਜਾਵੇਗੀ। ਇਸ ਯਾਤਰੀ ਨਿਵਾਸ ਨੂੰ ਹੋਰ ਵਧੀਆ ਬਣਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਨਾਲ ਲੱਗਦੀ 46 ਮਰਲੇ ਜ਼ਮੀਨ ਨੂੰ ਖਰੀਦ ਲਿਆ ਗਿਆ ਹੈ। ਭਾਵੇਂ ਕਿ ਜ਼ਮੀਨ ਦੇ ਭਾਅ ਅਲੱਗ-ਅਲੱਗ ਹਨ ਪਰ ਸ਼੍ਰੋਮਣੀ ਕਮੇਟੀ ਵੱਲੋਂ ਇਹ ਰਕਬਾ 2.70 ਕਰੋੜ ਰੁਪਏ ਵਿਚ ਖਰੀਦਿਆ ਗਿਆ ਹੈ। ਇਸ ਨਾਲ ਯਾਤਰੀ ਨਿਵਾਸ ਤੇ ਇਸਦਾ ਆਲਾ ਦੁਆਲਾ ਬਹੁਤ ਵਧੀਆ ਤੇ ਹਰਾ ਭਰਾ ਬਣ ਜਾਵੇਗਾ ਤੇ ਯਾਤਰੀਆਂ ਨੂੰ ਸਹੂਲਤ ਪ੍ਰਦਾਨ ਹੋਵੇਗੀ। ਗੁਰਦੁਆਰਾ ਭੋਰਾ ਸਾਹਿਬ ਦੇ ਨਾਲ ਲੱਗਦੀ ਜ਼ਮੀਨ ਨੂੰ ਪਹਿਲਾਂ ਹੀ 1.42 ਕਰੋੜ ਰੁਪਏ ਵਿਚ ਖਰੀਦਿਆ ਜਾ ਚੁੱਕਿਆ ਹੈ। ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਯਾਤਰੀ ਨਿਵਾਸ ਦੀ ਸੇਵਾ ਬਾਬਾ ਕਸ਼ਮੀਰਾ ਸਿੰਘ ਜੀ ਭੂਰੀ ਵਾਲਿਆਂ ਵੱਲੋਂ ਨਿਭਾਈ ਜਾ ਰਹੀ ਹੈ। ਉਨ੍ਹਾਂ ਨੇ ਇਹ ਫੈਸਲਾ ਕੀਤਾ ਹੈ ਕਿ ਇਸ ਨਿਵਾਸ ਵਿਚ ਤਿਆਰ ਕੀਤੇ ਜਾਣ ਵਾਲੇ ਵੱਖ-ਵੱਖ ਬਲਾਕਾਂ ਜਾਂ ਮੰਜ਼ਿਲਾਂ ਨੂੰ ਚਾਰ ਸਾਹਿਬਜ਼ਾਦਿਆਂ ਤੇ ਮਾਤਾਵਾਂ ਦੇ ਨਾਮ 'ਤੇ ਹੀ ਰੱਖਿਆ ਜਾਵੇਗਾ ਤਾਂ ਜੋ ਇਥੇ ਠਹਿਰਨ ਵਾਲੇ ਸ਼ਰਧਾਲੂਆਂ ਨੂੰ ਗੁਰੂਆਂ ਦੇ ਜੀਵਨ ਤੇ ਉਨ੍ਹਾਂ ਦੇ ਪਰਿਵਾਰ ਬਾਰੇ ਜਾਣਕਾਰੀ ਹਾਸਲ ਹੋ ਸਕੇ।

## ਮਿਥੇ ਸਮੇਂ 'ਤੇ ਮੁਕੰਮਲ ਹੋਣਗੇ ਪ੍ਰਾਜੈਕਟ: ਮੱਕੜ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਮਨਾਉਣ ਦਾ ਐਲਾਨ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਗਿਆ ਹੈ।

ਇਸੇ ਤਹਿਤ ਵੱਖ-ਵੱਖ ਵਿਕਾਸ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ ਜੋ ਮਿਥੇ ਸਮੇਂ 'ਤੇ ਮੁਕੰਮਲ ਹੋਣਗੇ। ਉਨ੍ਹਾਂ ਸ੍ਰੀ ਗੁਰੁ ਗੋਬਿੰਦ ਸਿੰਘ ਯਾਤਰੀ ਨਿਵਾਸ ਦਾ ਜਾਇਜ਼ਾ ਲਿਆ। ਇਹ ਨਿਵਾਸ 10 ਮੰਜ਼ਿਲਾਂ ਹੋਵੇਗਾ ਤੇ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗਾ। ਇਸ ਤੋਂ ਇਲਾਵਾ ਬਾਈ ਬਚਿੱਤਰ ਸਿੰਘ ਯਾਤਰੀ ਨਿਵਾਸ ਦਾ ਕੰਮ ਵੀ ਮੁਕੰਮਲ ਹੋਣ ਕਿਨਾਰੇ ਪਹੁੰਚ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੋਨੇ ਦੇ ਦਰਵਾਜ਼ਿਆਂ ਦੀ ਸੇਵਾ ਦਾ ਕੰਮ ਮੁਕੰਮਲ ਹੋਣ ਕਿਨਾਰੇ ਹੈ।

## ਸੰਸਾਰ ਭਰ ਵਿਚ ਮਕਬੂਲ ਹੋਇਆ ਵਿਰਾਸਤ-ਏ-ਖਾਲਸਾ

**ਚੰਡੀਗੜ੍ਹ:** ਆਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖ਼ਾਲਸਾ ਨੂੰ ਹੁਣ ਤੱਕ 50 ਲੱਖ ਤੋਂ ਵੱਧ ਸੈਲਾਨੀ ਵੇਖ ਚੁੱਕੇ ਹਨ। ਰੋਜ਼ਾਨਾ ਔਸਤਨ ਸੱਤ ਹਜ਼ਾਰ ਤੋਂ ਵੱਧ ਸੈਲਾਨੀ ਇਸ ਦੇ ਦਰਸ਼ਨ ਕਰਦੇ ਹਨ ਜਿਸ ਕਰਕੇ ਹੁਣ ਇਹ ਦੁਨੀਆਂ ਭਰ ਦੇ ਸਭ ਤੋਂ ਵੱਧ ਪਸੰਦ ਕੀਤੇ ਜਾਣ ਵਾਲੇ ਅਜਾਇਬ ਘਰਾਂ ਵਿਚ ਸ਼ੁਮਾਰ ਹੋ ਚੁੱਕਿਆ ਹੈ। ਵਿਰਾਸਤ-ਏ-ਖ਼ਾਲਸਾ ਦੇ ਦੂਜੇ ਭਾਗ ਦਾ ਕੰਮ ਜਾਰੀ ਹੈ। ਵਿਰਾਸਤ-ਏ-ਖ਼ਾਲਸਾ ਦਾ ਦੂਜਾ ਭਾਗ ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ ਹੋਵੇਗਾ। ਵਿਰਾਸਤ-ਏ-ਖ਼ਾਲਸਾ ਦੇ ਨਵੇਂ ਬਣੇ ਮੁੱਖ ਕਾਰਜਕਾਰੀ ਅਫ਼ਸਰ ਨਵਜੋਤ ਪਾਲ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਇਸ ਪ੍ਰਾਜੈਕਟ ਨੂੰ ਵੇਖਣ ਲਈ ਪੰਜਾਬ ਤੇ ਦੇਸ਼ ਦੇ ਸੈਲਾਨੀ ਵੱਡੀ ਗਿਣਤੀ ਵਿਚ ਆਉਂਦੇ ਹਨ। ਸ੍ਰੀ ਰੰਧਾਵਾ ਨੇ ਦੱਸਿਆ ਕਿ ਛੇਤੀ ਹੀ ਇਸ ਕੰਪਲੈਕਸ ਵਿਚ ਆਡੀਟੋਰੀਅਮ, ਲਾਇਬ੍ਰੇਰੀ, ਓਪਨ ਏਅਰ ਥੇਟਰ ਤੇ ਆਰਜ਼ੀ ਗੈਲਰੀ ਵਿਚ ਸੈਲਾਨੀਆਂ ਲਈ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਜਾਣਗੇ।

# ਮੋਦੀ ਦੀ ਉਡਾਣ

*ਲੰਡਨ ਵੱਸਦੇ ਲੇਖਕ ਐਂਡੀ ਮੈਰੀਨੋ ਨੇ ਨਰੇਂਦਰ ਮੋਦੀ ਬਾਰੇ 'ਨਰੇਂਦਰ ਮੋਦੀ: ਸਿਆਸੀ ਜੀਵਨੀ' ਨਾਂ ਦੀ ਕਿਤਾਬ ਲਿਖੀ ਹੈ। ਇਸ ਤੋਂ ਪਹਿਲਾਂ ਉਹਨੇ ਦੋ ਹੋਰ ਜੀਵਨੀਆਂ 'ਏ ਕੁਆਇਟ ਅਮੈਰੀਕਨ' ਅਤੇ 'ਹਰਸ਼ਲ: ਦਿ ਬੁਆਏ ਹੂ ਸਟਾਰਟਡ ਵਰਲਡ ਵਾਰ 2' ਲਿਖੀਆਂ ਹਨ। ਮੋਦੀ ਵਾਲੀ ਕਿਤਾਬ ਇਸ ਕਰ ਕੇ ਵੀ ਵਿਲੱਖਣ ਹੈ ਕਿਉਂਕਿ ਕਿਸੇ ਭਾਰਤੀ ਜਾਂ ਵਿਦੇਸ਼ੀ ਲੇਖਕ ਜਾਂ ਪੱਤਰਕਾਰ ਦੀ ਅਜੇ ਤਾਈਂ ਮੋਦੀ ਤਕ ਐਂਡੀ ਮੈਰੀਨੋ ਜਿੰਨੀ ਭਰਵੀਂ ਤੇ ਭਰਪੂਰ ਰਸਾਈ ਨਹੀਂ ਹੋਈ ਹੈ। ਉਹ ਚੋਣ ਰੈਲੀਆਂ ਦੌਰਾਨ ਹੈਲੀਕਾਪਟਰ 'ਤੇ ਮੋਦੀ ਦੇ ਨਾਲ-ਨਾਲ ਰਿਹਾ ਅਤੇ ਸਿਆਸੀ ਆਗੂਆਂ, ਪਰਿਵਾਰ ਦੇ ਮੈਂਬਰਾਂ, ਦੋਸਤਾਂ ਤੇ ਮੋਦੀ ਦੇ ਵਿਰੋਧੀਆਂ ਨੂੰ ਲਗਾਤਾਰ ਮਿਲਦਾ ਰਿਹਾ ਹੈ। ਇਥੇ ਛਾਪਿਆ ਜਾ ਰਿਹਾ ਲੇਖ 'ਨਰੇਂਦਰ ਮੋਦੀ: ਸਿਆਸੀ ਜੀਵਨੀ' ਦੀ ਭੂਮਿਕਾ ਹੈ। ਇਹ ਕਿਤਾਬ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਸ ਵਕਤ ਲਿਖੀ ਗਈ ਸੀ ਜਦੋਂ ਚੋਣ ਪ੍ਰਚਾਰ ਜ਼ੋਰਾਂ ਉਤੇ ਸੀ। ਇਸ ਵਿਚੋਂ ਪੱਛਮ ਦੀ ਮੋਦੀ ਪ੍ਰਤੀ ਉਲਾਰ ਪਹੁੰਚ ਦੇ ਵੀ ਭਲੀ-ਭਾਂਤ ਦਰਸ਼ਨ ਹੁੰਦੇ ਹਨ। ਕਿਸੇ ਵੇਲੇ ਜਿਸ ਤਰ੍ਹਾਂ ਪੱਛਮ ਨੂੰ ਡਾ. ਮਨਮੋਹਨ ਸਿੰਘ 'ਆਪਣਾ ਬੰਦਾ' ਲਗਦਾ ਸੀ, ਉਹ ਥਾਂ ਹੁਣ ਮੋਦੀ ਨੇ ਮੱਲ ਲਈ ਹੈ। -ਸੰਪਾਦਕ*

ਅਸੀਂ ਬੰਦ ਕੀਤੀਆਂ ਸੜਕਾਂ ਉਪਰ ਹੈਲੀਪੈਡ ਵੱਲ ਜਾ ਰਹੇ ਸਾਂ। ਸਾਹਮਣੇ ਜੈਮਰ ਸੀ ਜਿਸ ਦੇ ਗੁੰਬਦਨੁਮਾ ਯੰਤਰ ਛੱਤ ਨਾਲ ਜਾ ਲਗਦੇ ਸਨ। ਮੋਦੀ ਦੀ ਜ਼ੈਡ ਪਲੱਸ ਸੁਰੱਖਿਆ ਵਾਲੇ ਸੈਨਿਕਾਂ ਅਤੇ ਕਾਲੇ ਰੰਗ ਦੀਆਂ ਵਰਦੀਆਂ ਵਾਲੇ ਕਮਾਂਡੋਆਂ ਨਾਲ ਭਰੀਆਂ ਚਾਂਦੀ ਰੰਗੀਆਂ ਅੱਠ ਗੱਡੀਆਂ ਇਕ-ਦੂਜੇ ਦੇ ਪਿੱਛੇ ਤੁਰ ਰਹੀਆਂ ਸਨ। ਜ਼ੈਡ ਪਲੱਸ ਸੁਰੱਖਿਆ ਕਿਸੇ ਵੀ ਭਾਰਤੀ ਵੀ.ਆਈ.ਪੀ. ਨੂੰ ਦਿੱਤੀ ਜਾਣ ਵਾਲੀ ਸਭ ਤੋਂ ਉਤਲੇ ਦਰਜੇ ਦੀ ਸੁਰੱਖਿਆ ਹੈ।

ਉਹ ਉਥੇ ਖਾਸ ਮਕਸਦ ਲਈ ਗਏ ਸਨ। ਜਦੋਂ ਤੋਂ ਮੋਦੀ ਨੇ ਰਾਸ਼ਟਰੀ ਪੱਧਰ ਉਤੇ ਆਪਣੀ ਚੋਣ ਮੁਹਿੰਮ ਸ਼ੁਰੂ ਕੀਤੀ ਹੈ, ਪਾਕਿਸਤਾਨ ਦੀ ਇੰਟੈਲੀਜੈਂਸ ਏਜੰਸੀ (ਆਈ.ਐਸ.ਆਈ.) ਜੋ ਭਾਰਤ ਵਿਚ ਅੰਦਰੂਨੀ ਖਤਰੇ ਅਤੇ ਆਤੰਕ ਫੈਲਾਉਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ, ਨੇ ਆਪਣੇ ਹਮਲੇ ਤੇਜ਼ ਕਰ ਦਿੱਤੇ ਹਨ। ਆਈ.ਐਸ.ਆਈ. ਦੀ ਮਦਦ ਨਾਲ ਚੱਲਣ ਵਾਲੇ ਅਤਿਵਾਦੀ ਗੁੱਟ 'ਇੰਡੀਅਨ ਮੁਜਾਹਿਦੀਨ' ਜੋ ਭਾਰਤ ਵਿਚ ਖਾਸਾ ਸਰਗਰਮ ਹੈ, ਦੀ ਲਿਸਟ ਵਿਚ ਨਰੇਂਦਰ ਮੋਦੀ ਪਹਿਲੇ ਨੰਬਰ 'ਤੇ ਹੈ। ਮੋਦੀ



ਐਂਡੀ ਮੈਰੀਨੋ

ਦੀਆਂ ਭਾਰਤ ਭਰ ਵਿਚ ਹੋਣ ਵਾਲੀਆਂ ਰੈਲੀਆਂ ਵਿਚ ਲੱਖਾਂ ਲੋਕ ਆਉਂਦੇ ਹਨ ਅਤੇ ਆਤਮਘਾਤੀ ਹਮਲਾਵਰਾਂ ਦੀ ਮੌਜੂਦਗੀ ਦਾ ਖਤਰਾ ਸਦਾ ਰਹਿੰਦਾ ਹੈ।

ਆਪਣੇ ਬਾਰਾਂ ਸਾਲ ਦੇ ਮੁੱਖ ਮੰਤਰੀ ਕਾਲ ਦੌਰਾਨ ਉਹ ਹਮੇਸ਼ਾ ਆਤੰਕੀ ਸਾਜ਼ਿਸ਼ਾਂ ਅਤੇ ਘੁਸਪੈਠ ਦੇ ਟਾਕਰੇ ਲਈ ਮਜ਼ਬੂਤੀ ਨਾਲ ਖੜ੍ਹਾ ਰਿਹਾ ਹੈ। ਪਾਕਿਤਸਾਨੀ ਦੇ ਸਿਆਸੀ ਨੇਤਾਵਾਂ ਮੁਤਾਬਕ ਇਹ ਚੀਜ਼ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਲਈ ਤਾਂ ਕਾਰਗਰ ਸਿੱਧ ਹੋ ਸਕਦੀ ਹੈ ਪਰ ਅਤਿਵਾਦੀ ਕਾਰਵਾਈਆਂ ਤੋਂ ਉਸ ਦੀ ਜਾਨ ਨੂੰ ਖਤਰਾ ਹਮੇਸ਼ਾ ਬਣਿਆ ਹੋਇਆ ਹੈ।

ਜਿਉਂ ਹੀ ਸਾਡਾ ਕਾਫਲਾ ਅੱਗੇ ਪਹੁੰਚਿਆ, ਹਰ ਸੌ ਮੀਟਰ ਉਤੇ ਪੁਲਿਸ ਵਾਲੇ ਸਾਡੇ ਵੱਲ ਪਿੱਠ ਕਰ ਕੇ ਖੜ੍ਹੇ ਹੋਏ, ਚੱਪੇ-ਚੱਪੇ ਨੂੰ ਤਿੱਖੀ ਨਜ਼ਰ ਨਾਲ ਤਾੜ ਰਹੇ ਸਨ। ਜਿਉਂ ਹੀ ਅਸੀਂ ਹੈਲੀਪੈਡ ਕੋਲ ਪੁੱਜੇ, ਕਮਾਂਡੋ ਗੱਡੀਆਂ ਤੋਂ ਬਾਹਰ ਆ ਗਏ ਅਤੇ ਹੈਲੀਕਾਪਟਰ ਵੱਲ ਤੁਰ ਪਏ, ਖਾਕੀ ਵਰਦੀਆਂ ਵਾਲੇ ਫੌਜੀ ਆਲੇ-ਦੁਆਲੇ ਫੈਲ ਗਏ, ਮਸ਼ੀਨਗੰਨਾਂ ਬਿਲਕੁਲ ਤਿਆਰ ਕਰ ਲਈਆਂ ਅਤੇ ਇਸ ਤਰ੍ਹਾਂ ਪੂਰਾ ਸੁਰੱਖਿਆ ਘੇਰਾ ਬਣਾ ਦਿੱਤਾ ਗਿਆ। ਜਦੋਂ ਅਸੀਂ ਉਡਾਣ ਵਿਚ ਸੀ, ਉਦੋਂ ਅਸਮਾਨੀ ਹਮਲੇ ਦਾ ਖਤਰਾ ਰੋਕਣ ਦੀ ਸੁਰੱਖਿਆ ਘੱਟ ਸੀ। ਉਸ ਵੇਲੇ ਉਥੇ ਸਿਰਫ ਮੋਦੀ, ਕੁਝ ਸੀਨੀਅਰ ਅਧਿਕਾਰੀ ਅਤੇ ਮੈਂ ਸਾਂ ਅਤੇ ਅੱਗੇ ਪਾਇਲਟ ਤੇ ਸਹਿ ਪਾਇਲਟ ਸਨ। ਉਦੋਂ ਕੋਈ ਕਮਾਂਡੋ ਨਾਲ ਨਹੀਂ ਸੀ।

ਜਿਉਂ ਹੀ ਹੈਲੀਕਾਪਟਰ ਨੇ ਉਡਾਣ ਭਰੀ, ਕੈਬਿਨ ਵਿਚ ਤੇਲ ਦੀ ਮੁਸ਼ਕ ਫੈਲ ਗਈ। ਮੈਂ ਮੋਦੀ ਦੇ ਨੇੜੇ ਜਾ ਬੈਠਾ ਤਾਂ ਕਿ ਮੇਰੀ ਗੱਲ ਉਹਨੂੰ ਆਰਾਮ ਨਾਲ ਸੁਣ ਸਕੇ। ਹੈਲੀਕਾਪਟਰ ਦੀ ਗਤੀ ਤੇਜ਼ ਹੋਈ ਅਤੇ ਅਸੀਂ ਹਵਾ ਵਿਚ ਪੁੱਜ ਗਏ। ਉਸ ਦੇ ਚਿਹਰੇ ਉਤੇ ਮੁਸਕਰਾਹਟ ਸੀ। 'ਤੈਨੂੰ ਬਹੁਤ ਚੰਗਾ ਲੱਗੇਗਾ', ਉਸ ਨੇ ਕਿਹਾ। ਉਹ ਆਪਣੀ ਰੈਲੀ ਬਾਰੇ ਗੱਲਾਂ ਕਰ ਰਿਹਾ ਸੀ ਜਿਸ ਨੂੰ ਉਹਨੇ ਸੰਬੋਧਨ ਕਰਨਾ ਸੀ। ਪਿਛਲੀ ਪੂਰੀ ਰਾਤ ਮੀਂਹ ਪੈਂਦਾ ਰਿਹਾ ਸੀ। 1,500 ਫੁੱਟ ਦੀ ਉਚਾਈ 'ਤੇ ਧੁੰਦ ਕਰ ਕੇ 10 ਕਿਲੋਮੀਟਰ ਤੱਕ ਹੀ ਦੇਖਿਆ ਜਾ ਸਕਦਾ ਸੀ। ਅਸੀਂ ਪਿੰਡਾਂ ਅਤੇ ਕਸਬਿਆਂ ਦੇ ਉਪਰੋਂ ਲੰਘ ਰਹੇ ਸਾਂ, ਹੇਠਾਂ ਬਨਸਪਤੀ ਤੇ ਦਰੱਖ਼ਤ ਗਾੜ੍ਹੇ ਹਰੇ ਰੰਗ ਦੇ ਲੱਗ ਰਹੇ ਸਨ। ਗਲੀਆਂ ਆਇਤਕਾਰ ਆਕ੍ਰਿਤੀ ਵਰਗੀਆਂ ਨਜ਼ਰ ਆ ਰਹੀਆਂ ਸਨ, ਇਮਾਰਤਾਂ ਸਿੱਧੀਆਂ ਖੜ੍ਹੀਆਂ ਸਨ, ਭੂਰੇ ਰੰਗ ਦੀਆਂ ਉਦਾਸ ਅਤੇ ਮੀਂਹ ਨਾਲ ਭਿੱਜੀਆਂ ਛੱਤਾਂ ਵੇਖ ਕੇ ਇੰਜ ਲੱਗ ਰਿਹਾ ਸੀ ਜਿਵੇਂ ਇਹ ਕਿਸੇ ਪ੍ਰਾਚੀਨ ਸਭਿਅਤਾ ਦੇ ਅੰਸ਼ ਹੋਣ।

ਉਡਾਣ ਦੌਰਾਨ ਮੋਦੀ ਚੁੱਪ-ਚਾਪ ਆਪਣੀਆਂ ਐਨਕਾਂ ਦੇ ਉਪਰੋਂ ਦੀ ਝਾਕ ਰਿਹਾ ਸੀ, ਛੋਟੇ ਜਿਹੇ ਕੈਬਿਨ ਵਿਚ ਬਹੁਤ ਵੱਡਾ ਆਦਮੀ। ਉਹ ਹੱਥ-ਲਿਖਤ ਪਰਚੀਆਂ ਤੋਂ ਤੱਥ ਅਤੇ ਅੰਕੜੇ ਦੇਖ ਰਿਹਾ ਸੀ ਤਾਂ ਕਿ ਇਨ੍ਹਾਂ ਦਾ ਇਸਤੇਮਾਲ ਆਪਣੇ ਹੋਣ ਵਾਲੇ ਭਾਸ਼ਣ ਵਿਚ ਕਰ ਸਕੇ। ਫਿਰ ਉਹ ਪਿਛਲੇ ਦਿਨ ਦੇ ਅਖ਼ਬਾਰ ਵਿਚ ਆਪਣੇ ਬਾਰੇ ਲਿਖੇ ਲੇਖਾਂ 'ਤੇ ਨਜ਼ਰ ਮਾਰਨ ਲੱਗ ਪਿਆ। ਜਿਵੇਂ-ਜਿਵੇਂ ਅਸੀਂ ਦੱਖਣ ਵੱਲ ਵਧ ਰਹੇ ਸਾਂ, ਹੌਲੀ-ਹੌਲੀ ਅਸਮਾਨ ਸਾਫ ਹੋਣ ਲੱਗ ਪਿਆ। ਹੇਠਾਂ ਪਿੰਡਾਂ ਦੀਆਂ ਲਾਲ ਇੱਟਾਂ ਵਾਲੀਆਂ ਛੱਤਾਂ ਨਜ਼ਰ ਆਉਣ ਲੱਗਣ ਪਈਆਂ। ਸਵੇਰ ਦੀ ਰੌਸ਼ਨੀ ਵਿਚ ਮੰਦਰ ਚਮਕਦੇ ਹੋਏ ਨਜ਼ਰ ਆ ਰਹੇ ਸਨ।

ਖੇਤਾਂ ਵਿਚ ਹਰਿਆਲੀ ਸੀ, ਪਰ ਮਿੱਟੀ ਗਹਿਰੀ ਸੀ, ਬਨਸਪਤੀ ਹਲਕੀ ਸੀ ਅਤੇ ਊਬੜ-ਖਾਬੜ ਜ਼ਮੀਨ 'ਤੇ ਕੁਝ ਚੱਟਾਨਾਂ ਨਜ਼ਰੀਂ ਪੈ ਰਹੀਆਂ ਸਨ। ਅਰਬ ਸਾਗਰ ਦੇ ਮੁਹਾਣੇ ਵੱਲ ਜਾਂਦੇ ਹੋਏ ਹੋਰ ਵੀ ਜ਼ਿਆਦਾ ਟਿੱਬੇ ਅਤੇ ਚੱਟਾਨਾਂ ਦਿਸ ਰਹੀਆਂ ਸਨ।

---

ਮੋਦੀ ਦੇ ਆਲੋਚਕਾਂ ਦਾ ਕਹਿਣਾ ਕਿ ਗੁਜਰਾਤ ਦੀ ਕਾਇਆ ਪਲਟ ਕੋਰਾ ਭਰਮ ਹੈ, ਮ੍ਰਿਗਤਿਸ਼ਨਾ ਹੈ। ਸੱਚਾਈ ਇਹ ਹੈ ਕਿ ਇਹ ਰਾਜ ਬੁਰੀ ਤਰ੍ਹਾਂ ਗੜਬੜਾਇਆ ਹੋਇਆ ਹੈ। ਗਰੀਬੀ ਦੀਆਂ ਜ਼ੰਜੀਰਾਂ ਅਤੇ ਧਾਰਮਿਕ ਭੇਦਭਾਵ ਉਨਾ ਹੀ ਮਜ਼ਬੂਤ ਹੈ ਜਿੰਨਾ ਮੋਦੀ ਦੇ ਆਉਣ ਤੋਂ ਪਹਿਲਾਂ ਸੀ। ਫਿਰ ਵੀ ਮੋਦੀ ਦੀ ਸ਼ਖਸੀਅਤ ਬਾਰੇ ਅਣਗਿਣਤ ਵਿਵਾਦਾਂ ਦੇ ਬਾਵਜੂਦ ਗੁਜਰਾਤ ਵਿਚ ਉਸ ਦੀ ਚੜ੍ਹਦੀ ਕਲਾ, 2014 ਦੀਆਂ ਲੋਕ ਸਭਾ ਚੋਣਾਂ ਵਿਚ ਸ਼ਕਤੀਸ਼ਾਲੀ ਮੁੱਦਾ ਹੈ।

ਦਰਅਸਲ, ਮੋਦੀ ਦੀ ਕਹਾਣੀ ਲਿਖਣ ਵੇਲੇ ਕਾਲਕ੍ਰਮ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਗੁਜਰਾਤ ਵਿਚ ਮੋਦੀ ਦਾ ਮੁੱਖ ਮੰਤਰੀ ਦੇ ਰੂਪ ਵਿਚ ਕਾਰਜਕਾਲ, ਕਾਂਗਰਸ ਪਾਰਟੀ ਦੇ ਭਾਰਤ ਵਿਚ ਅੱਧੀ ਸਦੀ ਤੱਕ ਦੇ ਸ਼ਾਸਨ ਤੋਂ ਵੱਧ ਗੁਣਵੱਤਾ ਭਰਿਆ ਹੈ। ਸੋ, ਸੰਭਾਵਨਾ ਹੈ ਕਿ ਇਨ੍ਹਾਂ ਦੋਹਾਂ ਸ਼ਾਸਨਾਂ ਦਾ ਅੰਤ ਹੋ ਜਾਵੇਗਾ।

ਮੋਦੀ ਨੂੰ ਅਕਤੂਬਰ 2001 ਵਿਚ ਉਸ ਦੀ ਪਾਰਟੀ ਵਲੋਂ ਗੁਜਰਾਤ ਦਾ ਮੁੱਖ ਮੰਤਰੀ ਬਣਾਇਆ ਗਿਆ। ਇਹ ਉਸ ਦਾ ਪਹਿਲਾ ਸਿਆਸੀ ਕਾਰਜਕਾਲ ਸੀ। ਇਸ ਤੋਂ ਪਹਿਲਾਂ ਉਸ ਨੂੰ ਹਮੇਸ਼ਾ ਪਾਰਟੀ ਦੇ ਪ੍ਰਬੰਧਕੀ ਅਹੁਦਿਆਂ 'ਤੇ ਹੀ ਰੱਖਿਆ ਜਾਂਦਾ ਰਿਹਾ ਸੀ। ਉਹ ਪਾਰਟੀ ਦੇ ਪਿੱਛੇ ਰਹਿ ਕੇ ਕੰਮ ਕਰਦਾ ਸੀ ਅਤੇ ਬੀ.ਜੇ.ਪੀ. ਲਈ ਨੀਤੀਆਂ ਤਿਆਰ ਕਰਨ ਤੋਂ ਲੈ ਕੇ ਪਾਰਟੀ ਦੇ ਜਨਰਲ ਸਕੱਤਰ ਦੇ ਤੌਰ 'ਤੇ ਕੰਮ ਕਰਦਾ ਰਿਹਾ, ਪਰ ਉਹ ਕਦੇ ਵੀ ਸਿੱਧੇ ਤੌਰ 'ਤੇ ਲੋਕਾਂ ਦੇ ਸਾਹਮਣੇ ਨਹੀਂ ਸੀ ਆਇਆ।

ਉਸ ਦਾ ਕਾਰਜਕਾਲ ਸ਼ੁਰੂ ਹੋਣ ਦੇ ਕੁਝ ਹੀ ਮਹੀਨਿਆਂ ਅੰਦਰ ਗੁਜਰਾਤ ਵਿਚ ਖੂਨੀ ਫ਼ਿਰਕੂ ਦੰਗੇ ਸ਼ੁਰੂ ਹੋ ਗਏ। ਫ਼ਰਵਰੀ 2002 ਤੋਂ ਮਾਰਚ 2002 ਤੱਕ ਹਿੰਦੂ-ਮੁਸਲਿਮ ਖੂਨੀ ਸੰਘਰਸ਼ ਚਲਦਾ ਰਿਹਾ। ਉਦੋਂ ਤੋਂ ਮੋਦੀ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ। ਉਸ ਦੇ ਵਿਰੋਧੀ ਦਾਅਵਾ ਕਰਦੇ ਹਨ ਕਿ ਇਨ੍ਹਾਂ ਦੰਗਿਆਂ ਦੀ ਸਾਜ਼ਿਸ਼ ਖੁਦ ਮੋਦੀ ਨੇ ਰਚੀ ਸੀ ਜਿਸ ਦੇ ਨਤੀਜੇ ਵਜੋਂ 790 ਮੁਸਲਮਾਨ ਤੇ 254 ਹਿੰਦੂ ਮਾਰੇ ਗਏ ਅਤੇ 223 ਲੋਕ ਲਾਪਤਾ ਹੋ ਗਏ। ਇਸੇ ਕਾਰਨ ਅਮਰੀਕਾ ਨੇ 2005 ਵਿਚ ਮੋਦੀ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਭਾਰਤ ਵਿਚ ਇਹ ਕੂਟਨੀਤਿਕ ਮੁੱਦਾ ਹੋਣ ਅਤੇ ਮੋਦੀ ਦੇ ਮੁੱਖ ਮੰਤਰੀ ਦੇ ਅਹੁਦੇ 'ਤੇ ਕਾਬਜ਼ ਹੋਣ ਦੇ ਬਾਵਜੂਦ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੇ ਬਹੁਤ ਹਲਕੇ ਸੁਰ ਵਿਚ ਰਸਮੀ ਜਿਹਾ ਇਤਰਾਜ਼ ਜਤਾਇਆ।

2002 ਦੇ ਗੁਜਰਾਤ ਦੰਗਿਆਂ ਨੇ ਮੋਦੀ ਦੇ ਵੱਕਾਰ ਨੂੰ ਗਹਿਰਾ ਨੁਕਸਾਨ ਪਹੁੰਚਾਇਆ। ਹੁਣ ਤੱਕ ਵੀ ਇਹ ਨਜ਼ਰੀਆ ਬਹੁਤੀ ਹੱਦ ਤੱਕ ਬਦਲ ਨਹੀਂ ਸਕਿਆ ਹੈ। ਇਸ ਦੌਰਾਨ ਮੋਦੀ ਲਗਾਤਾਰ ਤਿੰਨ ਵਾਰ ਗੁਜਰਾਤ ਦਾ ਮੁੱਖ ਮੰਤਰੀ ਚੁਣਿਆ ਜਾ ਚੁੱਕਾ ਹੈ। ਮੰਨਿਆ ਜਾਂਦਾ ਹੈ ਕਿ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਕ ਤਿਹਾਈ ਮੁਸਲਮਾਨਾਂ ਨੇ ਉਸ ਨੂੰ ਵੋਟ ਪਾਈ, ਪਰ ਗੁੱਸਾ ਅਜੇ ਵੀ ਬਰਕਰਾਰ ਹੈ।

---

ਜਿਵੇਂ ਹੀ ਸਾਡਾ ਹੈਲੀਕਾਪਟਰ ਜ਼ਮੀਨ ਉਤੇ ਉਤਰਿਆ, ਭੀੜ ਨੇ ਅੱਗੇ ਆਉਣਾ ਸ਼ੁਰੂ ਕਰ ਦਿੱਤਾ ਅਤੇ ਸੁਰੱਖਿਆ ਅਧਿਕਾਰੀਆਂ ਨੇ ਉਨ੍ਹਾਂ ਨੂੰ ਰੋਕਣ ਲਈ ਆਪਣਾ ਘੇਰਾ ਫੈਲਾਅ ਦਿੱਤਾ। ਜਦੋਂ ਕੈਬਿਨ ਦਾ ਦਰਵਾਜ਼ਾ ਖੁੱਲ੍ਹਿਆ, ਤਾਂ ਬਾਹਰ ਗਰਮਜੋਸ਼ੀ ਵਾਲਾ ਮਾਹੌਲ ਸੀ। ਪਟਾਕਿਆਂ ਦੀਆਂ ਆਵਾਜ਼ਾਂ ਨੇ ਮੈਨੂੰ ਥੋੜ੍ਹਾ ਹੈਰਾਨ ਕੀਤਾ। ਪੋਟਾਸ਼ ਦੀ ਤੇਜ਼ ਦੁਰਗੰਧ ਨੇ ਮੈਨੂੰ ਹਿੰਦ ਦੇ ਮੱਧ ਵਿਚ ਸਥਿਤ ਉਤਰ ਪ੍ਰਦੇਸ਼ ਅਤੇ ਬਿਹਾਰ ਵਿਚਲੇ ਖਤਰੇ ਦੀ ਯਾਦ ਦਿਵਾ ਦਿੱਤੀ।

ਇਕ ਵਾਰ ਫਿਰ ਫੌਜੀ ਅਤੇ ਕਮਾਂਡੋ ਇਕੱਠੇ ਹੋ ਗਏ। ਇਕ ਟੁਕੜੀ ਸਾਨੂੰ ਲੈਣ ਵਾਸਤੇ ਆ ਗਈ। ਅਸੀਂ ਇਕ ਵਾਰ ਫਿਰ ਕਾਰਾਂ-ਗੱਡੀਆਂ ਦੇ ਕਾਫਲੇ ਵਿਚ ਸ਼ਾਮਲ ਹੋ ਕੇ ਤੁਰ ਪਏ। ਹੁਣ ਅਸੀਂ ਗੁਬਾਰਿਆਂ ਅਤੇ ਲੜੀਆਂ ਨਾਲ ਸਜੀਆਂ ਗਲੀਆਂ ਵਿਚੋਂ ਲੰਘ ਰਹੇ ਸਾਂ ਜੋ ਸ਼ਹਿਰ ਦੀ ਅੱਧੀ ਤੋਂ ਵੱਧ ਵਸੋਂ ਨਾਲ ਭਰੀਆਂ ਹੋਈਆਂ ਸਨ।

ਵੱਡੇ ਇਕੱਠ ਵਾਲੀ ਇਸ ਰੈਲੀ ਵਿਚ ਮੋਦੀ ਬਿਨਾਂ ਕਿਸੇ ਪਰਚੀ ਤੋਂ ਬੋਲ ਰਿਹਾ ਸੀ। ਮੈਂ ਵੇਖ ਰਿਹਾ ਸਾਂ ਕਿ ਇਕ ਵੀ ਸ਼ਬਦ ਛੱਡਿਆ ਜਾਂ ਦੁਹਰਾਇਆ ਨਹੀਂ ਗਿਆ। ਕਿਸ ਤਰ੍ਹਾਂ ਉਹ ਇਕ ਤੋਂ ਬਾਅਦ ਦੂਜੀ ਬਾਂਹ ਉਤਾਂਹ ਚੁੱਕ ਕੇ ਖਾਸ ਮਸਲੇ 'ਤੇ ਜ਼ੋਰ ਦਿੰਦਾ। ਆਪਣੀ ਹਰ ਰੈਲੀ ਦੌਰਾਨ ਉਹ ਆਪਣੀ ਵਾਕ ਬੋਲਣ ਦੀ ਕਲਾ ਵਿਚ ਆਪਣੇ ਹਾਵ-ਭਾਵਾਂ ਦਾ ਖਾਸਾ ਇਸਤੇਮਾਲ ਕਰਦਾ ਸੀ। ਕਾਂਗਰਸ ਅਤੇ ਹੋਰ ਪਾਰਟੀਆਂ ਦੇ ਪਰਖਚੇ ਉਡਾਉਂਦਾ ਹੋਇਆ ਉਹ ਆਪਣੀ ਆਵਾਜ਼ ਦੇ ਉਤਰਾਅ-ਚੜ੍ਹਾਅ ਦਾ ਬਿਹਤਰੀਨ ਇਸਤੇਮਾਲ ਕਰਦਾ ਸੀ। ਸ਼ਬਦ ਭੰਡਾਰ ਅਤੇ ਲੈਅ ਕਮਾਲ ਦੀ ਹੁੰਦੀ।

---

ਭਾਰਤ ਦੀ ਆਜ਼ਾਦੀ ਦੇ ਪਹਿਲੇ ਚਾਰ ਦਹਾਕਿਆਂ ਵਿਚ ਦੇਸ਼ ਨੂੰ ਆਰਥਿਕ ਅਸੰਤੁਲਨ ਜਿਹੜਾ ਅਮਰੀਕਾ ਤੇ ਹਾਂਗਕਾਂਗ ਤੋਂ ਇਲਾਵਾ ਹਰ ਜਗ੍ਹਾ ਪਸਰਿਆ ਸੀ, ਥੋੜ੍ਹਾ ਬਹੁਤ ਸਮਾਜਵਾਦ, ਰਾਸ਼ਟਰੀ ਪੱਧਰ 'ਤੇ ਬਣੀਆਂ ਆਰਥਿਕ ਨੀਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਭਾਰਤ ਦੇ ਪ੍ਰਸੰਗ ਵਿਚ ਇਨ੍ਹਾਂ ਨੀਤੀਆਂ ਨੂੰ ਦੇਸ਼ ਦਾ ਉਚ ਤੇ ਕੁਲੀਨ ਵਰਗ ਪ੍ਰਭਾਵਿਤ ਕਰ ਰਿਹਾ ਸੀ। ਨਹਿਰੂ-ਗਾਂਧੀ ਪਰਿਵਾਰ ਨੇ ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਮਜ਼ਬੂਤੀ ਸਦਕਾ ਆਪਣੇ ਆਪ ਨੂੰ ਰਾਜਸੀ ਵੰਸ਼ ਦੇ ਰੂਪ ਵਿਚ ਸਥਾਪਤ ਕਰ ਲਿਆ ਸੀ।

ਇੰਦਰਾ ਗਾਂਧੀ ਦੇ ਤਾਨਾਸ਼ਾਹ ਸ਼ਾਸਨ ਤੋਂ ਬਾਅਦ ਭਾਰਤੀ ਸੱਤਾ ਉਤੇ ਕਾਂਗਰਸ ਦੇ ਕਬਜ਼ੇ ਨੂੰ 1977 ਵਿਚ ਜਨਤਾ ਪਾਰਟੀ (ਜੋ ਬਾਅਦ ਵਿਚ ਜਨਤਾ ਦਲ ਬਣ ਗਈ) ਨੇ ਲਲਕਾਰਨਾ ਸ਼ੁਰੂ ਕਰ ਦਿੱਤਾ। ਇਸ ਖੱਬੇ ਪੱਖੀ ਵਿਚਾਰਧਾਰਾ ਨੇ ਭਾਰਤ ਦੀ ਵਿਕਾਸ ਦਰ ਨੂੰ ਤੇਜ਼ ਨਾ ਹੋਣ ਦਿੱਤਾ। ਗਰੀਬ ਲੋਕਾਂ ਨੂੰ ਹਮੇਸ਼ਾ ਹੀ ਪਹਿਲ ਦਿੱਤੀ ਜਾਂਦੀ, ਇਸ ਤਰ੍ਹਾਂ ਲਗਦਾ ਕਿ ਸਰਕਾਰੀ ਨੀਤੀਆਂ ਸਿਰਫ ਗਰੀਬਾਂ ਦਾ ਧਿਆਨ ਰੱਖ ਕੇ ਬਣਾਈਆਂ ਜਾਂਦੀਆਂ ਹਨ ਅਤੇ ਚੋਣਾਂ ਸਮੇਂ ਗਰੀਬਾਂ ਨੂੰ ਕਣਕ ਤੇ ਚੌਲਾਂ ਦੀਆਂ ਬੋਰੀਆਂ ਵੰਡੀਆਂ ਜਾਂਦੀਆਂ।

ਮੋਦੀ ਇਸ ਸਿਲਸਿਲੇ ਦੇ ਵਿਰੋਧ ਵਿਚ ਖੜ੍ਹਾ ਨਜ਼ਰ ਆਉਂਦਾ ਹੈ। ਕੀ ਦੇਸ਼ ਉਸ ਨੂੰ ਸਵੀਕਾਰ ਕਰੇਗਾ?

---

ਸਟੇਜ ਉਤੇ ਇਕ ਸ਼ੁਭ-ਚਿੰਤਕ ਨੇ ਮੋਦੀ ਦੇ ਸਿਰ ਉਤੇ ਲਾਲ ਰੰਗ ਦੀ ਪਗੜੀ ਰੱਖ ਦਿੱਤੀ। ਇਸ ਛੋਟੀ ਜਿਹੀ ਪਗੜੀ ਨੂੰ ਸਿਰ ਉਤੇ ਟਿਕਾ ਕੇ ਮੋਦੀ ਨੇ ਬੋਲਣਾ ਸ਼ੁਰੂ ਕੀਤਾ। ਇੱਥੇ ਇਕੱਠ ਪਿਛਲੇ ਦਿਨ ਨਾਲੋਂ ਵੱਧ ਅਤੇ ਜੋਸ਼ੀਲਾ ਸੀ। ਉਨ੍ਹਾਂ ਦੀਆਂ ਤਾੜੀਆਂ ਅਤੇ ਹੁੰਗਾਰੇ ਬਹੁਤ ਉਚੇ, ਲਗਭਗ ਕੰਨ-ਪਾੜਵੀਂ ਆਵਾਜ਼ ਵਾਲੇ ਸਨ। ਮੋਦੀ ਲੜਾਕੂ ਅੰਦਾਜ਼ ਵਿਚ ਯੂ.ਪੀ.ਏ.-2 ਉਤੇ ਵਾਰ ਕਰ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਚੁੱਪ ਨੂੰ ਸਰਕਾਰ ਦੀਆਂ ਅਸਫਲਤਾਵਾਂ ਜਿਵੇਂ ਭ੍ਰਿਸ਼ਟਾਚਾਰ, ਮਹਿੰਗਾਈ ਅਤੇ ਸੁਰੱਖਿਆ ਨਾਲ ਜੋੜ ਰਿਹਾ ਸੀ। ਉਹ ਕਾਂਗਰਸ ਦੇ ਮੋਢੀਆਂ ਉਤੇ ਗੁੰਗੇ ਹੋਣ ਅਤੇ ਦੇਸ਼ ਦੇ ਹੱਕ ਵਿਚ ਨਾ ਬੋਲਣ ਦਾ ਇਲਜ਼ਾਮ ਲਾ ਰਿਹਾ ਸੀ।

ਇਹ ਇਕ ਖਾਸ ਕਿਸਮ ਦਾ ਭਾਸ਼ਣ ਸੀ ਜਿਸ ਵਿਚ ਮੋਦੀ ਨੇ ਸ਼ਬਦ ਭੰਡਾਰ ਦਾ ਖਾਸਾ ਇਸਤੇਮਾਲ ਕੀਤਾ, ਇਹ ਮੁੱਦੇ ਉਤੇ ਕੇਂਦਰਿਤ ਸੀ ਪਰ ਬੌਧਿਕ ਨਹੀਂ ਸੀ ਅਤੇ ਸਰੋਤਿਆਂ ਦੁਆਰਾ ਆਰਾਮ ਨਾਲ ਸਮਝਿਆ ਜਾ ਸਕਣ ਵਾਲਾ ਸੀ। ਇਹ ਉਸ ਦੀ ਲੋਕਪ੍ਰਿਆ ਸ਼ੈਲੀ ਦਾ ਇਕ ਹੋਰ ਪਹਿਲੂ ਹੈ ਕਿ ਉਸ ਦੇ ਲਫ਼ਜ਼ਾਂ ਵਿਚ ਸਾਧਾਰਨਤਾ ਦੀ ਛੋਹ ਉਤੇ ਬੜੀ ਸੂਖਮਤਾ ਨਾਲ ਜ਼ਰੂਰੀ ਮਸਲਿਆਂ ਅਤੇ ਉਨ੍ਹਾਂ ਦੇ ਪਿਛੋਕੜ ਦੀ ਗੱਲ ਕਰਨਾ ਸ਼ਾਮਲ ਹੈ। ਮੋਦੀ ਆਮ ਲੋਕਾਂ ਵਿਚੋਂ ਇਕ ਹੈ, ਉਹ ਕੰਮ-ਕਾਜੀ ਤਬਕੇ ਨਾਲ ਸਬੰਧਤ ਹੈ, ਜਿਨ੍ਹਾਂ ਨਾਲ ਉਹ ਇਕ-ਮਿਕ ਮਹਿਸੂਸ ਕਰਦਾ ਹੈ, ਉਹ ਸਿਆਸੀ ਵਰਗਾਂ ਤੇ ਦਿੱਲੀ ਦੇ ਕੁਲੀਨ ਸਮਾਨ ਨਾਲ ਸਬੰਧਿਤ ਨਹੀਂ। ਉਹ ਤਬਦੀਲੀ ਚਾਹੁੰਦਾ ਹੈ।

ਜਿਵੇਂ ਹੀ ਭੀੜ ਉਸ ਦਾ ਨਾਂ ਪੁਕਾਰਦੀ ਹੈ, ਉਸ ਦੀ ਆਵਾਜ਼ ਉਚੀ ਹੋ ਜਾਂਦੀ ਹੈ: "ਅਜ਼ਾਦੀ ਦੇ ਸਮੇਂ ਲੋਕ ਸਵਰਾਜ ਅਤੇ ਚੰਗਾ ਪ੍ਰਸ਼ਾਸਨ ਚਾਹੁੰਦੇ ਸਨ। ਲਗਭਗ ਸੱਠ ਸਾਲ ਬੀਤੇ ਗਏ ਹਨ, ਪਰ ਅਜੇ ਵੀ ਲੋਕ ਪੁੱਛ ਰਹੇ ਹਨ- ਸਾਡੇ ਦੇਸ਼ ਵਿਚ ਚੰਗੀ ਸਰਕਾਰ ਕਿਉਂ ਨਹੀਂ ਹੈ।"

ਆਪਣੇ ਭਾਸ਼ਣਾਂ ਵਿਚ ਮੋਦੀ ਅਕਸਰ ਸਿਆਸੀ ਢਾਂਚੇ ਦੀ ਮਜ਼ਬੂਤੀ ਅਤੇ ਲੋਕਾਂ ਦੇ ਰਾਜ ਵਿਚਕਾਰ ਚੰਗੇ ਸਬੰਧਾਂ ਵਰਗੇ ਜ਼ਰੂਰੀ ਵਿਸ਼ਿਆਂ ਉਤੇ ਧਿਆਨ ਕੇਂਦ੍ਰਿਤ ਕਰਦਾ ਹੈ। 16ਵੀਆਂ ਲੋਕ ਸਭਾ ਚੋਣਾਂ 'ਚ ਜੋ ਚੀਜ਼ਾਂ ਦਾਅ ਉਤੇ ਹਨ, ਉਹ ਨੇ: ਸੁਧਾਰ ਤੇ ਸ਼ਕਤੀਕਰਨ ਵਿਚੋਂ ਕਿਸੇ ਇਕ ਦੀ ਚੋਣ, ਅਤੇ ਛਾਂਟੀ ਅਤੇ ਹੱਕ ਜਮਾਉਣ ਵਿਚ ਕਿਸੇ ਇਕ ਦੀ ਚੋਣ। ਕੀ ਤੁਹਾਨੂੰ ਇਹੋ ਸਰਕਾਰ ਚਾਹੀਦੀ ਹੈ ਜੋ ਆਪ-ਹੁਦਰੀ ਹੋ ਕੇ ਕੰਮ ਕਰੇ ਜਾਂ ਇਹੋ ਜਿਹੀ ਜਿਹੜੀ ਤੁਹਾਡੇ ਕੰਮਾਂ ਵਿਚ ਮਦਦਗਾਰ ਹੋਵੇ।


ਹੋਰ ਤਿੱਖੇ ਸੁਰ ਵਿਚ ਉਸ ਦਾ ਸਵਾਲ ਸਿੱਧਾ ਕਾਂਗਰਸ 'ਤੇ ਵਾਰ ਕਰਨ ਲਈ ਸੀ। ਉਸ ਦੀ ਅਸਲ ਚੁਣੌਤੀ ਸੀ: ਵੰਸ਼ ਜਾਂ ਤਰੱਕੀ?

---

ਰੈਲੀ ਦੇ ਖਤਮ ਹੋਣ 'ਤੇ, ਹੈਲੀਕਾਪਟਰ ਵਿਚ ਵਾਪਸ ਆ ਕੇ, ਮੋਦੀ ਫਿਰ ਤੋਂ ਕੁਝ ਕਾਗਜ਼ ਫਰੋਲਣ ਲੱਗ ਪਿਆ। ਇਸ ਵਾਰ ਉਸ ਕੋਲ ਪ੍ਰਿੰਟ ਕੀਤੀਆਂ ਹੋਈਆਂ ਈ-ਮੇਲਾਂ ਸਨ ਜੋ ਉਸ ਲਈ ਭੇਜੀਆਂ ਗਈਆਂ ਸਨ। ਉਹ ਭਾਵੇਂ ਨਿੱਜੀ ਤੌਰ 'ਤੇ ਸ਼ਾਂਤ ਅਤੇ ਆਪਣੇ ਆਪ ਵਿਚ ਰਹਿਣ ਵਾਲਾ ਬੰਦਾ ਸੀ, ਪਰ ਕਦੇ-ਕਦੇ ਉਸ ਨੂੰ ਖੁਸ਼-ਨੁਮਾ ਸੰਦੇਸ਼ ਪਸੰਦ ਸਨ, ਜਾਂ ਫਿਰ ਕਹਿ ਲਈਏ ਕਿ ਉਸ ਨੂੰ ਇਹੋ ਜਿਹੇ ਸੰਦੇਸ਼ਾਂ ਦੀ ਉਡੀਕ ਰਹਿੰਦੀ ਸੀ ਜਿਨ੍ਹਾਂ ਨੂੰ ਉਸ ਦਾ ਸਟਾਫ ਫਿਰ ਸਾਰੇ ਸੰਦੇਸ਼ਾਂ ਅਤੇ ਚਿੱਠੀਆਂ ਵਿਚੋਂ ਚੁਣ ਕੇ ਉਸ ਕੋਲ ਭੇਜਦਾ ਸੀ। ਉਸ ਨੇ ਮੈਨੂੰ ਦੱਸਿਆ ਕਿ ਦੰਗਿਆਂ ਤੋਂ ਬਾਅਦ ਲਗਭਗ ਬਾਰ੍ਹਾਂ ਸਾਲ ਤੱਕ ਉਹ ਆਪਣੀ ਖਿਲਾਫਤ ਤੋਂ ਪ੍ਰੇਸ਼ਾਨ ਰਿਹਾ ਸੀ, ਪਰ ਉਸ ਦਾ ਫੈਸਲਾ ਸੀ ਕਿ ਉਹ ਮੀਡੀਆ ਨੂੰ ਉਸ ਦਾ ਕੰਮ ਕਰਨ ਦਏਗਾ ਤੇ ਖੁਦ ਕੋਈ ਸਫਾਈ ਨਹੀਂ ਦਏਗਾ- "ਮੈਂ ਆਪਣਾ ਸਮਾਂ ਸਫ਼ਾਈ ਦੇਣ ਵਿਚ ਫਜ਼ੂਲ ਨਹੀਂ ਗੁਆਉਂਦਾ।" ਮੋਦੀ ਆਪਣੇ ਵਿਰੋਧੀਆਂ ਨੂੰ ਬਹੁਤ ਘੱਟ ਹੀ ਜਵਾਬ ਦਿੰਦਾ ਹੈ।

ਗੁਜਰਾਤ ਦਾ ਊਰਜਾ ਤੇ ਰੁਜ਼ਗਾਰ ਮੰਤਰੀ ਸੌਰਭ ਪਟੇਲ ਜੋ ਸਿਆਸਤ ਵਿਚ ਆਉਣ ਤੋਂ ਪਹਿਲਾਂ ਸਫਲ ਉਦਯੋਗਪਤੀ ਸੀ, ਸਾਡੇ ਨਾਲ ਹੈਲੀਕਾਪਟਰ ਵਿਚ ਵਾਪਸ ਆਇਆ ਅਤੇ ਮੋਦੀ ਨੇ ਪ੍ਰਿੰਟ ਕੀਤੀਆਂ ਹੋਈਆਂ ਈ-ਮੇਲਾਂ ਉਸ ਨੂੰ ਦੇ ਦਿੱਤੀਆਂ। ਉਸ ਨੇ ਈ-ਮੇਲਾਂ ਪੜ੍ਹ ਕੇ ਵਾਪਸ ਕਰਦਿਆਂ ਹੱਥਾਂ ਦੇ ਇਸ਼ਾਰਿਆਂ ਨਾਲ ਸਮਝਾਇਆ- ਦੇਖਿਆ ਤੁਸੀਂ...?

ਮੋਦੀ ਨੇ ਉਹ ਪਰਚਾ ਮੈਨੂੰ ਫੜਾ ਦਿੱਤਾ। ਯੂਕਰੇਨ ਦੀ ਰਹਿਣ ਵਾਲੀ ਇਕ ਮਹਿਲਾ ਨੇ ਉਸ ਨੂੰ ਲਿਖਿਆ ਸੀ- ਉਸ




ਦਾ ਹਾਲ ਵਿਚ ਹੀ ਇਕ ਭਾਰਤੀ ਨਾਲ ਵਿਆਹ ਹੋਇਆ ਸੀ ਤੇ ਜਿਵੇਂ-ਜਿਵੇਂ ਉਸ ਨੇ ਭਾਰਤ ਨੂੰ ਸਮਝਿਆ, ਉਸ ਨੇ ਮੋਦੀ ਨੂੰ ਗੁਜਰਾਤ ਦੀ ਤਰੱਕੀ ਵਾਸਤੇ ਵਧਾਈ ਭੇਜੀ। ਉਸ ਨੇ ਲਿਖਿਆ ਕਿ 2005 ਵਿਚ ਯੂਕਰੇਨ ਵਾਲਿਆਂ ਕੋਲ ਤਬਦੀਲੀ ਦਾ ਮੌਕਾ ਸੀ। ਇਹ 'ਸੰਤਰੀ ਕ੍ਰਾਂਤੀ' ਦਾ ਸਮਾਂ ਸੀ, ਪਰ ਯੂਕਰੇਨ ਨੇ ਇਸ ਨੂੰ ਗੁਆ ਦਿੱਤਾ। ਜੇ ਤੁਹਾਡੇ ਕੋਲ ਭਾਰਤ ਨੂੰ ਬਦਲਣ ਦਾ ਮੌਕਾ ਹੈ ਤਾਂ ਇਸ ਲਈ ਪੂਰੀ ਵਾਹ ਲਾ ਦਿਓ, ਕਿਉਂਕਿ ਸਿਰਫ ਤੁਸੀਂ ਹੀ ਇਹ ਕਰ ਸਕਦੇ ਹੋ।

ਮੋਦੀ ਨੂੰ ਅਕਸਰ ਫੁੱਟ ਪਾਉਣ ਵਾਲਾ ਮੰਨਿਆ ਜਾਂਦਾ ਰਿਹਾ ਹੈ। ਕਈ ਲੋਕ ਉਸ ਦੀ ਤੁਲਨਾ ਮਾਰਗਰੇਟ ਥੈਚਰ ਨਾਲ ਕਰਦੇ ਹਨ ਜਿਸ ਨੂੰ ਬ੍ਰਿਟਿਸ਼ ਖੱਬੇ ਪੱਖੀ ਫਾਸ਼ੀਵਾਦੀ ਆਖਦੇ ਸਨ। ਇਹ ਵੈਰ ਭਾਵ ਸਮਾਜਕ ਤੱਤਾਂ ਦੀ ਉਪਜ ਹੈ। ਮੋਦੀ ਓਪਰਾ ਬੰਦਾ ਹੈ, ਪਿਛੜੀ ਜਾਤੀ ਦਾ ਬੰਦਾ ਜਿਸ ਨੇ ਸਿਆਸਤ ਤੋਂ ਦੂਰ ਰਹਿ ਕੇ ਵੀ ਆਪਣੀ ਜ਼ਿੰਦਗੀ ਇਹ ਚੀਜ਼ ਸਿੱਖਦਿਆਂ ਬਿਤਾਈ ਕਿ ਤੰਤਰ ਕਿਵੇਂ ਕੰਮ ਕਰਦਾ ਹੈ। ਮੋਦੀ ਦੂਜੇ ਨੇਤਾਵਾਂ ਤੋਂ ਦੋ ਕਦਮ ਅੱਗੇ ਜਾ ਕੇ ਕੁਸ਼ਲਤਾ ਨਾਲ ਸਿੱਧਾ ਲੋਕਾਂ ਤੱਕ ਪਹੁੰਚ ਕਰਦਾ ਹੈ।

ਜੇ 2014 ਵਿਚ ਨਰੇਂਦਰ ਮੋਦੀ 7 ਰੇਸ ਕੋਰਸ ਸਥਿਤ ਪ੍ਰਧਾਨ ਮੰਤਰੀ ਨਿਵਾਸ 'ਤੇ ਕਾਬਜ਼ ਹੋਣ ਵਿਚ ਸਫ਼ਲ ਹੋ ਜਾਂਦਾ ਹੈ ਤਾਂ ਇਹ ਗੁਜਰਾਤ ਦੇ ਵਡਨਗਰ ਕਸਬੇ ਦੇ ਪਿਛੜੀ ਜਾਤ ਦੇ ਮੁੰਡੇ ਦੇ ਲੰਮੇ ਅਤੇ ਅਦਭੁੱਤ ਸਫਰ ਦੇ ਇਕ ਪੱਖ ਦਾ ਸੁਖਦ ਅੰਤ ਹੋਵੇਗਾ।

# ਸੰਦੀਪ ਸੰਧੂ ਨੇ ਖਾਲਸਾ ਵਾਰੀਅਰਜ਼ ਹੱਥੋਂ ਕਬੱਡੀ ਕੱਪ ਕਿਵੇਂ ਖੋਹਿਆ...

***ਪਹਿਲੀ ਵੇਵ ਕਬੱਡੀ ਲੀਗ ਨਾਲ ਕਬੱਡੀ ਅਗਲੇ ਦੌਰ ਵਿਚ ਪੁੱਜ ਗਈ ਹੈ। ਇਹ ਕਬੱਡੀ ਤੇ ਇਸ ਨਾਲ ਜੁੜੇ ਖਿਡਾਰੀਆਂ ਅਤੇ ਪ੍ਰਬੰਧਕਾਂ ਦੀ ਚੜ੍ਹਤ ਦਾ ਉਹ ਦੌਰ ਹੈ ਜਿੱਥੋਂ ਅਗਾਂਹ ਇਕ ਨਹੀਂ, ਅਨੇਕ ਰਾਹ ਨਿਕਲਦੇ ਹਨ। ਕਮੀਆਂ-ਖਾਮੀਆਂ ਦੇ ਬਾਵਜੂਦ ਕਈ ਪੱਖਾਂ ਤੋਂ ਨਿਵੇਕਲੀ ਅਤੇ ਨਿਆਰੀ ਰਹੀ ਇਸ ਲੀਗ ਦੇ ਅਹਿਮ ਮੈਚਾਂ ਬਾਰੇ ਸੰਖੇਪ, ਪਰ ਭਾਵਪੂਰਤ ਖੁਲਾਸਾ ਗੁਰਦਿਆਲ ਸਿੰਘ ਬੱਲ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। -ਸੰਪਾਦਕ***



ਗੁਰਦਿਆਲ ਸਿੰਘ ਬੱਲ
e-mail: gurdialbal01@gmail.com

ਦੁਨੀਆਂ ਭਰ ਵਿਚ ਵਸੇ ਪੰਜਾਬੀਆਂ ਨੇ ਪਿਛਲੇ 3-4 ਮਹੀਨਿਆਂ ਦੌਰਾਨ ਵੇਵ ਕਬੱਡੀ ਲੀਗ ਦੇ ਮੈਚਾਂ ਦੌਰਾਨ ਇਨਸਾਨ ਦੀ ਹੁਸੀਨ ਸਿੱਕ ਦੇ ਖੁੱਲ੍ਹੇ ਨਜ਼ਾਰੇ ਕੀਤੇ ਹਨ। ਨੰਗਲ ਅੰਬੀਆਂ ਵਾਲਾ ਸੰਦੀਪ ਸੰਧੂ, ਖਾਲਸਾ ਵਾਰੀਅਰਜ਼ ਦਾ ਮਨਜੋਤ ਗਿੱਲ, ਪਾਕਿਸਤਾਨੀ ਪੰਜਾਬ ਦਾ ਮਹਾਨ ਰੇਡਰ ਸ਼ਫੀਕ ਚਿਸ਼ਤੀ, ਪੰਜਾਬ ਥੰਡਰਜ਼ ਦਾ ਕਪਤਾਨ ਯਾਦਵਿੰਦਰ ਯਾਦਾ ਤੇ ਉਹਦੀ ਅਗਵਾਈ ਹੇਠ ਖੇਡ ਰਿਹਾ ਪਾਕਿਸਤਾਨੀ ਮੂਲ ਦਾ ਖਿਡਾਰੀ ਸ਼ਫੀਕ ਬੱਟ, ਮਨਿੰਦਰ ਸਰਾਂ, ਗਗਨਦੀਪ ਜੋਗੇਵਾਲ ਅਤੇ ਗਗਨਦੀਪ ਸਭਰਾਵਾਂ ਸਿਰ ਧੜ ਦੀਆਂ ਬਾਜ਼ੀਆਂ ਲਗਾ ਕੇ ਇਸੇ ਸਿੱਕ ਨੂੰ ਹੀ ਤਾਂ ਆਸ਼ਕਾਰ ਕਰ ਰਹੇ ਸਨ। ਲਾਹੌਰ ਲਾਇਨਜ਼ ਦੇ ਚੀਤੇ ਦੀ ਫੁਰਤੀ ਵਾਲੇ ਤੇਜ਼ ਤਰਾਰ ਖਿਡਾਰੀ ਸ਼ਾਹਜ਼ਾਦ ਡੋਗਰ, ਸੋਹਣ ਰੁੜਕੀ, ਤਰਵਿੰਦਰ ਤਿੰਦਾ, ਬਲਜੀਤ ਜਾਂ ਗੁਰਲਾਲ ਘਨੌਰ ਦੀ ਖੇਡ ਦੇ ਜਲਵੇ ਵਿੰਹਦਿਆਂ ਵਾਰ-ਵਾਰ ਮਹਿਸੂਸ ਹੁੰਦਾ ਸੀ ਕਿ 'ਬੁੱਢਾ ਤੇ ਸਮੁੰਦਰ' ਦੇ ਕਰਤਾ ਅਰਨੈਸਟ ਹਮਿੰਗਵੇ ਦਾ ਇਹ ਕਥਨ ਕਿੰਨਾ ਸਹੀ ਸੀ ਕਿ ਖਿਡਾਰੀ ਹੱਡ-ਮਾਸ ਦੀਆਂ ਕਵਿਤਾਵਾਂ ਹੁੰਦੇ ਹਨ। ਗੁਰਪ੍ਰੀਤ ਗੋਪੀ, ਸਤਨਾਮ ਸੱਤੂ ਅਤੇ ਰਾਣਾ ਆਲੀਸ਼ਾਨ ਖੇਡ ਮੈਦਾਨਾਂ ਅੰਦਰ ਆਪੋ-ਆਪਣੇ ਅੰਦਾਜ਼ ਵਿਚ ਅਜਿਹੇ ਸੁੰਦਰ ਕਾਵਿ ਦ੍ਰਿਸ਼ਾਂ ਦੀ ਸਿਰਜਣਾ ਹੀ ਤਾਂ ਕਰ ਰਹੇ ਸਨ।

ਲੀਗ ਦੀ ਸ਼ੁਰੂਆਤ ਲੰਡਨ ਦੇ ਆਧੁਨਿਕ ਸਹੂਲਤਾਂ ਨਾਲ ਲੈਸ ਓ ਟੂ ਇਰੀਨ ਸਟੇਡੀਅਮ ਵਿਚ ਯੂਨਾਈਟਿਡ ਸਿੰਘਜ਼ ਅਤੇ ਪੰਜਾਬ ਥੰਡਰਜ਼ ਦੀਆਂ ਟੀਮਾਂ ਵਿਚਾਲੇ ਮੈਚ ਨਾਲ ਹੋਈ। ਮੈਚ ਦਾ ਸਭ ਤੋਂ ਕੇਂਦਰੀ ਪਹਿਲੂ ਯੂਨਾਈਟਿਡ ਸਿੰਘਜ਼ ਦੇ ਕਪਤਾਨ ਨੰਗਲ ਅੰਬੀਆਂ ਵਾਲੇ ਸੰਦੀਪ ਸੰਧੂ ਦੀ ਜ਼ੋਰਦਾਰ ਖੇਡ ਸੀ। ਉਹਨੇ ਮੁਕਾਬਲੇ ਦੌਰਾਨ 12 ਯਾਦਗਾਰੀ ਸਟਾਪ ਲਗਾਏ ਅਤੇ ਅਜਿਹਾ ਕਰਦਿਆਂ ਪਹਿਲੇ ਦਿਨ ਹੀ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ। ਸੰਦੀਪ ਦਾ ਇਕ-ਇਕ ਜੱਫਾ ਦੇਖਣ ਯੋਗ ਸੀ। ਜ਼ਾਹਿਰ ਹੈ ਕਿ 'ਮੈਨ ਆਫ ਦਾ ਮੈਚ' ਦਾ ਪਹਿਲਾ ਖਿਤਾਬ ਵੀ ਉਸੇ ਦੇ ਹਿੱਸੇ ਰਿਹਾ।

ਇਸੇ ਦਿਨ ਦਾ ਦੂਜਾ ਮੈਚ ਸਾਰੇ ਦੇ ਸਾਰੇ ਜੂੜੇ ਵਾਲੇ ਖਿਡਾਰੀਆਂ ਨਾਲ ਲੈਸ ਖਾਲਸਾ ਵਾਰੀਅਰਜ਼ ਅਤੇ ਯੋ ਯੋ ਟਾਈਗਰਜ਼ ਦੀਆਂ ਟੀਮਾਂ ਵਿਚਾਲੇ ਖੇਡਿਆ ਗਿਆ। ਖਾਲਸਾ ਵਾਰੀਅਰਜ਼ ਦੇ ਖਿਡਾਰੀਆਂ ਨੇ ਗਜ਼ਬ ਦੇ ਤਾਲ-ਮੇਲ ਦਾ ਪ੍ਰਦਰਸ਼ਨ ਕੀਤਾ। ਉਹ ਆਪਣੇ ਇਸ ਪਹਿਲੇ ਹੀ ਮੈਚ ਵਿਚ ਯੋ ਯੋ ਟਾਈਗਰਜ਼ ਉਪਰ 57 ਦੇ ਮੁਕਾਬਲੇ 79 ਅੰਕਾਂ ਦੇ ਖੁੱਲ੍ਹੇ ਅੰਤਰ ਨਾਲ ਜੇਤੂ ਰਹੇ। ਖਾਲਸਾ ਟਾਈਗਰਜ਼ ਵਲੋਂ ਸਤਨਾਮ ਸੱਤੂ ਨੇ ਸਟਾਪ ਤਾਂ 7 ਹੀ ਲਗਾਏ, ਪਰ ਉਹਦਾ ਅੰਦਾਜ਼ੇ-ਪਕੜ ਕਮਾਲ ਸੀ। ਜਿੱਤ ਦਾ ਸਿਹਰਾ ਮੁੱਖ ਰੂਪ ਵਿਚ ਗੁਰਮੀਤ ਮੰਡੀਆਂ ਦੇ ਸਿਰ ਰਿਹਾ ਜਿਸ ਨੇ 15 ਸਫਲ ਰੇਡ ਪਾਏ ਅਤੇ ਆਪਣੀ ਟੀਮ ਨੂੰ ਲਗਾਤਾਰ ਪਹਿਲ ਦੀ ਪੁਜੀਸ਼ਨ ਵਿਚ ਬਣਾਈ ਰੱਖਿਆ।

ਉਂਜ, ਇਸ ਮੈਚ ਤੋਂ ਵੀ ਵੱਧ ਨਜ਼ਾਰਾ ਉਸ ਦਿਨ ਦਰਸ਼ਕਾਂ ਨੂੰ ਤੀਜੇ ਮੈਚ ਦਾ ਆਇਆ ਜੋ ਲਾਹੌਰ ਲਾਇਨਜ਼ ਅਤੇ ਵੈਨਕੂਵਰ ਲਾਇਨਜ਼ ਵਿਚਾਲੇ ਖੇਡਿਆ ਗਿਆ। ਇਹ ਮੈਚ ਪਾਕਿਸਤਾਨੀ ਪੰਜਾਬ ਦੇ ਖਿਡਾਰੀਆਂ ਨੇ ਜਿੱਤਿਆ। ਸ਼ਫੀਕ ਚਿਸ਼ਤੀ ਨੇ ਕਮਾਲ ਦੀ ਤਾਕਤਵਰ ਅਤੇ ਕਲਾਤਮਿਕ ਖੇਡ ਕਲਾ ਦਾ ਪ੍ਰਦਰਸ਼ਨ ਕੀਤਾ। ਸਾਰਾ ਜ਼ੋਰ ਲਗਾ ਕੇ ਵੀ ਕੋਈ ਜਾਫੀ ਉਸ ਨੂੰ ਡੱਕ ਨਾ ਸਕਿਆ। ਫਿਰ ਸ਼ਫੀਕ ਚਿਸ਼ਤੀ ਹੀ 'ਮੈਨ ਆਫ ਦਾ ਮੈਚ' ਰਿਹਾ। ਮੁਢਲੇ ਗੇੜ ਵਿਚ ਰਾਇਲ ਕਿੰਗਜ਼ ਦੀ ਟੀਮ ਵੀ ਤਕੜੀ ਰਹੀ ਅਤੇ ਇਹਨੇ ਕੈਲੀਫੋਰਨੀਆਂ ਈਗਲਜ਼ ਨੂੰ 60 ਦੇ ਮੁਕਾਬਲੇ 66 ਅੰਕਾਂ ਨਾਲ ਹਰਾ ਕੇ ਆਪਣੇ ਪਹਿਲੇ ਮੈਚ ਵਿਚ ਜਿੱਤ ਦਰਜ ਕਰ ਲਈ।

ਲੀਗ ਦਾ ਪੰਜਵਾਂ ਅਤੇ ਛੇਵਾਂ ਮੈਚ ਬਰਮਿੰਘਮ ਵਿਚ ਖੇਡੇ ਗਏ। ਪੰਜਵੇਂ ਮੈਚ ਦੌਰਾਨ ਪਾਕਿਸਤਾਨੀ ਪੰਜਾਬ ਵਲੋਂ ਸ਼ਫੀਕ ਚਿਸ਼ਤੀ ਨੇ ਇਕ ਵਾਰ ਮੁੜ ਲਾਜਵਾਬ ਖੇਡ ਦਾ ਪ੍ਰਦਰਸ਼ਨ ਕੀਤਾ। ਉਹਨੇ 19 ਰੇਡਾਂ ਪਾਈਆਂ ਅਤੇ ਇਸ ਵਾਰ ਮੁੜ ਵੀ ਉਹ ਫੜਿਆ ਨਾ ਗਿਆ। 'ਮੈਨ ਆਫ ਦਾ ਮੈਚ' ਖਿਤਾਬ ਉਸੇ ਦੇ ਹਿੱਸੇ ਰਿਹਾ। ਬਰਮਿੰਘਮ ਵਿਚ ਅਗਲਾ ਮੈਚ ਯੋ ਯੋ ਟਾਈਗਰਜ਼ ਅਤੇ ਵੈਨਕੂਵਰ ਲਾਇਨਜ਼ ਵਿਚਾਲੇ ਖੇਡਿਆ ਗਿਆ। ਇਸ ਮੈਚ ਵਿਚ ਯੋ ਯੋ ਟਾਈਗਰਜ਼ ਦੀ ਟੀਮ ਵਿਰੋਧੀ ਧਿਰ ਉਪਰ 57 ਦੇ ਮੁਕਾਬਲੇ 69 ਅੰਕਾਂ ਨਾਲ ਹਾਵੀ ਰਹੀ। ਇਸ ਮੈਚ ਦੌਰਾਨ ਯੋ ਯੋ ਟਾਈਗਰਜ਼ ਦੇ ਕਪਤਾਨ ਮਨਮਿੰਦਰ ਨੇ ਆਪਣੇ ਬਾਹੂ-ਬਲ ਨਾਲ ਖੇਡ ਮੈਦਾਨ ਵਿਚ ਹਨੇਰੀਆਂ ਲਿਆਈ ਰੱਖੀਆਂ। ਮਨਮਿੰਦਰ ਇਕੱਲੇ ਨੇ 22 ਅੰਕ ਲਏ। ਕਈ ਵਾਰੀ ਤਾਂ ਲਗਦਾ ਸੀ, ਜਿਵੇਂ ਉਹ ਇਕੱਲਾ ਹੀ ਮੈਚ ਵਾਲੀ ਬੀਂਡੀ ਖਿੱਚ ਰਿਹਾ ਹੋਵੇ।

ਲੀਗ ਦਾ 7ਵਾਂ ਮੈਚ ਬਹੁਤ ਅਹਿਮ ਸੀ। ਇਸ ਮੈਚ ਦੌਰਾਨ ਖਾਲਸਾ ਵਾਰੀਅਰਜ਼ ਪਹਿਲੀ ਵਾਰੀ ਯੂਨਾਈਟਿਡ ਸਿੰਘਜ਼ ਨਾਲ ਆਹਮੋ-ਸਾਹਮਣੇ ਹੋਏ। ਖਾਲਸਾ ਵਾਰੀਅਰਜ਼ ਵਲੋਂ ਜਸਮਨਪ੍ਰੀਤ ਰਾਜੂ ਦੀ ਖੇਡ ਦੀ ਲੈਅ ਲੰਮੇ ਸਮੇਂ ਤਕ ਦਰਸ਼ਕਾਂ ਦੇ ਚੇਤਿਆਂ ਵਿਚ ਰਹੇਗੀ। ਜੂੜਿਆਂ ਵਾਲੇ ਜਾਂ-ਨਿਸਾਰਾਂ ਦੀ ਟੀਮ ਇਸ ਮੈਚ ਵਿਚ 44 ਦੇ ਮੁਕਾਬਲੇ 69 ਅੰਕਾਂ ਦੇ ਫਰਕ ਨਾਲ ਜੇਤੂ ਰਹੀ। ਮੈਚ ਦੇ ਨਤੀਜੇ ਤੋਂ ਬਾਅਦ ਭਲਾ ਕੌਣ ਕਹਿ ਸਕਦਾ ਸੀ ਕਿ ਲੀਗ ਦੇ ਸਿਖਰਲੇ ਪੜਾਅ 'ਤੇ ਪਹੁੰਚ ਕੇ ਤਮਾਸ਼ੇ ਕਿਸ ਤਰ੍ਹਾਂ ਦੇ ਹੋਣ ਵਾਲੇ ਸਨ?

ਖਾਲਸਾ ਵਾਰੀਅਰਜ਼ ਨੇ ਆਪਣੇ ਤੀਜੇ ਮੈਚ ਵਿਚ ਵੈਨਕੂਵਰ ਲਾਇਨਜ਼ ਨੂੰ 45 ਦੇ ਮੁਕਾਬਲੇ 67 ਅੰਕਾਂ ਨਾਲ ਹਰਾ ਦਿੱਤਾ। ਖਾਲਸਾ ਵਾਰੀਅਰਜ਼ ਵਲੋਂ ਗੁਰਪ੍ਰੀਤ ਗੋਪੀ ਨੇ 7 ਸਟਾਪ ਲਗਾਏ, ਪਰ ਇਸ ਦਿਨ ਉਨ੍ਹਾਂ ਦੀ ਜਿੱਤ ਦਾ ਨਾਇਕ ਗਗਨਦੀਪ ਜੋਗੇਵਾਲੀਆ ਰਿਹਾ। ਉਹਨੇ 13 ਰੇਡਾਂ ਪਾਈਆਂ ਅਤੇ ਇਕ ਵਾਰ ਵੀ ਰੋਕਿਆ ਨਾ ਜਾ ਸਕਿਆ।

ਲੀਗ ਦਾ 10ਵਾਂ ਮੈਚ ਯੂਨਾਈਟਡ ਸਿੰਘਜ਼ ਅਤੇ ਕੈਲੀਫੋਰਨੀਆ ਈਗਲਜ਼ ਵਿਚਾਲੇ ਖੇਡਿਆ ਗਿਆ। ਮੈਚ ਦੌਰਾਨ ਯੂਨਾਈਟਿਡ ਸਿੰਘਜ਼ ਦਾ ਕਪਤਾਨ ਸੰਦੀਪ ਸੰਧੂ ਪੂਰੀ ਅਕੀਦਤ ਅਤੇ ਦ੍ਰਿੜਤਾ ਨਾਲ ਮੈਦਾਨ ਵਿਚ ਉਤਰਿਆ। ਉਹਨੇ 7 ਜੱਫੇ ਲਗਾਏ, ਪਰ ਇਸ ਮੈਚ ਵਿਚ ਉਨ੍ਹਾਂ ਦੀ ਲੀਗ ਵਿਚ ਵਾਪਸੀ ਵਾਲੀ ਜਿੱਤ ਸਿਗਨੇਚਰ ਬਲਜੀਤ ਨੇ ਛੱਡੇ ਜਿਸ ਨੇ ਕਿ 19 ਕਾਮਯਾਬ ਰੇਡਾਂ ਪਾ ਕੇ ਵਿਸ਼ਵ ਕਬੱਡੀ ਸਰਕਲਾਂ ਵਿਚ ਆਪਣੀ ਤਾਕਤ ਦੀ ਧਾਂਕ ਜਮਾਈ।

ਯੋ ਯੋ ਟਾਈਗਰਜ਼ ਅਤੇ ਰਾਇਲ ਕਿੰਗਜ਼ ਦੀਆਂ ਟੀਮਾਂ ਵਿਚਾਲੇ ਖੇਡਿਆ ਗਿਆ 11ਵਾਂ ਮੈਚ ਯੋ ਯੋ ਦੇ ਕਰਤਾਰੀ ਸਮਰੱਥਾ ਵਾਲੇ ਜਾਫੀ ਸੋਹਣ ਰੁੜਕੀ ਦੀ ਖੇਡ ਸਦਕਾ ਲੰਮੇ ਸਮਿਆਂ ਤਕ ਯਾਦ ਰੱਖਿਆ ਜਾਵੇਗਾ। ਅਗਲੇ ਮੈਚ ਵਿਚ ਪਾਕਿਸਤਾਨੀ ਪੰਜਾਬੀਆਂ ਦੀ ਲਾਹੌਰ ਲਾਇਨਜ਼ ਦੇ ਬੈਨਰ ਹੇਠ ਖੇਡ ਰਹੀ ਟੀਮ ਨੇ ਪੰਜਾਬ ਥੰਡਰਜ਼ ਦੀ ਟੀਮ ਨੂੰ ਬੁਰੀ ਤਰ੍ਹਾਂ ਖਦੇੜ ਦਿਤਾ। ਸ਼ਫੀਕ ਚਿਸ਼ਤੀ ਨੇ 15 ਸਫਲ ਰੇਡ ਪਾਏ, ਪਰ ਇਸ ਮੈਚ ਵਿਚ ਅਸਲ ਝੰਡੀ ਸ਼ਾਹਜ਼ਾਦ ਡੋਗਰ ਦੀ ਰਹੀ। ਡੋਗਰ ਨੇ 19 ਸਫਲ ਰੇਡਾਂ ਪਾਈਆਂ...ਤੇ ਫਿਰ ਲੀਗ ਦਾ ਸਭ ਤੋਂ ਅਹਿਮ ਡਰਾਮਈ ਮੋੜ ਉਸ ਸਮੇਂ ਆਇਆ ਜਦੋਂ ਪਾਕਿਸਤਾਨੀ ਪੰਜਾਬੀਆਂ ਨੂੰ ਖਾਲਸਾ ਵਾਰੀਅਰਜ਼ ਨਾਲ ਲੋਹਾ ਲੈਣਾ ਪਿਆ। ਇਸ ਮੈਚ ਵਿਚ ਖਾਲਸਾ ਵਾਰੀਅਰਜ਼ ਦੇ ਸੱਤੇ ਨੇ ਸ਼ਫੀਕ ਚਿਸ਼ਤੀ ਨੂੰ ਉਸ ਦੇ 60 ਸਫਲ ਰੇਡਾਂ ਤੋਂ ਬਾਅਦ ਜਦੋਂ ਪਹਿਲੀ ਵਾਰੀ ਰੋਕਿਆ, ਤਾਂ ਖੇਡ ਮੈਦਾਨ ਅੰਦਰ ਹੀ ਨਹੀਂ, ਟੈਲੀਵਿਜ਼ਨ ਅੱਗੇ ਬੈਠ ਕੇ ਮੈਚ ਵੇਖ ਰਹੇ ਦਰਸ਼ਕਾਂ ਨੇ ਖੜ੍ਹੇ ਹੋ ਕੇ ਉਸ ਦੀ ਜੈ-ਜੈਕਾਰ ਕੀਤੀ। ਕਮਾਲ ਇਹ ਸੀ ਕਿ ਵਾਰੀਅਰਜ਼ ਨੇ ਸ਼ਫੀਕ ਨੂੰ ਤਿੰਨ ਵਾਰ ਸਟਾਪ ਲਗਾਏ। ਖਾਲਸਾ ਵਾਰੀਅਰਜ਼ ਦੀ ਟੀਮ ਨੇ ਲਾਹੌਰ ਦੀ ਟੀਮ ਉਪਰ 55 ਦੇ ਮੁਕਾਬਲੇ 64 ਅੰਕਾਂ ਨਾਲ ਜਿੱਤ ਦਰਜ ਕੀਤੀ। ਲੀਗ ਮੈਚਾਂ ਦਾ ਇਹ ਉਹ ਪੜਾਅ ਸੀ ਜਦੋਂ ਪੰਜਾਬੀਆਂ ਦੇ ਖੇਡਾਂ ਨਾਲ ਸਬੰਧਤ ਹਰ ਖੇਮੇ ਵਿਚ ਖਾਲਸਿਆਂ ਦੀ ਇਹ ਟੀਮ ਦੰਤ-ਕਥਾ ਲੱਗਣ ਲੱਗੀ।

ਅਖੀਰ ਲੀਗ ਦੇ 15ਵੇਂ ਮੈਚ ਵਿਚ ਵੈਨਕੂਵਰ ਲਾਇਨਜ਼ ਨੇ ਵੀ ਆਪਣੀ ਪਹਿਲੀ ਜਿੱਤ ਦਾ ਖਾਤਾ ਖੋਲ੍ਹਿਆ। ਇਸ ਮੈਚ ਵਿਚ ਵੈਨਕੂਵਰ ਲਾਇਨਜ਼ ਦੇ ਖਿਡਾਰੀ ਅਜਿਹੇ ਜੋਸ਼ ਨਾਲ ਖੇਡੇ ਕਿ ਯੂਨਾਈਟਿਡ ਸਿੰਘਜ਼ ਜਾਂ ਕਪਤਾਨ ਸੰਦੀਪ ਨੰਗਲ ਅੰਬੀਆਂ ਨੂੰ ਉਨ੍ਹਾਂ ਦਾ ਕੋਈ ਵੀ ਤੋੜ ਨਜ਼ਰ ਨਾ ਆਇਆ। ਉਧਰ ਇਸੇ ਗੇੜ ਤਕ ਖਾਲਸਾ ਵਾਰੀਅਰਜ਼ ਚਾਰ ਮੈਚਾਂ ਤੋਂ ਪੂਰੇ 8 ਅੰਕਾਂ ਨਾਲ ਮੋਹਰੀ ਸਨ ਜਦੋਂ ਕਿ ਪਾਕਿਸਤਾਨੀ ਪੰਜਾਬ ਦੀ ਟੀਮ 6 ਅੰਕਾਂ ਨਾਲ ਦੂਜੇ ਸਥਾਨ 'ਤੇ ਸੀ।

ਲੀਗ ਦੇ ਕੁੱਲ 87 ਜਾਂ ਸ਼ਾਇਦ 88 ਮੈਚ ਹੋਣੇ ਸਨ। ਅਜੇ ਮਹਿਜ਼ 15 ਮੈਚ ਹੋਏ ਸਨ, ਪਰ ਇਸ ਮੁਢਲੇ ਗੇੜ ਤੋਂ ਬਾਅਦ ਪਟਾਕੇ ਪੈਣੇ ਸ਼ੁਰੂ ਹੋ ਗਏ। ਲੀਗ ਦੇ ਪਹਿਲੇ ਅੱਧੇ ਯਾਨਿ 45 ਮੈਚਾਂ ਦੌਰਾਨ ਸਭ ਤੋਂ ਪਹਿਲਾ ਝਟਕਾ ਦਰਸ਼ਕਾਂ ਨੂੰ ਉਸ ਸਮੇਂ ਲੱਗਾ ਜਦੋਂ ਪੰਜਾਬ ਥੰਡਰਜ਼ ਨੇ ਖਾਲਸਾ ਵਾਰੀਅਰਜ਼ ਦੇ ਜੇਤੂ ਰੱਥ ਨੂੰ 58-58 ਅੰਕਾਂ ਦੀ ਬਰਾਬਰੀ 'ਤੇ ਰੋਕ ਦਿੱਤਾ। ਮੈਚ ਦੇ ਆਖਰੀ ਅੰਕ ਦਾ ਡਰਾਮਾ ਤਾਂ ਬਹੁਤ ਰੌਚਕ ਸੀ। ਖਾਲਸਾ ਵਾਰੀਅਰਜ਼ ਦੇ ਜ਼ੋਰਦਾਰ ਖਿਡਾਰੀ ਜਸਮਨਪ੍ਰੀਤ ਨੇ ਰੇਡ ਪਾਇਆ। ਰੈਫਰੀ ਨੇ ਫੈਸਲਾ ਉਸ ਦੇ ਹੱਕ ਵਿਚ ਦੇ ਦਿੱਤਾ, ਪਰ ਪਿਛੋਂ ਕਿੰਨੀ ਹੀ ਦੇਰ ਤਕ ਵੱਖ-ਵੱਖ ਕੋਨਿਆਂ ਤੋਂ ਜਾਂ ਟੀ.ਵੀ. ਟੈਕਨਾਲੋਜੀ ਦੀ ਸਹਾਇਤਾ ਨਾਲ ਫੈਸਲਾ ਜਸਮਨਪ੍ਰੀਤ ਦੇ ਵਿਰੁਧ ਦੇ ਦਿੱਤਾ ਗਿਆ। ਇਸ ਤੋਂ ਵੀ ਫਸਵਾਂ ਮੈਚ ਦਰਸ਼ਕਾਂ ਨੂੰ ਉਦੋਂ ਵੇਖਣ ਨੂੰ ਮਿਲਿਆ ਜਦੋਂ ਵੈਨਕੂਵਰ ਲਾਇਨਜ਼ ਦੀ ਟੀਮ ਨੇ ਪਾਕਿਸਤਾਨੀ ਪੰਜਾਬ ਦੀ ਟੀਮ ਦੀ ਨਾਂਹ ਕਰਵਾ ਦਿੱਤੀ। ਲਾਹੌਰ ਲਾਇਨਜ਼ ਨੇ ਮੈਚ 54 ਦੇ ਮੁਕਾਬਲੇ 55 ਅੰਕਾਂ ਨਾਲ ਜਿੱਤ ਤਾਂ ਲਿਆ, ਪਰ ਇਸ ਨਤੀਜੇ ਪਿਛੋਂ ਲੰਮੇ ਸਮੇਂ ਤਕ ਰੌਲਾ ਪੈਂਦਾ ਰਿਹਾ। ਚਰਚਾ ਸੀ ਕਿ ਲਾਹੌਰ ਵਾਲਿਆਂ ਦੀ ਇਕ ਰੇਡ ਵੱਧ ਪੈ ਗਈ ਸੀ।




*ਇਕ ਮੈਚ ਦੌਰਾਨ ਕੈਲੀਫੋਰਨੀਆ ਈਗਲਜ਼ ਦੇ ਬਲਦੇਵ ਸਿੰਘ ਨੂੰ ਡੱਕਣ ਲਈ ਅਹੁਲਦਾ ਹੋਇਆ ਸੰਦੀਪ ਸੰਧੂ (ਖੱਬੇ)*


40-45 ਮੈਚਾਂ ਤੋਂ ਬਾਅਦ ਇਕ ਹੋਰ ਕਮਾਲ ਦੀ ਗੱਲ ਇਹ ਸੀ ਕਿ ਰਾਇਲ ਕਿੰਗਜ਼ ਦੀ ਟੀਮ ਇਸ ਸਮੇਂ ਤਕ ਹੀ ਬੇਸ਼ਕ ਟਰਾਫੀ ਦੀ ਦੌੜ ਵਿਚੋਂ ਸਭ ਤੋਂ ਪਹਿਲਾਂ ਬਾਹਰ ਹੋ ਗਈ ਸੀ, ਪਰ ਗੁਰਲਾਲ ਘਨੌਰ ਨੇ 205 ਕਬੱਡੀਆਂ ਪਾ ਕੇ ਆਪਣੀ ਖੇਡ ਦੇ ਨਕਸ਼ ਦਰਸ਼ਕਾਂ ਦੇ ਚੇਤਿਆਂ ਵਿਚ ਉਤਾਰ ਦਿਤੇ ਹੋਏ ਸਨ। ਸੁਲਤਾਨ ਸਿੰਘ 194 ਰੇਡਾਂ 'ਤੇ 174 ਅੰਕ ਲੈ ਕੇ ਅਤੇ ਪਾਕਿਸਤਾਨੀ ਖਿਡਾਰੀ ਸ਼ਫੀਕ ਚਿਸ਼ਤੀ 187 ਰੇਡਾਂ ਤੋਂ 170 ਅੰਕ ਲੈ ਕੇ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੇ ਹੋਏ ਸਨ। ਨੰਗਲ ਅੰਬੀਆਂ ਵਾਲੇ ਸੰਦੀਪ ਸੰਧੂ ਨੇ 68 ਕਾਮਯਾਬ ਪਕੜਾਂ ਲਗਾਈਆਂ ਸੀ ਪਰ ਉਹਦੀ ਟੀਮ ਕਾਫੀ ਪਛੜੀ ਹੋਈ ਸੀ।

ਸੈਮੀ ਫਾਈਨਲ ਵਿਚ ਖਾਲਸਾ ਵਾਰੀਅਰਜ਼ ਨੇ ਵੈਨਕੂਵਰ ਲਾਇਨਜ਼ ਨੂੰ ਮੁਕਾਬਲਤਨ ਸਹਿਜ ਨਾਲ ਹੀ 60 ਦੇ ਮੁਕਾਬਲੇ 70 ਅੰਕਾਂ ਦੇ ਫਰਕ ਨਾਲ ਹਰਾ ਕੇ ਲੀਗ ਦੇ ਫਾਈਨਲ ਵਿਚ ਦਾਖਲਾ ਪਾ ਲਿਆ। ਕਪਤਾਨ ਸੰਦੀਪ ਦੀ ਯੂਨਾਈਟਿਡ ਸਿੰਘਜ਼ ਅਤੇ ਕੈਲੀਫੋਰਨੀਆ ਈਗਲਜ਼ ਵਿਚਾਲੇ ਖੇਡਿਆ ਗਿਆ ਦੂਜਾ ਸੈਮੀ ਫਾਈਨਲ ਵਧੇਰੇ ਕਰੜਾ ਰਿਹਾ। ਮੈਚ ਕਈ ਵਾਰੀ ਹੇਠਾਂ-ਉਤੇ ਗਿਆ, ਪਰ ਅੰਤਿਮ ਜਿੱਤ ਸੰਦੀਪ ਦੀ ਟੀਮ ਯੂਨਾਈਟਡ ਸਿੰਘਜ਼ ਦੀ ਹੋਈ।

ਯੂਨਾਈਟਡ ਸਿੰਘਜ਼ ਅਤੇ ਖਾਲਸਾ ਵਾਰੀਅਰਜ਼ ਵਿਚਕਾਰ ਫਾਈਨਲ ਮੈਚ ਬਹੁਤ ਆਕਰਸ਼ਕ ਰਿਹਾ। ਖਾਲਸਾ ਵਾਰੀਅਰਜ਼ ਨੇ ਸ਼ੁਰੂਆਤ ਬਹੁਤ ਜ਼ੋਰਦਾਰ ਕੀਤੀ ਅਤੇ ਵਿੰਹਦਿਆਂ-ਵਿੰਹਦਿਆਂ ਇਕ ਦੇ ਮੁਕਾਬਲੇ 7 ਅੰਕਾਂ ਦੀ ਲੀਡ ਲੈ ਲਈ। ਡਰ ਇਹ ਲੱਗਣ ਲੱਗ ਪਿਆ ਕਿ ਕਿਧਰੇ ਮੈਚ ਇਕਪਾਸੜ ਹੋ ਕੇ ਲੀਗ ਦਾ ਸਾਰਾ ਮਜ਼ਾ ਹੀ ਕਿਰਕਿਰਾ ਨਾ ਹੋ ਜਾਵੇ। ਸੰਦੀਪ ਦੀ ਟੀਮ ਨੇ ਮੋੜਵਾਂ ਜ਼ੋਰ ਮਾਰਿਆ, ਪਰ ਪਹਿਲੇ ਕੁਆਰਟਰ ਵਿਚ ਕਹਾਣੀ 18-11 'ਤੇ ਹੀ ਰਹੀ। ਦੂਜੇ ਕੁਆਰਟਰ ਵਿਚ ਮੈਚ ਬੜੀ ਜਲਦੀ ਪਹਿਲਾਂ 27-27 ਅੰਕਾਂ ਅਤੇ ਫਿਰ 36-36 ਅੰਕਾਂ ਦੀ ਬਰਾਬਰੀ 'ਤੇ ਆ ਗਿਆ।

ਆਖਰ ਮੈਚ ਆਖਰੀ ਗੇੜ ਵੱਲ ਵਧਿਆ ਅਤੇ ਖਾਲਸਾ ਵਾਰੀਅਰਜ਼ 48 ਦੇ ਮੁਕਾਬਲੇ 52 ਅੰਕਾਂ ਨਾਲ ਜਿੱਤ ਵੱਲ ਵਧ ਰਹੇ ਸਨ।...ਤੇ ਹੁਣ ਇਹ ਸੀ ਉਹ ਮੁਕਾਮ ਜਦੋਂ ਸੰਦੀਪ ਨੰਗਲ ਅੰਬੀਆਂ ਵਾਲੇ ਨੇ ਚੋਟੀ ਦੇ ਖਾਲਸਾ ਧਾਵੀਆਂ ਨੂੰ ਉਪਰੋਥਲੀ ਜੱਫੇ ਲਗਾ ਕੇ ਪਹਿਲਾਂ ਮੈਚ 53-53 ਅੰਕਾਂ ਦੀ ਬਰਾਬਰੀ 'ਤੇ ਲਿਆਂਦਾ ਅਤੇ ਅਖੀਰੀ ਅੰਕਾਂ ਦੀ ਸੂਈ ਨੂੰ 55-58 ਅੰਕਾਂ 'ਤੇ ਘੁਮਾ ਕੇ ਇਕ ਤਰ੍ਹਾਂ ਨਾਲ ਵਾਰੀਅਰਜ਼ ਦੇ ਹੱਥਾਂ ਵਿਚ ਆਈ ਟਰਾਫੀ ਖੋਹ ਲਈ। ਇਸ ਮੈਚ ਦਾ ਸਰਵੋਤਮ ਰੇਡਰ ਭਲੇ ਹੀ ਮਨਜੋਤ ਗਿੱਲ ਰਿਹਾ, ਪਰ ਬੈਸਟ ਸਟਾਪਰ ਦਾ ਖਿਤਾਬ ਸੰਦੀਪ ਸੰਧੂ ਦੇ ਹੱਕ ਵਿਚ ਗਿਆ।

ਮਨਜੋਤ ਅਤੇ ਗਗਨਦੀਪ ਜੋਗੇਵਾਲੀਆ ਦੀ ਟੀਮ ਵਾਰੀਅਰਜ਼ ਨੇ ਲੀਗ ਵਿਚ ਖੇਡੇ 23 ਮੈਚਾਂ ਵਿਚੋਂ 18 ਮੈਚ ਜਿੱਤੇ, ਇਕ ਬਰਾਬਰੀ 'ਤੇ ਕੱਢਿਆ ਸੀ ਅਤੇ ਸੰਦੀਪ ਦੀ ਟੀਮ ਨੂੰ ਵੀ ਕਰੜੀ ਸਿਕੱਸ਼ਤ ਦਿਤੀ ਸੀ। ਯੂਨਾਈਟਿਡ ਸਿੰਘਜ਼ ਵਾਲਿਆਂ ਨੇ ਸਾਰੀ ਲੀਗ ਵਿਚ 12 ਮੈਚ ਜਿੱਤੇ ਸਨ ਅਤੇ 8 ਮੈਚਾਂ ਵਿਚ ਉਨ੍ਹਾਂ ਨੂੰ ਹਾਰ ਖਾਣੀ ਪਈ ਸੀ; ਪਰ ਸੱਚ ਇਹੀ ਹੈ ਕਿ ਉਸ ਰੋਜ਼ ਮਨਜੋਤ ਗਿੱਲ ਦਾ ਨਹੀਂ, ਬਲਕਿ ਵਿਸ਼ਵ ਕਬੱਡੀ ਜਗਤ ਦੇ ਮਹਾਨ ਜਾਫੀ ਸੰਦੀਪ ਦਾ ਦਿਨ ਸੀ। ਸਮੁੱਚੀ ਲੀਗ ਦੌਰਾਨ ਸੰਦੀਪ ਨੇ 154 ਸਟਾਪ ਲਗਾਏ ਸਨ। ਇਸ ਲਈ ਵਿਸ਼ਵ ਕਬੱਡੀ ਦਾ ਤਾਜ ਜੇ ਸੰਦੀਪ ਨੰਗਲ ਅੰਬੀਆਂ ਦੇ ਸਿਰ ਦਾ ਸ਼ਿੰਗਾਰ ਬਣਿਆ ਤਾਂ ਇਸ ਦੇ ਤਕੜੇ ਦਾਅਵੇਦਾਰਾਂ ਵਿਚ ਸ਼ੁਮਾਰ ਤਾਂ ਉਹ ਹੈ ਹੀ ਸੀ।



*ਜਸਮਨਪ੍ਰੀਤ ਰਾਜੂ*



*ਪਾਕਿਸਤਾਨੀ ਖਿਡਾਰੀ ਸ਼ਫੀਕ ਚਿਸ਼ਤੀ*




*ਵੇਵ ਕਬੱਡੀ ਲੀਗ ਦੀ ਜੇਤੂ ਇਨਾਮ ਰਾਸ਼ੀ ਦਾ ਚੈਕ ਪ੍ਰਾਪਤ ਕਰਦਾ ਹੋਇਆ ਨੰਗਲ ਅੰਬੀਆਂ ਵਾਲਾ ਸੰਦੀਪ ਸੰਧੂ*

ਗੁਰਮਤਿ ਵਿਚਾਰ

# ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ



ਡਾ. ਗੁਰਨਾਮ ਕੌਰ, ਕੈਨੇਡਾ

ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਜੀਵ ਨੂੰ ਇਸ ਸੰਸਾਰ ਤੋਂ ਕੂਚ ਕਰਨਾ ਪੈਂਦਾ ਹੈ, ਉਮਰ ਭਾਵੇਂ ਛੋਟੀ ਹੋਵੇ, ਭਾਵੇਂ ਵੱਡੀ। ਗੁਰੂ ਸਾਹਿਬ ਨੇ ਫਰਮਾਇਆ ਹੈ ਕਿ ਜਦੋਂ ਉਸ ਸਿਰਜਣਹਾਰ ਦੇ ਹੁਕਮ ਅਨੁਸਾਰ ਮੌਤ ਦਾ ਸੱਦਾ ਆਉਂਦਾ ਹੈ ਤਾਂ ਸਰੀਰ ਦੇ ਨੌਂ ਦਰਵਾਜ਼ੇ ਬੰਦ ਹੋ ਜਾਂਦੇ ਹਨ ਅਰਥਾਤ ਮੂੰਹ, ਕੰਨ, ਨੱਕ ਆਦਿ ਗਿਆਨ ਇੰਦ੍ਰੀਆਂ ਆਪਣਾ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ ਅਤੇ ਹੰਸ ਭਾਵ ਜੀਵ-ਆਤਮਾ ਉਪਰ ਪਰਲੋਕ ਵਿਚ ਚਲਾ ਜਾਂਦਾ ਹੈ। ਪਤੀ ਤੋਂ ਬਿਨਾ ਇਸਤਰੀ ਇਕੱਲੀ ਰਹਿ ਜਾਂਦੀ ਹੈ, ਪਤੀ ਤੋਂ ਵਿਛੜ ਜਾਂਦੀ ਹੈ, ਉਹ ਮਾਇਆ ਦੇ ਮੋਹ ਵਿਚ ਅਰਥਾਤ ਸੰਸਾਰਕ ਮੋਹ ਵਿਚ ਲੁੱਟੀ ਜਾਂਦੀ ਹੈ। ਉਹ ਪਤੀ-ਵਿਹੂਣੀ ਹੋ ਜਾਂਦੀ ਹੈ, ਉਸ ਦੇ ਪਤੀ ਦੀ ਮ੍ਰਿਤਕ ਦੇਹ ਘਰ ਦੇ ਵਿਹੜੇ ਵਿਚ ਪਈ ਹੁੰਦੀ ਹੈ ਅਤੇ ਉਹ ਦਹਿਲੀਜਾਂ ਵਿਚ ਬੈਠੀ ਰੋਂਦੀ ਹੈ। ਉਹ ਆਪਣੀ ਮਾਂ ਨਾਲ ਆਪਣਾ ਗਮ ਸਾਂਝਾ ਕਰਦੀ ਹੈ, ਮਾਂ ਨੂੰ ਪੁਕਾਰਦੀ ਹੈ ਕਿ ਹੇ ਮਾਏ! ਇਸ ਮੌਤ ਨੂੰ ਦੇਖ ਕੇ ਮੇਰੀ ਸੁਰਤਿ ਮਾਰੀ ਗਈ ਹੈ, ਮੈਨੂੰ ਕੋਈ ਸੋਝੀ ਨਹੀਂ ਰਹੀ। ਗੁਰੂ ਨਾਨਕ ਸਾਹਿਬ ਜੀਵ-ਇਸਤਰੀ ਨੂੰ ਸੰਬੋਧਨ ਕਰਦੇ ਹਨ, ਪ੍ਰਾਣੀ-ਮਾਤਰ ਨੂੰ ਉਪਦੇਸ਼ ਦਿੰਦੇ ਹਨ ਕਿ ਇਹ ਅਕਾਲ ਪੁਰਖ ਦਾ ਭਾਣਾ ਹੈ ਇਸ ਲਈ ਤੁਸੀਂ ਉਸ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੇ ਗੁਣਾਂ ਨੂੰ, ਉਸ ਦੀ ਸਿਫਤਿ-ਸਾਲਾਹ ਨੂੰ ਆਪਣੇ ਹਿਰਦੇ ਵਿਚ ਵਸਾ ਕੇ ਵੈਰਾਗ ਵਿਚ ਆਉ,

ਨਉ ਦਰ ਠਾਕੇ ਹੁਕਮਿ ਸਚੈ
ਹੰਸੁ ਗਇਆ ਗੈਣਾਰੇ॥
ਸਾਧਨ ਛੁਟੀ ਮੁਠੀ ਝੂਠਿ ਵਿਧਣੀਆ
ਮਿਰਤਕੜਾ ਅੰਙਨੜੇ ਬਾਰੇ॥
ਸੁਰਤਿ ਮੁਈ ਮਰੁ ਮਾਈਏ
ਮਹਲ ਰੁੰਨੀ ਦਰਬਾਰੇ॥
ਰੋਵਹੁ ਕੰਤ ਮਹੇਲੀਹੋ
ਸਚੇ ਕੇ ਗੁਣ ਸਾਰੇ॥੫॥ (ਪੰਨਾ ੫੮੦)

ਅਗਲੀਆਂ ਤੁਕਾਂ ਵਿਚ ਦੱਸਿਆ ਹੈ ਕਿ ਅੰਤਿਮ ਵੇਲੇ ਪ੍ਰਾਣੀ ਨੂੰ ਜਲ ਨਾਲ ਮਲ ਕੇ ਨੁਹਾਉਂਦੇ ਹਨ ਅਰਥਾਤ ਇਸ਼ਨਾਨ ਕਰਵਾਇਆ ਜਾਂਦਾ ਹੈ ਅਤੇ ਰੇਸ਼ਮ ਦੇ ਸੁਹਣੇ ਬਸਤਰ ਪਹਿਨਾਏ ਜਾਂਦੇ ਹਨ। ਅੰਤਿਮ ਸਮੇਂ ਵਾਜੇ ਵਜਾਏ ਗਏ ਅਤੇ ਚੰਗੇ ਚੰਗੇ ਸ਼ਬਦਾਂ ਨਾਲ ਪਰਮਾਤਮਾ ਦਾ ਨਾਮ ਲੈ ਕੇ ਸਕੇ ਸਬੰਧੀ ਮਨ ਮਾਰ ਕੇ ਵਿਛੋੜੇ ਦੇ ਗਮ ਨਾਲ ਮੋਇਆਂ ਵਰਗੇ ਹੋ ਗਏ। ਇਸਤਰੀ ਅਜਿਹੇ ਸਮੇਂ ਆਪਣਾ ਦੁੱਖ ਪਰਗਟ ਕਰਦੀ ਹੈ ਕਿ ਪਤੀ ਦੇ ਵਿਛੜ ਜਾਣ ਨਾਲ ਉਸ ਦਾ ਜੀਵਨ ਵੀ ਮਰਨ ਬਰਾਬਰ ਹੋ ਗਿਆ ਹੈ ਅਤੇ ਦੁਨੀਆਂ 'ਤੇ ਉਸ ਦਾ ਜੀਵਨ ਧ੍ਰਿਗ ਹੈ, ਬੇਕਾਰ ਹੈ। ਗੁਰੂ ਸਾਹਿਬ ਮਨੁੱਖ ਨੂੰ ਨਸੀਹਤ ਕਰਦੇ ਹਨ ਕਿ ਸੱਚਾ ਮਰਨਾ ਤਾਂ ਹੁੰਦਾ ਹੈ ਜਦੋਂ ਮਨੁੱਖ ਉਸ ਸੱਚੇ ਪਤੀ ਅਕਾਲ ਪੁਰਖ ਦੇ ਪ੍ਰੇਮ ਵਿਚ ਕਿਰਤ-ਕਮਾਈ ਕਰਕੇ ਜਿਉਂਦਾ ਹੈ ਅਤੇ ਆਪਣੇ ਮਨ ਨੂੰ ਸੰਸਾਰਕ ਮੋਹ ਵਲੋਂ ਮਾਰ ਲੈਂਦਾ ਹੈ, ਉਹ ਮਰਨਾ ਸੱਚਾ ਮਰਨਾ ਹੈ,

ਜਲਿ ਮਲਿ ਜਾਨੀ ਨਾਵਾਲਿਆ
ਕਪੜਿ ਪਟਿ ਅੰਬਾਰੇ॥
ਵਾਜੇ ਵਜੇ ਸਚੀ ਬਾਣੀਆ
ਪੰਚ ਮੁਏ ਮਨੁ ਮਾਰੇ॥
ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ
ਧ੍ਰਿਗੁ ਜੀਵਣੁ ਸੰਸਾਰੇ॥
ਜੀਵਤੁ ਮਰੈ ਸੁ ਜਾਣੀਐ
ਪਿਰ ਸਚੜੈ ਹੇਤਿ ਪਿਆਰੇ॥੬॥
(ਪੰਨਾ ੫੮੦)

ਅੱਗੇ ਜੀਵ-ਇਸਤਰੀਆਂ ਨੂੰ ਚੇਤੰਨ ਕੀਤਾ ਹੈ ਕਿ ਜਿੰਨਾ ਚਿਰ ਤੁਹਾਨੂੰ ਇਸ ਸੰਸਾਰਕ ਮੋਹ ਨੇ ਠੱਗਿਆ ਹੋਇਆ ਹੈ, ਤੁਸੀਂ ਮਾਇਆਵੀ ਮੋਹ ਵਿਚ ਠੱਗੀਆਂ ਰਹੋਗੀਆਂ, ਉਦੋਂ ਤੱਕ ਤੁਸੀਂ ਦੁਖੀ ਹੋ ਕੇ ਰੋਂਦੇ ਰਹਿਣਾ ਹੈ। ਇਹੀ ਸਮਝਿਆ ਜਾਂਦਾ ਹੈ ਕਿ ਜੀਵ-ਇਸਤਰੀ ਦੁੱਖ ਭੋਗਣ ਲਈ ਹੀ ਸੰਸਾਰ 'ਤੇ ਆਉਂਦੀ ਹੈ। ਇਥੇ ਜੀਵ-ਇਸਤਰੀ ਸਮਝਾਉਂਦੀ ਹੈ ਕਿ ਉਹ ਸੰਸਾਰਕ ਮੋਹ ਵਿਚ ਠੱਗੀ ਜਾ ਰਹੀ ਹੈ ਅਤੇ ਸੰਸਾਰਕ ਧੰਦਿਆਂ ਵਿਚ ਭਟਕ ਰਹੀ ਹੈ, ਇਸ ਲਈ ਉਸ ਨੂੰ ਪਰਮਾਤਮਾ-ਪਤੀ ਨੇ ਵਿਸਾਰਿਆ ਹੋਇਆ ਹੈ ਅਤੇ ਉਹ ਨਿਖਸਮੀ ਇਸਤਰੀ ਦੀ ਤਰ੍ਹਾਂ ਜੀਵਨ ਬਸਰ ਕਰ ਰਹੀ ਹੈ। ਉਹ ਅਕਾਲ ਪੁਰਖ ਸੁਆਮੀ ਹਰ ਇੱਕ ਦੇ ਅੰਦਰ ਵੱਸ ਰਿਹਾ ਹੈ। ਸੁਹਾਗਣ ਜੀਵ-ਇਸਤਰੀਆਂ ਘਰ ਘਰ ਅੰਦਰ ਹਨ ਜਿਹੜੀਆਂ ਉਸ ਸੁੰਦਰ ਮਾਲਕ ਅਕਾਲ ਪੁਰਖ ਦੇ ਪਿਆਰ ਵਿਚ, ਉਸ ਦੇ ਪ੍ਰੇਮ ਵਿਚ ਮਗਨ ਰਹਿੰਦੀਆਂ ਹਨ। ਜਦੋਂ ਤੱਕ ਜੀਵ ਇਸਤਰੀ ਉਸ ਸਦਾ ਕਾਇਮ ਰਹਿਣ ਵਾਲੇ ਪਰਮਾਤਮ-ਪਤੀ ਦੀ ਸਿਫਤਿ-ਸਾਲਾਹ ਕਰਦੀ ਹੈ, ਉਸ ਦੇ ਗੁਣਾਂ ਦਾ ਗਾਇਨ ਕਰਦੀ ਹੈ, ਉਸ ਅਕਾਲ ਪੁਰਖ ਦੇ ਨਾਮ ਵਿਚ ਜੁੜੇ ਰਹਿਣ ਕਾਰਨ ਉਸ ਦਾ ਮਨ ਅਤੇ ਤਨ-ਦੋਵੇਂ ਖਿੜਾਉ ਵਿਚ ਰਹਿੰਦੇ ਹਨ, ਸੱਚੇ ਪਰਮਾਤਮਾ ਦਾ ਨਾਮ ਸਿਮਰਨ ਨਾਲ ਸਦੀਵੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ,

ਤੁਸੀ ਰੋਵਹੁ ਰੋਵਣ ਆਈਹੋ
ਝੂਠਿ ਮੁਠੀ ਸੰਸਾਰੇ॥
ਹਉ ਮੁਠੜੀ ਧੰਧੈ ਧਾਵਣੀਆ
ਪਿਰਿ ਛੋਡਿਅੜੀ ਵਿਧਣਕਾਰੇ॥
ਘਰਿ ਘਰਿ ਕੰਤੁ ਮਹੇਲੀਆ
ਰੂੜੈ ਹੇਤਿ ਪਿਆਰੇ॥
ਮੈ ਪਿਰੁ ਸਚੁ ਸਾਲਾਹਣਾ
ਹਉ ਰਹਸਿਅੜੀ ਨਾਮਿ ਭਤਾਰੇ॥੭॥
(ਪੰਨਾ ੫੮੦-੮੧)

ਗੁਰੂ ਨਾਨਕ ਸਾਹਿਬ ਸਮਝਾਉਂਦੇ ਹਨ ਕਿ ਜਿਸ ਜੀਵ-ਇਸਤਰੀ ਨੂੰ ਗੁਰੂ ਮਿਲ ਪੈਂਦਾ ਹੈ ਉਸ ਦਾ ਕਾਇਆ-ਕਲਪ ਹੋ ਜਾਂਦਾ ਹੈ, ਉਸ ਦਾ ਵੇਸ ਪਲਟ ਗਿਆ ਹੈ ਭਾਵ ਉਸ ਦਾ ਸੁਭਾਅ ਚੰਗਾ ਹੋ ਗਿਆ ਹੈ ਅਤੇ ਅਕਾਲ ਪੁਰਖ ਦਾ ਨਾਮ ਉਸ ਦਾ ਸੱਚਾ ਸ਼ਿੰਗਾਰ ਬਣਿਆ ਹੈ। ਉਹ ਜੀਵ-ਇਸਤਰੀ ਆਪਣੀਆਂ ਸੰਗੀ ਇਸਤਰੀਆਂ ਨੂੰ ਕਹਿੰਦੀ ਹੈ ਕਿ ਆਉ ਮਿਲ ਬੈਠ ਕੇ, ਸੰਗਤੀ ਰੂਪ ਵਿਚ ਉਸ ਅਕਾਲ ਪੁਰਖ ਦਾ ਸਿਮਰਨ ਕਰੀਏ ਜਿਸ ਨੇ ਇਸ ਸੰਸਾਰ ਦੀ ਸਿਰਜਣਾ ਕੀਤੀ ਹੈ। ਜਿਹੜੀ ਜੀਵ ਇਸਤਰੀ ਅਕਾਲ ਪੁਰਖ ਦੇ ਨਾਮ ਵਿਚ ਆਪਣੀ ਸੁਰਤਿ ਜੋੜਦੀ ਹੈ, ਉਹ ਸੁਹਾਗ ਭਾਗ ਵਾਲੀ ਹੋ ਜਾਂਦੀ ਹੈ ਅਤੇ ਸਦੀਵੀ ਕਾਇਮ ਰਹਿਣ ਵਾਲਾ ਵਾਹਿਗੁਰੂ ਉਸ ਦੇ ਜੀਵਨ ਨੂੰ ਸੁਹਣਾ ਬਣਾ ਦਿੰਦਾ ਹੈ। ਗੁਰੂ ਸਾਹਿਬ ਜੀਵ-ਇਸਤਰੀ ਨੂੰ ਸਮਝਾਉਂਦੇ ਹਨ ਕਿ ਵਿਛੋੜੇ ਦਾ ਗੀਤ ਨਾ ਗਾਉ ਬਲਕਿ ਅਕਾਲ ਪੁਰਖ ਦਾ ਵਿਚਾਰ ਕਰੀਏ, ਉਸ ਦੀ ਸਿਫਤਿ-ਸਾਲਾਹ ਕਰੀਏ, ਫਿਰ ਕਦੀ ਉਸ ਤੋਂ ਵਿਛੋੜਾ ਨਹੀਂ ਹੋਵੇਗਾ,

ਗੁਰਿ ਮਿਲਿਐ ਵੇਸੁ ਪਲਟਿਆ
ਸਾਧਨ ਸਚੁ ਸੀਗਾਰੋ॥
ਆਵਹੁ ਮਿਲਹੁ ਸਹੇਲੀਹੋ
ਸਿਮਰਹੁ ਸਿਰਜਣਹਾਰੋ॥
ਬਈਅਰਿ ਨਾਮਿ ਸੋੁਹਾਗਣੀ
ਸਚੁ ਸਵਾਰਣਹਾਰੋ॥
ਗਾਵਹੁ ਗੀਤੁ ਨ ਬਿਰਹੜਾ
ਨਾਨਕ ਬ੍ਰਹਮ ਬੀਚਾਰੋ॥੮॥੩॥
(ਪੰਨਾ ੫੮੧)

ਅਗਲੇ ਸ਼ਬਦ ਵਿਚ ਇਸੇ ਵਿਚਾਰ ਨੂੰ ਜਾਰੀ ਰੱਖਦਿਆਂ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਉਹ ਅਕਾਲ ਪੁਰਖ ਜਿਸ ਨੇ ਇਸ ਸੰਸਾਰ ਦੀ ਰਚਨਾ ਕਰਕੇ ਫਿਰ ਆਪ ਹੀ ਇਸ ਨੂੰ ਆਪਣੇ ਵਿਚ ਸਮਾ ਲਿਆ ਹੈ, ਉਸ ਨੂੰ ਕੁਦਰਤਿ ਰਾਹੀਂ ਜਾਣੋ, ਉਹ ਆਪਣੀ ਕੁਦਰਤਿ ਵਿਚ ਵੱਸਦਾ ਹੈ। ਉਸ ਸਦੀਵੀ ਕਾਇਮ ਰਹਿਣ ਵਾਲੀ ਹਸਤੀ ਨੂੰ ਦੂਰ ਲੱਭਣ ਦੀ ਜ਼ਰੂਰਤ ਨਹੀਂ ਹੈ, ਉਹ ਘਟ ਘਟ ਅਰਥਾਤ ਹਰ ਰਚਨਾ ਵਿਚ ਸ਼ਬਦ ਰੂਪ ਹੋ ਕੇ ਵੱਸ ਰਿਹਾ ਹੈ, ਉਸ ਦੀ ਵਿਆਪਕਤਾ ਨੂੰ ਪਛਾਨਣ ਦੀ ਜ਼ਰੂਰਤ ਹੈ। ਜਿਸ ਪਰਮਾਤਮਾ ਨੇ ਇਹ ਰਚਨਾ ਰਚੀ ਹੈ, ਉਸ ਨੂੰ ਉਸ ਦੀ ਕੁਦਰਤਿ ਤੋਂ ਦੂਰ ਨਹੀਂ ਸਮਝਣਾ, ਉਸ ਨੂੰ ਕੁਦਰਤਿ ਵਿਚ ਵਰਤ ਰਹੇ ਉਸ ਦੇ ਹੁਕਮ ਰਾਹੀਂ ਪਛਾਨਣਾ ਹੈ। ਜਦੋਂ ਮਨੁੱਖ ਅਕਾਲ ਪੁਰਖ ਦਾ ਨਾਮ ਸਿਮਰਦਾ ਹੈ ਤਾਂ ਉਸ ਨੂੰ ਆਤਮਿਕ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਉਸ ਨੂੰ ਆਤਮਿਕ ਅਨੰਦ ਮਿਲਦਾ ਹੈ। ਪਰ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਤੋਂ ਬਿਨਾਂ ਦੁਨੀਆਂ ਵਿਕਾਰਾਂ ਦੇ ਸਾਹਮਣੇ ਜਿੱਤਣ ਤੋਂ ਅਸਮਰੱਥ ਹੋ ਜਾਂਦੀ ਹੈ। ਜਿਸ ਨੇ ਇਸ ਦੁਨੀਆਂ ਨੂੰ ਪੈਦਾ ਕੀਤਾ ਹੈ, ਇਸ ਦੀ ਸਥਾਪਨਾ ਕੀਤੀ ਹੈ ਉਹ ਹੀ ਇਸ ਦੀ ਰੱਖਿਆ ਕਰਨ ਦੀ ਵਿਧੀ ਜਾਣਦਾ ਹੈ, ਕੋਈ ਜੀਵ ਕੋਈ ਹੋਰ ਉਪਦੇਸ਼ ਬਿਆਨ ਨਹੀਂ ਕਰ ਸਕਦਾ। ਜਿਸ ਨੇ ਇਸ ਸੰਸਾਰ ਦੀ ਸਥਾਪਨਾ ਕਰਕੇ ਮਾਇਆ-ਮੋਹ ਰੂਪੀ ਜਾਲ ਵੀ ਆਪ ਹੀ ਵਿਛਾਇਆ ਹੈ, ਉਹ ਹੀ ਸਭ ਦਾ ਮਾਲਕ ਹੈ ਜੋ ਸਭ ਦੀ ਰੱਖਿਆ ਕਰਨ ਦੇ ਸਮਰੱਥ ਹੈ,

ਜਿਨਿ ਜਗੁ ਸਿਰਜਿ ਸਮਾਇਆ
ਸੋ ਸਾਹਿਬੁ ਕੁਦਰਤਿ ਜਾਣੋਵਾ॥
ਸਚੜਾ ਦੂਰਿ ਨ ਭਾਲੀਐ
ਘਟਿ ਘਟਿ ਸਬਦੁ ਪਛਾਣੋਵਾ॥
ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ
ਜਿਨਿ ਏਹ ਰਚਨਾ ਰਾਚੀ॥
ਨਾਮੁ ਧਿਆਏ ਤਾ ਸੁਖੁ ਪਾਏ
ਬਿਨੁ ਨਾਵੈ ਪਿੜ ਕਾਚੀ॥
ਜਿਨਿ ਥਾਪੀ ਬਿਧਿ ਜਾਣੈ ਸੋਈ
ਕਿਆ ਕੋ ਕਹੈ ਵਖਾਣੋ॥
ਜਿਨਿ ਜਗੁ ਥਾਪਿ ਵਤਾਇਆ ਜਾਲੋ
ਸੋ ਸਾਹਿਬੁ ਪਰਵਾਣੋ॥੧॥ (ਪੰਨਾ ੫੮੧)

ਅੱਗੇ ਬਿਆਨ ਕੀਤਾ ਹੈ ਕਿ ਜੋ ਜੋ ਵੀ ਇਸ ਸੰਸਾਰ 'ਤੇ ਪੈਦਾ ਹੋਇਆ ਹੈ, ਉਸ ਨੇ ਇੱਕ ਦਿਨ ਇਥੋਂ ਚਲੇ ਜਾਣਾ ਹੈ, ਕਿਉਂਕਿ ਇਹ ਸੰਸਾਰ ਅੱਧੀ ਵਾਟ ਹੈ ਅਰਥਾਤ ਇਹ ਮਨੁੱਖ ਦੀ ਮੰਜ਼ਿਲ ਨਹੀਂ ਹੈ। ਇਥੇ ਮਨੁੱਖ ਨਾਮ ਸਿਮਰਨ ਲਈ ਆਇਆ ਹੈ ਅਤੇ ਨਾਮ ਤੋਂ ਬਿਨਾਂ ਜਨਮ-ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਉਸ ਸਦੀਵੀ ਹਸਤੀ ਅਕਾਲ ਪੁਰਖ ਨੇ ਮਨੁੱਖ ਦੇ ਪੂਰਬਲੇ ਭਾਵ ਪਹਿਲਾਂ ਕੀਤੇ ਹੋਏ ਕਰਮਾਂ ਦੇ ਵਿਚਾਰ ਅਨੁਸਾਰ ਉਸ ਦੇ ਮੱਥੇ 'ਤੇ ਸੁੱਖ ਅਤੇ ਦੁੱਖ ਭੋਗਣ ਦੇ ਲੇਖ ਲਿਖ ਦਿੱਤੇ ਹਨ। ਮਨੁੱਖ ਨੇ ਜਿਸ ਤਰ੍ਹਾਂ ਦੇ ਕਰਮ ਕੀਤੇ ਹੋਏ ਹਨ, ਉਸੇ ਅਨੁਸਾਰ ਸਿਰਜਣਹਾਰ ਨੇ ਉਸ ਨੂੰ ਸੁੱਖ ਅਤੇ ਦੁੱਖ ਭੋਗਣ ਲਈ ਦੇ ਦਿੱਤਾ ਹੈ ਅਤੇ ਇਨ੍ਹਾਂ ਕੀਤੇ ਹੋਏ ਕਰਮਾਂ ਦਾ ਸਮੁੱਚ ਮਨੁੱਖ ਦੇ ਨਾਲ ਨਿਭਦਾ ਹੈ।

ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਮਨੁੱਖ ਦੇ ਆਪਣੇ ਹੱਥ ਵਿਚ ਕੁਝ ਨਹੀਂ ਹੈ, ਸਾਰੇ ਕਰਮ ਉਹ ਅਕਾਲ ਪੁਰਖ ਦੇ ਹੁਕਮ ਵਿਚ ਹੀ ਕਰਦਾ ਹੈ, ਵਾਹਿਗੁਰੂ ਆਪ ਹੀ ਉਸ ਤੋਂ ਸਭ ਕੁਝ ਕਰਵਾਉਂਦਾ ਹੈ। ਮਨੁੱਖ ਉਸ ਦੇ ਭਾਣੇ ਤੋਂ ਬਾਹਰ ਕੁਝ ਹੋਰ ਨਹੀਂ ਕਰਦਾ। ਉਹ ਅਕਾਲ ਪੁਰਖ ਆਪ ਤਾਂ ਇਨ੍ਹਾਂ ਸੰਸਾਰਕ ਕਰਮਾਂ ਅਤੇ ਬੰਧਨਾਂ ਤੋਂ ਨਿਰਲੇਪ ਹੈ, ਅਟੰਕ ਹੈ ਅਤੇ ਇਸ ਸੰਸਾਰ ਨੂੰ ਧੰਦਿਆਂ ਵਿਚ ਬੰਨ੍ਹਿਆ ਹੋਇਆ ਹੈ। ਅਕਾਲ ਪੁਰਖ ਆਪ ਹੀ ਜੀਵਾਂ ਨੂੰ ਇਸ ਮਾਇਆ-ਮੋਹ ਦੇ ਬੰਧਨਾਂ ਤੋਂ ਛੁਡਾਉਣ ਦੇ ਸਮਰੱਥ ਹੈ। ਮਨੁੱਖ ਉਸ ਸਿਰਜਣਹਾਰ ਦੇ ਨਾਮ ਦਾ ਸਿਮਰਨ ਕਰਨ ਤੋਂ ਅੱਜ ਕੱਲ ਕਰਕੇ ਆਲਸ ਕਰਦਾ ਰਹਿੰਦਾ ਹੈ ਅਤੇ ਇਸ ਆਲਸ ਵਿਚ ਹੀ ਪਤਾ ਨਹੀਂ ਕਦੋਂ ਉਸ ਨੂੰ ਕਾਲ ਆ ਵਿਆਪਦਾ ਹੈ ਅਤੇ ਉਹ ਸੰਸਾਰਕ ਮੋਹ ਵਿਚ ਫਸਿਆ ਵਿਅਰਥ ਕੰਮਾਂ 'ਚ ਪਿਆ ਹੋਇਆ ਆਲਸ ਕਰਦਾ ਰਹਿੰਦਾ ਹੈ,

ਬਾਬਾ ਆਇਆ ਹੈ ਉਠਿ ਚਲਣਾ
ਅਧ ਪੰਧੈ ਹੈ ਸੰਸਾਰੋਵਾ॥
ਸਿਰਿ ਸਿਰਿ ਸਚੜੈ ਲਿਖਿਆ
ਦੁਖੁ ਸੁਖੁ ਪੁਰਬਿ ਵੀਚਾਰੋਵਾ॥
ਦੁਖੁ ਸੁਖੁ ਦੀਆ ਜੇਹਾ ਕੀਆ
ਸੋ ਨਿਬਹੈ ਜੀਅ ਨਾਲੇ॥
ਜੇਹੇ ਕਰਮ ਕਰਾਏ ਕਰਤਾ
ਦੂਜੀ ਕਾਰ ਨ ਭਾਲੇ॥
ਆਪਿ ਨਿਰਾਲਮੁ ਧੰਧੈ ਬਾਧੀ
ਕਰਿ ਹੁਕਮੁ ਛਡਾਵਣਹਾਰੋ॥
ਅਜੁ ਕਲਿ ਕਾਲੁ ਬਿਆਪੈ
ਦੂਜੈ ਭਾਇ ਵਿਕਾਰੋ॥੨॥ (ਪੰਨਾ ੫੮੧)

ਇਸੇ ਸੰਸਾਰਕ ਭੱਜ-ਦੌੜ ਵਿਚ ਆਖਰ ਇੱਕ ਦਿਨ ਸਿਰ 'ਤੇ ਜਮ ਆ ਕੇ ਖੜ੍ਹੇ ਹੋ ਜਾਂਦੇ ਹਨ, ਅੰਤਿਮ ਸਮਾਂ ਆ ਜਾਂਦਾ ਹੈ। ਜਦੋਂ ਜੀਵ ਜਮ ਵਾਲਾ ਰਸਤਾ ਫੜਦਾ ਹੈ ਤਾਂ ਉਸ ਰਸਤੇ 'ਤੇ ਉਜਾੜ ਹੀ ਉਜਾੜ ਹੈ, ਘੁੱਪ ਹਨੇਰਾ ਹੈ ਜਿਸ ਕਰਕੇ ਅੰਤਿਮ ਵੇਲੇ ਮਨੁੱਖ ਨੂੰ ਕੁਝ ਨਹੀਂ ਸੁਝਦਾ, ਇਸ ਤੋਂ ਬਾਹਰ ਆਉਣ ਦਾ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਇਸ ਰਸਤੇ 'ਤੇ ਮਨੁੱਖ ਨੂੰ ਨਾ ਪਾਣੀ, ਨਾ ਨਿੱਘੇ ਬਿਸਤਰੇ ਲੇਫ-ਤਲਾਈਆਂ ਅਤੇ ਨਾ ਹੀ ਕਈ ਪ੍ਰਕਾਰ ਦਾ ਭੋਜਨ ਮਿਲਦਾ ਹੈ, ਨਾ ਕੋਈ ਆਦਰ ਕਰਦਾ ਹੈ, ਨਾ ਹੀ ਪਹਿਨਣ ਲਈ ਕੋਈ ਸੁਹਣਾ ਕੱਪੜਾ ਮਿਲਦਾ ਹੈ। ਭਾਵ ਸੰਸਾਰਕ ਸੁੱਖ ਦੇ ਸਾਰੇ ਪਦਾਰਥ ਪਿੱਛੇ ਛੁੱਟ ਜਾਂਦੇ ਹਨ। ਜਮਰਾਜ ਜੀਵ ਦੇ ਗਲ ਵਿਚ ਸੰਗਲ ਪਾਉਂਦਾ ਹੈ ਅਰਥਾਤ ਮਾਇਆ-ਮੋਹ ਵਿਚ ਫਸਿਆ ਮਨੁੱਖ ਜਮਾਂ ਦੀ ਮਾਰ ਖਾਂਦਾ ਹੈ ਅਤੇ ਇਸ ਸਾਰੇ ਕਸ਼ਟ ਤੋਂ ਬਚਣ ਲਈ ਉਸ ਨੂੰ ਕੋਈ ਘਰ, ਕੋਈ ਆਸਰਾ ਨਜ਼ਰ ਨਹੀਂ ਆਉਂਦਾ। ਜਦੋਂ ਜਮਾਂ ਦੀਆਂ ਚੋਟਾਂ ਪੈ ਰਹੀਆਂ ਹੁੰਦੀਆਂ ਹਨ ਜੇ ਮਨੁੱਖ ਉਦੋਂ ਨਾਮ ਸਿਮਰਨ ਆਦਿ ਚੰਗੇ ਕਰਮਾਂ ਦੇ ਬੀ ਬੀਜੇ ਤਾਂ ਉਹ ਉਗ ਨਹੀਂ ਸਕਦੇ ਭਾਵ ਅਜਿਹੇ ਕਰਮਾਂ ਦੇ ਬੀ ਬੀਜਣ ਅਤੇ ਉਗਣ ਦਾ ਸਮਾਂ ਵਿਹਾ ਚੁੱਕਾ ਹੁੰਦਾ ਹੈ। ਅਜਿਹੇ ਵੇਲੇ ਮਨੁੱਖ ਪਛਤਾਉਂਦਾ ਹੈ ਅਤੇ ਉਸ ਦੇ ਸਿਰ ਕੀਤੇ ਹੋਏ ਪਾਪਾਂ ਦਾ ਪਿਆ ਭਾਰ ਲਹਿ ਨਹੀਂ ਸਕਦਾ।

ਗੁਰੂ ਨਾਨਕ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਉਸ ਸੱਚੇ ਪਰਵਰਦਗਾਰ ਤੋਂ ਬਿਨਾਂ ਮਨੁੱਖ ਦਾ ਕੋਈ ਆਸਰਾ ਅਤੇ ਸਾਥੀ ਨਹੀਂ ਹੈ, ਇਸ ਵਿਚਾਰ ਨੂੰ ਹਮੇਸ਼ਾ ਮਨ ਵਿਚ ਵਸਾ ਕੇ ਰੱਖਣਾ ਚਾਹੀਦਾ ਹੈ। ਅਕਾਲ ਪੁਰਖ ਦਾ ਨਾਮ ਸਿਮਰਨ ਹੀ ਅੰਤ ਵਿਚ ਸਹਾਈ ਹੁੰਦਾ ਹੈ,

ਜਮ ਮਾਰਗ ਪੰਥੁ ਨ ਸੁਝਈ
ਉਝੜੁ ਅੰਧ ਗੁਬਾਰੋਵਾ॥
ਨਾ ਜਲੁ ਲੇਫ ਤੁਲਾਈਆ
ਨਾ ਭੋਜਨ ਪਰਕਾਰੋਵਾ॥
ਭੋਜਨ ਭਾਉ ਨ ਠੰਢਾ ਪਾਣੀ
ਨਾ ਕਾਪੜੁ ਸੀਗਾਰੋ॥
ਗਲਿਸੰਗਲੁ ਸਿਰਿ ਮਾਰੇ ਊਭੌ
ਨਾ ਦੀਸੈ ਘਰ ਬਾਰੋ॥
ਇਬ ਕੇ ਰਾਹੇ ਜੰਮਨਿ ਨਾਹੀ
ਪਛੁਤਾਣੇ ਸਿਰਿ ਭਾਰੋ॥
ਬਿਨੁ ਸਾਚੇ ਕੋ ਬੇਲੀ ਨਾਹੀ
ਸਾਚਾ ਏਹੁ ਬੀਚਾਰੋ॥੩॥ (ਪੰਨਾ ੫੮੧)

ਗੁਰੂ ਨਾਨਕ ਸਾਹਿਬ ਅੱਗੇ ਸਮਝਾਉਂਦੇ ਹਨ ਕਿ ਠੀਕ ਰੋਂਦੇ, ਬੋਲਦੇ ਅਰਥਾਤ ਚੀਕਦੇ ਉਨ੍ਹਾਂ ਨੂੰ ਹੀ ਜਾਣਿਆ ਜਾਂਦਾ ਹੈ, ਜਿਹੜੇ ਮਿਲ ਬੈਠ ਕੇ ਅਕਾਲ ਪੁਰਖ ਦੇ ਗੁਣਾਂ ਨੂੰ ਚੇਤੇ ਕਰਕੇ ਰੋਂਦੇ ਹਨ। ਜੋ ਸੰਸਾਰ ਮਾਇਆ ਦੇ ਮੋਹ ਵਿਚ ਰੋਂਦਾ ਹੈ, ਉਹ ਸੰਸਾਰਕ ਧੰਦਿਆਂ ਨੂੰ ਰੋਂਦਾ ਹੈ। ਇਸ ਤਰ੍ਹਾਂ ਸੰਸਾਰਕ ਧੰਦਿਆਂ ਨੂੰ ਰੋਂਦੇ ਹੋਏ ਮਨ ਦੀ ਕਾਲਖ ਨਹੀਂ ਧੋਤੀ ਜਾਂਦੀ, ਮਨ 'ਤੇ ਚੜ੍ਹੀ ਵਿਕਾਰਾਂ ਦੀ ਮੈਲ ਦੂਰ ਨਹੀਂ ਹੁੰਦੀ। ਇਹ ਸੰਸਾਰ ਸੁਪਨੇ ਦੇ ਸਮਾਨ ਹੈ, ਇਸ ਲਈ ਸਥਾਈ ਨਹੀਂ ਹੈ, ਸੰਸਾਰ 'ਤੇ ਆਉਣਾ-ਜਾਣਾ ਬਣਿਆ ਹੋਇਆ ਹੈ। ਜਿਸ ਤਰ੍ਹਾਂ ਬਾਜੀਗਰ ਬਾਜੀ ਪਾਉਂਦਾ ਹੈ, ਆਪਣਾ ਤਮਾਸ਼ਾ ਦਿਖਾਉਂਦਾ ਹੈ ਅਤੇ ਵੇਖਣ ਵਾਲਾ ਜੀਵ ਉਸ ਦੇ ਤਮਾਸ਼ੇ ਵਿਚ ਰੁੱਝਿਆ ਰਹਿੰਦਾ ਹੈ, ਇਸੇ ਤਰ੍ਹਾਂ ਝੂਠੇ ਸੰਸਾਰਕ ਮੋਹ ਦਾ ਠੱਗਿਆ ਜੀਵ ਭਟਕਣਾ ਵਿਚ ਪੈ ਕੇ ਕੁਰਾਹੇ ਪਿਆ ਰਹਿੰਦਾ ਹੈ, ਝੂਠੇ ਅਹੰਕਾਰ ਵਿਚ ਵਿਚਰਦਾ ਹੈ। ਉਹ ਅਕਾਲ ਪੁਰਖ ਆਪ ਹੀ ਮਨੁੱਖ ਨੂੰ ਸਹੀ ਮਾਰਗ 'ਤੇ ਤੋਰਨ ਵਾਲਾ ਹੈ ਅਤੇ ਆਪ ਹੀ ਮਨੁੱਖ ਕੋਲੋਂ ਚੰਗੇ ਕਰਮ ਕਰਵਾਉਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਹੜੇ ਮਨੁੱਖ ਅਕਾਲ ਪੁਰਖ ਦੇ ਨਾਮ ਵਿਚ ਰੰਗੇ ਹੋਏ ਹਨ, ਉਨ੍ਹਾਂ ਨੂੰ ਪੂਰੇ ਗੁਰੂ ਨੇ ਮੋਹ ਦੇ ਬੰਧਨਾਂ ਤੋਂ ਬਚਾ ਲਿਆ ਹੈ। ਉਹ ਸਹਿਜ ਅਵਸਥਾ ਵਿਚ ਟਿਕੇ ਰਹਿੰਦੇ ਹਨ ਅਤੇ ਪਰਮਾਤਮ-ਪ੍ਰੇਮ ਵਿਚ ਜੁੜੇ ਰਹਿੰਦੇ ਹਨ,

ਬਾਬਾ ਰੋਵਹਿ ਰਵਹਿ ਸੁ ਜਾਣੀਅਹਿ
ਮਿਲਿ ਰੋਵੈ ਗੁਣ ਸਾਰੇਵਾ॥
ਰੋਵੈ ਮਾਇਆ ਮੁਠੜੀ
ਧੰਧੜਾ ਰੋਵਣਹਾਰੇਵਾ॥
ਧੰਧਾ ਰੋਵੈ ਮੈਲੁ ਨ ਧੋਵੈ
ਸੁਪਨੰਤਰੁ ਸੰਸਾਰੋ॥
ਜਿਉ ਬਾਜੀਗਰੁ ਭਰਮੈ ਭੂਲੈ
ਝੂਠਿ ਮੁਠੀ ਅਹੰਕਾਰੋ॥
ਆਪੇ ਮਾਰਗਿ ਪਾਵਣਹਾਰਾ
ਆਪੇ ਕਰਮ ਕਮਾਏ॥
ਨਾਮਿ ਰਤੇ ਗੁਰਿ ਪੂਰੈ ਰਾਖੇ
ਨਾਨਕ ਸਹਜਿ ਸੁਭਾਏ॥੪॥੪॥
(ਪੰਨਾ ੫੮੧)

ਗੁਰਬਾਣੀ ਗਿਆਨ

## ਜਾ ਕੈ ਵਸਿ ਖਾਨ ਸੁਲਤਾਨ

**ਗਉੜੀ ਗੁਆਰੇਰੀ ਮਹਲਾ ੫**

ਜਾ ਕੈ ਵਸਿ ਖਾਨ ਸੁਲਤਾਨ॥
ਜਾ ਕੈ ਵਸਿ ਹੈ ਸਗਲ ਜਹਾਨ॥
ਜਾ ਕਾ ਕੀਆ ਸਭੁ ਕਿਛੁ ਹੋਇ॥
ਤਿਸ ਤੇ ਬਾਹਰਿ ਨਾਹੀ ਕੋਇ॥੧॥
ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ॥
ਕਾਜ ਤੁਮਾਰੇ ਦੇਇ ਨਿਬਾਹਿ॥੧॥ਰਹਾਉ॥
ਸਭ ਤੇ ਊਚ ਜਾ ਕਾ ਦਰਬਾਰੁ॥
ਸਗਲ ਭਗਤ ਜਾ ਕਾ ਨਾਮੁ ਅਧਾਰੁ॥
ਸਰਬ ਬਿਆਪਿਤ ਪੂਰਨ ਧਨੀ॥
ਜਾ ਕੀ ਸੋਭਾ ਘਟਿ ਘਟਿ ਬਨੀ॥੨॥
ਜਿਸੁ ਸਿਮਰਤ ਦੁਖ ਡੇਰਾ ਢਹੈ॥
ਜਿਸੁ ਸਿਮਰਤ ਜਮੁ ਕਿਛੂ ਨ ਕਹੈ॥
ਜਿਸੁ ਸਿਮਰਤ ਹੋਤ ਸੂਕੇ ਹਰੇ॥
ਜਿਸੁ ਸਿਮਰਤ ਡੂਬਤ ਪਾਹਨ ਤਰੇ॥੩॥
ਸੰਤ ਸਭਾ ਕਉ ਸਦਾ ਜੈਕਾਰੁ॥
ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ॥
ਕਹੁ ਨਾਨਕ ਮੇਰੀ ਸੁਣੀ ਅਰਦਾਸਿ॥
ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ॥੪॥

ਗੁਰਦੇਵ ਪਿਤਾ ਜੀ ਉਪਦੇਸ਼ ਕਰਦੇ ਹਨ- ਹੇ ਭਾਈ! ਇਸ ਸੰਸਾਰ ਦੇ ਖਾਨ ਅਤੇ ਸੁਲਤਾਨ ਵੀ ਜਿਸ ਪ੍ਰਭੂ ਦੇ ਅਧੀਨ ਹਨ; ਜਾ ਕੈ ਵਸਿ ਹੈ ਸਗਲ ਜਹਾਨ, ਜਿਸ ਮਾਲਕ ਦੇ ਹੁਕਮ ਵਿਚ ਹੀ ਇਹ ਸਾਰਾ ਜਹਾਨ ਚੱਲ ਰਿਹਾ ਹੈ; ਜਾ ਕਾ ਕੀਆ ਸਭੁ ਕਿਛੁ ਹੋਇ, ਜਿਸ ਮਿਹਰਵਾਨ ਪ੍ਰਭੂ ਦਾ ਕੀਤਾ ਹੋਇਆ ਹੀ ਇਸ ਸੰਸਾਰ ਵਿਚ ਸਭ ਕੁਝ ਚੱਲ ਰਿਹਾ ਹੈ; ਤਿਸ ਤੇ ਬਾਹਰਿ ਨਾਹੀ ਕੋਇ, ਹੇ ਭਾਈ! ਉਸ ਜਗਤ ਦੇ ਮਾਲਕ ਸੁਆਮੀ ਪ੍ਰਭੂ ਤੋਂ ਕੋਈ ਭੀ ਜੀਵ ਕਦੀ ਆਕੀ ਨਹੀਂ ਹੋ ਸਕਦਾ।

ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ॥
ਕਾਜ ਤੁਮਾਰੇ ਦੇਇ ਨਿਬਾਹਿ॥੧॥ਰਹਾਉ॥

ਰਹਾਉ ਦੀ ਪੰਕਤੀ ਵਿਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਜੀਵ ਨੂੰ ਉਪਦੇਸ਼ ਕਰਦੇ ਹਨ, ਹੇ ਭਾਈ! ਆਪਣੇ ਸਤਿਗੁਰੂ ਜੀ ਦੇ ਕੋਲ ਜਾਹ, ਤੇ ਹੱਥ ਜੋੜ ਕੇ ਨਿਮਾਣਾ ਬਣ ਕੇ ਗੁਰੂ ਕੋਲ ਬੇਨਤੀ ਕਰ; ਕਾਜ ਤੁਮਾਰੇ ਦੇਇ ਨਿਬਾਹਿ, ਤੇ ਗੁਰੂ ਤੇਰੀ ਕੀਤੀ ਹੋਈ ਬੇਨਤੀ ਨੂੰ ਸੁਣ ਕੇ ਤੇਰੇ ਇਸ ਜੀਵਨ ਦੇ ਸ਼ੁਭ ਮਨੋਰਥ ਪੂਰੇ ਕਰ ਦੇਵੇਗਾ, ਤੇ ਤੈਨੂੰ ਉਸ ਮਿਹਰਵਾਨ ਪ੍ਰਭੂ ਦੇ ਨਾਮ ਦੀ ਦਾਤ ਦੇ ਕੇ ਪ੍ਰਭੂ ਨਾਲ ਜੋੜ ਦੇਵੇਗਾ।

ਸਭ ਤੇ ਊਚ ਜਾ ਕਾ ਦਰਬਾਰੁ॥
ਸਗਲ ਭਗਤ ਜਾ ਕਾ ਨਾਮੁ ਅਧਾਰੁ॥
ਸਰਬ ਬਿਆਪਿਤ ਪੂਰਨ ਧਨੀ॥
ਜਾ ਕੀ ਸੋਭਾ ਘਟਿ ਘਟਿ ਬਨੀ॥੨॥

ਹੇ ਭਾਈ! ਜਿਸ ਮਾਲਕ ਪ੍ਰਭੂ ਦਾ ਦਰਬਾਰ ਇਸ ਜਗਤ ਦੇ ਸਾਰੇ ਬਾਦਸ਼ਾਹਾਂ ਅਤੇ ਸ਼ਹਿਨਸ਼ਾਹਾਂ ਦੇ ਦਰਬਾਰਾਂ ਨਾਲੋਂ ਉਚਾ, ਨਿਆਰਾ ਤੇ ਅਤਿ ਸੋਹਣਾ ਹੈ; ਤੇ ਸਾਰੇ ਹੀ ਭਗਤ ਜਨਾਂ ਦੇ ਜੀਵਨ ਵਾਸਤੇ ਜਿਸ ਪਰਮਾਤਮਾ ਪ੍ਰਭੂ ਦਾ ਨਾਮ ਹੀ ਓਟ ਤੇ ਆਸਰਾ ਹੈ; ਸਰਬ ਬਿਆਪਿਤ ਪੂਰਨ ਧਨੀ, ਉਹ ਪਰਿਪੂਰਨ ਪਰਮਾਤਮਾ ਪ੍ਰਭੂ ਜੋ ਸਭਨਾਂ ਜੀਵਾਂ ਵਿਚ ਵਸ ਰਿਹਾ ਹੈ; ਜਿਸ ਮਾਲਕ ਦੀ ਛਬੀ ਹਰ ਜੀਵ ਵਿਚ ਦਿਸ ਰਹੀ ਹੈ, ਉਸ ਦਾ ਨਾਮ ਜਪ।

ਜਿਸੁ ਸਿਮਰਤ ਦੁਖ ਡੇਰਾ ਢਹੈ॥
ਜਿਸੁ ਸਿਮਰਤ ਜਮੁ ਕਿਛੂ ਨ ਕਹੈ॥
ਜਿਸੁ ਸਿਮਰਤ ਹੋਤ ਸੂਕੇ ਹਰੇ॥
ਜਿਸੁ ਸਿਮਰਤ ਡੂਬਤ ਪਾਹਨ ਤਰੇ॥੩॥

ਗੁਰਦੇਵ ਜੀ ਆਖਦੇ ਹਨ- ਹੇ ਭਾਈ! ਜਿਸ ਮਿਹਰਵਾਨ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਿਆਂ ਦੁੱਖਾਂ ਦਾ ਡੇਰਾ, ਭਾਵ ਸਾਰੇ ਹੀ ਦੁੱਖ ਦੂਰ ਹੋ ਜਾਂਦੇ ਹਨ; ਤੇ ਜਿਸ ਮਿਹਰਾਂ ਦੇ ਮਾਲਕ ਪ੍ਰਭੂ ਦੇ ਨਾਮ ਦਾ ਸਿਮਰਨ ਕਰ ਕੇ ਜਮ ਰੂਪੀ ਮੌਤ ਦਾ ਡਰ ਵੀ ਜੀਵ ਨੂੰ ਸਤਾਉਂਦਾ ਨਹੀਂ; ਜਿਸੁ ਸਿਮਰਤ ਹੋਤ ਸੂਕੇ ਹਰੇ, ਜਿਸ ਮਿਹਰਵਾਨ ਪ੍ਰਭੂ ਦਾ ਸਿਮਰਨ ਕੀਤਿਆਂ ਸੁੱਕੇ ਨਿਰਦਈ ਜੀਵ ਭੀ ਕੋਮਲ-ਚਿਤ ਹੋ ਜਾਂਦੇ ਹਨ, ਜਿਸ ਦਾ ਨਾਮ ਜਪ ਕੇ ਪੱਥਰ ਦਿਲ ਜੀਵ ਵੀ ਭਵਜਲ ਤੋਂ ਪਾਰ ਹੋ ਗਏ।

ਸੰਤ ਸਭਾ ਕਉ ਸਦਾ ਜੈਕਾਰੁ॥
ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ॥
ਕਹੁ ਨਾਨਕ ਮੇਰੀ ਸੁਣੀ ਅਰਦਾਸਿ॥
ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰ ਆਖਦੇ ਹਨ- ਹੇ ਭਾਈ! ਸਾਧ-ਸੰਗਤ 'ਚ ਬੈਠ ਕੇ ਅਕਾਲ ਪੁਰਖ ਦਾ ਨਾਮ ਜਪ ਤੇ ਸਾਧ-ਸੰਗਤ ਅੱਗੇ ਸਦਾ ਹੀ ਸਿਰ ਨਿਵਾਇਆ ਕਰ; ਉਸ ਮਿਹਰਵਾਨ ਪ੍ਰਭੂ ਦਾ ਨਾਮ ਹੀ ਉਸ ਦੇ ਪਿਆਰਿਆਂ ਦੀ ਜ਼ਿੰਦਗੀ ਦਾ ਓਟ ਆਸਰਾ ਹੁੰਦਾ ਹੈ; ਕਹੁ ਨਾਨਕ ਮੇਰੀ ਸੁਣੀ ਅਰਦਾਸਿ, ਨਾਨਕ ਆਖਦਾ ਹੈ, ਉਸ ਮਿਹਰਵਾਨ ਪ੍ਰਭੂ ਨੇ ਮੇਰੀ ਅਰਦਾਸ ਸੁਣ ਲਈ ਹੈ, ਤੇ ਗੁਰੂ ਕ੍ਰਿਪਾ ਸਦਕਾ ਉਸ ਨੇ ਮੈਨੂੰ ਨਾਮ ਰੂਪੀ ਘਰ ਵਿਚ ਨਿਵਾਸ ਦੇ ਦਿੱਤਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਮਨੁੱਖ ਦੀ ਉਤਪਤੀ

ਸ਼ਬਦ ਝਰੋਖਾ




ਬਲਜੀਤ ਬਾਸੀ
ਫੋਨ: 734-259-9353

ਜੀਵ-ਵਿਗਿਆਨ ਅਨੁਸਾਰ ਪਾਣੀ ਵਿਚ ਰਸਾਇਣਕ ਕਿਰਿਆ ਰਾਹੀਂ ਸਰਲ ਕਿਸਮ ਦੇ ਜੀਵਾਂ ਦੇ ਉਦਭਵ ਤੋਂ ਜਟਿਲ ਪ੍ਰਜਾਤੀ ਦੇ ਜੀਵ ਵਿਗਸਦੇ ਗਏ ਤੇ ਹੌਲੀ ਹੌਲੀ ਲੱਖਾਂ ਸਾਲਾਂ ਵਿਚ ਇਸ ਜੀਵ-ਵਿਕਾਸ ਕਿਰਿਆ ਰਾਹੀਂ ਏਪ ਬਣਿਆ ਜਿਸ ਨੇ ਆਖਰ ਮਨੁੱਖ ਦੀ ਜੂਨ ਧਾਰੀ। ਗੁਰੂ ਰਾਮ ਦਾਸ ਫਰਮਾਉਂਦੇ ਹਨ, "ਮਾਣਸ ਜਨਮ ਵੱਡਮੁੱਲੇ ਪਾਇਆ॥" ਹੋਰ ਧਾਰਮਿਕ ਵਿਚਾਰ ਪ੍ਰਣਾਲੀਆਂ, ਮਿਥਾਂ ਵੀ ਮਨੁੱਖ ਦੀ ਉਤਪਤੀ ਦਾ ਆਧਾਰ ਪਾਣੀ ਮੰਨਦੀਆਂ ਹਨ, "ਪਹਿਲਾਂ ਪਾਣੀ ਜੀਉ ਜਿਤੁ ਹਰਿਆ ਸਭੁ ਕੋਇ॥" -ਗੁਰੂ ਨਾਨਕ ਦੇਵ। ਮਨੁੱਖ ਦੀ ਉਤਪਤੀ ਬਾਰੇ ਹਿੰਦੂ ਪੌਰਾਣਿਕ ਸਾਹਿਤ ਵਿਚ ਬੜੇ ਦਿਲਚਸਪ ਆਖਿਆਨ ਹਨ। ਇੱਕ ਅਨੁਸਾਰ ਮਨੁ, ਜਿਸ ਨੂੰ ਪੰਜਾਬੀ ਵਿਚ ਮਨੂ ਉਚਾਰਿਆ ਜਾਂਦਾ ਹੈ, ਸੰਸਾਰ ਦਾ ਪਹਿਲਾ ਮਨੁੱਖ ਸੀ ਜਿਸ ਦਾ ਨਾਂ ਸਵੈਯੰਭੁਵ (ਸੈਭੰ) ਸੀ। ਇਸ ਦੇ ਸਵੈਯੰਭੁਵ ਹੋਣ ਦਾ ਮਤਲਬ ਹੈ ਕਿ ਉਹ ਆਪਣੇ ਆਪ ਪੈਦਾ ਹੋਇਆ ਸੀ। ਸਵੈ ਦਾ ਅਰਥ ਆਪ ਤੇ ਭੂ ਦਾ ਹੋਣਾ ਹੁੰਦਾ ਹੈ। ਇਸ ਨੇ ਆਪਣੇ ਆਪ ਨੂੰ ਦੋ ਭਾਗਾਂ ਵਿਚ ਵੰਡਿਆ, ਸੱਜੇ ਪਾਸੇ ਤੋਂ ਆਦਮੀ ਤੇ ਖੱਬੇ ਪਾਸੇ ਤੋਂ ਇਸਤਰੀ। ਕੁਝ ਗ੍ਰੰਥਾਂ ਅਨੁਸਾਰ ਬ੍ਰਹਮਾ ਨੇ ਮਨੁ ਨੂੰ ਆਪ ਆਪਣੇ ਵਰਗਾ ਬਣਾਇਆ। ਉਸ ਦੇ ਸਰੀਰ ਦੇ ਇਕ ਭਾਗ ਤੋਂ ਸਤਰੂਪਾ ਨਾਂ ਦੀ ਇਸਤਰੀ ਪੈਦਾ ਹੋਈ। ਇਸ ਪ੍ਰਥਮ ਜੋੜੇ ਤੋਂ ਹੀ ਸਾਰੇ ਸੰਸਾਰ ਦੀ ਸੰਤਾਨ ਅੱਗੇ ਵਧੀ। ਕਿਹਾ ਜਾਂਦਾ ਹੈ ਕਿ ਸਪਤਚੂਰਤੀਰਥ ਨਾਮਕ ਨਦੀ ਦੀ ਇਕ ਸ਼ਾਖਾ ਦੇਵਿਕਾ ਦੇ ਤਟ 'ਤੇ ਮਨੁੱਖ ਜਾਤੀ ਦਾ ਜਨਮ ਹੋਇਆ। ਇਹ ਸਥਾਨ ਉਤਰਖੰਡ ਵਿਚ ਦੱਸਿਆ ਜਾਂਦਾ ਹੈ। ਮਨੁ ਨੇ ਹੀ ਮਨੁੱਖਾਂ ਲਈ ਧਰਮ-ਸ਼ਾਸਤਰ ਬਣਾਇਆ ਜਿਸ ਦੇ ਅਧਾਰ 'ਤੇ ਬਾਅਦ ਵਿਚ ਭ੍ਰਿਗੂ ਨੇ ਮਨੁ-ਸਿਮ੍ਰਤੀ ਦੀ ਰਚਨਾ ਕੀਤੀ। ਮਨੂ ਦੀ ਸੰਤਾਨ-ਦਰ-ਸੰਤਾਨ ਹੋਣ ਕਾਰਨ ਉਸ ਦੀ ਵੰਸ਼ ਦੇ ਜੀਵ ਮਨੁੱਖ, ਮਾਣਸ ਜਾਂ ਮਾਨਵ ਕਹਾਏ। ਉਂਜ ਮਨੁ ਦਾ ਇਕ ਅਰਥ ਵੀ ਮਨੁੱਖ ਹੀ ਹੈ, "ਜੇਤੇ ਸਾਸ ਗ੍ਰਾਸ ਮਨੁ ਲੇਤਾ॥" ਪਤੀ ਦੇ ਅਰਥਾਂ ਵਾਲਾ ਮੁਣਸ ਸ਼ਬਦ ਵੀ ਇਥੇ ਥਾਂ ਸਿਰ ਹੈ। ਮਨੂਆ ਸ਼ਬਦ ਦਾ ਅਰਥ ਮਨੁੱਖ ਦੇ ਨਾਲ ਨਾਲ ਬਾਂਦਰ ਵੀ ਹੈ, "ਮਨੂਆ ਅੰਧ ਨ ਚੇਤਈ॥" ਮਨੁਜ ਦਾ ਅਰਥ ਮਨੁ ਤੋਂ ਪੈਦਾ ਹੋਇਆ ਅਰਥਾਤ ਮਨੁਖ-ਜਾਤ ਹੈ।

ਬ੍ਰਹਮਾ ਦੇ ਇਕ ਦਿਨ ਨੂੰ ਕਲਪ ਆਖਦੇ ਹਨ। ਇਕ ਕਲਪ ਵਿਚ 14 ਮਨੁ ਹੋ ਜਾਂਦੇ ਹਨ। ਇਕ ਮਨੁ ਦੇ ਕਾਲ ਨੂੰ ਮਨਵੰਤਰ (ਮਨੁ+ਅੰਤਰ) ਕਿਹਾ ਜਾਂਦਾ ਹੈ। ਚੌਦਾਂ ਮਨੂਆਂ ਦੇ ਵੱਖ ਵੱਖ ਨਾਂ ਹਨ। ਵਰਤਮਾਨ ਕਾਲ ਵਿਚ ਸੱਤਵੇਂ ਮਨੁ ਵੈਵਸਵਤ ਅਤੇ ਸਾਵਰਣਿ ਮਨੂ ਦੀ ਅੰਤਰਦਸ਼ਾ ਚੱਲ ਰਹੀ ਹੈ। ਇਹ ਮਨੁ ਅਯੁਧਿਆ ਰਾਜ ਦਾ ਬਾਨੀ ਤੇ ਮੋਢੀ ਰਾਜਾ ਵੀ ਹੈ। ਚਰਚਿਤ ਇਹ ਚੌਦਾਂ ਮਨੂ ਵਾਰ ਵਾਰ ਵਾਰੀ ਸਿਰ ਜਨਮਦੇ ਤੇ ਖਤਮ ਹੁੰਦੇ ਹਨ। ਵੱਖੋ ਵੱਖ ਪੁਰਾਣਾਂ ਅਤੇ ਹੋਰ ਗ੍ਰੰਥਾਂ ਵਿਚ ਉਤਪਤੀ ਦੀ ਇਸ ਮਿਥ ਦੇ ਆਪੋ ਆਪਣੇ ਰੁਪਾਂਤਰ ਮਿਲਦੇ ਹਨ। ਇਥੇ ਇਹ ਦੱਸਣਾ ਵੀ ਯੋਗ ਹੈ ਕਿ ਕੁਝ ਮਤਾਂ ਅਨੁਸਾਰ ਬ੍ਰਹਮਾ ਦੇ ਇਸ ਪੁੱਤਰ ਨੂੰ ਮਨੁ ਇਸ ਲਈ ਵੀ ਕਿਹਾ ਜਾਂਦਾ ਹੈ ਕਿਉਂਕਿ ਉਹ ਉਸ ਦੇ ਮਨ ਤੋਂ ਪੈਦਾ ਹੋਇਆ ਸੀ ਨਾ ਕਿ ਕਿਸੇ ਪ੍ਰਕਾਰ ਦੇ ਸਰੀਰਕ ਮੈਥੁਨ ਕਾਰਨ। ਨਿਸਚੇ ਹੀ ਇਹ ਬਾਅਦ ਦੀ ਸੋਚ ਹੈ।

ਕੋਈ ਦੋ ਹਜ਼ਾਰ ਸਾਲ ਪਹਿਲਾਂ ਦੇ ਰੋਮਨ ਲੇਖਕ ਟੈਸੀਟਸ ਨੇ ਜਰਮੈਨਿਕ ਕਬੀਲਿਆਂ ਬਾਰੇ ਲਿਖੀ ਇਕ ਕਿਤਾਬ 'ਜਰਮੇਨੀਆ' ਵਿਚ ਇਥੋਂ ਦੀਆਂ ਮਿਥਾਂ ਬਾਰੇ ਲਿਖਿਆ ਹੈ। ਉਸ ਅਨੁਸਾਰ ਤਿੰਨ ਜਰਮੈਨਿਕ ਕਬੀਲਿਆਂ ਦਾ ਪੁਰਖਾ ਮਾਨੁਸ Mannus ਨਾਂ ਦਾ ਵਿਅਕਤੀ ਸੀ। ਮਾਨੁਸ ਖੁਦ ਟਿਸਟੋ ਨਾਂ ਦੇ ਦੇਵਤੇ ਦਾ ਪੁੱਤਰ ਸੀ ਜੋ ਅੱਗੋਂ ਧਰਤੀ ਦਾ ਪੁੱਤਰ ਸੀ। ਇਸ ਤਰ੍ਹਾਂ ਇਹ ਕਬੀਲੇ ਇਕ ਤਰ੍ਹਾਂ ਧਰਤੀ ਦੇ ਪੁੱਤਰ ਸਿੱਧ ਹੁੰਦੇ ਹਨ। ਮਾਨੁਸ ਦਾ ਸਬੰਧ ਪਰਾਗ-ਜਰਮਨ ਦੇ ਸ਼ਬਦ 'ਮਨਜ਼' ਨਾਲ ਵੀ ਸਪਸ਼ਟ ਝਲਕਦਾ ਹੈ ਜਿਸ ਦਾ ਅਰਥ ਮਨੁੱਖ ਹੁੰਦਾ ਹੈ। ਆਦਮੀ ਦੇ ਅਰਥਾਂ ਵਾਲਾ Man ਸ਼ਬਦ ਇਸੇ 'ਤੇ ਆਧਾਰਤ ਦੱਸਿਆ ਜਾਂਦਾ ਹੈ। ਬਹੁਤ ਸਾਰੇ ਭਾਸ਼ਾ-ਵਿਗਿਆਨੀਆਂ ਤੇ ਮਾਨਵ-ਵਿਗਿਆਨੀਆਂ ਦਾ ਵਿਚਾਰ ਹੈ ਕਿ ਸਾਡੇ ਮਨੁ, ਗਰੀਕ ਦੇ Minos, ਅਵੇਸਤਾ ਦੇ ਮਨੁ ਅਤੇ ਰੂਸੀ ਮੁਜ਼ ਜਿਹੇ ਸ਼ਬਦਾਂ ਦੀ ਅਰਥ ਵਜੋਂ ਤੇ ਧੁਨੀ ਵਜੋਂ ਸਾਂਝ ਦਰਸਾਉਂਦੀ ਹੈ ਕਿ ਇਨ੍ਹਾਂ ਦਾ ਸ੍ਰੋਤ ਇਕੋ ਹੈ। ਉਨ੍ਹਾਂ ਅਨੁਸਾਰ ਇਹ ਸ਼ਬਦ ਇਕ ਭਾਰੋਪੀ Men ਤੋਂ ਬਣੇ ਹਨ। ਇਸ ਤੋਂ ਬਣੇ ਢੇਰ ਸਾਰੇ ਸ਼ਬਦਾਂ ਦਾ ਅਸੀਂ ਪਿਛਲੇ ਕਾਲਮਾਂ ਵਿਚ ਜ਼ਿਕਰ ਕਰ ਆਏ ਹਾਂ। ਇਸ ਦੀ ਸੰਸਕ੍ਰਿਤ ਧਾਤੂ 'ਮਨ' ਨਾਲ ਸਾਂਝ ਹੈ। ਅਸੀਂ ਦੇਖਿਆ ਹੈ ਕਿ ਇਨ੍ਹਾਂ ਮੂਲਾਂ ਦਾ ਅਰਥ ਸੋਚਣਾ, ਸਮਝਣਾ, ਚਿੰਤਨ ਕਰਨਾ ਆਦਿ ਹੈ। ਇਸ ਤਰ੍ਹਾਂ ਅੰਗਰੇਜ਼ੀ ਮੈਨ ਤੇ ਇਸ ਨਾਲ ਮਿਲਦੇ-ਜੁਲਦੇ ਹੋਰ ਯੂਰਪੀ ਭਾਸ਼ਾਵਾਂ ਦੇ ਸ਼ਬਦਾਂ ਅਤੇ ਸਾਡੇ ਮਨੁ\ਮਨੁਖ ਦਾ ਅਰਥ ਸੋਚਣ ਵਾਲਾ, ਚਿੰਤਨਸ਼ੀਲ (ਜੀਵ) ਬਣਦਾ ਹੈ। ਮਨੁੱਖ ਦੀ ਹੋਰ ਪ੍ਰਾਣੀਆਂ ਨਾਲੋਂ ਵਿਸ਼ੇਸ਼ਤਾ ਇਸੇ ਗੱਲ ਵਿਚ ਹੈ। ਰਵਾਇਤੀ ਤੌਰ 'ਤੇ ਇਨ੍ਹਾਂ ਸ਼ਬਦਾਂ ਨੂੰ ਕੋਸ਼ਾਂ ਤੇ ਹੋਰ ਪੁਸਤਕਾਂ ਵਿਚ ਇਸੇ ਤਰ੍ਹਾਂ ਨਜਿੱਠਿਆ ਗਿਆ ਹੈ। ਮੋਨੀਅਰ ਵਿਲੀਅਮਜ਼ ਦੇ



ਅੰਗਰੇਜ਼ੀ ਸੰਸਕ੍ਰਿਤ ਕੋਸ਼, ਆਪਟੇ ਦੇ ਸੰਸਕ੍ਰਿਤ ਹਿੰਦੀ ਕੋਸ਼, ਟਰਨਰ ਦੇ ਭਾਰਤੀ ਆਰਿਆਈ ਭਾਸ਼ਾਵਾਂ ਦੇ ਕੋਸ਼ ਅਤੇ ਗ.ਸ. ਰਿਆਲ ਨੇ ਆਪਣੇ ਲੇਖਾਂ ਵਿਚ ਇਹੋ ਦੱਸਿਆ ਹੈ।

ਪਰ ਘਟੋ ਘਟ ਅੰਗਰੇਜ਼ੀ ਸ਼ਬਦ ਮੈਨ ਦੀ ਇਸ ਵਿਉਤਪਤੀ ਨੂੰ ਬਹੁਤ ਵੱਡੀ ਚੁਣੌਤੀ ਵੀ ਦਿੱਤੀ ਗਈ ਹੈ। ਅੰਗਰੇਜ਼ੀ ਦੇ ਪ੍ਰਸਿੱਧ ਨਿਰੁਕਤਕਾਰ ਲਿਬਰਮੈਨ ਨੇ ਇਸ ਵਿਉਤਪਤੀ ਉਤੇ ਸ਼ੰਕਾ ਜ਼ਾਹਿਰ ਕੀਤੀ ਹੈ। ਉਸ ਅਨੁਸਾਰ ਧਾਰਮਿਕ ਸੋਚ ਦੇ ਮੁਢਲੇ ਦੌਰ ਵਿਚ ਦੇਵਤੇ, ਰੂਹਾਂ, ਪ੍ਰੇਤ ਆਦਿ ਵਿਚਕਾਰ ਫਰਕ ਇਸ ਬਿਨਾ 'ਤੇ ਪਾਇਆ ਜਾਂਦਾ ਹੈ ਕਿ ਉਹ ਮਨੁੱਖ ਨੂੰ ਕੀ ਕੀ ਨੁਕਸਾਨ ਪਹੁੰਚਾ ਸਕਦੇ ਹਨ। ਮਾਨਸਿਕ ਰੋਗੀਆਂ ਬਾਰੇ ਖਿਆਲ ਕੀਤਾ ਜਾਂਦਾ ਸੀ ਕਿ ਉਨ੍ਹਾਂ ਨੂੰ ਕਿਸੇ ਦੈਵੀ ਸ਼ਕਤੀ ਜਾਂ ਬਦਰੂਹ ਨੇ ਦਬੋਚ ਲਿਆ ਹੈ। ਲੋਕ ਹਊਏ ਤੋਂ ਡਰਦੇ ਹਨ। ਹਿੰਦ ਯੂਰਪੀ ਭਾਸ਼ਾਵਾਂ ਵਿਚ ਮੈਨ ਜਿਹਾ ਸ਼ਬਦ ਬਦਰੂਹਾਂ ਅਤੇ ਪਾਗਲਪਣ ਨਾਲ ਜੋੜਿਆ ਜਾਂਦਾ ਹੈ। ਸਲਾਵਿਕ ਭਾਸ਼ਾਵਾਂ ਵਿਚ ਤਾਂ ਬਹੁਤ ਸਮੱਗਰੀ ਮਿਲ ਜਾਂਦੀ ਹੈ। 'ਮੰਮੂ', 'ਮਨੀਜਾ' ਅਤੇ 'ਮਨੂ' ਜਿਹੇ ਮੂਲਾਂ ਤੋਂ ਬਣੇ ਅਨੇਕਾਂ ਅਜਿਹੇ ਸ਼ਬਦ ਲੱਭੇ ਗਏ ਹਨ। ਇਨ੍ਹਾਂ ਸ਼ਬਦਾਂ ਦੇ ਅਰਥ ਹਨ- ਸੰਮੋਹਨ, ਛਲ, ਫਰੇਬ, ਕਹਿਰ, ਪ੍ਰੇਤ, ਬਦਰੂਹ, ਛਾਇਆ ਆਦਿ। ਗਰੀਕ ਵਿਚ ਮੈਨੀਆ ਹੈ, ਲਾਤੀਨੀ ਵਿਚ ਮੋਨਿਓ (ਚਿਤਾਵਨੀ) ਹੈ। ਸ਼ਾਇਦ ਇਨ੍ਹਾਂ ਦਾ ਮੁਢਲਾ ਅਰਥ ਭੂਤ ਆਦਿ ਵਲੋਂ ਇਸ਼ਾਰਿਆਂ ਨਾਲ ਬੁਲਾਉਣਾ ਹੈ। ਡਿਕਸ਼ਨਰੀਆਂ ਮੈਨੀਆ ਜਿਹੇ ਸ਼ਬਦਾਂ ਨੂੰ 'Men' (ਸੋਚਣਾ) ਮੂਲਕ ਨਾਲ ਜੋੜਦੀਆਂ ਹਨ। ਅਸੀਂ ਜਾਣਦੇ ਹਾਂ ਕਿ ਮੈਨੀਆ (Mania) ਦਾ ਸ਼ਿਕਾਰ ਬੰਦਾ ਇਸ ਤਰ੍ਹਾਂ ਵਰਤਾਉ ਕਰਦਾ ਹੈ ਜਿਵੇਂ ਉਸ ਨੂੰ ਕੋਈ ਛਾਇਆ ਚੁੰਬੜ ਗਈ ਹੋਵੇ। ਬਹੁਤ ਸੰਭਵ ਹੈ ਕਿ 'Man' ਇਕ ਹੋਰ ਵੱਖਰਾ ਮੂਲ ਹੈ, ਜਿਸ ਤੋਂ ਭੂਤ ਆਦਿ ਦੇ ਚੰਬੜਨ ਵਾਲੇ ਅਰਥਾਂ ਵਾਲੇ ਸ਼ਬਦ ਬਣੇ। ਸੰਭਵ ਹੈ ਮਨੁ ਤੇ ਮੈਨਸ (Mannus) ਜਿਹੀਆਂ ਸ਼ੈਆਂ ਮਨੁਖ ਦੇ ਮਨ ਵਿਚ ਭੈਅਦਾਇਕ ਅਤੇ ਵਿਸਮਾਦੀ ਜੀਵ ਵਜੋਂ ਉਭਰੇ ਹੋਣ। ਸਮਾਂ ਪੈਣ ਨਾਲ ਇਹ ਡਰਾਵਣੀਆਂ ਸ਼ੈਆਂ ਮਨੁਖਉਪਕਾਰੀ ਬਣ ਜਾਂਦੀਆਂ ਹਨ। ਕ੍ਰੋਧਵਾਨ ਕਹਿਰਵਾਨ ਸ਼ੈਅ ਸਮਾਂ ਪੈਣ ਨਾਲ ਸਭਿਅਤਾ ਦੀ ਨਿਰਮਾਤਾ ਤੇ ਰਾਜਾਸ਼ਾਹੀ ਦੀ ਬਾਨੀ ਬਣ ਜਾਂਦੀ ਹੈ। ਗਰਜ ਦਾ ਦੇਵਤਾ ਥੋਰ ਵਿਵਸਥਾ ਦਾ ਦੇਵਤਾ ਬਣ ਜਾਂਦਾ ਹੈ। ਸਲਾਵਿਕ-ਇਰਾਨੀਅਨ 'ਬੋਗ' ਹਊਏ ਤੋਂ ਖੁਸ਼ਹਾਲੀ ਬਖਸ਼ਣ ਵਾਲਾ ਬਣ ਬਹਿੰਦਾ ਹੈ। ਮਨੁ ਅਤੇ ਮੈਨਸ ਦੈਵੀ ਆਦਿ ਪੁਰਖ ਬਣ ਜਾਂਦੇ ਹਨ। ਮਨੂ ਤੇ ਮੈਨਸ ਨਾਲ ਸਬੰਧ ਰੱਖਣ ਵਾਲੇ ਕ੍ਰਮਵਾਰ ਮਨੁਸ਼/ਮਾਨਵ ਅਤੇ ਮਨਿਸ/ਮੈਸਿਕੋ ਕਹਾਏ। ਪਹਿਲੀਆਂ ਵਿਚ ਲੋਕਾਂ ਦੇ ਮਨ ਵਿਚ ਦੈਵਿਕ ਸ਼ਕਤੀ ਨਿਰਾਕਾਰ ਹੁੰਦੀ ਸੀ। ਬਾਅਦ ਵਿਚ ਮਨੁੱਖ ਨੇ ਇਸ ਨੂੰ ਆਪਣੇ ਅਨੁਸਾਰੀ ਸ਼ਕਲ ਦੇ ਕੇ ਦੇਵਤੇ ਬਣਾਇਆ। ਆਖਰਕਾਰ 'ਮੈਨ' ਸ਼ਬਦ ਬਾਲਬੋਲੀ ਦਾ ਸ਼ਬਦ ਹੋ ਸਕਦਾ ਹੈ: ਪਹਿਲਾਂ ਬੱਚਿਆਂ ਨੂੰ ਡਰਾਉਣ ਵਾਲਾ ਹਊਆ ਫਿਰ ਸਿਆਣਿਆਂ ਦੇ ਮਨ ਵਿਚ ਦਹਿਲ ਪੈਦਾ ਕਰਨ ਵਾਲੀ ਪ੍ਰੇਤਆਤਮਾ, ਫਿਰ ਕਹਿਰਵਾਨ ਦੇਵਤਾ ਅਤੇ ਅਖੀਰ ਵਿਚ ਮਾਨਵ ਜਾਤੀ ਦਾ ਹੀ ਜਨਮਦਾਤਾ ਆਦਿ ਪੁਰਖ। 'ਮਾ' ਅੱਖਰ ਨਾਲ ਆਮ ਤੌਰ ਉਤੇ 'ਨ', 'ਰ' ਅਤੇ ਅਰਧ ਸਵਰ ਲਗਦੇ ਹਨ ਅਤੇ ਬਣਨ ਵਾਲੇ ਸ਼ਬਦਾਂ ਦੇ ਅਰਥ ਮ੍ਰਿਗਤ੍ਰਿਸ਼ਨਾ, ਛਾਇਆ ਜਿਹੇ ਹਨ। ਕਿਸੇ ਦੇਵਤੇ ਦੀ ਗੈਰਹਾਜ਼ਰੀ ਵਿਚ ਇਸ ਤਰ੍ਹਾਂ ਦੇ ਅਰਥਾਂ ਵਾਲੇ ਸ਼ਬਦ ਬਣਦੇ ਹਨ। ਮਿਸਾਲ ਵਜੋਂ ਮਨੁੱਖ ਦੇ ਅਰਥਾਂ ਵਾਲੇ ਪ੍ਰਾਗ-ਸਲਾਵਿਕ ਸ਼ਬਦ 'ਮਾਂਗੀ' ਜਾਂ 'ਮਾਂਗੂ' ਮਨੁਸ਼ ਜਾਂ ਮੈਸਿਕੋ ਦੇ ਬਰਾਬਰ ਹਨ ਪਰ ਸਲਾਵਿਕ ਵਿਚ ਮੈਨਸ ਜਿਹਾ ਸ਼ਬਦ ਨਹੀਂ ਹੈ। ਇਸ ਸਮੱਸਿਆ ਨੂੰ ਇਕ ਹੋਰ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ। ਜਦ ਇਕ ਮੈਨਸ ਜਿਹੇ ਦੇਵਤੇ ਦੀ ਕਲਪਨਾ ਹੋ ਗਈ ਤਾਂ ਉਸ ਦੇ ਚੇਲੇ ਬਾਲਕੇ, ਸੇਵਕ, ਦਾਸ ਵੀ ਇਸੇ ਨਾਂ ਨਾਲ ਪੁਕਾਰੇ ਜਾਣ ਲੱਗੇ; ਤੇ ਹੌਲੀ ਹੌਲੀ ਸਾਰੀ ਪਰਜਾ ਹੀ ਇਸੇ ਨਾਂ ਵਾਲੀ ਹੋ ਗਈ ਹੈਰਾਨੀ ਦੀ ਗੱਲ ਨਹੀਂ ਕਿ ਮੈਨ ਸ਼ਬਦ ਦਾ ਇਕ ਪੁਰਾਣਾ ਅਰਥ ਗੁਲਾਮ, ਦਾਸ ਵੀ ਹੈ। ਇਕ ਹੋਰ ਵੀ ਨੁਕਤਾ ਹੈ ਕਿ ਜੁਗਾਂ ਪਹਿਲਾਂ ਮਨੁਖ ਅਤੇ ਹੋਰ ਜੀਵਾਂ ਵਿਚਕਾਰ ਫਰਕ ਦਾ ਆਧਾਰ ਸੋਚਣ ਸ਼ਕਤੀ ਨਹੀਂ ਹੋ ਸਕਦਾ। ਮੁਕਦੀ ਗੱਲ ਇਹ ਹੈ ਕਿ ਮੈਨ\ਮਨੁੱਖ\ਮੁਜ਼ ਆਦਿ ਜਿਹੇ ਸ਼ਬਦਾਂ ਦਾ ਮੂਲਕ ਸੋਚਣ ਦੇ ਅਰਥਾਂ ਵਾਲਾ Men (ਸੰਸਕ੍ਰਿਤ ਵੱਲ ਆਈਏ ਤਾਂ ਮਨ ਧਾਤੂ) ਸ਼ਬਦ ਨਹੀਂ ਬਲਕਿ ਇਕ ਹੋਰ ਮੂਲਕ ਮਨ ਹੈ ਜਿਸ ਦਾ ਇਸ ਨਾਲ ਕੋਈ ਸਬੰਧ ਨਹੀਂ। ਅਮੈਰਿਕਨ ਹੈਰੀਟੇਜ ਡਿਕਸ਼ਨਰੀ ਨੇ ਵੀ ਇਹੋ ਸੰਭਾਵਨਾ ਦਰਸਾਈ ਹੈ।

## ਸੱਜਣਾ ਵੇ ਸ਼ਹਿਰ ਤੇਰਾ

ਸੱਜਣਾ ਵੇ ਸ਼ਹਿਰ ਤੇਰਾ ਵੀਰਾਨ ਜਿਹਾ ਲੱਗਦਾ,
ਤੂੰ ਗਿਓਂ ਤੇ ਦਿਲ ਪਰੇਸ਼ਾਨ ਜਿਹਾ ਲੱਗਦਾ।

ਮਿਲਦੇ ਸੀ ਜਿਥੇ ਉਹ ਗਲੀਆਂ ਨੇ ਸੁੰਨੀਆਂ,
ਤੇਰੇ ਬਾਅਦ ਸਾਨੂੰ ਲੱਗੇ ਓਪਰੀ ਏ ਦੁਨੀਆਂ।
ਤੇਰੇ ਬਿਨ ਜੱਗ ਬੀਆਬਾਨ ਜਿਹਾ ਲੱਗਦਾ।...

ਅਸੀਂ ਤੇਰੇ ਸ਼ਹਿਰ ਆਏ ਲੈ ਕੇ ਇਕ ਆਸ ਨੀ,
ਕਾਸ਼! ਸਾਨੂੰ ਮਿਲ ਜਾਏ ਤੇਰਾ ਇਕ ਸਾਥ ਨੀ।
ਤੇਰੇ ਨਾਲ ਹੀ ਸੋਹਣਾ ਜਹਾਨ ਇਹ ਲੱਗਦਾ।...

ਪਤਾ ਨਹੀਂਓਂ ਸਾਨੂੰ ਤੇਰਾ ਕਿਥੇ ਹੁਣ ਬਸੇਰਾ ਏ,
ਖਾਲੀ ਖਾਲੀ ਜਿਹਾ ਤੇਰੇ ਘਰ ਦਾ ਬਨੇਰਾ ਏ।
ਘਰ ਤੇਰਾ ਜਿਵੇਂ ਸੁੰਨਸਾਨ ਜਿਹਾ ਲੱਗਦਾ।
ਸੱਜਣਾ ਵੇ ਸ਼ਹਿਰ ਤੇਰਾ ਵੀਰਾਨ ਜਿਹਾ ਲੱਗਦਾ।

*-ਦਿਲਪ੍ਰੀਤ ਮਾਨ, ਕੋਲੋਵਿਸ*
*ਫੋਨ: 559-291-7116*

# ਭਾਰਤ ਦੀ ਜੰਗ-ਏ-ਆਜ਼ਾਦੀ ਦੇ ਅਣਗੌਲੇ ਪੱਤਰੇ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਜੇ ਇਤਿਹਾਸ ਮਿਹਰਬਾਨ ਹੈ ਤਾਂ ਇਸ ਦੀਆਂ ਬੇਮਿਹਰਬਾਨੀਆਂ ਦਾ ਵੀ ਕੋਈ ਅੰਤ ਨਹੀਂ। ਇਸ ਦਾ ਸਭ ਤੋਂ ਵੱਡਾ ਸ਼ਿਕਾਰ ਮਹਾਰਾਜਾ ਦਲੀਪ ਸਿੰਘ ਤੇ ਉਸ ਦੇ ਚਾਹੁਣ ਵਾਲੇ ਹੋਏ ਹਨ। ਹੁਣ ਜਦੋਂ ਪੰਜਾਬ ਸਰਕਾਰ ਕਰਤਾਰਪੁਰ ਵਿਖੇ ਜੰਗ-ਏ-ਆਜ਼ਾਦੀ ਦੀ ਯਾਦਗਾਰ ਉਸਾਰਨ ਜਾ ਰਹੀ ਹੈ ਤਾਂ ਮੇਰੇ ਨੋਟਿਸ ਵਿਚ ਦਲੀਪ ਸਿੰਘ ਤੇ ਠਾਕੁਰ ਸਿੰਘ ਸੰਧਾਵਾਲੀਆ ਦੇ ਅਣਗੌਲੇ ਪੱਤਰੇ ਆਏ ਹਨ। ਅੰਗਰੇਜ਼ਾਂ ਦੇ ਰਾਜ ਵਿਚ ਦਲੀਪ ਸਿੰਘ ਨਾਲ ਕੀ ਬੀਤੀ ਉਹ ਤਾਂ ਸਾਰੇ ਹੀ ਜਾਣਦੇ ਹਨ ਪਰ ਉਸ ਦੇ ਮੱਦਾਹਾਂ ਤੇ ਚਾਹੁਣ ਵਾਲਿਆਂ ਦਾ ਰੋਲ ਠੀਕ ਤਰ੍ਹਾਂ ਨਹੀਂ ਗੌਲਿਆ ਗਿਆ।

ਠਾਕੁਰ ਸਿੰਘ ਰਾਜਾਸਾਂਸੀ ਵਾਲੇ ਸੁਪ੍ਰਸਿੱਧ ਸਰਦਾਰ ਲਹਿਣਾ ਸਿੰਘ ਦਾ ਇੱਕੋ ਇੱਕ ਬੇਟਾ ਸੀ। 1873 ਵਿਚ ਮਿਸ਼ਨ ਹਾਈ ਸਕੂਲ ਅੰਮ੍ਰਿਤਸਰ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਧਰਮ ਕਬੂਲ ਕਰ ਲਿਆ ਤਾਂ ਠਾਕੁਰ ਸਿੰਘ ਨੇ ਸਰ ਖੇਮ ਸਿੰਘ ਬੇਦੀ, ਕੰਵਰ ਬਿਕਰਮ ਸਿੰਘ ਕਪੂਰਥਲਾ ਅਤੇ ਗਿਆਨੀ ਗਿਆਨ ਸਿੰਘ ਨਾਲ ਰਲ ਕੇ ਪਹਿਲੀ ਅਕਤੂਬਰ 1873 ਨੂੰ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਕੀਤੀ ਜਿਸ ਦਾ ਸਿੱਖ ਪੰਥ ਦੀ ਸੁਰਜੀਤੀ ਵਿਚ ਯੋਗਦਾਨ ਵਿਸਾਰਨ ਵਾਲਾ ਨਹੀਂ। ਇਨ੍ਹਾਂ ਗਤੀਵਿਧੀਆਂ ਕਾਰਨ ਸੰਧਾਵਾਲੀਆ ਨੂੰ ਗੋਰੀ ਸਰਕਾਰ ਵਲੋਂ ਮਿਲੀ ਮਜਿਸਟ੍ਰੇਟੀ ਤੋਂ ਵੀ ਹੱਥ ਧੋਣਾ ਪਿਆ। ਫੇਰ ਵੀ ਉਸ ਨੇ ਕਿਸੇ ਨਾ ਕਿਸੇ ਹੀਲੇ ਮਹਾਰਾਜਾ ਦਲੀਪ ਸਿੰਘ ਨਾਲ ਰਾਬਤਾ ਬਣਾਈ ਰਖਿਆ। ਇਥੋਂ ਤੱਕ ਕਿ ਜਦੋਂ ਉਸ ਨੂੰ ਨਵੰਬਰ 1883 ਵਿਚ ਮਹਾਰਾਜਾ ਦਾ ਸੱਦਾ ਆਇਆ ਤਾਂ ਖਾਲਸਾ ਪੰਥ ਦੇ ਅੰਮ੍ਰਿਤਸਰ, ਆਨੰਦਪੁਰ, ਪਟਨਾ ਤੇ ਨੰਦੇੜ ਦੇ ਚਾਰੇ ਤਖਤਾਂ ਤੋਂ ਥਾਪੜਾ ਲੈ ਕੇ ਆਪਣੇ ਦੋ ਬੇਟਿਆਂ, ਇੱਕ ਗ੍ਰੰਥੀ ਤੇ ਤਿੰਨ ਸੇਵਾਦਾਰਾਂ ਨਾਲ 1884 ਵਿਚ ਲੰਡਨ ਜਾ ਪਹੁੰਚਿਆ। ਉਹ ਆਪਣੇ ਨਾਲ ਮਹਾਰਾਜਾ ਨੂੰ ਵਿਰਸੇ ਵਿਚ ਬਣਦੀ ਜਾਇਦਾਦ ਦੇ ਅੰਕੜਿਆਂ ਦੇ ਨਾਲ ਇਕ ਗੁਰੂ ਸਾਹਿਬਾਨ



*ਠਾਕੁਰ ਸਿੰਘ ਸੰਧਾਵਾਲੀਆ*

ਵਲੋਂ ਕੀਤੀ ਪੇਸ਼ੀਨਗੋਈ ਵੀ ਨਾਲ ਲੈ ਗਿਆ। ਪੇਸ਼ੀਨਗੋਈ ਅਨੁਸਾਰ ਦਲੀਪ ਸਿੰਘ ਨੂੰ ਉਸ ਦਾ ਖੁੱਸਿਆ ਹੋਇਆ ਰਾਜ ਹਰ ਹਾਲਤ ਮਿਲਣਾ ਸੀ।

ਠਾਕੁਰ ਸਿੰਘ ਦੀ ਪ੍ਰੇਰਨਾ ਨਾਲ ਮਹਾਰਾਜਾ ਅੰਮ੍ਰਿਤ ਛਕ ਕੇ ਸਿੰਘ ਸੱਜਣ ਲਈ ਤਿਆਰ ਹੋ ਗਿਆ ਤੇ ਅਗਸਤ 1885 ਵਿਚ ਭਾਰਤ ਪਰਤ ਕੇ ਮਹਾਰਾਜਾ ਨੂੰ ਮੁੰਬਈ ਵਿਖੇ ਜੀ ਆਇਆਂ ਕਹਿ ਕੇ ਉਥੇ ਹੀ ਅੰਮ੍ਰਿਤ ਛਕਾਉਣ ਦਾ ਪੂਰਾ ਪ੍ਰਬੰਧ ਕਰ ਲਿਆ। ਖੁਫੀਆ ਰਿਪੋਰਟਾਂ ਤੋਂ ਚੇਤਨ ਹੋ ਕੇ ਗੋਰੀ ਸਰਕਾਰ ਨੇ ਮਹਾਰਾਜਾ ਨੂੰ 25 ਮਈ 1886 ਵਾਲੇ ਦਿਨ ਐਡਿਨ ਰੋਕ ਕੇ ਉਥੇ ਹੀ ਅੰਮ੍ਰਿਤ ਛਕਾ ਦਿੱਤਾ। ਭਾਵੇਂ ਜਾਸੂਸਾਂ ਨੇ ਸੰਧਾਵਾਲੀਆ ਨੂੰ ਬੜਾ ਖਤਰਨਾਕ ਵਿਅਕਤੀ ਚਿਤਰਿਆ, ਫੇਰ ਵੀ ਉਸ ਮਾਈ ਦੇ ਲਾਲ ਨੇ ਹੌਸਲਾ ਨਹੀਂ ਹਾਰਿਆ। ਉਸ ਨੇ ਨਵੰਬਰ 1886 ਵਿਚ ਪਾਂਡੀਚੇਰੀ (ਹੁਣ ਪੁੱਡੂਚੇਰੀ) ਜਾ ਕੇ ਫਰਾਂਸ ਦੀ ਸਹਿਮਤੀ ਨਾਲ ਮਹਾਰਾਜਾ ਦਲੀਪ ਸਿੰਘ ਵਲੋਂ ਉਥੇ ਜਲਾਵਤਨ ਸਰਕਾਰ ਸਥਾਪਤ ਕਰ ਕੇ ਇਸ ਦਾ ਪ੍ਰਧਾਨ ਮੰਤਰੀ ਬਣਨ ਦੀ ਜ਼ਿੰਮੇਵਾਰੀ ਕਬੂਲ ਕਰ ਲਈ। ਇਸ ਸਰਕਾਰ ਦੀਆਂ ਅਣਥਕ ਗਤੀਵਿਧੀਆਂ ਸਦਕਾ 40,000 ਸਿੱਖ ਤੇ ਰਾਜਪੂਤ ਸੈਨਿਕ ਅਤੇ 1,20,000 ਕੂਕਿਆਂ ਨੇ ਮਿਲ ਕੇ ਰੂਸ ਦੀ ਮਦਦ ਲੈਣ ਦਾ ਅਜਿਹਾ ਜੁਗਾੜ ਬਣਾਇਆ ਕਿ ਗੋਰੀ ਸਰਕਾਰ ਦਾ ਤਖਤਾ ਪਲਟਣਾ ਉਕਾ ਹੀ ਅਸੰਭਵ ਨਹੀਂ ਸੀ। ਜੇ ਦੇਰੀ ਸੀ ਤਾਂ ਕੇਂਦਰੀ ਏਸ਼ੀਆ ਰਾਹੀਂ ਰੂਸ ਵਲੋਂ ਬਣਾਈ ਜਾ ਰਹੀ ਰੇਲਵੇ ਲਾਈਨ ਦੀ। ਇਸ ਦੇ ਨੇਪਰੇ ਚੜ੍ਹਨ ਸਾਰ ਰੂਸ ਨੇ ਭਾਰਤ ਉਤੇ ਧਾਵਾ ਬੋਲ ਕੇ ਪੰਜਾਬ ਦੇ ਉਪਰੋਕਤ ਕਾਰਕੁਨਾਂ ਦੀ ਸਹਾਇਤਾ ਨਾਲ ਗੋਰੀ ਸਰਕਾਰ ਨੂੰ ਸਮੁੱਚੇ ਭਾਰਤ ਵਿਚੋਂ ਕਢ ਮਾਰਨਾ ਸੀ।

ਮਾੜੀ ਗੱਲ ਇਹ ਹੋਈ ਕਿ ਇਸ ਸਮੇਂ ਬਰਤਾਨੀਆ ਨੇ ਆਪਣੇ ਜਾਸੂਸ ਪਾਂਡੀਚੇਰੀ ਵਾੜ ਕੇ ਠਾਕੁਰ ਸਿੰਘ ਸੰਧਾਵਾਲੀਆ ਨੂੰ ਜ਼ਹਿਰ ਦਿਲਵਾ ਕੇ ਖਤਮ ਕਰ ਦਿੱਤਾ। ਮਹਾਰਾਜਾ ਦਲੀਪ ਸਿੰਘ ਦਾ ਦਿਲ ਟੁਟ ਗਿਆ ਤੇ ਸੰਧਾਵਾਲੀਆ ਦੀ ਮੌਤ ਨੂੰ ਉਸ ਨੇ ਆਪਣੀ ਸੱਜੀ ਬਾਂਹ ਟੁੱਟਣਾ ਕਿਹਾ ਪਰ ਫੇਰ ਵੀ ਢੇਰੀ ਨਹੀਂ ਢਾਹੀ। ਉਸ ਨੇ ਠਾਕੁਰ ਸਿੰਘ ਦੇ ਤਿੰਨਾਂ ਪੁੱਤਰਾਂ ਨੂੰ ਜਲਾਵਤਨ ਸਰਕਾਰ ਦੇ ਪ੍ਰਧਾਨ ਮੰਤਰੀ ਦੀ ਸਾਰੀ ਜ਼ਿੰਮੇਵਾਰੀ ਦੇ ਕੇ ਬਰਮਾ ਦੇ ਜਲਾਵਤਨ ਮਹਾਰਾਜਾ ਮਿਨ ਗੂਨ ਨਾਲ ਮਿਲ ਕੇ ਭਾਰਤ ਦੇ ਦੂਜੇ ਰਾਜਿਆਂ ਨਾਲ ਤਕੜਾ ਮੇਲ-ਜੋਲ ਸਥਾਪਤ ਕਰ ਲਿਆ। ਇਥੋਂ ਤੱਕ ਕਿ 1890 ਵਿਚ ਮਹਾਰਾਜਾ ਦੇ ਅਧਰੰਗ ਦਾ ਸ਼ਿਕਾਰ ਹੋਣ ਤੱਕ ਸੰਧਾਵਾਲੀਆ ਦੀ ਮਿਸ਼ਾਲ ਨੂੰ ਬੁਝਣ ਨਹੀਂ ਦਿੱਤਾ।

ਮੈਂ ਸੰਧਾਵਾਲੀਆ ਪਰਿਵਾਰ ਦੇ ਦਮਨਦੀਪ ਸਿੰਘ ਦਾ ਧੰਨਵਾਦੀ ਹਾਂ ਕਿ ਉਸ ਨੇ ਇਹ ਸਾਰੀ ਜਾਣਕਾਰੀ ਮੈਨੂੰ ਦਿੱਤੀ ਜਿਹੜੀ ਹੋਰ ਕਿਧਰੇ ਸੌਖੀ ਨਹੀਂ ਸੀ ਮਿਲਣੀ ਸਿਵਾਏ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਦੇ। ਮਹਾਨ ਕੋਸ਼ ਇਸ ਤੱਥ ਉਤੇ ਮੁਹਰ ਲਾਉਂਦਾ ਹੈ ਕਿ ਠਾਕੁਰ ਸਿੰਘ ਸੰਧਾਵਾਲੀਆ ਸਿੰਘ ਸਭਾ ਲਹਿਰ ਦਾ ਪ੍ਰਥਮ ਪ੍ਰਧਾਨ ਸੀ। ਦਮਨਦੀਪ ਸਿੰਘ (91-95920-95864) ਕੋਲ ਹੋਰ ਵੀ ਦਸਤਾਵੇਜ਼ ਹਨ ਜਿਨ੍ਹਾਂ ਦਾ ਇਤਿਹਾਸ ਦੇ ਖੋਜਾਰਥੀ ਲਾਭ ਲੈ ਸਕਦੇ ਹਨ।

### ਪ੍ਰਦੇਸ ਗਮਨ ਦੇ ਪ੍ਰੇਮੀਓ ਸੁਣ ਲਓ

ਜੇ ਤੁਸੀਂ ਦੂਜੇ ਦੇਸ਼ਾਂ ਦੀ ਸੈਰ ਦੇ ਚਾਹਵਾਨ ਹੋ ਤਾਂ ਇਹ ਨੋਟ ਕਰਨਾ ਜ਼ਰੂਰੀ ਹੈ ਕਿ ਸਪੇਨ ਵਾਲੇ ਖਾਂਦੇ ਸਮੇਂ ਪਲੇਟ ਵਿਚ ਜੂਠ ਛਡਣ ਨੂੰ ਮੇਜ਼ਬਾਨ ਦਾ ਨਿਰਾਦਰ ਮੰਨਦੇ ਹਨ, ਚੀਨ ਵਾਲੇ ਕਟੋਰੀ ਵਿਚ ਚਾਪ ਸਟਿੱਕ ਨਹੀਂ ਛਡਦੇ ਕਿਉਂਕਿ ਅਜਿਹਾ ਕੇਵਲ ਮਰਗ ਸਮੇਂ ਵਰਤਾਏ ਭੋਜਨ ਸਮੇਂ ਹੀ ਕੀਤਾ ਜਾਂਦਾ ਹੈ; ਅਤੇ ਫਰਾਂਸ ਵਿਚ ਰਸੋਈਏ ਵਲੋਂ ਕੱਟੇ ਸਲਾਦ ਨੂੰ ਜੇ ਹੋਰ ਛੋਟਾ ਕਟੋਗੇ ਤਾਂ ਰਸੋਈਏ ਦਾ ਨਿਰਾਦਰ ਸਮਝਿਆ ਜਾਵੇਗਾ। ਇਸੇ ਤਰ੍ਹਾਂ ਜਮਾਈਕਾ ਵਿਚ ਮੁੰਡੇ ਕੁੜੀਆਂ ਜਨਤਕ ਥਾਂਵਾਂ ਉਤੇ ਇੱਕ ਦੂਜੇ ਨੂੰ ਜੱਫੀ ਪਾਉਂਦੇ ਹਨ ਤਾਂ ਉਹ ਸਮਲਿੰਗੀ ਸਮਝੇ ਜਾਂਦੇ ਹਨ ਜਿਸ ਦੀ ਉਥੇ ਸਖਤ ਮਨਾਹੀ ਹੈ। ਮੈਕਸੀਕੋ ਵਿਚ ਲਾਲ ਰੰਗ ਦਾ ਫੁੱਲ ਤਦ ਹੀ ਭੇਟ ਕੀਤਾ ਜਾਂਦਾ ਹੈ ਜੇ ਕਿਸੇ ਥਾਂ ਸ਼ੋਕ ਕਰਨ ਜਾਓ, ਨਹੀਂ ਤਾਂ ਉਕਾ ਹੀ ਨਹੀਂ। ਜਰਮਨੀ ਵਾਲੇ ਲਿੱਲੀ ਦੇ ਫੁੱਲ ਕੇਵਲ ਸਸਕਾਰ ਮੌਕੇ ਹੀ ਲੈ ਕੇ ਜਾਂਦੇ ਹਨ, ਖੁਸ਼ੀ ਦੇ ਮੌਕੇ ਉਕਾ ਹੀ ਨਹੀਂ। ਪੱਛਮ ਦੇ ਆਦਿਵਾਸੀ ਕਿਸੇ ਦੂਸਰੇ ਦੀ ਵਸਤੂ ਕਦੀ ਨਹੀਂ ਸਰਾਹੁੰਦੇ ਕਿਉਂਕਿ ਇਸ ਦਾ ਅਰਥ ਇਹ ਕੱਢਿਆ ਜਾਂਦਾ ਹੈ ਕਿ ਤੁਸੀਂ ਉਸ ਵਸਤੂ, ਭਾਵੇਂ ਉਹ ਉਸ ਦੀ ਪਤਨੀ ਹੀ ਕਿਉਂ ਨਾ ਹੋਵੇ, ਉਸ ਕੋਲੋਂ ਮੰਗ ਰਹੇ ਹੋ ਤੇ ਉਸ ਨੂੰ ਦੇ ਦੇਣੀ ਚਾਹੀਦੀ ਹੈ।

**ਅੰਤਿਕਾ:** (ਅਮਰਜੀਤ ਸਿੰਘ ਅਮਰ)
ਮਾਲੀ ਪੁੱਛੇ ਕੌਣ ਇਹ ਲੰਘਿਆ
ਬਾਗ਼ ਗਏ ਰੁਸ਼ਨਾਏ,
ਕੌਣ ਇਹ ਫੁੱਲਾਂ ਕਲੀਆਂ 'ਤੇ
ਸੰਧੂਰ ਧੂੜਦਾ ਜਾਏ।
ਇੱਕ ਫੁੱਲ ਬੇਬਹਾਰਾ ਖਿੜਿਆ,
ਖਿੰਡ ਗਈਆਂ ਖੁਸ਼ਬੋਈਆਂ,
ਦੋਹੀਂ ਹੱਥੀਂ ਲੁੱਟ ਖਜ਼ਾਨੇ,
ਪੌਣਾਂ ਝੱਲੀਆਂ ਹੋਈਆਂ।

# ਸੰਵੇਦਨਾ ਦਾ ਦਰਿਆ ਜਸਵੰਤ ਖਟਕੜ

***ਰਵਿੰਦਰ ਸਹਿਰਾਅ ਦੁਆਬੀਆ ਹੈ ਅਤੇ 70ਵਿਆਂ ਦੇ ਅਖੀਰ ਵਿਚ ਦੁਆਬੇ ਦੇ ਹੋਰ ਕਈ ਨੌਜਵਾਨਾਂ ਵਾਂਗ ਉਹ ਵੀ ਬਾਬਾ ਬੂਝਾ ਸਿੰਘ ਜਾਂ ਕਾਮਰੇਡ ਦਰਸ਼ਨ ਖਟਕੜ ਦੀ ਪ੍ਰੇਰਨਾ ਸਦਕਾ ਉਨ੍ਹਾਂ ਸਮਿਆਂ ਦੇ ਨਕਸਲੀ ਅੰਦੋਲਨ ਵੱਲ ਆਕਰਸ਼ਿਤ ਹੋਇਆ। ਲਹਿਰ ਵਿਚ ਖੜੋਤ ਆ ਜਾਣ ਅਤੇ ਪੰਜਾਬ ਦੇ ਰਾਜਨੀਤਕ ਮਾਹੌਲ ਅੰਦਰ ਹਵਾ ਉਸ ਦਿਸ਼ਾ ਵਿਚ ਚੱਲ ਪੈਣ ਤੇ ਬੇਵਸੀ ਵੱਸ ਉਹ 80ਵਿਆਂ ਦੇ ਅਖੀਰ ਵਿਚ ਅਮਰੀਕਾ ਆ ਗਿਆ। ਵਿਚਾਰ ਉਸ ਦੇ ਉਸੇ ਤਰ੍ਹਾਂ ਮਨੁੱਖਵਾਦੀ ਹਨ ਅਤੇ ਜ਼ਿੰਦਗੀ ਨਾਲ ਉਸ ਦਾ ਮੋਹ ਨਿਰੰਤਰ ਕਵਿਤਾਵਾਂ ਰਾਹੀਂ ਪ੍ਰਗਟ ਹੁੰਦਾ ਰਹਿੰਦਾ ਹੈ। ਉਹ ਪੰਜਾਬ ਦੀ ਧਰਤੀ ਦੇ ਦੰਤ ਕਥਾਈ ਕਵੀ ਪਾਸ਼ ਦਾ ਨੇੜੂ ਸੀ ਅਤੇ ਉਸ ਤੋਂ ਵੀ ਵੱਧ ਮੁਹੱਬਤ ਉਸ ਦੀ ਜਸਵੰਤ ਖਟਕੜ ਦੇ ਨਾਲ ਸੀ। ਰਵਿੰਦਰ ਸਹਿਰਾਅ ਨੇ ਆਪਣੇ ਇਸ ਮਿੱਤਰ ਪਿਆਰੇ ਦੇ ਆਤਮਿਕ ਸੁਹੱਪਣ ਅਤੇ ਜਜ਼ਬਾਤੀ ਸੁਭਾਅ ਦੇ ਸੱਚ ਨੂੰ ਸਹੀ ਪ੍ਰਸੰਗ ਵਿਚ ਆਸ਼ਕਾਰ ਕਰਨ ਦਾ ਯਤਨ ਕੀਤਾ ਹੈ। ਜਸਵੰਤ ਦਾ ਇਹ ਪਿਆਰਾ, ਕਾਵਿ-ਚਿਤਰ ਵਰਗਾ ਰੇਖਾ-ਚਿਤਰ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ।***

1969-70 ਦਾ ਸਮਾਂ ਪੰਜਾਬ ਵਿਚ ਨਕਸਲੀ ਲਹਿਰ ਦੀ ਚੜ੍ਹਤ ਦਾ ਸਮਾਂ ਸੀ। ਪੰਜਾਬ ਦੇ ਅਨੇਕਾਂ ਨੌਜਵਾਨ ਕਾਲਜਾਂ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਵਿਚੇ ਛੱਡ ਕੇ ਇਸ ਲਹਿਰ ਦਾ ਹਿੱਸਾ ਬਣ ਗਏ ਸਨ। ਮਾਲਵੇ ਤੇ ਦੁਆਬੇ ਦੇ ਕਈ ਪਿੰਡ ਤਾਂ ਲਹਿਰ ਦੇ ਮੱਕੇ ਵਜੋਂ ਜਾਣੇ ਜਾਣ ਲੱਗੇ ਸਨ। ਜਲੰਧਰ ਜ਼ਿਲ੍ਹੇ (ਹੁਣ ਨਵਾਂ ਸ਼ਹਿਰ) ਦੀ ਤਹਿਸੀਲ ਬੰਗੇ ਦਾ ਪਿੰਡ ਮੰਗੂਵਾਲ ਵੀ ਇਨ੍ਹਾਂ ਵਿਚੋਂ ਇਕ ਸੀ। ਦਰਸ਼ਨ ਖਟਕੜ, ਇਕਬਾਲ, ਰਾਮ ਕਿਸ਼ਨ ਜੋਸ਼ੀ ਆਦਿ ਨੌਜਵਾਨ ਇਸੇ ਪਿੰਡ ਦੇ ਸਨ। ਪੁਲਿਸ ਇਨ੍ਹਾਂ ਨੂੰ ਫੜਨ ਲਈ ਹਰਲ-ਹਰਲ ਕਰਦੀ ਪਿੰਡ-ਪਿੰਡ ਛਾਪੇ ਮਾਰਦੀ ਫਿਰਦੀ ਸੀ। ਇਨ੍ਹਾਂ ਦੇ ਘਰਦਿਆਂ ਨੂੰ ਥਾਣਿਆਂ ਵਿਚ ਲਿਜਾ ਕੇ ਜ਼ਲੀਲ ਕੀਤਾ ਜਾਂਦਾ ਸੀ।

ਪਿੰਡ ਮੰਗੂਵਾਲ ਦਾ ਇਕ ਅਲੂੰਆਂ ਜਿਹਾ ਮੁੰਡਾ ਅਜੇ ਛੇਵੀਂ-ਸੱਤਵੀਂ ਜਮਾਤ ਵਿਚ ਪੜ੍ਹਦਾ ਸੀ। ਉਮਰ ਮਸਾਂ ਤੇਰਾਂ-ਚੌਦਾਂ ਸਾਲ। ਰੰਗ ਰੰਗਾ ਨਿਛੋਹ, ਪਤਲਾ ਫੁਰਤੀਲਾ ਸਰੀਰ, ਸਿਰ 'ਤੇ ਕਾਲੇ

**ਰਵਿੰਦਰ ਸਹਿਰਾਅ**
**ਫੋਨ: 717-575-7529**

ਰੰਗ ਦੀ ਪੋਚਵੀਂ ਪੱਗ। ਗੱਲਬਾਤ ਵਿਚ ਇੰਨਾ ਹਾਜ਼ਰ ਜਵਾਬ ਕਿ ਵੱਡਿਆਂ ਦੇ ਮੂੰਹ ਅੱਡੇ ਰਹਿ ਜਾਂਦੇ। ਜੇ ਮਜ਼ਾਕ ਕਰਦਾ ਤਾਂ ਹਾਸਿਆਂ ਨਾਲ ਢਿੱਡੀਂ ਪੀੜਾਂ ਪਾ ਦਿੰਦਾ। ਗੁਪਤਵਾਸ ਕਾਮਰੇਡਾਂ ਦਾ ਉਹ ਚਹੇਤਾ ਬਣ ਗਿਆ। ਇਧਰ-ਉਧਰ ਲੁਕਵੇਂ ਠਿਕਾਣਿਆਂ 'ਤੇ ਸੁਨੇਹੇ ਲੈ ਕੇ ਜਾਣ ਦਾ ਉਹ ਕਾਮਯਾਬ ਜ਼ਰੀਆ ਬਣ ਗਿਆ। ਸਾਈਕਲ 'ਤੇ ਚੜ੍ਹ ਕੇ ਉਹ ਦੂਰ-ਦੁਰਾਡੇ ਪਿੰਡਾਂ ਦੀਆਂ ਜੂਹਾਂ ਗਾਹ ਮਾਰਦਾ। ਨਾ ਦਿਨ ਦੇਖਦਾ, ਨਾ ਰਾਤ। ਪੜ੍ਹਾਈ ਨੂੰ ਅਲਵਿਦਾ ਕਹਿ ਦਿੱਤੀ। ਪਤਾ ਨਹੀਂ, ਉਸ ਵਿਚ ਇੰਨੀ ਊਰਜਾ ਕਿਥੋਂ ਆ ਗਈ ਸੀ? ਕਾਮਰੇਡਾਂ ਦੀਆਂ ਡੱਬਾਂ ਵਿਚ ਰਿਵਾਲਵਰ ਤੇ ਝੋਲਿਆਂ ਵਿਚ ਗਰਨੇਡ ਦੇਖ ਕੇ ਉਸ ਨੂੰ ਅੰਤਾਂ ਦਾ ਸਰੂਰ ਚੜ੍ਹ ਜਾਂਦਾ। ਇਨਕਲਾਬ ਦੀ ਤਾਂ ਅਜੇ ਸਮਝ ਨਹੀਂ ਸੀ, ਪਰ ਹੱਥ ਵਿਚ ਪਿਸਤੌਲ ਫੜ ਕੇ ਉਸ ਨੂੰ ਪਲੋਸਦਾ, ਤੇ ਮਨ ਹੀ ਮਨ ਮੁਖ਼ਬਰਾਂ ਅਤੇ ਇਨਕਲਾਬ-ਦੋਖੀਆਂ ਨੂੰ ਸਬਕ ਸਿਖਾਉਣ ਦੀ ਰੀਝ ਨੂੰ ਉਹ ਚਾਵਾਂ ਨਾਲ ਪਾਲਣ ਲੱਗ ਪਿਆ ਸੀ।

ਇਹ ਸੁਨੱਖਾ ਜਿਹਾ ਮੁੰਡਾ ਸੀ ਜਸਵੰਤ ਖਟਕੜ। ਘਰਦੇ ਸਾਰੇ ਉਸ ਨੂੰ ਪਿਆਰ ਨਾਲ ਬਿੱਲੂ ਕਹਿ ਕੇ ਬੁਲਾਉਂਦੇ। ਮੁਖ਼ਬਰਾਂ ਤੇ ਪੁਲਸੀਆਂ ਨੇ ਉਸ ਦੀਆਂ ਪੈੜਾਂ ਨੱਪਣੀਆ ਸ਼ੁਰੂ ਕਰ ਦਿੱਤੀਆਂ। ਤੇ ਇਕ ਦਿਨ ਹੋਇਆ ਉਹੀ ਜਿਸ ਦਾ ਡਰ ਸੀ। ਉਹ ਗੜ੍ਹਸ਼ੰਕਰ ਲਾਗੇ ਕਿਸੇ ਪਿੰਡ ਦੇ ਡੇਰੇ 'ਤੇ ਦਰਸ਼ਨ ਖਟਕੜ ਤੇ ਕਾਮਰੇਡ ਹਾਕਮ ਸਮਾਓਂ ਨੂੰ ਮਿਲਣ ਗਿਆ, ਤੇ ਉਨ੍ਹਾਂ ਦੇ ਨਾਲ ਹੀ ਪੁਲਿਸ ਦੇ ਹੱਥੀਂ ਚੜ੍ਹ ਗਿਆ। ਕਈ ਵਰ੍ਹੇ ਜਲੰਧਰ ਜੇਲ੍ਹ ਵਿਚ ਬੰਦ ਨਕਸਲੀ ਲਹਿਰ ਦਾ ਉਹ ਸਭ ਤੋਂ ਛੋਟੀ ਉਮਰ ਦਾ ਕੈਦੀ ਸੀ। ਜੇਲ੍ਹ ਵਿਚ ਬੰਦ ਪਾਸ਼, ਕੇਵਲ ਕੌਰ, ਦਰਸ਼ਨ ਖਟਕੜ, ਇਕਬਾਲ ਖਾਨ ਆਦਿ ਸਾਰਿਆਂ ਦਾ ਉਹ ਚਹੇਤਾ ਸੀ। ਉਨ੍ਹੀਂ ਦਿਨੀਂ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੀ ਚੰਗੀ ਜਾਂ ਮਾੜੀ ਕਿਸਮਤ ਕਾਰਨ ਆਪਣੇ ਪਰਚੇ 'ਲਕੀਰ' ਵਿਚ ਉਪਰੋਕਤ ਕਿਸਮ ਦੇ ਬਾਗੀਆਂ ਦੀਆਂ ਰਚਨਾਵਾਂ ਛਾਪਣ ਕਾਰਨ ਥੋੜ੍ਹੇ ਚਿਰ ਲਈ ਜੇਲ੍ਹ ਵਿਚ ਬੰਦ ਰਿਹਾ। ਉਹਦਾ ਨਾਵਲਿਟ 'ਦਸਤਾਵੇਜ਼' ਉਸੇ ਅਨੁਭਵ ਦੀ ਪੈਦਾਵਾਰ ਸੀ।

ਪਾਸ਼ ਅਤੇ ਦਰਸ਼ਨ ਖਟਕੜ ਦਾ ਨਾਂ ਇਸ ਸਮੇਂ ਤਕ ਪੰਜਾਬੀ ਦੇ ਮੋਹਰਲੀ ਕਤਾਰ ਦੇ ਇਨਕਲਾਬੀ ਕਵੀਆਂ ਵਿਚ ਸੀ। ਜੇਲ੍ਹ ਵਿਚ ਵੀ ਇਨ੍ਹਾਂ ਨੇ ਢੇਰ ਸਾਰਾ ਮਾਰਕਸੀ ਸਾਹਿਤ ਪੜ੍ਹਿਆ ਵੀ ਅਤੇ ਰਚਨਾ ਵੀ ਕੀਤੀ। ਇਨ੍ਹਾਂ ਦੀ ਸੰਗਤ ਕਾਰਨ ਹੀ ਇਕਬਾਲ ਖਾਨ ਅਤੇ ਜਸਵੰਤ ਨੇ ਵੀ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਕੀਤੀਆਂ। ਇਨ੍ਹਾਂ ਨੇ ਗਜ਼ਲਾਂ ਗੀਤਾਂ 'ਤੇ ਵੀ ਹੱਥ ਅਜ਼ਮਾਈ ਕੀਤੀ। ਉਨ੍ਹੀਂ ਦਿਨੀਂ 'ਅਜੀਤ' ਦੇ ਐਤਵਾਰੀ ਅੰਕ ਵਿਚ 'ਹਮਦਰਦ ਗਜ਼ਲ ਸਕੂਲ' ਸਬੰਧੀ ਬੜੀ ਚਰਚਾ ਸੀ। ਇਨ੍ਹਾਂ ਦੋਹਾਂ ਨੇ ਵੀ ਸ਼ੁਗਲ ਵਜੋਂ ਗਜ਼ਲਾਂ ਭੇਜਣੀਆਂ ਸ਼ੁਰੂ ਕੀਤੀਆਂ। ਪਹਿਲਾਂ ਸ਼ਰਤ ਲਾਉਣੀ ਕਿ ਕਿਸ ਦੇ ਜ਼ਿਆਦਾ ਸ਼ੇਅਰ ਹਮਦਰਦ ਨੂੰ ਪਸੰਦ ਆਉਂਦੇ ਹਨ, ਤੇ ਛਪਦੇ ਹਨ। ਜਸਵੰਤ ਦੇ ਸ਼ੇਅਰ ਹਮੇਸ਼ਾ ਇਕਬਾਲ ਨਾਲੋਂ ਜ਼ਿਆਦਾ ਛਪਣੇ ਤਾਂ ਕਿੰਨੇ ਦਿਨ ਜੇਲ੍ਹ ਅੰਦਰ ਛੇੜ-ਛਾੜ ਤੇ ਹਾਸੇ-ਮਖੌਲ ਵਾਲਾ ਮਾਹੌਲ ਬਣਿਆ ਰਹਿਣਾ। ਛੋਟਾ ਹੋਣ ਕਾਰਨ ਪਾਸ਼ ਨੇ ਹਮੇਸ਼ਾ ਜਸਵੰਤ ਦੀ ਹਮਾਇਤ ਕਰਨੀ, ਤੇ ਖਾਨ ਨੂੰ ਚਿੜਾਉਂਦੇ ਰਹਿਣਾ। ਇੰਜ ਜਸਵੰਤ ਸਾਹਿਤ ਵਿਚ ਜਸਵੰਤ ਖਟਕੜ ਵਜੋਂ ਜਾਣਿਆ ਜਾਣ ਲੱਗਾ।

1972 ਦੇ ਅਖੀਰ ਜਾਂ 1973 ਦੇ ਸ਼ੁਰੂ ਦੇ ਦਿਨਾਂ ਵਿਚ ਪਾਸ਼ ਤੇ ਜਸਵੰਤ ਰਿਹਾਅ ਹੋ ਚੁੱਕੇ ਸਨ। ਨਕੋਦਰ ਕਵੀ ਦਰਬਾਰ ਸੀ। ਮੋਗਾ ਵਿਚ ਵਿਦਿਆਰਥੀਆਂ ਨੂੰ ਬੇਰਹਿਮੀ ਨਾਲ ਸ਼ਹੀਦ ਕਰਨ ਦੇ ਜ਼ਖ਼ਮ ਅਜੇ ਅੱਲ੍ਹੇ ਸਨ। ਜਸਵੰਤ ਨੇ ਬੜੇ ਹੀ ਜੋਸ਼ ਨਾਲ ਕਵਿਤਾ ਪੜ੍ਹੀ,

ਧੁਨ ਮਾਤਮੀ ਅੱਜ ਨਹੀਂ ਵੱਜੀ
ਸ਼ਾਇਦ ਬੇਗਾਨੇ ਪੁੱਤ ਕਰ ਕੇ ਹੀ।

ਉਸ ਦੀ ਬੱਲੇ-ਬੱਲੇ ਹੋ ਗਈ। ਸਾਰੇ ਉਸ ਨੂੰ ਕਲਾਵੇ ਵਿਚ ਲੈ ਕੇ ਦਾਦ ਦੇ ਰਹੇ ਸਨ। ਇਸੇ ਤਰ੍ਹਾਂ ਉਸ ਨੇ ਕਿੰਨੀਆਂ ਹੀ ਯਾਦਗਾਰੀ ਇਨਕਲਾਬੀ ਨਜ਼ਮਾਂ ਲਿਖੀਆਂ, ਤੇ ਕਿਤਾਬ 'ਰੋਹ ਦੀ ਅੱਗ' ਛਪਵਾਈ।

ਮੋਗਾ ਘੋਲ ਤੋਂ ਬਾਅਦ ਵਿਦਿਆਰਥੀ ਅਤੇ ਨੌਜਵਾਨ ਵੱਡੀ ਗਿਣਤੀ ਵਿਚ ਲਹਿਰ ਨਾਲ ਜੁੜਨ ਲੱਗੇ। ਪਿੰਡਾਂ ਵਿਚ ਵੀ ਨੌਜਵਾਨ ਭਾਰਤ ਸਭਾ ਦੀਆਂ ਇਕਾਈਆਂ ਬਣਨ ਲੱਗੀਆਂ। ਪੰਜਾਬ ਦੇ ਹਰ ਕਾਲਜ ਤੇ ਹਰ ਪਿੰਡ ਵਿਚ ਜਲਸੇ-ਜਲੂਸ ਤੇ ਡਰਾਮੇ ਹੋਣ ਲੱਗੇ। ਜਸਵੰਤ ਖਟਕੜ ਨੇ ਵੀ 'ਦੁਆਬਾ ਕਲਾ ਮੰਚ' ਦੀ ਸਥਾਪਨਾ ਕੀਤੀ। ਨਾਲ ਲਗਦੇ ਪਿੰਡਾਂ ਦੇ ਉਤਸ਼ਾਹੀ ਮੁੰਡਿਆਂ ਨੂੰ ਨਾਲ ਜੋੜਿਆ। ਪਰਮਜੀਤ ਕਾਹਮਾ, ਅਨਵਰ, ਕਸ਼ਮੀਰੀ ਲਾਲ, ਨਰਿੰਜਨ ਨੰਜੂ, ਜਰਨੈਲ ਰਾਹੀ, ਰਜਿੰਦਰ ਖਹਿਰਾ ਅਤੇ ਬੀਬਾ ਕੁਲਵੰਤ ਆਦਿ ਉਸ ਦੇ ਸਹਿਯੋਗੀ ਕਲਾਕਾਰ ਬਣੇ। ਬਾਅਦ ਵਿਚ ਨਰਿੰਦਰਜੀਤ ਨਾਲ ਵਿਆਹ ਪਿਛੋਂ ਉਹ ਕਲਾਕਾਰ ਜੋੜੀ ਵਜੋਂ ਕਾਫੀ ਨਾਮਣੇ ਵਾਲੇ ਬਣੇ।

1973 ਦੇ ਸ਼ੁਰੂ ਵਿਚ ਅਸੀਂ ਰਾਮਗੜ੍ਹੀਆ ਕਾਲਜ ਫਗਵਾੜਾ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਵਿਚ ਸਰਗਰਮ ਸਾਂ। ਇਕ ਦਿਨ ਬੰਗਾ ਇਲਾਕੇ ਦੇ ਕੁਝ ਵਿਦਿਆਰਥੀਆਂ ਨੇ ਦੱਸਿਆ ਕਿ ਅੱਜ ਦੁਸਾਂਝ ਕਲਾਂ ਵਿਖੇ ਬੜਾ ਵੱਡਾ ਇਨਕਲਾਬੀ ਜਲਸਾ ਹੋ ਰਿਹਾ ਹੈ। ਅਸੀਂ ਪੰਦਰਾਂ-ਵੀਹਾਂ ਦੇ ਗਰੁਪ ਵਿਚ ਸਾਈਕਲਾਂ 'ਤੇ ਦੁਸਾਂਝ ਕਲਾਂ ਪੁੱਜੇ। ਹੋਰਾਂ ਦੇ ਨਾਲ ਜਸਵੰਤ ਜਲੂਸ ਦੀ ਅਗਵਾਈ ਕਰ ਰਿਹਾ ਸੀ। ਪਿੰਡ ਵਿਚ ਜਿਵੇਂ ਲਾਲ ਝੰਡਿਆਂ ਦਾ ਹੜ੍ਹ ਆ ਗਿਆ ਹੋਵੇ। ਮੁਜ਼ਾਹਰਾਕਾਰੀ ਭਾਵੇਂ ਤਿੰਨ-ਚਾਰ ਸੌ ਦੀ ਗਿਣਤੀ ਵਿਚ ਸਨ, ਪਰ ਕੋਠਿਆਂ ਦੀਆਂ ਛੱਤਾਂ ਉਪਰ ਅਤੇ ਪਿੰਡ ਦਿਆਂ ਚੌਕਾਂ ਵਿਚ ਪਿੰਡ ਵਾਲਿਆਂ ਦੀ ਵੱਡੀ ਭੀੜ ਜੁੜ ਜਾਂਦੀ। ਜਦੋਂ ਅਸੀਂ ਉਥੇ ਪੁੱਜੇ ਤਾਂ ਇਕ ਚੌਕ ਵਿਚ ਰੁਕੇ ਹੋਏ ਲੋਕਾਂ ਨੂੰ ਜਸਵੰਤ ਕਵਿਤਾ ਸੁਣਾ ਰਿਹਾ ਸੀ,

ਜਾਗ ਨੀ ਤੂੰ ਦਾਤੀਏ,
ਜਾਗ ਉਇ ਹਥੌੜਿਆ।
ਅੱਜ ਤੇਰੇ ਸਾਥੀਆਂ ਨੇ,
ਤੈਨੂੰ ਡਾਢਾ ਲੋੜਿਆ।

ਨਾਹਰਿਆਂ ਦੀ ਗੂੰਜ ਅਸਮਾਨ ਤਕ ਪਹੁੰਚ ਰਹੀ ਸੀ। ਸਾਡੇ ਲਾਗੇ ਖੜ੍ਹੇ ਇਕ ਬਜ਼ੁਰਗ ਨੂੰ ਦੂਜਾ ਬਜ਼ੁਰਗ ਪੁੱਛ ਰਿਹਾ ਸੀ, "ਇਹ ਮੁੰਡਾ ਕੌਣ ਹੋਇਆ ਬਈ, ਬਾਹਲਾ ਈ ਗਰਮ ਲਗਦੈ।" ਦੂਜਾ ਕਹਿੰਦਾ, "ਇਹ ਮੰਗੂਵਾਲੀਏ ਦਰਸ਼ਨ ਦਾ ਛੋਟਾ ਭਰਾ ਆ। ਹੁਣੇ ਜੇਲ੍ਹੋਂ ਆਇਆ ਛੁੱਟ ਕੇ।"

ਇਹੋ ਸ਼ੁਰੂਆਤ ਸੀ ਸਾਡੀਆਂ ਮੁਲਾਕਾਤਾਂ ਦੀ। ਗਾਹੇ-ਬਗਾਹੇ ਪਿੰਡਾਂ ਅਤੇ ਕਾਲਜਾਂ ਵਿਚ ਹੋਏ ਪ੍ਰੋਗਰਾਮਾਂ ਸਮੇਂ ਮੇਲ-ਗੇਲ ਹੁੰਦਾ ਰਿਹਾ। ਇਨ੍ਹੀਂ ਦਿਨੀਂ ਨਵੇਂ-ਪੁਰਾਣੇ ਲੇਖਕਾਂ ਦਾ ਬਹੁਤ ਵੱਡਾ ਹਿੱਸਾ ਸਰਕਾਰ ਖਿਲਾਫ ਲਾਮਬੰਦ ਹੋ ਚੁੱਕਾ ਸੀ। ਬਹੁਤੀਆਂ ਲੇਖਕ ਸਭਾਵਾਂ ਵੀ ਸਰਕਾਰ ਵਿਰੋਧੀ ਸੁਰ ਰੱਖਦੀਆਂ ਸਨ। ਲਿਖਾਰੀ ਸਭਾ ਜਗਤਪੁਰ (ਨੇੜੇ ਬੰਗਾ) ਸ਼ਾਇਦ ਅਜਿਹੀ ਸਭਾ ਸੀ ਜਿਸ ਨੇ ਰਾਮਪੁਰ ਵਾਲੀ ਸਭਾ ਤੋਂ ਬਾਅਦ ਬੜਾ ਨਿੱਗਰ ਕੰਮ ਕੀਤਾ ਅਤੇ ਚਰਚਾ ਵਿਚ ਰਹੀ। ਮਹਿੰਦਰ ਦੁਸਾਂਝ ਇਸ ਦਾ ਕਰਤਾ-ਧਰਤਾ ਹੁੰਦਾ ਸੀ ਜੋ ਸਫਲ ਕਿਸਾਨ ਦੇ ਨਾਲ-ਨਾਲ ਵਧੀਆ ਸ਼ਾਇਰ ਅਤੇ ਸਿਆਣਾ ਪ੍ਰਬੰਧਕ ਵੀ ਸੀ। ਸੈਂਕੜਿਆਂ ਦੀ ਗਿਣਤੀ ਵਿਚ ਇਸ ਦੇ ਮੈਂਬਰ ਸਨ। ਸਾਰੇ ਦੇ ਸਾਰੇ ਅਗਾਂਹਵਧੂ ਖਿਆਲਾਂ ਵਾਲੇ ਤੇ ਵਧੀਆ ਲਿਖਣ ਵਾਲੇ।

ਸ਼ਾਇਦ 1974 ਦੇ ਸ਼ੁਰੂ ਜਾਂ 1973 ਦੇ ਅਖੀਰ- ਭਰ ਸਿਆਲ ਵਿਚ ਇਸ ਦਾ ਸਾਲਾਨਾ ਸਮਾਗਮ ਸੀ। ਇਥੇ ਹੀ ਪਹਿਲੀ ਵਾਰ ਮੈਂ ਹਰਭਜਨ ਹਲਵਾਰਵੀ ਤੇ ਭਗਵਾਨ ਜੋਸ਼ ਨੂੰ ਦੇਖਿਆ/ਸੁਣਿਆ। ਪੰਜਾਬ ਦੇ ਕੋਨੇ-ਕੋਨੇ ਵਿਚੋਂ ਲੇਖਕਾਂ ਦਾ ਜਿਵੇਂ ਮੇਲਾ ਲੱਗਿਆ ਹੋਵੇ। ਇਥੇ ਹੀ ਸ਼ਮਸ਼ੇਰ ਸੰਧੂ ਨੂੰ ਪਹਿਲੀ ਵਾਰ ਕਵੀ ਦਰਬਾਰ ਵਿਚ ਕਵਿਤਾ ਪੜ੍ਹਦਿਆਂ ਸੁਣਿਆ। ਹੁਣ ਤਕ ਯਾਦ ਨੇ ਉਸ ਦੇ ਅਰੰਭਲੇ ਬੋਲ,

ਮੁੰਨੇ ਹੋਏ ਪੱਟਾਂ 'ਤੇ, ਤੇਲ ਮਲ ਕੇ
ਕੌਡੀਆਂ ਪਾਉਣਾ ਹੀ ਜਵਾਨੀ ਨਹੀਂ ਹੁੰਦੀ।

ਰਾਤ ਨੂੰ ਹੋਏ ਇਸ ਕਵੀ ਦਰਬਾਰ ਵਿਚ ਬੜੇ ਹੀ ਜੋਸ਼ੀਲੇ ਸ਼ਾਇਰਾਂ ਨੇ ਕਲਾਮ ਪੇਸ਼ ਕੀਤੇ। ਕਈ ਰੰਗੀਲੇ ਲੇਖਕ ਘੁੱਟ-ਘੁੱਟ ਲਾ ਕੇ ਮਸਤੀਆਂ ਕਰ ਰਹੇ ਸਨ। ਬੀਬਾ ਕੁਲਵੰਤ ਉਨ੍ਹੀਂ ਦਿਨੀਂ ਚਰਚਿਤ ਕਹਾਣੀਕਾਰ ਸੀ। ਅੰਮ੍ਰਿਤਸਰ ਵੱਲ ਦੇ ਕੁਝ ਕਹਾਣੀਕਾਰ ਉਸ ਦੇ ਮਗਰ-ਮਗਰ ਇੰਜ ਘੁੰਮ ਰਹੇ ਤੇ ਬੋਲ ਕੱਸ ਰਹੇ ਸਨ ਕਿ ਉਹ ਤੰਗ ਆ ਗਈ। ਅੱਕ ਕੇ ਉਹਨੇ ਜਸਵੰਤ ਨੂੰ ਇਸ ਸਾਰੇ ਕੁਝ ਬਾਰੇ ਦੱਸਿਆ। ਜਸਵੰਤ ਜੋ ਉਥੇ ਪ੍ਰਬੰਧਕ ਤੇ ਵਾਲੰਟੀਅਰ ਵੀ ਸੀ, ਡਾਂਗ ਲੈ ਕੇ ਬੀਬਾ ਦੇ ਕੋਲ ਖੜ੍ਹ ਗਿਆ ਤੇ ਕਹਿੰਦਾ, "ਆਓ...ਹੁਣ ਕਿਹੜਾ ਵੱਡਾ ਆਸ਼ਕ ਆ, ਮੈਂ ਲਾਹੁੰਨਾ ਉਹਦੀ ਆਸ਼ਕੀ ਐਸ ਡਾਂਗ ਨਾਲ...।" ਫਿਰ ਕੀ ਸੀ, ਉਹ ਸਾਰੀ ਢਾਣੀ ਪ੍ਰੋਗਰਾਮ ਵਿਚ ਮੁੜ ਨਜ਼ਰ ਨਾ ਆਈ। ਉਹਦੇ ਪਿਆਰ ਨੂੰ ਬੂਰ ਪੈ ਗਿਆ ਅਤੇ ਉਹ ਆਪਣੀ ਮਹਿਬੂਬ ਸਾਥਣ ਨਰਿੰਦਰਜੀਤ ਨੂੰ ਸਭ ਰਿਸ਼ਤੇਦਾਰਾਂ, ਘਰਦਿਆਂ, ਪਿੰਡ ਵਾਲਿਆਂ ਦੀ ਪ੍ਰਵਾਹ ਕੀਤੇ ਬਿਨਾਂ, ਆਪਣੇ ਨਾਲ (ਪਰ ਉਸ ਦੀ ਸਲਾਹ ਨਾਲ) ਸਾਈਕਲ 'ਤੇ ਬਿਠਾ ਕੇ ਘਰ ਲੈ ਆਇਆ। ਉਹਦੇ ਮਨ 'ਚ ਕੋਈ ਵੀ ਗੱਲ ਬੱਸ ਆ ਜਾਵੇ, ਫਿਰ ਭਾਵੇਂ ਕੋਈ ਨਾਢੂ ਖਾਂ ਉਹਦੇ ਸਾਹਮਣੇ ਆ ਜਾਵੇ, ਉਹ ਪ੍ਰਵਾਹ ਨਹੀਂ ਕਰਦਾ; ਉਹਨੂੰ ਪੂਰੀ ਕਰ ਕੇ ਹੀ ਉਸ ਨੂੰ ਚੈਨ ਆਉਂਦਾ।

ਉਸ ਦੇ ਇਸ ਖਾੜਕੂ ਸੁਭਾਅ ਦੀ ਕਈਆਂ ਨੇ ਕਈ ਵਾਰ ਆਪਣੇ ਨਿੱਜੀ ਕੰਮ ਲਈ ਵੀ ਵਰਤੋਂ ਕੀਤੀ; ਤੇ ਬਾਅਦ ਵਿਚ ਉਹੀ ਉਸ ਨੂੰ ਝੱਲਾ ਤੇ ਅਵੱਲਾ, ਅੱਖੜ ਕਹਿ ਕੇ ਨਿੰਦਦੇ ਵੀ ਰਹੇ। ਉਸ ਦੇ ਦੁਆਲੇ ਹਮੇਸ਼ਾ ਅੱਠ-ਦਸ ਨੌਜਵਾਨਾਂ ਦਾ ਝੁਰਮਟ ਰਹਿੰਦਾ ਜੋ ਉਹਦੇ ਲਈ ਕੁਝ ਵੀ ਕਰਨ ਲਈ ਤਿਆਰ ਰਹਿੰਦੇ। ਬੱਸ, ਉਸ ਦੇ ਇਕ ਇਸ਼ਾਰੇ ਦੀ ਲੋੜ ਹੁੰਦੀ। ਉਹਦੀ ਢਾਣੀ ਬਿਨਾਂ ਕਿਸੇ ਚੰਗੇ ਮਾੜੇ ਨਤੀਜੇ ਦੇ ਧਾਵੇ ਵਾਲੀ ਜਗ੍ਹਾ ਵੱਲ ਕੂਚ ਕਰ ਦਿੰਦੀ। ਇਸੇ ਤਰ੍ਹਾਂ ਦੀਆਂ ਕਿੰਨੀਆਂ ਵਾਰਦਾਤਾਂ ਉਸ ਨਾਲ ਜੁੜੀਆਂ ਹੋਈਆਂ ਹਨ, ਜਦੋਂ ਸਿਰਫ ਦਾਰੂ ਦੀ ਬੋਤਲ ਪਿਲਾ ਕੇ ਹੀ ਲੋਕੀਂ ਉਸ ਨੂੰ ਵਰਤਦੇ ਰਹੇ। ਇਕ ਵਾਰ ਕਿਸੇ ਪਰਵਾਸੀ ਦੀ ਜ਼ਮੀਨ ਉਤੇ ਹਰੀਆਂ ਵੇਲਾਂ ਵਾਲੇ ਸੰਤ ਦੀ ਨਿਹੰਗ ਸਿੰਘ ਫੌਜ ਨੇ ਕਬਜ਼ਾ ਕਰ ਲਿਆ। ਜਸਵੰਤ ਆਪਣੀ ਫੌਜ ਲੈ ਕੇ ਮੌਕੇ 'ਤੇ ਪੁੱਜ ਗਿਆ। ਨਿਹੰਗਾਂ ਕੋਲ ਹਥਿਆਰ ਵੀ ਕਿਤੇ ਜ਼ਿਆਦਾ, ਤੇ ਬੰਦੇ ਵੀ ਵੱਧ। ਦੱਸਦੇ ਆ, ਪਈ ਜੇ ਕਿਤੇ ਸੱਚੀਂ ਝੜਪ ਹੋ ਜਾਂਦੀ ਤਾਂ ਜਸਵੰਤ ਦੀ 'ਫੌਜ' ਦਾ ਇਕ ਜਣਾ ਵੀ ਜਿਉਂਦਾ ਨਹੀਂ ਸੀ ਬਚਣਾ; ਪਰ ਸਿਆਣੇ ਜਰਨੈਲ ਵਾਂਗ ਜਿਵੇਂ ਕਹਿੰਦੇ ਨੇ 'ਚਾਹ ਥੱਲੇ ਦੀ, ਲੜਾਈ ਹੌਲੇ ਦੀ'; ਉਹਨੇ ਨਿਹੰਗਾਂ ਦੇ ਹਾਜ਼ਰ ਮੁਖੀਏ ਨੂੰ ਪਤਾ ਨਹੀਂ ਕੀ ਗੱਲ ਜਾ ਕੇ ਆਖੀ, ਉਹ ਕਬਜ਼ਾ ਛੱਡਣ ਲਈ ਮੰਨ ਗਏ। ਉਹ ਹਮੇਸ਼ਾ ਆਪਣਿਆਂ ਲਈ ਜਾਨ ਤਕ ਵਾਰਨ ਲਈ ਤਿਆਰ ਹੋ ਜਾਂਦਾ ਹੈ।



***ਖੱਬਿਓਂ: ਵਰਿਆਮ ਸੰਧੂ, ਅਮਰਜੀਤ ਚੰਦਨ, ਦਰਸ਼ਨ ਖਟਕੜ, ਪਾਸ਼ ਤੇ ਜਸਵੰਤ ਖਟਕੜ।***

ਉਹਦੀ ਹਾਜ਼ਰ ਜਵਾਬੀ ਤੇ ਮਜ਼ਾਹੀਆ ਸੁਭਾਅ ਨਾਲ ਅਨੇਕਾਂ ਕਹਾਣੀਆਂ ਜੁੜੀਆਂ ਹੋਈਆਂ ਹਨ। ਹਰ ਗੱਲ ਦਾ, ਹਰ ਮੌਕੇ ਦਾ, ਉਸ ਕੋਲ ਘੜਿਆ-ਘੜਾਇਆ ਜਵਾਬ ਹਾਜ਼ਰ ਹੁੰਦਾ ਹੈ। ਆਖਣ ਦਾ ਅੰਦਾਜ਼ ਵੀ ਅਜਿਹਾ ਕਿ ਸੁਣਨ ਵਾਲਾ ਹੋਰ ਕੁਝ ਸੋਚ ਹੀ ਨਹੀਂ ਸਕਦਾ। ਉਨ੍ਹੀਂ ਦਿਨੀਂ ਉਹ ਦਾਰੂ ਘਰ ਹੀ ਕੱਢਦਾ ਹੁੰਦਾ ਸੀ। ਮੈਨੂੰ, ਪਾਸ਼ ਤੇ ਕੁਝ ਹੋਰ ਦੋਸਤਾਂ ਨੂੰ ਉਹਨੇ ਪਹਿਲਾਂ ਹੀ ਪੋਸਟ ਕਾਰਡ ਪਾ ਦੇਣਾ ਕਿ ਫਲਾਣੀ ਰਾਤ ਨੂੰ ਮਿੱਲ ਚੱਲਣੀ (ਭੱਠੀ ਚੱਲਣੀ) ਆਂ। ਸਮੇਤ ਪਰਿਵਾਰ ਹਾਜ਼ਰ ਹੋ ਜਾਇਓ। ਪਰਿਵਾਰ ਤੋਂ ਭਾਵ, ਯਾਰ-ਦੋਸਤ ਹੀ ਹੁੰਦੇ।

ਯਾਰਾਂ ਦੀ ਮਹਿਫਿਲ ਵਿਚ ਸ਼ੁਗਲ-ਮੇਲੇ ਲਈ ਪੀਣੀ ਸ਼ੁਰੂ ਕੀਤੀ, ਹੁਣ ਆਦਤ ਬਣਦੀ ਜਾ ਰਹੀ ਸੀ। ਪਾਰਟੀ ਦਾ ਜ਼ਾਬਤਾ ਮੰਨਣਾ ਉਹਨੇ ਵੀ ਪਾਸ਼ ਵਾਂਗ ਛੱਡ ਦਿੱਤਾ। ਅਸੀਂ ਵੀ ਇਸ ਦੇ ਭਾਗੀਦਾਰਾਂ ਵਿਚੋਂ ਹੀ ਸਾਂ। ਆਮਦਨ ਦਾ ਕੋਈ ਸਾਧਨ ਨਹੀਂ ਸੀ। ਡਰਾਮਿਆਂ ਦਾ ਸ਼ੌਕ ਸਿਰ ਚੜ੍ਹ ਬੋਲਣ ਲੱਗ ਪਿਆ। ਜ਼ਮੀਨ ਗਹਿਣੇ ਰੱਖ ਕੇ ਜੀਪ ਖਰੀਦ ਲਈ। ਸਾਰੀ ਟੀਮ ਨੂੰ ਜੀਪ 'ਤੇ ਲੱਦਣਾ, ਤੇ ਪਿੰਡ-ਪਿੰਡ ਡਰਾਮੇ ਕਰਨ ਲੱਗ ਪਿਆ। ਜਿੰਨੇ ਪੈਸੇ ਬਣਨੇ, ਟੀਮ ਦੇ ਕੱਪੜਿਆਂ ਅਤੇ ਜੀਪ ਦੇ ਡੀਜ਼ਲ 'ਤੇ ਜਾਂ ਆਪਣੇ ਲਈ ਡੀਜ਼ਲ (ਸ਼ਰਾਬ) 'ਤੇ ਖਰਚ ਹੋ ਜਾਣੇ। ਨਿਰਾਸ਼ ਹੋ ਕੇ ਹੰਗਾਮੇ ਕਰਨੇ। ਸਾਥੀਆਂ ਨੂੰ ਗਾਲ੍ਹਾਂ ਕੱਢਣੀਆਂ। ਸਾਰਿਆਂ ਨੇ ਗੁੱਸੇ ਹੋ ਕੇ ਚਲੇ ਜਾਣਾ, ਪਰ ਇਕ-ਦੋ ਦਿਨ ਤੋਂ ਜ਼ਿਆਦਾ ਇਹ ਰੁਸਵਾਈ ਨਾ ਚੱਲਣੀ। ਸਾਰਿਆਂ ਫਿਰ ਉਸ ਦੇ ਡੇਰੇ ਆ ਜੁੜਨਾ।

ਨਿੱਜੀ ਜ਼ਿੰਦਗੀ 'ਚ ਆਈਆਂ ਮੁਸ਼ਕਿਲਾਂ ਤੇ ਨਿਰਾਸ਼ਾ ਨੇ ਦਾਰੂ ਦੀ ਪਕੜ ਹੋਰ ਮਜ਼ਬੂਤ ਕਰ ਦਿੱਤੀ, ਪਰ ਪੀ ਕੇ ਦੋਸਤਾਂ-ਮਿੱਤਰਾਂ ਦੀ ਤੁਕਬੰਦੀ ਵਾਲੀ ਪੈਰੋਡੀ ਬਣਾ ਕੇ ਉਹ ਆਲੇ-ਦੁਆਲੇ ਜੁੜੀ ਭੀੜ ਨੂੰ ਹਸਾਉਂਦਾ ਰਿਹਾ ਤੇ ਆਪ ਅੰਦਰੋਂ-ਅੰਦਰੀ ਇਸ ਬਿਮਾਰੀ ਨਾਲ ਖੁਰਦਾ ਰਿਹਾ। ਪਰਮਜੀਤ ਕਾਹਮਾ ਉਸ ਦਾ ਤੇ ਸਾਡੇ ਸਾਰਿਆਂ ਦਾ ਬੜਾ ਪਿਆਰਾ ਦੋਸਤ ਹੈ। ਜ਼ਿੰਦਗੀ ਵਿਚ ਜਿੰਨੀਆਂ ਆਫਤਾਂ ਨਾਲ ਉਸ ਨੂੰ ਦੋ-ਚਾਰ ਹੋਣਾ ਪਿਆ ਹੈ, ਸ਼ਾਇਦ ਹੀ ਕਿਸੇ ਨੂੰ ਹੋਣਾ ਪਿਆ ਹੋਵੇ। ਉਸ ਬਾਰੇ ਉਹਨੇ ਤੁਕ ਜੋੜੀ,

ਜੇਜੋਂ ਦਿਆਂ ਪੇੜਿਆਂ ਨੇ,
ਰਾਹ ਦੇ ਬਖੇੜਿਆਂ ਨੇ,
ਆਪੇ ਸਹੇੜੀਆਂ ਨੇ,
ਪੰਗਾ ਲੈ ਲਿਆ।
ਕਾਹਮੇ ਵਾਲੇ ਰਾਓ ਨੇ,
ਚੀਨ ਵਾਲੇ ਮਾਓ ਨੇ,
ਪੰਗਾ ਲੈ ਲਿਆ। ...

ਜਦੋਂ ਸਾਰੇ ਕਾਮਰੇਡ ਉਸ ਦੀ ਨੁਕਤਾਚੀਨੀ ਕਰਨ ਲੱਗ ਪਏ ਤਾਂ ਉਹਨੇ ਕਾਮਰੇਡਾਂ ਬਾਰੇ ਲੰਮੀ ਕਵਿਤਾ ਲਿਖੀ,

ਇਕ ਪਾਸੇ ਪਾਰਟੀ ਤੇ ਇਕ ਪਾਸੇ ਤੂੰ।

ਇਕ ਵਾਰ ਅਸੀਂ ਇਧਰੋਂ ਅਮਰੀਕਾ ਤੋਂ ਉਹਨੂੰ ਮੰਗਵਾਉਣ ਲਈ ਸਪਾਂਸਰਸ਼ਿਪ ਭੇਜੀ। ਮੈਂ ਉਦੋਂ ਮੇਰੀਲੈਂਡ ਦੇ ਸ਼ਹਿਰ ਬਾਲਟੀਮੋਰ ਰਹਿੰਦਾ ਸਾਂ। ਹੋਰ ਸ਼ਹਿਰਾਂ ਦੇ ਕਈ ਹਮਦਰਦਾਂ ਨੂੰ ਪਹੁੰਚ ਕੀਤੀ, ਪਰ ਕੋਈ ਵੀ ਉਸ ਦੀ ਆਦਤ ਤੋਂ ਜਾਣੂ ਹੋਣ ਕਾਰਨ ਹਾਮੀ ਨਾ ਭਰੇ। ਖੈਰ! ਅਸੀਂ ਪੇਪਰ ਭੇਜ ਦਿੱਤੇ, ਪਰ ਗੱਲ ਨਾ ਬਣੀ।

ਐਮਰਜੈਂਸੀ ਦੇ ਦਿਨਾਂ ਤੋਂ ਲੈ ਕੇ 1978-79 ਤਕ ਸਾਡੇ ਬਾਹਰ ਆਉਣ ਤਕ ਉਸ ਨਾਲ ਕੋਈ ਸੰਪਰਕ ਨਾ ਰਿਹਾ, ਪਰ ਹੌਲੀ-ਹੌਲੀ ਫਿਰ ਮੇਲ-ਗੇਲ ਹੋਣ ਲੱਗ ਪਿਆ। 1982 ਵਿਚ ਉਹਨੇ 'ਦੁਆਬਾ ਕਲਾ ਮੰਚ' ਦੀ ਦਸਵੀਂ ਵਰ੍ਹੇਗੰਢ ਮਨਾਉਣ ਦਾ ਸੋਚਿਆ। ਦਸ ਸਾਲਾਂ ਦੀ ਉਹਦੀ ਕਮਾਈ ਬਾਰੇ ਸੋਵੀਨਰ ਕੱਢਣਾ ਸੀ। ਪਾਸ਼, ਪਰਮਜੀਤ ਦੇਹਲ ਤੇ ਮੈਨੂੰ ਸੰਪਾਦਕ ਬਣਾਇਆ ਗਿਆ, ਤੇ ਫਿਰ ਜਲਦੀ ਹੀ ਪੰਜਾਬ ਵਿਚ ਅਤਿਵਾਦ ਦਾ ਕਾਲਾ ਦੌਰ ਸ਼ੁਰੂ ਹੋ ਗਿਆ। ਅਸੀਂ ਉਹਦੇ ਨਾਲੋਂ ਥੋੜ੍ਹੀ ਵਿੱਥ ਵੀ ਬਣਾ ਲਈ। ਮੈਨੂੰ ਤੇ ਪਾਸ਼ ਨੂੰ ਰੰਜ ਵੀ ਸੀ ਕਿ ਔਖੇ ਵੇਲੇ ਫੜੇ ਪੈਸੇ ਮੋੜਨ ਦਾ ਵੀ ਨਾਂ ਨਹੀਂ ਲੈਂਦਾ। ਫਿਰ ਕਿਸੇ ਨੂੰ ਵੀ ਦੱਸੇ ਬਗੈਰ ਮੈਂ ਅਮਰੀਕਾ ਆ ਗਿਆ। ਇਥੋਂ ਜਾ ਕੇ ਪਾਸ਼ ਨੂੰ ਚਿੱਠੀ ਲਿਖ ਕੇ ਦੱਸ ਦਿੱਤਾ ਕਿ ਮਜਬੂਰੀ-ਵਸ ਚੁੱਪ-ਚੁਪੀਤੇ ਨਿਕਲ ਆਇਆ ਸਾਂ। ਜਸਵੰਤ ਨੂੰ ਵੀ ਗਿਲਾ ਸੀ ਕਿ ਮਿਲ ਕੇ ਨਹੀਂ ਗਿਆ। ਕੁਝ ਦੇਰ ਬਾਅਦ ਪਾਸ਼ ਵੀ ਕੈਲੀਫੋਰਨੀਆ ਆ ਗਿਆ। ਫੋਨ 'ਤੇ ਸਾਰੀਆਂ ਯਾਦਾਂ ਸਾਂਝੀਆਂ ਕਰਦੇ ਰਹੇ। 1989 ਵਿਚ ਮੈਂ ਇੰਡੀਆ ਗਿਆ, ਤਾਂ ਉਦੋਂ ਤਕ ਸਾਨੂੰ ਗਿਲੇ-ਸ਼ਿਕਵੇ ਭੁੱਲ ਚੁੱਕੇ ਸਨ। ਪਾਸ਼ ਸਾਡੇ ਵਿਚਕਾਰ ਨਹੀਂ ਸੀ ਰਿਹਾ। ਮੈਂ, ਜਸਵੰਤ ਤੇ ਕੁਝ

(ਬਾਕੀ ਅਗਲੇ ਸਫੇ 'ਤੇ)

ਸਤਿਜੁਗੀ ਲੋਕ

# ਉਹ ਵੀ ਰੱਬ ਦਾ ਜੀਅ ਹੈ, ਯਾਰੋ!

ਦੇਸ ਵਿਚ ਇਸ ਦੋ ਅਕਤੂਬਰ ਤੋਂ 'ਸਵੱਛ ਭਾਰਤ ਅਭਿਆਨ', ਅਰਥਾਤ ਭਾਰਤ ਨੂੰ ਸਾਫ ਰੱਖਣ ਦੀ ਮੁਹਿੰਮ ਦਾ ਅਰੰਭ ਕੀਤਾ ਗਿਆ। ਦੋ ਅਕਤੂਬਰ, ਜਿਵੇਂ ਅਸੀਂ ਜਾਣਦੇ ਹਾਂ, ਮਹਾਤਮਾ ਗਾਂਧੀ ਦਾ ਜਨਮ-ਦਿਨ ਹੈ ਅਤੇ ਉਨ੍ਹਾਂ ਨੂੰ ਸਮਕਾਲੀ ਭਾਰਤ ਵਿਚ ਸਫਾਈ ਦਾ ਉਜਲਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਸਬੰਧ ਵਿਚ ਜੋ ਸਭ ਤੋਂ ਵੱਡੀ ਗੱਲ ਉਨ੍ਹਾਂ ਦੇ ਪੱਖ ਵਿਚ ਜਾਂਦੀ ਹੈ, ਉਹ ਦੂਜਿਆਂ ਨੂੰ ਉਪਦੇਸ਼ ਨਹੀਂ ਸਨ ਦਿੰਦੇ ਸਗੋਂ ਪਹਿਲਾਂ ਆਪ ਹਰ ਕੰਮ ਕਰ ਕੇ ਦੂਜਿਆਂ ਵਾਸਤੇ ਮਿਸਾਲ ਬਣਦੇ ਸਨ। ਇਸ ਕਰਕੇ ਦੂਜਿਆਂ ਨੂੰ ਵੀ ਉਹ ਕੰਮ ਨਾ ਕਰਨ ਦੀ ਕੋਈ ਦਲੀਲ ਨਹੀਂ ਸੀ ਮਿਲਦੀ।



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਜੇ ਕਿਸੇ ਅਜਿਹੇ ਸਭ ਤੋਂ ਨੀਚ ਕੰਮ ਦੀ ਗੱਲ ਕਰਨੀ ਹੋਵੇ ਜੋ ਇਕ ਮਨੁੱਖ ਦੂਜੇ ਤੋਂ ਕਰਵਾ ਸਕਦਾ ਹੈ, ਉਹ ਹੈ ਉਹਦੇ ਸਿਰ ਉਤੇ ਮੈਲਾ ਚੁਕਾਉਣਾ। ਗਾਂਧੀ ਜੀ ਇਹ ਗੱਲ ਮਹਿਸੂਸ ਕਰ ਕੇ ਆਪਣਾ ਮੈਲਾ ਤਾਂ ਆਪ ਸਾਫ ਕਰਦੇ ਹੀ ਸਨ, ਹੋਰਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਦੇ ਸਨ। ਉਨ੍ਹਾਂ ਦੇ ਆਸ਼ਰਮ ਵਿਚ ਤਾਂ ਆਪਣੀ ਸਫਾਈ ਆਪ ਕਰਨ ਦਾ ਪੱਕਾ ਨੇਮ ਸੀ ਜੋ ਕੋਈ ਨਹੀਂ ਸੀ ਤੋੜ ਸਕਦਾ। ਉਨ੍ਹਾਂ ਦੇ ਆਪਣੇ ਦੱਸਣ ਅਨੁਸਾਰ ਜਦੋਂ ਜ਼ਿੰਦਗੀ ਵਿਚ ਇਕ ਵਾਰ ਕਸਤੂਰਬਾ ਨਾਲ ਉਨ੍ਹਾਂ ਦੀ ਕੁਝ ਵਧੇਰੇ ਹੀ ਸਖਤ ਤਕਰਾਰ ਹੋਈ ਸੀ, ਉਹ ਉਹਦੇ ਆਪਣਾ ਮੈਲਾ ਆਪ ਸਾਫ ਕਰਨ ਤੋਂ ਇਨਕਾਰ ਕਾਰਨ ਹੀ ਹੋਈ ਸੀ।

ਅਹਿਮਦਾਬਾਦ ਦੇ ਸਾਬਰਮਤੀ ਆਸ਼ਰਮ ਵਿਚ ਮੈਂ ਗਾਂਧੀ ਜੀ ਦੇ ਨਿਵਾਸ ਦੇ ਨੇੜੇ ਹੀ ਸਾਹਮਣੇ ਇਕ ਕੁਟੀਆ ਦੇਖੀ ਜਿਸ ਨੂੰ ਵਿਨੋਬਾ ਕੁਟੀਰ ਵੀ ਆਖਦੇ ਸਨ ਅਤੇ ਮੀਰਾ ਕੁਟੀਰ ਵੀ। ਉਸ ਵਿਚ ਲੰਮੇ ਸਮੇਂ ਤੱਕ ਵਿਨੋਬਾ ਭਾਵੇ ਰਹਿੰਦੇ ਰਹੇ ਤੇ ਫੇਰ ਮੀਰਾਬੈਣ ਰਹੀ। ਉਹ ਦੋਵੇਂ ਵੀ ਸਵੈ-ਸਫਾਈ ਦੇ ਇਸ ਨੇਮ ਦਾ ਪਾਲਨ ਕਰਦੇ ਸਨ। ਇਹ ਮੀਰਾਬੈਣ ਕੋਈ ਭਾਰਤੀ ਕੁੜੀ ਨਹੀਂ ਸੀ। ਉਹ ਬ੍ਰਿਟਿਸ਼ ਜਲਸੈਨਾ ਦੇ ਇਕ ਬਹੁਤ ਉਚੇ ਅਧਿਕਾਰੀ, ਰੀਅਰ-ਐਡਮਿਰਲ ਸਰ ਐਡਮੰਡ ਸਲੇਡ ਦੀ ਧੀ ਮੈਡੇਲੀਨ ਸਲੇਡ ਸੀ। ਉਹ ਗਾਂਧੀ ਜੀ ਬਾਰੇ ਸੁਣ ਕੇ ਉਨ੍ਹਾਂ ਦਾ ਰਹਿਣ-ਸਹਿਣ ਤੇ ਤੌਰ-ਤਰੀਕਾ ਦੇਖਣ ਹਿੰਦੁਸਤਾਨ ਆਈ ਅਤੇ ਪ੍ਰਭਾਵਿਤ ਹੋ ਕੇ ਇਥੋਂ ਜੋਗੀ ਹੀ ਰਹਿ ਗਈ। ਗਾਂਧੀ ਜੀ ਨੇ ਜਦੋਂ ਉਹਨੂੰ ਆਸ਼ਰਮ ਵਿਚ ਰਹਿਣ ਦੇ ਨੇਮ ਸਮਝਾਏ, ਇਹ ਵੀ ਸਾਫ ਕੀਤਾ ਕਿ ਇਥੇ ਆਪਣਾ ਮੈਲਾ ਆਪ ਸਾਫ ਕਰਨਾ ਪੈਣਾ ਹੈ। ਉਹਨੇ ਇਹ ਨੇਮ ਵੀ ਖ਼ੁਸ਼ੀ ਖ਼ੁਸ਼ੀ ਪਰਵਾਨ ਕਰ ਲਿਆ ਅਤੇ ਵਿਆਹ ਨਾ ਕਰਵਾਉਣ ਦਾ ਪ੍ਰਣ ਕਰ ਕੇ, ਗਾਂਧੀ ਜੀ ਦੇ ਦਿੱਤੇ ਨਵੇਂ ਨਾਂ ਮੀਰਾਬੈਣ ਨਾਲ ਭਾਰਤ ਦੇ ਆਜ਼ਾਦੀ ਅੰਦੋਲਨ ਦਾ ਅੰਗ ਬਣੀ ਰਹੀ।

ਜਦੋਂ ਹੁਣ ਛੇੜੀ ਗਈ ਇਸ ਨਵੀਂ ਸਫਾਈ ਮੁਹਿੰਮ ਬਾਰੇ ਸੋਚਦੇ ਹਾਂ, ਸਾਨੂੰ ਪੂਰੇ ਦੇਸ ਵਿਚ ਹਰ ਗਲੀ-ਮੁਹੱਲੇ, ਹਰ ਸੜਕ, ਨਹਿਰ-ਨਦੀ ਵਿਚ ਦਿਸਦੇ ਕੂੜੇ-ਕਚਰੇ ਦਾ ਹੀ ਨਹੀਂ, ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਅਜੇ ਵੀ ਸਾਡੇ ਦੇਸ ਵਿਚ ਲੱਖਾਂ ਲੋਕ ਹਨ ਜੋ ਦੂਜਿਆਂ ਦਾ ਮੈਲਾ ਆਪਣੇ ਸਿਰਾਂ ਉਤੇ ਢੋਂਦੇ ਹਨ। ਝਾੜੂ-ਪੋਚੇ ਵਾਲੀਆਂ ਬਾਕੀ ਫਰਸ਼ ਦੇ ਨਾਲ ਨਾਲ ਫਲੱਸ਼ ਵਾਲੀਆਂ ਟੱਟੀਆਂ ਤਾਂ ਸਭ ਘਰਾਂ ਵਿਚ ਸਾਫ ਕਰਦੀਆਂ ਹੀ ਹਨ। ਜੇ ਸਮਾਜ ਏਨੀ ਗੱਲ ਯਾਦ ਰੱਖੇ ਕਿ ਇਹ ਲੋਕ ਵੀ ਇਨਸਾਨ ਹਨ, ਸਮੱਸਿਆ ਫੇਰ ਹੱਲ ਹੋ ਸਕਦੀ ਹੈ, ਐਵੇਂ ਨਹੀਂ। ਮੂਲ ਗੱਲ ਇਹ ਹੈ ਕਿ ਇਹ ਕੰਮ ਕਿਸੇ ਜਾਤ ਵਿਸ਼ੇਸ਼ ਦੇ ਨਾਂ ਨਾਲੋਂ ਤੋੜਿਆ ਜਾਵੇ ਅਤੇ ਇਹ ਕੰਮ ਕਰਨ ਵਾਲੇ ਲੋਕਾਂ ਵਾਸਤੇ ਮਨੁੱਖੀ ਹਾਲਤਾਂ ਪੈਦਾ ਕੀਤੀਆਂ ਜਾਣ। ਇਸ ਸਬੰਧ ਵਿਚ ਸਭ ਤੋਂ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਸਰੀਰਕ, ਮਾਨਸਿਕ ਅਤੇ ਮਨੋਵਿਗਿਆਨਕ ਪੱਖੋਂ ਬੇਹੱਦ ਮੁਸ਼ਕਿਲ ਕੰਮ ਅਨੁਸਾਰ ਉਜਰਤ ਦਿੱਤੀ ਜਾਵੇ।

ਮਨ ਇਨ੍ਹਾਂ ਸੋਚਾਂ ਵਿਚ ਪਿਆ ਤਾਂ ਮੈਨੂੰ ਆਪਣਾ ਮਿੱਤਰ ਅਤੇ ਉਸ ਸਮੇਂ ਦਾ ਗੁਆਂਢੀ ਸ਼ਾਮ ਭਾਰਦਵਾਜ ਚੇਤੇ ਆ ਗਿਆ। ਇਹ ਕੋਈ ਚਾਲੀ ਸਾਲ ਪੁਰਾਣੀ ਗੱਲ ਹੈ। ਮੈਂ ਦਿੱਲੀ ਦੀ ਨਿਮੜੀ ਕਾਲੋਨੀ ਨਾਂ ਦੀ ਵਸੋਂ ਵਿਚ ਰਹਿੰਦਾ ਸੀ। ਉਹ ਕਾਰਪੋਰੇਸ਼ਨ ਦੇ ਬਣਾਏ ਹੋਏ ਦੋ ਦੋ ਕਮਰਿਆਂ ਦੇ ਛੇ ਸੌ ਦੇ ਕਰੀਬ ਦੋ-ਮੰਜ਼ਲੇ ਕੁਆਰਟਰਾਂ ਦੀ ਬਸਤੀ ਸੀ ਅਤੇ ਲਗਭਗ ਸਾਰੇ ਹੀ ਵਸਨੀਕ ਹੇਠਲੀ ਦਰਮਿਆਨੀ ਜਮਾਤ ਦੇ ਸਨ। ਮੈਂ ਉਪਰਲੀ ਮੰਜ਼ਲ ਵਿਚ ਰਹਿੰਦਾ ਸੀ ਅਤੇ ਸਾਹਮਣੇ ਥੋੜ੍ਹੀ ਜਿਹੀ ਖੁੱਲ੍ਹੀ ਥਾਂ ਦੇ ਪਾਰ ਉਹ ਵੀ ਉਪਰਲੀ ਮੰਜ਼ਲ ਵਿਚ ਹੀ ਰਹਿੰਦਾ ਸੀ। ਹਰ ਕੁਆਰਟਰ ਵਿਚ ਫਲੱਸ਼ ਵਾਲੀ ਦੇਸੀ ਟੱਟੀ ਬਣੀ ਹੋਈ ਸੀ। ਕੋਈ ਬੱਚਾ, ਬਜ਼ੁਰਗ ਜਾਂ ਲਾਪਰਵਾਹ ਆਦਮੀ ਬੇਸ਼ੱਕ ਮੈਲੀ ਕਰ ਦੇਵੇ, ਨਹੀਂ ਤਾਂ ਉਹ ਫਲੱਸ਼ ਛੱਡਿਆਂ ਸਾਫ ਹੋ ਜਾਂਦੀ ਸੀ। ਫੇਰ ਵੀ ਜਿਹੜੀਆਂ ਸੁਆਣੀਆਂ ਘਰ ਦਾ ਝਾੜੂ-ਪੋਚਾ ਆਪ ਕਰਦੀਆਂ ਸਨ, ਉਹ ਵੀ ਟੱਟੀ ਵਾਲਾ ਦੋ ਕੁ ਗਜ਼ ਥਾਂ 'ਜਮਾਂਦਾਰਨੀ' ਤੋਂ ਹੀ ਕਰਵਾਉਂਦੀਆਂ। ਇਹ ਕੰਮ ਕਰਨ ਲਈ ਸਾਡੀ ਗਲੀ ਵਿਚ ਕਾਂਤਾ ਆਉਂਦੀ। ਉਸ ਕੋਲ ਕੇਵਲ ਬਾਂਸ ਦਾ ਝਾੜੂ ਹੁੰਦਾ।

ਉਹ ਉਥੋਂ ਹੀ ਘਰ-ਵਾਲਿਆਂ ਦੀ ਵਰਤੋਂ ਵਾਸਤੇ ਟੂਟੀ ਹੇਠ ਪਿਆ ਡੱਬਾ ਭਰ ਭਰ ਫਰਸ਼ ਉਤੇ ਡੋਲ੍ਹਦੀ, ਝਾੜੂ ਮਾਰਦੀ, ਦੁਬਾਰਾ ਡੱਬੇ ਡੋਲ੍ਹਦੀ ਅਤੇ ਕੋਈ ਸੁਣਦਾ ਹੋਵੇ ਜਾਂ ਨਾ, "ਬੀਬੀ ਜੀ, ਮੈਂ ਜਾ ਰਹੀ ਹੂੰ" ਆਖ ਕੇ ਇਹੋ ਰੀਤ ਅਗਲੇ ਘਰ ਨਿਭਾਉਣ ਤੁਰ ਜਾਂਦੀ। ਨਵਾਂ ਮਹੀਨਾ ਚੜ੍ਹੇ ਤੋਂ ਉਹ ਅਖ਼ਬਾਰ ਵਾਲੇ, ਦੁੱਧ ਵਾਲੇ ਅਤੇ ਹੋਰ ਅਜਿਹੇ ਵਾਲਿਆਂ ਵਾਂਗ ਆਪਣੀ ਮਾਸਕ ਉਜਰਤ ਲੈ ਜਾਂਦੀ।

ਇਕ ਐਤਵਾਰ ਇਕੱਲਾ ਸ਼ਾਮ ਘਰ ਸੀ। ਬੱਚੇ ਹੇਠਾਂ ਕ੍ਰਿਕਟ ਖੇਡਣ ਗਏ ਹੋਏ ਸਨ। ਪਤਨੀ ਗੁਆਂਢ ਵਿਚ ਕਿਸੇ ਕੰਮ ਗਈ ਹੋਈ ਸੀ। ਕਾਂਤਾ ਮਹੀਨੇ ਦੇ ਪੈਸੇ ਲੈਣ ਆ ਗਈ। ਪਤਨੀ ਦੀ ਮਹਿਕਮਾ ਹੋਣ ਕਰਕੇ ਸ਼ਾਮ ਨੂੰ ਕੋਈ ਪਤਾ ਨਹੀਂ ਸੀ, ਪੈਸੇ ਕਿੰਨੇ ਦੇਣੇ ਹਨ। ਉਹਨੇ ਪੁੱਛਿਆ ਤਾਂ ਕਾਂਤਾ ਬੋਲੀ, ਬਾਬੂ ਜੀ ਦੋ ਰੁਪਏ। ਉਦੋਂ ਅਜੇ ਸਾਧਾਰਨ ਨੌਕਰੀਆਂ ਦੀਆਂ ਤਨਖ਼ਾਹਾਂ ਹਜ਼ਾਰਾਂ ਵਿਚ ਨਹੀਂ ਸੀ ਹੋਈਆਂ, ਸੈਂਕੜਿਆਂ ਵਿਚ ਹੀ ਹੁੰਦੀਆਂ ਸਨ ਅਤੇ ਰੁਪਈਏ ਦਾ ਚੰਗਾ ਮੁੱਲ ਹੁੰਦਾ ਸੀ। ਸ਼ਾਮ ਹੈਰਾਨ ਹੋਇਆ, "ਤੂੰ ਰੋਜ਼ ਦੇ ਪੈਸੇ ਰੋਜ਼ ਲੈਂਦੀ ਹੈਂ? ਤੇ ਰੋਜ਼ ਦੇ ਰੁਪਈਏ? ਕਾਂਤਾ, ਤੂੰ ਤਾਂ ਲੋਕਾਂ ਨੂੰ ਲੁਟਦੀ ਹੈਂ!"

ਕਾਂਤਾ ਹੱਸ ਪਈ, "ਬਾਬੂ ਜੀ, ਇਹ ਦੋ ਰੁਪਈਏ ਅੱਜ ਦੇ ਨਹੀਂ। ਨਵਾਂ ਮਹੀਨਾ ਚੜ੍ਹ ਗਿਆ। ਇਹ ਪਿਛਲੇ ਪੂਰੇ ਮਹੀਨੇ ਦੇ ਨੇ।"



ਸ਼ਾਮ ਪਹਿਲਾਂ ਨਾਲੋਂ ਵੀ ਵੱਧ ਹੈਰਾਨ ਹੋਇਆ, "ਕੀ ਕਿਹਾ? ਤੂੰ ਸਿਰਫ ਦੋ ਰੁਪਈਆਂ ਬਦਲੇ ਲੋਕਾਂ ਦੇ ਘਰ ਦੀ ਟੱਟੀ ਮਹੀਨਾ ਭਰ ਸਾਫ ਕਰਦੀ ਹੈਂ? ਕਾਂਤਾ, ਇਹ ਤਾਂ ਲੋਕ ਤੈਨੂੰ ਲੁੱਟੀ ਜਾਂਦੇ ਨੇ!"

ਕਾਂਤਾ ਫੇਰ ਹੱਸੀ, "ਬਾਬੂ ਜੀ ਮੈਨੂੰ ਤੁਹਾਡੀਆਂ ਗੱਲਾਂ ਦੀ ਕੋਈ ਸਮਝ ਨਹੀਂ ਆਉਂਦੀ। ਕਦੇ ਤੁਸੀਂ ਆਖਦੇ ਹੋ, ਮੈਂ ਲੋਕਾਂ ਨੂੰ ਲੁੱਟੀ ਜਾਂਦੀ ਹਾਂ, ਕਦੇ ਕਹਿੰਦੇ ਹੋ, ਲੋਕ ਮੈਨੂੰ ਲੁੱਟੀ ਜਾਂਦੇ ਨੇ!"

ਸ਼ਾਮ ਨੇ ਉਹਨੂੰ ਦਸ ਦਾ ਨੋਟ ਦਿੱਤਾ ਤਾਂ ਉਹ ਚਾਰ ਰੁਪਏ ਅੱਗੇ ਕਰਦਿਆਂ ਬੋਲੀ, "ਮੈਂ ਅਜੇ ਦੋ ਘਰ ਹੀ ਗਈ ਹਾਂ। ਚਾਰ ਰੁਪਈਏ ਫੇਰ ਦੇ ਕੇ ਜਾਵਾਂਗੀ।"

ਸ਼ਾਮ ਨੇ ਸਾਫ ਕੀਤਾ, "ਇਹ ਚਾਰ ਵੀ ਰੱਖ, ਹੋਰ ਦੇਣ ਦੀ ਵੀ ਲੋੜ ਨਹੀਂ, ਅੱਜ ਤੋਂ ਸਾਡੇ ਘਰੋਂ ਤੇਰੇ ਦਸ ਰੁਪਈਏ ਮਹੀਨਾ ਹੋਏ। ਬਾਕੀ ਸਾਰਿਆਂ ਨੂੰ ਵੀ ਕਹਿ, ਮੇਰੇ ਪੈਸੇ ਵਧਾਓ, ਮੈਂ ਤੁਹਾਡੀ ਟੱਟੀ ਸਾਫ ਕਰਦੀ ਹਾਂ!"

ਜਾਣ ਲੱਗੀ ਕਾਂਤਾ ਕਹਿੰਦੀ, "ਤੁਸੀਂ ਦੇ ਦਿੱਤੇ ਸੋ ਦੇ ਦਿੱਤੇ, ਬਾਬੂ ਜੀ, ਭਗਵਾਨ ਤੁਹਾਡਾ ਭਲਾ ਕਰੇ, ਹੋਰ ਕਿਸੇ ਨੇ ਤਾਂ ਅਠਿਆਨੀ ਵੀ ਵੱਧ ਨਹੀਂ ਦੇਣੀ!"

ਕੁਝ ਚਿਰ ਮਗਰੋਂ ਗਰਾਊਂਡ ਵਿਚੋਂ ਮਲਹੋਤਰੇ ਦੀ ਆਵਾਜ਼ ਆਈ, "ਭਾਈਆ ਜੀ, ਤਨੇਜਾ ਸਾਹਿਬ, ਸ਼ਰਮਾ ਜੀ, ਭੁੱਲਰ ਸਾਹਿਬ, ਅਮਕਾ ਜੀ, ਧਮਕਾ ਸਾਹਿਬ, ਫਟਾਫਟ ਐਧਰ ਆਓ।" ਕੁਝ ਹੈਰਾਨ, ਕੁਝ ਫ਼ਿਕਰਮੰਦ ਤੇ ਕੁਝ ਉਤਸੁਕ ਹੋ ਕੇ ਜੁੜੇ ਲੋਕਾਂ ਨੂੰ ਉਹਨੇ ਦੱਸਿਆ, "ਇਹ ਭਾਰਦਵਾਜ ਘਤਿੱਤਾਂ ਕਰਨੋਂ ਨਹੀਂ ਹਟਦਾ। ਇਹਦੇ ਦਿਮਾਗ ਦੀ ਗਰਾਰੀ ਉਲਟੇ ਪਾਸੇ ਨੂੰ ਚਲਦੀ ਹੀ ਰਹਿੰਦੀ ਹੈ।"

ਭਾਰਦਵਾਜ ਦੀ ਘਤਿੱਤ ਬਾਰੇ ਜਾਣ ਕੇ ਭਾਈਏ ਨੇ ਇਕੱਠ ਨੂੰ ਪੰਚਾਇਤ ਆਖਦਿਆਂ ਅਦਾਲਤੀ ਅਧਿਕਾਰ ਦੇ ਦਿੱਤੇ, "ਇਉਂ ਨਹੀਂ ਜੀ ਸਰਦਾ, ਉਹਨੂੰ ਪੰਚਾਇਤ ਵਿਚ ਬੁਲਾ ਕੇ ਲਾਹ-ਪਾ ਕਰੋ।"

ਹੁਣੇ ਹੁਣੇ ਸਭ ਨੂੰ ਜੀ ਜਾਂ ਸਾਹਿਬ ਆਖ ਕੇ ਆਵਾਜ਼ਾਂ ਮਾਰਨ ਵਾਲੇ ਮਲਹੋਤਰੇ ਨੇ ਅਣਦਿਸਦੇ ਭਾਰਦਵਾਜ ਨੂੰ ਚੀਕ ਕੇ ਕਿਹਾ, "ਓਇ ਸ਼ਾਮ, ਐਧਰ ਹੇਠਾਂ ਆ ਪੰਚਾਇਤ ਵਿਚ!"

ਸ਼ਾਮ ਨੇ ਖਿੜਕੀ ਵਿਚੋਂ ਦੇਖਿਆ ਅਤੇ ਹੇਠ ਉਨ੍ਹਾਂ ਕੋਲ ਆ ਕੇ ਮੁਸਕਰਾਇਆ, "ਇਹ ਐਤਵਾਰ ਦੇ ਵਿਹਲੇ ਕਿਵੇਂ ਇਕੱਠੇ ਹੋਏ ਖਲੋਤੇ ਨੇ?"

"ਤੇਰੇ ਪਾਏ ਪੰਗੇ ਕਰਕੇ!" ਸ਼ਰਮਾ ਬੁੜਕਿਆ, "ਭਾਰਦਵਾਜ, ਤੈਥੋਂ ਦੂਜੇ ਸਭਨਾਂ ਵਾਂਗੂੰ ਚੈਨ ਨਾਲ ਰਿਹਾ ਨਹੀਂ ਜਾਂਦਾ?"

ਉਹ ਹੈਰਾਨ ਹੋਇਆ, "ਮੈਂ ਕੀਹਦੇ ਪੈਰ ਉਤੇ ਪੈਰ ਰੱਖ ਦਿੱਤਾ ਭਾਈ, ਏਨੇ ਔਖੇ ਹੋਏ ਖੜ੍ਹੇ ਹੋ?"

"ਸਾਡੀ ਤਨਖ਼ਾਹ ਤਾਂ ਪੇ-ਕਮਿਸ਼ਨ ਸਵਾਈ-ਡੂਢੀ ਵੀ ਨਹੀਂ ਕਰਦਾ, ਤੂੰ ਕਾਂਤਾ ਦੀ ਪੰਜ ਗੁਣਾ ਵਧਾ ਦਿੱਤੀ।"

"ਅੱਛਾ, ਇਹ ਗੱਲ ਹੈ! ਤੁਸੀਂ ਕਿਹੜਾ ਦਫਤਰਾਂ ਵਿਚ ਟੱਟੀਆਂ ਸਾਫ ਕਰਦੇ ਹੋ, ਉਹ ਬਿਚਾਰੀ ਤਾਂ ਤੁਹਾਡੇ ਘਰਾਂ ਦੀਆਂ ਟੱਟੀਆਂ ਸਾਫ ਕਰਦੀ ਹੈ।" ਸ਼ਾਮ ਨੇ ਜਵਾਬ ਦਿੱਤਾ, "ਉਹਨੂੰ ਵੀ ਗਿਲਾਨੀ ਆਉਂਦੀ ਹਊ। ਉਹ ਵੀ ਰੱਬ ਦਾ ਜੀਅ ਹੈ ਯਾਰੋ!"

ਸ਼ਰਮਾ ਕਹਿੰਦਾ, "ਰੱਬ ਦਾ ਜੀਅ ਹੈ ਤਾਂ ਘਰ-ਜਾਇਦਾਦ ਤਾਂ ਨਹੀਂ ਉਹਦੇ ਨਾਂ ਕਰਵਾ ਦੇਣੀ!"

ਭਾਈਆ ਬੋਲਿਆ, "ਗਿਲਾਨੀ ਦੀ ਕਿਹੜੀ ਗੱਲ ਹੈ। ਫਲੱਸ਼ ਵਾਲੀਆਂ ਸਾਫ਼ ਟੱਟੀਆਂ ਨੇ।"

ਸ਼ਾਮ ਠਰ੍ਹੰਮੇ ਨਾਲ ਕਹਿੰਦਾ, "ਜੇ ਗਿਲਾਨੀ ਵਾਲੀ ਗੱਲ ਨਹੀਂ, ਚਲੋ, ਮੈਂ ਕਾਂਤਾ ਤੋਂ ਅੱਠ ਰੁਪਈਏ ਮੁੜਵਾ ਲਊਂ ਪਰ ਤੁਹਾਡੇ ਵਿਚੋਂ ਕੋਈ ਅੱਗੇ ਆਵੇ ਤੇ ਕਾਂਤਾ ਦੀ ਵਧੀਆ ਸਾਫ ਕੀਤੀ ਹੋਈ ਸਾਡੀ ਟੱਟੀ ਨੂੰ ਦੁਬਾਰਾ ਸਾਫ ਕਰਨ ਦਾ ਸ਼ਗਨ ਹੀ ਕਰ ਦੇਵੇ। ਉਹਨੂੰ ਮੈਂ ਨਕਦ ਪੰਜ ਸੌ ਰੁਪਈਆ ਦੇਊਂ!...ਤੁਸੀਂ ਹੀ ਚੱਲੋ, ਭਾਈਆ ਜੀ!"

ਚੁੱਪ ਵਰਤ ਗਈ। ਕੋਈ ਬੋਲਦਾ ਤਾਂ ਕੀ ਬੋਲਦਾ! ਘਰ ਵੱਲ ਤੁਰਦਾ ਸ਼ਾਮ ਬੋਲਿਆ, "ਆ ਜਾਓ ਪੰਜ ਸੌ ਲੈਣ ਵਾਲਾ। ਮੈਂ ਚੱਲ ਕੇ ਝਾੜੂ ਲਭਦਾ ਹਾਂ!" ਬਾਕੀ ਸਾਰੇ ਵੀ ਅਬੋਲ ਹੋ ਕੇ, ਇਕ ਦੂਜੇ ਨਾਲ ਵੀ ਕੁਝ ਬੋਲੇ ਬਿਨਾਂ, ਨੀਵੀਆਂ ਪਾ ਕੇ ਆਪਣੇ ਆਪਣੇ ਘਰਾਂ ਨੂੰ ਤੁਰ ਗਏ।

# ਸੰਵੇਦਨਾ ਦਾ ਦਰਿਆ ਜਸਵੰਤ ਖਟਕੜ

(ਪਿਛਲੇ ਸਫੇ ਦੀ ਬਾਕੀ)

ਹੋਰ ਦੋਸਤ ਉਗੀ ਜਾ ਕੇ ਲਖਵਿੰਦਰ ਉਗੀ ਨੂੰ ਮਿਲੇ। ਫਿਰ ਅਸੀਂ ਤਲਵੰਡੀ ਸਲੇਮ ਪਾਸ਼ ਦੇ ਖੇਤਾਂ ਵਿਚ ਗਏ ਜਿਥੇ ਉਸ ਨੂੰ ਦਹਿਸ਼ਤਗਰਦਾਂ ਨੇ ਘਾਤ ਲਾ ਕੇ ਗੋਲੀਆਂ ਮਾਰੀਆਂ ਸਨ। ਭਰੇ ਮਨ ਨਾਲ ਮੌਕੇ ਦੀਆਂ ਤਸਵੀਰਾਂ ਲੈ ਕੇ ਅਸੀਂ ਲੱਖਨ ਕੇ ਪੱਡੇ ਸ਼ਹੀਦ ਜੈਮਲ ਪੱਡਾ ਦੇ ਘਰ ਗਏ। ਜੈਮਲ ਦੇ ਘਰ ਦੀਆਂ ਕੰਧਾਂ ਵਿਚ ਅਜੇ ਵੀ ਏ.ਕੇ. ਫੋਰਟੀ ਸੈਵਨ ਦੀਆਂ ਗੋਲੀਆਂ ਦੇ ਨਿਸ਼ਾਨ ਦੇਖੇ ਜਾ ਸਕਦੇ ਸਨ। ਹੱਸਣ ਖੇਡਣ ਵਾਲਾ ਤੇ ਇਕ ਵੀ ਪਲ ਮਜ਼ਾਕ ਤੋਂ ਬਿਨਾਂ ਨਾ ਰਹਿਣ ਵਾਲਾ ਜਸਵੰਤ ਸਾਰਾ ਵਕਤ ਉਦਾਸ ਰਿਹਾ।

ਪੰਜਾਬ ਦਾ ਕਾਲਾ ਦੌਰ ਹਾਲੇ ਵੀ ਜਾਰੀ ਸੀ। ਇਹਦੇ ਪਿੰਡ ਮੰਗੂਵਾਲ ਵਿਖੇ ਲਖਵਿੰਦਰ ਜੌਹਲ ਹੋਰੀਂ ਦੂਰਦਰਸ਼ਨ ਦੀ ਕੋਈ ਸ਼ੂਟਿੰਗ ਕਰਨੀ ਸੀ। ਇਹਨੇ ਮੈਨੂੰ ਆਉਣ ਲਈ ਸੱਦਾ ਦਿੱਤਾ। ਭਾਅ (ਦਰਸ਼ਨ ਖਟਕੜ) ਨੂੰ ਵੀ ਮਿਲਣਾ ਸੀ। ਮੇਰਾ ਮਰਹੂਮ ਬੇਟਾ ਅਮਰਿੰਦਰ ਉਦੋਂ ਅੱਠ ਕੁ ਸਾਲ ਦਾ ਸੀ, ਉਹ ਵੀ ਮੇਰੇ ਨਾਲ ਮੰਗੂਵਾਲ ਗਿਆ। ਜਸਵੰਤ ਨੇ ਬੜਾ ਹੀ ਜ਼ਬਰਦਸਤ ਪ੍ਰਬੰਧ ਕੀਤਾ ਹੋਇਆ ਸੀ। ਸਾਰੇ ਰਾਹਾਂ 'ਤੇ ਇਸ ਨੇ ਆਪਣੇ ਹਥਿਆਰਬੰਦ ਬੰਦੇ ਪਹਿਰੇ 'ਤੇ ਖੜ੍ਹੇ ਕੀਤੇ ਹੋਏ ਸਨ। ਸਾਨੂੰ ਵੀ ਰੋਕਿਆ ਗਿਆ, ਪਰ ਇਕ ਬੰਦੇ ਨੇ ਪਛਾਣਨ 'ਤੇ ਸਾਨੂੰ ਲੰਘਣ ਦਿੱਤਾ। ਖੂਹ 'ਤੇ ਜਾਮਣ ਹੇਠਾਂ ਮੰਜੇ ਡਾਹੇ ਹੋਏ ਸਨ। ਜੁਲਾਈ ਅਗਸਤ ਦਾ ਮਹੀਨਾ ਹੋਣ ਕਰ ਕੇ ਕਾਫੀ ਹੁੰਮਸ ਸੀ। ਸਾਰੇ ਬੰਦੇ ਸ਼ੂਟਿੰਗ ਵਿਚੇ ਛੱਡ ਕੇ ਦੁਪਹਿਰਾ ਖਾਣ ਲਈ ਆਏ ਹੋਏ ਸਨ। ਪਿੰਡ ਦੀਆਂ ਔਰਤਾਂ ਵੱਡੀਆਂ-ਵੱਡੀਆਂ ਭੱਠੀਆਂ 'ਤੇ ਮੋਟੇ-ਮੋਟੇ ਰੋਟ ਲਾਹ ਰਹੀਆਂ ਸਨ। ਇਕ ਭੱਠੀ 'ਤੇ ਵੱਡੀ ਸਾਰੀ ਦੇਗ ਵਿਚ ਦਾਲ ਰਿੰਨ੍ਹੀ ਜਾ ਰਹੀ ਸੀ। ਪਿੰਡ ਦੇ ਲੋਕ ਦੂਰਦਰਸ਼ਨ ਵਾਲਿਆਂ ਦੀ ਰੱਜ ਕੇ ਸੇਵਾ ਕਰ ਰਹੇ ਸਨ।

ਲਖਵਿੰਦਰ ਜੌਹਲ ਨੇ ਇਨ੍ਹਾਂ ਦੀ ਟੀਮ ਨੂੰ ਡਾਕੂਮੈਂਟਰੀ ਬਣਾਉਣ ਲਈ ਵੀ ਕੰਮ ਦਿੱਤਾ। ਅਸਲ ਵਿਚ ਉਹ ਇਹਦੀ ਕਿਸੇ ਨਾ ਕਿਸੇ ਤਰੀਕੇ ਆਰਥਿਕ ਮਦਦ ਦਾ ਜ਼ਰੀਆ ਬਣ ਰਹੇ ਸਨ। ਜਸਵੰਤ ਪੂਰਾ ਖ਼ੁਸ਼ ਸੀ, ਪਰ ਦਾਰੂ ਦੀ ਲਤ ਜ਼ੋਰਾਂ-ਸ਼ੋਰਾਂ ਨਾਲ ਬਰਕਰਾਰ ਸੀ।

ਪੰਜਾਬ ਦੇ ਕਾਲੇ ਦਿਨਾਂ ਦੌਰਾਨ ਉਹ ਸਰਕਾਰੀ ਅਤੇ ਖਾਲਿਸਤਾਨੀ, ਦੋਹਾਂ ਦੀ ਦਹਿਸ਼ਤਗਰਦੀ ਤੋਂ ਬੜਾ ਖਫਾ ਸੀ। ਉਸ ਦੇ ਸਾਹਮਣੇ ਕਿੰਨੇ ਹੀ ਕਾਮਰੇਡਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਅਤੇ ਇਸੇ ਤਰ੍ਹਾਂ ਹੀ ਸਰਕਾਰ ਦੀ ਸ਼ਹਿ 'ਤੇ ਪੁਲਿਸ ਨੇ ਕਿੰਨੇ ਹੀ ਬੇਕਸੂਰਾਂ ਨੂੰ ਵੀ ਘਰਾਂ ਤੋਂ ਚੁੱਕ-ਚੁੱਕ ਕੇ ਝੂਠੇ ਪੁਲਿਸ ਮੁਕਾਬਲੇ ਬਣਾ ਦਿੱਤੇ। ਇਨ੍ਹਾਂ ਦਿਨਾਂ ਵਿਚ ਉਸ ਨੇ 'ਅਕਾਲ ਤਖ਼ਤ ਦੀ ਵਾਰ' ਲਿਖ ਮਾਰੀ। ਕਦੇ-ਕਦੇ ਉਸ ਨੂੰ ਜਿਵੇਂ ਹੌਲ ਜਿਹਾ ਪੈਂਦਾ, ਅੱਧੀ ਰਾਤ ਨੂੰ ਫੋਨ ਕਰ ਕੇ ਕਹਿਣਾ, "ਤੂੰ ਉਸ ਦਾ ਮੁੱਖ ਬੰਦ ਲਿਖ ਕੇ ਭੇਜ।" ਫਿਰ ਵਾਰ ਸੁਣਾਉਣੀ ਸ਼ੁਰੂ ਕਰ ਦੇਣੀ। ਅਜਿਹਾ ਉਸ ਕਿੰਨੀ ਵੇਰ ਕੀਤਾ। ਮੈਂ ਕਹਿੰਦਾ ਕਿ ਤੂੰ ਖਰੜਾ ਤਾਂ ਭੇਜ, ਪਰ ਉਹਨੇ ਖਰੜਾ ਅੱਜ ਤੱਕ ਨਹੀਂ ਭੇਜਿਆ।

ਕੁਝ ਵਰ੍ਹੇ ਪਹਿਲਾਂ ਨਵੇਂ-ਨਵੇਂ ਖਾਲਿਸਤਾਨੀ ਬਣੇ ਲੇਖਕ ਰਜਿੰਦਰ ਸਿੰਘ ਰਾਹੀ ਨੇ ਪਾਸ਼ ਬਾਰੇ ਕਿਤਾਬ ਲਿਖੀ। ਉਸ ਸਬੰਧ ਵਿਚ ਉਹ ਜਸਵੰਤ, ਪਰਮਜੀਤ ਦੇਹਲ, ਦੀਪਕ ਕਲੇਰ ਅਤੇ ਹੋਰ ਨੌਜਵਾਨਾਂ ਨੂੰ ਵੀ ਮਿਲਦਾ ਰਿਹਾ। ਪਹਿਲਾਂ ਉਸ ਨੇ ਸੰਤ ਰਾਮ ਉਦਾਸੀ ਬਾਰੇ ਵੀ ਕਿਤਾਬ ਲਿਖੀ ਸੀ। ਇਨ੍ਹਾਂ ਸਾਰਿਆਂ ਨੇ, ਜੋ ਕਦੇ ਪਾਸ਼ ਦੇ ਬੜੇ ਕਰੀਬੀ ਦੋਸਤ ਰਹੇ ਸਨ, ਉਸ ਦੀ ਬੜੀ ਮਦਦ ਕੀਤੀ, ਪਰ ਜਦੋਂ ਕਿਤਾਬ ਛਪ ਕੇ ਆਈ ਤਾਂ ਪਤਾ ਲੱਗਾ ਕਿ ਉਸ ਨੇ ਬੜੀ ਬੇਸ਼ਰਮੀ ਨਾਲ ਅਜਿਹੀਆਂ ਢੇਰ ਸਾਰੀਆਂ ਗੱਲਾਂ ਇਨ੍ਹਾਂ ਦੇ ਮੂੰਹੋਂ ਕਹਾ ਦਿੱਤੀਆਂ ਜੋ ਕਦੇ ਹੋਈਆਂ ਹੀ ਨਹੀਂ ਸਨ। ਦਰਅਸਲ, ਉਹ ਪਾਸ਼ ਨੂੰ ਜਾਣ-ਬੁੱਝ ਕੇ ਘਟੀਆ, ਸਿਧਾਂਤਹੀਣ ਤੇ ਸਿੱਖ-ਵਿਰੋਧੀ ਸਾਬਤ ਕਰਨਾ ਚਾਹੁੰਦਾ ਸੀ, ਤਾਂ ਜੋ ਉਹ ਉਸ ਦੇ ਕਾਤਲਾਂ ਨੂੰ ਨਿਰਦੋਸ਼ ਸਾਬਤ ਕਰ ਸਕੇ। ਜਸਵੰਤ ਹੋਰੀਂ ਪੈਂਫਲਿਟ ਛਪਵਾ ਕੇ ਇਲਾਕੇ ਵਿਚ ਵੰਡਿਆ, ਤੇ ਉਕਤ ਲੇਖਕ ਨੂੰ ਚੈਲੰਜ ਕੀਤਾ ਕਿ ਉਹ ਆਵੇ ਤੇ ਆਹਮੋ-ਸਾਹਮਣੇ ਬਹਿ ਕੇ ਸਪਸ਼ਟੀਕਰਨ ਦੇਵੇ, ਪਰ ਉਹ ਤਾਂ ਆਪਣੀ ਘਟੀਆ ਚਾਲ ਚੱਲ ਚੁਕਾ ਸੀ। ਰਜਿੰਦਰ ਰਾਹੀ ਪਾਸ਼ ਵਰਗੇ ਅਜ਼ੀਮ ਸ਼ਾਇਰ ਦੇ ਯਾਰਾਂ ਦੇ ਘਰ ਇਤਬਾਰੀ ਬਣ ਕੇ ਗਿਆ, ਪਰ ਪਿੱਛੋਂ ਜੋ ਕਰਤੂਤ ਉਸ ਨੇ ਕੀਤੀ, ਉਸ ਨੂੰ ਭਾਈ ਗੁਰਦਾਸ ਦੀ ਅਕ੍ਰਿਤਘਣ ਇਨਸਾਨ ਨੂੰ ਪ੍ਰਭਾਸ਼ਿਤ ਕਰਨ ਲਈ ਲਿਖੀ ਪਉੜੀ ਰਾਹੀਂ ਸਮਝਿਆ ਜਾ ਸਕਦਾ ਹੈ।

ਜਸਵੰਤ ਦਾ ਪਰਿਵਾਰ ਹੁਣ ਵਧ-ਫੁੱਲ ਰਿਹਾ ਸੀ। ਬੇਟਾ ਨਵਦੀਪ ਤੇ ਧੀ ਨਵਜੋਤ ਵੱਡੇ ਹੋ ਰਹੇ ਸਨ। ਨਵਦੀਪ ਜਰਮਨ ਚਲਾ ਗਿਆ। ਮਿਹਨਤ ਕੀਤੀ। ਬਨਦਾ-ਸਰਦਾ ਬਚਾ-ਬਚਾ ਕੇ ਪਿੱਛੇ ਪੈਸੇ ਭੇਜੇ। ਘਰ ਦੀ ਕਾਇਆ ਕਲਪ ਹੋਣ ਲੱਗੀ। ਖੂਹ 'ਤੇ ਪੁਰਾਣੇ ਘਰ ਦੇ ਨਾਲ ਹੀ ਆਲੀਸ਼ਾਨ ਕੋਠੀ ਬਣਾ ਲਈ। ਬੇਟੀ ਜੋਤੀ ਨੇ ਮਾਂ-ਪਿਉ ਵਾਂਗ ਕਾਲਜ ਪੜ੍ਹਨ ਸਮੇਂ ਥੀਏਟਰ ਕਰਨਾ ਸ਼ੁਰੂ ਕੀਤਾ। ਬੜੀ ਸੋਹਣੀ ਸੁਨੱਖੀ ਤੇ ਸਲੀਕੇ ਵਾਲੀ ਇਸ ਬੱਚੀ ਵਿਚ ਵੀ ਕਲਾ ਦਾ ਗੁਣ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਇਕ ਵੇਰ ਇਕ ਮੁਕਾਬਲੇ ਵਿਚ 'ਮਿਸ ਵਰਲਡ ਪੰਜਾਬਣ' ਦੇ ਖ਼ਿਤਾਬ ਲਈ ਅਖੀਰ ਤਕ ਪਹੁੰਚ ਕੇ ਹੁਣ ਵਾਲੀ ਪੰਜਾਬੀ ਫਿਲਮਾਂ ਦੀ ਹੀਰੋਇਨ ਜਪਜੀ ਖਹਿਰਾ ਤੋਂ ਪਛੜ ਗਈ। ਨਾਟਕਾਂ ਵਿਚ ਬੜੀਆਂ ਮੱਲਾਂ ਮਾਰੀਆਂ। ਦੂਰਦਰਸ਼ਨ ਵਲੋਂ ਲੰਮਾ ਲੜੀਵਾਰ 'ਭਾਗਾਂ ਭਰੀਆਂ' ਬੰਗਾ ਦੇ ਇਲਾਕੇ ਵਿਚ ਹੀ ਫਿਲਮਾਇਆ ਗਿਆ। ਬੇਟੀ ਨਵਜੋਤ ਇਸ ਦੀ ਨਾਇਕਾ ਸੀ। ਉਨ੍ਹੀਂ ਦਿਨੀਂ ਮੈਂ ਵੀ ਪੰਜਾਬ ਗਿਆ ਹੋਇਆ ਸਾਂ। ਮੈਂ ਅਤੇ ਨੀਰੂ, ਭਾਅ ਖਟਕੜ ਨਾਲ ਸ਼ੂਟਿੰਗ ਦੇਖਣ ਗਏ। ਜਸਵੰਤ ਦਾਰੂ ਨਾਲ ਰੱਜਿਆ ਬੜਾ ਖ਼ੁਸ਼ ਸੀ, ਤੇ ਖ਼ੁਸ਼ੀ ਨਾਲ ਦੱਸ ਰਿਹਾ ਸੀ ਕਿ ਮੇਰੀ ਧੀ ਇਕ ਦਿਨ ਸ਼ਬਾਨਾ ਆਜ਼ਮੀ ਬਣੇਗੀ। ਫਿਰ ਨਵਜੋਤ ਕੈਨੇਡਾ ਚਲੀ ਗਈ। ਪਿੱਛੇ ਜਿਹੇ ਦੋਵੇਂ ਭੈਣ-ਭਰਾ ਇੰਡੀਆ ਆਏ ਤਾਂ ਜਸਵੰਤ ਦਾ ਫੋਨ ਆਇਆ, ਲੈ ਆਪਣੀ ਧੀ ਨਾਲ ਗੱਲ ਕਰ। ਜੋਤੀ ਨਾਲ ਗੱਲ ਹੋਈ, ਉਹ ਬੜੀ ਖ਼ੁਸ਼ ਸੀ, ਪਰ ਉਸ ਦੀ ਆਵਾਜ਼ ਵਿਚ ਬਾਪ ਦੀ ਸਿਹਤ ਦੀ ਚਿੰਤਾ ਵੀ ਸੀ।

ਇੰਨਾ ਲੰਮਾ ਸਮਾਂ ਪੀਣ ਦੀ ਆਦਤ, ਰੋਗ ਬਣ ਜਾਂਦੀ ਹੈ ਜਿਸ ਲਈ ਦਵਾਈ ਤੇ ਦੁਆ, ਦੋਹਾਂ ਦੀ ਜ਼ਰੂਰਤ ਹੁੰਦੀ ਹੈ ਪਰ ਪਹਿਲੀ ਸ਼ਰਤ ਹੁੰਦੀ ਹੈ ਕਿ ਤੁਸੀਂ ਮੰਨੋ ਕਿ ਮੈਨੂੰ ਰੋਗ ਹੈ। ਮੈਂ ਜਸਵੰਤ ਨੂੰ ਕਿਹਾ ਕਿ ਜੇ ਤੂੰ ਚਾਹਵੇਂ ਤਾਂ ਤੈਨੂੰ ਕਿਸੇ ਰੀਹੈਬ ਸੈਂਟਰ ਵਿਚ ਦਾਖ਼ਲ ਕਰਵਾ ਦਿੰਦੇ ਹਾਂ। ਬੱਸ ਇੰਨੀ ਗੱਲ ਸੀ, ਉਸ ਨੂੰ ਪਤਾ ਨਹੀਂ ਕਿਧਰੋਂ ਗੁੱਸਾ ਚੜ੍ਹ ਗਿਆ, ਅਖੇ, "ਇਹ ਫਾਰਮੂਲਾ ਭਾਅ ਤੂੰ ਆਪਣੇ 'ਤੇ ਹੀ ਲਾਗੂ ਕਰ। ਮੈਂ ਨਹੀਂ ਕਿਤੇ ਜਾਂਦਾ। ਤੁਸੀਂ ਮੈਨੂੰ ਸਾਰੇ ਰਲ ਕੇ ਮਾਰਨਾ ਚਾਹੁੰਦੇ ਹੋ।" ਤੇ ਫੋਨ ਠਾਹ ਬੰਦ।

ਹੁਣ ਫਿਰ ਕਦੇ-ਕਦਾਈਂ ਦੇਰ ਰਾਤੇ ਫੋਨ ਕਰ ਕੇ 'ਮਿਸ ਕਾਲ' ਮਾਰ ਦੇਵੇਗਾ। ਫੋਨ ਕਰਨ 'ਤੇ ਫਿਰ ਉਹੀ ਕਹਾਣੀ। ਨਰਿੰਦਰਜੀਤ ਤੇ ਬੱਚੇ ਉਸ ਬਾਰੇ ਹਮੇਸ਼ਾ ਚਿੰਤਤ ਰਹਿੰਦੇ ਹਨ। ਭਾਅ ਦਰਸ਼ਨ ਵੱਖ ਪ੍ਰੇਸ਼ਾਨ ਹੁੰਦਾ ਹੈ। ਉਸ ਨੂੰ ਕਈ ਵੇਰ ਪੀ.ਜੀ.ਆਈ. ਅਤੇ ਪਟਿਆਲੇ ਡਾ. ਧਰਮਵੀਰ ਗਾਂਧੀ ਕੋਲੋਂ ਦਵਾਈ ਖੁਆ ਚੁੱਕਿਆ ਹੈ। ਇਕ ਵੇਰ ਉਲਟਾ ਡਾ. ਗਾਂਧੀ ਨੂੰ ਹੀ ਪੈ ਨਿਕਲਿਆ। ਇੰਜ ਹੀ ਕਿੰਨੀ ਵੇਰ ਮੈਨੂੰ ਉਲਟਾ-ਸਿੱਧਾ ਬੋਲ ਕੇ ਫੋਨ ਕੱਟ ਦਿੰਦਾ ਹੈ। ਫਿਰ ਸੋਫੀ ਹੋਣ 'ਤੇ ਆਖੇਗਾ, "ਪਤਾ ਨਹੀਂ, ਕਿਤੇ ਖਾਧੀ-ਪੀਤੀ ਵਿਚ ਕਹਿ ਹੋ ਗਿਆ ਹੋਣਾ।"

ਅਸੀਂ ਸਾਰੇ ਉਸ ਦੇ ਖ਼ੈਰ-ਖ਼ਵਾਹ ਦਿਲੋਂ ਚਾਹੁੰਦੇ ਹਾਂ ਕਿ ਉਹ ਮੁੜ ਆਪਣੀ ਕਲਾ ਦੇ ਜੌਹਰ ਦਿਖਾਵੇ; ਜਿਵੇਂ ਉਸ ਨੇ ਬਲਵੰਤ ਗਾਰਗੀ ਦੇ ਨਾਟਕ 'ਲੋਹਾ ਕੁੱਟ' ਵਿਚ ਅਤੇ ਹੋਰ ਨਾਟਕਾਂ ਵਿਚ ਦਿਖਾਏ ਸਨ। ਉਹ ਮੁੜ ਕੇ ਪਿਆਰੀਆਂ-ਪਿਆਰੀਆਂ ਨਜ਼ਮਾਂ ਲਿਖੇ। ਉਹ ਨਹੀਂ ਜਾਣਦਾ...ਉਸ ਦੇ ਬੱਚੇ, ਉਸ ਦੀ ਬੀਵੀ ਤੇ ਉਸ ਦੇ ਜਿਗਰੀ ਦੋਸਤ ਉਸ ਨੂੰ ਕਿੰਨਾ ਪਿਆਰ ਕਰਦੇ ਹਨ! ਉਹ ਸੰਵੇਦਨਾ ਦਾ ਭਰਿਆ ਦਰਿਆ ਹੈ। ਪਿੱਛੇ ਜਿਹੇ ਉਸ ਦੇ ਭਰਾ ਗਾਗੇ ਦੀ ਮੌਤ ਹੋ ਗਈ, ਤਾਂ ਕਹਿੰਦਾ, "ਹੁਣ ਮੇਰੇ 'ਤੇ ਬਹੁਤ ਜ਼ਿੰਮੇਵਾਰੀ ਆ ਪਈ ਹੈ।"

ਸ਼ਾਲਾ! ਉਹ ਆਪਣੀ ਸੰਵੇਦਨਾ ਤੇ ਕਲਾ ਨੂੰ ਮੁੜ ਕਿਸੇ ਕੰਮ ਲਾਵੇ।

ਆਮੀਨ!

# ਕੀੜਾ

ਕਹਾਣੀ

**ਮਰਹੂਮ ਕਹਾਣੀਕਾਰ ਰਘੁਬੀਰ ਢੰਡ ਦੀ ਕਹਾਣੀ 'ਕੀੜਾ' ਹਿੰਦੂਤਵੀ ਤਾਕਤਾਂ ਦੇ ਮਨਾਂ ਵਿਚ ਗੁੜ੍ਹੀ ਪਸਰੀ ਨਫਰਤ ਦਾ ਬੜਾ ਸਾਦਾ ਤੇ ਸੂਖਮ ਖੁਲਾਸਾ ਹੈ। ਆਪਣੀਆਂ ਹੋਰ ਕਹਾਣੀਆਂ ਵਾਂਗ ਲੇਖਕ ਨੇ ਇਸ ਕਹਾਣੀ ਵਿਚ ਵੀ ਗੱਲਾਂ ਅਤੇ ਕਲਾ, ਬਹੁਤ ਮਹੀਨ ਰੂਪ ਵਿਚ ਗੁੰਦੀਆਂ ਹੋਈਆਂ ਹਨ। ਇਹ ਕਹਾਣੀ ਕਈ ਦਹਾਕੇ ਪਹਿਲਾਂ ਲਿਖੀ ਗਈ ਸੀ ਪਰ ਇਸ ਵਿਚ ਅੱਜ ਦੇ ਹਿੰਦੂਤਵਵਾਦੀਆਂ ਦੇ ਦਿਲਾਂ ਵਿਚ ਉਠਦੇ ਫਤੂਰ ਦੇ ਸਪਸ਼ਟ ਝਲਕਾਰੇ ਮਿਲਦੇ ਹਨ। -ਸੰਪਾਦਕ**

ਜੂਨ ਦਾ ਅੱਧ ਸੀ ਤੇ ਦਿਨ ਬਹੁਤ ਖਿੜਿਆ ਹੋਇਆ ਸੀ। ਘਰਾਂ ਦੀਆਂ ਚਿਮਨੀਆਂ 'ਤੇ ਟੰਗੇ ਅੰਟੇਨਿਆਂ ਉਤੇ ਬੈਠੀਆਂ ਚਿੜੀਆਂ ਆਪਣੇ ਪਿੰਡੇ ਸੁਕਾ ਰਹੀਆਂ ਸਨ। ਜਿਹੜੇ ਦਰੱਖਤਾਂ ਨੂੰ ਸਿਆਲ ਨੇ ਝੰਬ ਕੇ ਕਾਲੇ-ਕਲੋਟੇ ਬਣਾ ਦਿੱਤਾ ਸੀ, ਹੁਣ ਉਨ੍ਹਾਂ ਨੂੰ ਫੁੱਟੀਆਂ ਕਰੂੰਬਲਾਂ ਨੇ ਪੱਤਿਆਂ ਅਤੇ ਫੁੱਲਾਂ ਦਾ ਰੂਪ ਵਟਾ ਲਿਆ ਸੀ। ਹਵਾ ਇੰਨੀ ਮੱਧਮ ਕਿ ਦਰੱਖਤਾਂ ਦੀਆਂ ਟੀਸੀਆਂ ਇੰਜ ਤਾਲ ਵਿਚ ਹਿੱਲ ਰਹੀਆਂ ਸਨ ਜਿਵੇਂ ਖਿੜੀ ਨਿੱਖਰੀ ਸ੍ਰਿਸ਼ਟੀ ਨੂੰ ਚੌਰ ਕਰ ਰਹੀਆਂ ਹੋਣ।

"ਇੰਗਲੈਂਡ ਵਿਚ ਇੰਨਾ ਸੋਹਣਾ ਤੇ ਨਿੱਘਾ ਦਿਨ ਤਾਂ ਮਸਾਂ ਚੜ੍ਹਦੈ। ਨਹੀਂ ਜੀ?" ਮੇਰੀ ਪਤਨੀ ਖਾਸੇ ਮੋਹ ਨਾਲ ਬੋਲੀ।

"ਹਾਂ, ਅੱਜ ਤਾਂ ਕੋਈ ਤੇਰੇ ਵਰਗੀ ਤੱਤੀ ਦੇਵੀ ਪਹਿਰੇ 'ਤੇ ਬੈਠੀ ਐ। ਨਹੀਂ ਜੀ?" ਮੇਰੇ ਅੰਦਾਜ਼ ਵਿਚ ਉਨਾ ਹੀ ਪਿਆਰ ਸੀ।



**ਰਘੁਬੀਰ ਢੰਡ**

"ਚੰਗਾ ਚੰਗਾ; ਹੁਣ ਪਿਉ-ਧੀ ਲੇਜ਼ੀਪਣਾ ਛੱਡੋ। ਖਾ ਲਵੋ ਜੋ ਖਾਣਾ ਈ।...ਤੁਹਾਡੀ ਲਾਡਲੀ ਦੀਆਂ ਜਮਾਤਣਾਂ ਨੇ ਆਉਣੈ। ਭੈਣ ਜੀ ਤੇ ਭਰਾਤਾ ਜੀ ਦਾ ਵੀ ਆਉਣ ਬਾਰੇ ਟੈਲੀਫ਼ੋਨ ਆਇਆ ਹੋਇਐ। ਸਾਰੇ ਰਲ ਕੇ ਪਾਰਕ ਚੱਲਾਂਗੇ। ਮੈਂ ਛੇਤੀ-ਛੇਤੀ ਕੰਮ ਮੁਕਾ ਲਵਾਂ।" ਇੰਜ ਆਖ, ਮੇਰਾ ਜਵਾਬ ਉਡੀਕੇ ਬਿਨਾਂ ਹੀ, ਮੇਰੀ ਪਤਨੀ ਆਪਣੇ ਨਿੱਤ-ਨੇਮ ਵਿਚ ਜੁਟ ਗਈ।

ਸਨਿਚਰ-ਐਤਵਾਰ ਦੀ ਛੁੱਟੀ ਨਾਲ ਸੋਮਵਾਰ ਰਲਾ ਸਾਡੀ ਧੀ, ਨਿਮ੍ਰਤਾ ਵੀ ਸਾਡੇ ਕੋਲ ਲੰਦਨੋਂ ਆਈ ਹੋਈ ਸੀ, ਜਿਥੇ ਉਹ ਡਾਕਟਰੀ ਕਰ ਰਹੀ ਸੀ। ਮਨੁੱਖਾਂ ਦੀ ਡਾਕਟਰੀ! ਤੇ ਮੈਂ ਉਸ ਨਾਲ ਸਿਟਿੰਗ ਰੂਮ ਦੀ ਬਾਰੀ ਵਿਚੋਂ ਆਉਂਦੀ ਧੁਪ ਵਿਚ ਬੈਠਾ ਪੂਰੇ ਕੁਦਰਤੀ ਅੰਦਾਜ਼ ਵਿਚ ਮੂੰਹ ਆਇਆ ਬੋਲ ਰਿਹਾ ਸਾਂ। ਇੰਗਲੈਂਡ ਦੇ ਇਸ ਮਾਹੌਲ ਵਿਚ ਜਿਥੇ ਪਚੰਨਵੇਂ ਫੀਸਦੀ ਲੋਕ ਸਾਨੂੰ ਆਪਣੇ ਨਹੀਂ ਸਮਝਦੇ, ਕਿਸੇ ਆਪਣੇ ਨਾਲ ਮੂੰਹ ਆਇਆ ਬੋਲਣਾ ਕੇਡੀ ਵੱਡੀ ਨਿਆਮਤ ਹੈ। ਇਸ ਸੱਚਾਈ ਨੂੰ ਪੰਜਾਬੀ ਭੱਈਏ ਹੀ ਸਮਝ ਸਕਦੇ ਹਨ।

"ਜੇ ਤੂੰ ਦੱਸਣਾ ਹੋਵੇ ਕਿ ਮੇਰੇ ਡੈਡੀ ਮੈਨੂੰ ਬਲੂੰਗੜੀ ਕਹਿ ਕੇ ਬੁਲਾਉਂਦੇ ਨੇ, ਤਾਂ ਕਿਵੇਂ ਬੋਲਦੀ ਐਂ?"

"ਬਲੂੰਗਰੀ।" ਉਹ ਬੋਲੀ।

"ਪਤੈ ਇਹ ਟੈਲੀਫ਼ੂਨ ਆਪਾਂ ਨੇ ਕਿੰਨੇ ਦਾ ਖਰੀਦਿਐ?" ਮੈਂ ਫਿਰ ਪੁੱਛਿਆ।

"ਹਾਂ। ਨਰਿਨਵੇਂ ਪੌਂਡ ਨਰਿਨਵੇਂ ਪੈਂਸ ਦਾ।" ਉਹ ਫਿਰ ਉਸੇ ਅੰਦਾਜ਼ ਵਿਚ ਬੋਲੀ।

ਮੈਂ ਜ਼ਰਾ ਗੰਭੀਰ ਹੋ ਗਿਆ। ਸੋਚਦਾ ਗਿਆ, ਜੇ ਸਾਡੀ ਬੋਲੀ ਨੂੰ ਇੰਜ ਹੀ ਅੰਗਰੇਜ਼ੀ ਦੀ ਪੁੱਠ ਚੜ੍ਹਦੀ ਗਈ ਤਾਂ ਇਕ ਦਿਨ ਉਹ ਵੀ ਆ ਜਾਵੇਗਾ ਜਦੋਂ ਲਫ਼ਜ਼ ਵਿਗੜ ਕੇ ਬੇਪਛਾਣ ਹੋ ਜਾਣਗੇ ਤੇ ਹਿੱਜੇ, ਯਾਨਿ ਸ਼ਬਦ-ਜੋੜ ਅਜਿਹੇ ਬੇਮਾਅਨੀ ਹੋ ਜਾਣਗੇ ਕਿ ਉਨ੍ਹਾਂ ਵਿਚੋਂ ਭਾਰਤੀ ਰੰਗ ਲੱਭਣਾ ਔਖਾ ਹੋ ਜਾਵੇਗਾ। ਤੁਰਕੀ ਬੋਲੀ ਨਾਲ ਵੀ ਇੰਜ ਹੀ ਹੋਇਆ ਸੀ। ਜਦੋਂ ਰੋਮਨ ਵਿਚ ਲਿਖੀ ਜਾਣ ਲੱਗੀ ਤਾਂ ਉਸ ਵਿਚੋਂ ਤੁਰਕੀ ਦੀ ਥਾਂ ਟਰਕੀ ਦੀ ਬੂ ਆਉਣ ਲੱਗ ਪਈ।

"ਡੈਡੀ, ਕੀ ਸੋਚਣ ਲੱਗ ਪਏ ਹੋ?" ਮੇਰੀ ਧੀ ਬੋਲੀ।

"ਕੁਝ ਨੀ।...ਕਿਹੜੀ ਡਿਊਟੀ ਕਰ ਰਹੀ ਹੈਂ ਅੱਜ ਕੱਲ੍ਹ?"

"ਲੇਬਰ, ਯਾਨਿ ਬੱਚੇ ਜੰਮਾਉਣ ਦੀ।" ਉਸ ਨੇ ਦੱਸਿਆ।

"ਅੱਛਾ!...ਕੁਝ ਦੱਸ ਇਹਦੇ ਬਾਰੇ?" ਮੈਂ ਉਤਸੁਕ ਹੋ ਪੁੱਛਿਆ।

"ਦੱਸਣ ਨਾਲ ਨੀ, ਆਪ ਵੇਖਣ-ਜੰਮਾਉਣ ਨਾਲ ਪਤਾ ਲਗਦੈ। ਕਈ ਵਾਰ ਘੰਟਿਆਂ-ਬੱਧੀ ਉਡੀਕ ਕਰਨੀ ਪੈਂਦੀ ਐ। ਬਹੁਤ ਬੋਰ ਹੋ ਜਾਈਦੈ। ਮੈਡੀਕਲ ਸਾਇੰਸ ਨੇ ਤਰੱਕੀ ਤਾਂ ਬਥੇਰੀ ਕੀਤੀ ਐ, ਪਰ ਪੀੜ ਫਿਰ ਵੀ ਬਹੁਤ ਸਹਿਣੀ ਪੈਂਦੀ ਐ। ਚੀਕਾਂ ਪੈਂਦੀਆਂ ਨੇ, ਪਸੀਨੇ ਛੁਟਦੇ ਨੇ, ਮਸਾਂ ਫੜ-ਫੜ ਰੱਖੀਦੀਆਂ ਨੇ। ਹੁਣ ਤਾਂ ਅਸੀਂ ਪਤੀ ਨੂੰ ਵੀ ਕੋਲ ਸੱਦ ਲੈਂਦੇ ਆਂ, ਤਾਂ ਕਿ ਔਰਤ ਦੀ ਅਸਲੀ ਹਾਲਤ ਵੇਖ ਲਵੇ, ਪਰ ਜਦੋਂ ਬੱਚਾ ਬਾਹਰ ਆ ਜਾਂਦੈ, ਤਾਂ ਔਰਤ ਦੇ ਮੂੰਹ 'ਤੇ ਜਿਹੜਾ ਨੂਰ ਤੇ ਸ਼ਾਂਤੀ ਆਉਂਦੀ ਐ, ਉਹ ਬਿਆਨ ਨੀਂ ਕੀਤੀ ਜਾ ਸਕਦੀ। ਔਰਤ ਦੇਵੀ ਮਾਂ ਜਾਪਣ ਲਗਦੀ ਐ...।"

ਗੱਲ ਦੀ ਲੜੀ ਟੁੱਟ ਗਈ। ਕਿਚਨ ਵਿਚੋਂ ਮੇਰੀ ਪਤਨੀ ਦੀ ਆਵਾਜ਼ ਆਈ, "ਤੁਹਾਨੂੰ ਹਜ਼ਾਰ ਵਾਰ ਆਖਿਐ ਕਿ ਕੁੜੀ ਨੂੰ ਬਹੁਤਾ ਚੰਭਲਾਉ ਨਾ। ਇਹਦੀ ਡਾਕਟਰੀ ਤੇ ਸ਼ਕਲ ਕਿਸੇ ਨੇ ਸ਼ੀਸ਼ੇ ਵਿਚ ਜੜਾ ਕੇ ਨੀਂ ਰੱਖਣੀ। ਇਹਨੂੰ ਰੋਟੀ-ਟੁੱਕ ਦੇ ਕੰਮਾਂ ਵਿਚ ਵੀ ਤਾਕ ਹੋਣਾ ਚਾਹੀਦੈ। ਨਾਸ਼ਤਾ ਬਣਾਉਣ ਲੱਗੀ ਵੀ ਕਿਚਨ ਵਿਚ ਇੰਨਾ ਖਲਜਗਣ ਪਾਉਂਦੀ ਐ ਕਿ ਰਹੇ ਰੱਬ ਦਾ ਨਾਂ! ਹੁਣ ਇਹਨੂੰ ਆਖੋ ਕਿ ਕੁਝ ਖਾ ਪੀ ਲਵੇ, ਤੇ ਤੁਹਾਨੂੰ ਵੀ ਖੁਆ ਦੇਵੇ।"

ਮੇਰੀ ਪਤਨੀ ਨੇ ਕੰਮ ਦੇ ਨਾਲ-ਨਾਲ ਆਪਣਾ ਭਾਸ਼ਣ ਵੀ ਜਾਰੀ ਰੱਖਿਆ। ਭਾਰਤੀ ਨਾਰੀ ਦੀ ਇਹੀ ਤਾਂ ਖੂਬੀ ਹੈ ਕਿ ਨਾ ਉਹਦਾ ਕੰਮ ਮੁਕਦਾ ਹੈ, ਨਾ ਹੀ ਭਾਸ਼ਣ।

ਮੈਂ ਆਪਣੀ ਪਤਨੀ ਨੂੰ ਪਿਆਰ ਨਾਲ ਜਵਾਬ ਦਿੱਤਾ, "ਚਲੋ, ਕੋਈ ਗੱਲ ਨੀ। ਆਪੇ ਸਿੱਖ ਜਾਵੇਗੀ ਜਦੋਂ ਸਿਰ ਉਤੇ ਪੈਣਗੀਆਂ। ਜ਼ਿੰਦਗੀ ਵਿਚ ਔਰਤ ਨੂੰ ਮਰਦ ਨਾਲੋਂ ਬਹੁਤੇ ਕਸ਼ਟ ਝੱਲਣੇ ਪੈਂਦੇ ਨੇ। ਮੌਜ ਲੈਣ ਦੇ ਜਿੰਨਾ ਚਿਰ ਕੁਆਰੀ ਐ। ਉਂਜ ਵੀ ਕੁਝ ਕਹਿਣ ਨੂੰ ਜੀਅ ਨੀਂ ਕਰਦਾ। ਛੋਟੇ ਹੁੰਦਿਆਂ ਦੀ ਬੇਬੇ ਮਰ ਗਈ ਸੀ। ਔਰਤ ਨੂੰ ਮੰਦਾ ਬੋਲਣ ਦਾ ਹੌਸਲਾ ਹੀ ਨਹੀਂ ਰਿਹਾ। ਦੱਸ ਦੇ ਜੇ ਇਕੱਤੀਆਂ ਸਾਲਾਂ ਵਿਚ ਤੈਨੂੰ ਵੀ ਕਦੇ ਮੰਦਾ ਬੋਲਿਆ ਹੋਵੇ ਤਾਂ।"

"ਤੁਹਾਡੀਆਂ ਇਹੀ ਗੱਲਾਂ ਤਾਂ ਮੋਹ ਲੈਂਦੀਆਂ ਨੇ ਅਗਲੇ ਨੂੰ।" ਇੰਜ ਆਖ ਮੇਰੀ ਪਤਨੀ ਕਿਚਨ-ਪਲਾਂਟਾਂ ਨੂੰ ਪਾਣੀ ਦੇਣ ਲੱਗ ਪਈ।

ਮੇਰੀ ਧੀ ਨੇ ਚੈਲਿੰਜ ਕਬੂਲ ਕਰਦਿਆਂ ਆਖਿਆ, "ਚਲੋ, ਅੱਜ ਮੰਮੀ ਦੇ ਸਾਰੇ ਉਲਾਂਭੇ ਲਾਹ ਦਿੰਦੀ ਆਂ। ਆਪਣੇ ਡੈਡੀ ਨੂੰ ਉਨ੍ਹਾਂ ਦੇ ਪਸੰਦ ਦਾ ਬਰੇਕਫਾਸਟ ਬਣਾ ਕੇ ਦੇਵਾਂਗੀ। ਬੋਲੋ ਡੈਡੀ ਜੀ...ਕੀ ਖਾਵੋਗੇ?"

"ਬੀਨਜ਼ ਤੇ ਸੌਸੇਜਜ਼।" ਮੈਂ ਬੁੱਲ੍ਹਾਂ 'ਤੇ ਜੀਭ ਫੇਰਦਿਆਂ ਆਖਿਆ।

ਕਿਚਨ ਵਿਚ ਖਲਜਗਣ ਤਾਂ ਖੈਰ ਬਹੁਤ ਪਿਆ, ਪਰ ਬਰੇਕਫਾਸਟ ਮੇਜ਼ 'ਤੇ ਆ ਗਿਆ। ਸਾਡੀ ਧੀ ਨੇ ਵੀ ਆਪਣਾ ਬਰੇਕਫਾਸਟ ਲੈ ਆਂਦਾ ਜਿਸ ਵਿਚ ਸੌਸੇਜਜ਼ ਦੀ ਥਾਂ ਫਿਸ਼-ਫਿੰਗਰਜ਼ ਸਨ।

"ਤੂੰ ਨੀ ਪਸੰਦ ਕਰਦੀ ਸੌਸੇਜਜ਼?"

"ਕਰਦੀ ਤਾਂ ਹਾਂ ਪਰ ਇਹ ਖਾਣੇ ਖਤਰਨਾਕ ਹੁੰਦੇ ਨੇ।" ਉਹ ਬੋਲੀ।

ਮੇਰੇ ਹੱਥਾਂ ਵਿਚ ਫੜਿਆ ਛੁਰੀ-ਕਾਂਟਾ ਥਾਏਂ ਜੰਮ ਗਿਆ। ਮੈਂ ਇਕਦਮ ਬੋਲਿਆ, "ਖਤਰਨਾਕ! ਇਹ ਕਿਵੇਂ ਹੋ ਸਕਦੈ? ਸਾਰਾ ਜਹਾਨ ਖਾਂਦੈ ਸੌਸੇਜਜ਼। ਨਹੀਂ, ਨਹੀਂ...ਤੂੰ ਮਖੌਲ ਕਰਦੀ ਐਂ।"

"ਨਹੀਂ ਮਖੌਲ ਨੀਂ ਕਰਦੀ। ਸੂਰ ਦੇ ਅੰਦਰ ਇਕ ਕੀੜਾ ਹੁੰਦੈ ਜਿਸ ਨੂੰ ਪਿਗ-ਵਰਮ ਕਹਿੰਦੇ ਨੇ। ਉਹ ਛੇ ਫੁੱਟ ਤੀਕ ਲੰਮਾ ਵੀ ਹੋ ਸਕਦੈ। ਆਪਣੇ ਸਰੀਰ ਵਿਚ ਦਾਖ਼ਲ ਹੋ ਕੇ ਆਂਤੜੀਆਂ ਵਿਚ ਲੁਕ ਜਾਂਦਾ ਹੈ ਅਤੇ ਅੰਦਰ ਬੈਠਾ ਸੂਰ ਵਾਂਗ ਖਾਈ ਜਾਂਦਾ ਹੈ।"

"ਇਹ ਤਾਂ ਤੂੰ ਬਹੁਤ ਬੜੀ ਗੱਪ ਮਾਰ ਰਹੀ ਐਂ। ਚਲੋ ਮੰਨ ਲੈਂਦੇ ਆਂ ਕਿ ਸੂਰ ਦੇ ਅੰਦਰ ਹੁੰਦਾ ਹੋਵੇਗਾ ਕੋਈ ਕੀੜਾ, ਪਰ ਨਿਮ੍ਰਤਾ...ਸੂਰ ਨੂੰ ਵੱਢਿਆ ਜਾਂਦੈ, ਫ਼ਿਰ ਉਹ ਦੇ ਮਾਸ ਦੇ ਟੁਕੜੇ ਕੀਤੇ ਜਾਂਦੇ ਨੇ, ਫ਼ਿਰ ਮਸ਼ੀਨਾਂ ਨਾਲ ਪੀਹ ਕੇ ਮਲੀਦਾ ਬਣਾਇਆ ਜਾਂਦੈ, ਫਿਰ ਮਸ਼ੀਨਾਂ ਵਿਚੋਂ ਦੀ ਲੰਘਾ ਸੌਸੇਜਜ਼ ਰੋਲ ਬਣਾਏ ਜਾਂਦੇ ਨੇ...ਇਥੇ ਹੀ ਬੱਸ ਨਹੀਂ, ਫ਼ਿਰ ਉਨ੍ਹਾਂ ਨੂੰ ਉਬਲਦੇ ਤੇਲ ਵਿਚ ਤਲਿਆ ਜਾਂਦੈ। ਕੀੜਾ ਕਿਵੇਂ ਜਿਉਂਦਾ ਰਹਿ ਸਕਦੈ। ਨਹੀਂ ਨਹੀਂ, ਤੂੰ ਗੱਪ ਮਾਰਦੀ ਏਂ।"

ਨਿਮ੍ਰਤਾ ਨੇ ਬੜੀ ਗੰਭੀਰਤਾ ਨਾਲ ਆਖਿਆ, "ਨਹੀਂ ਡੈਡੀ ਜੀ, ਇਹ ਸੱਚ ਐ। ਇਹ ਬੜਾ ਚਲਾਕ ਕੀੜਾ ਹੁੰਦਾ। ਜੇ ਚੰਗੀ ਤਰ੍ਹਾਂ ਕੁੱਕ ਨਾ ਕਰੀਏ ਤਾਂ ਜੀਂਦਾ ਰਹਿ ਜਾਂਦੈ।"

"ਪਰ ਐਕਸ-ਰੇ ਵਿਚ ਤਾਂ ਆ ਜਾਂਦੈ ਕਿ ਨਹੀਂ?" ਮੈਂ ਡਰ ਗਿਆ ਸਾਂ।

"ਮੁਸ਼ਕਿਲ ਹੀ ਐ। ਆਂਤੜੀਆਂ ਫੁਟਬਾਲ ਦੀ ਗਰਾਊਂਡ ਜਿੰਨੀਆਂ ਲੰਮੀਆਂ ਹੁੰਦੀਆਂ ਨੇ। ਉਨ੍ਹਾਂ ਵਿਚ ਕਿਤੇ ਵੀ ਲੁਕ ਕੇ ਬਹਿ ਸਕਦੈ। ਐਕਸ-ਰੇ ਦਾ ਕੋਈ ਫਾਇਦਾ ਵੀ ਨਹੀਂ।"

ਮੈਂ ਬਹੁਤ ਫ਼ਿਕਰਮੰਦ ਹੋ ਗਿਆ। ਮੇਰੀ ਚਿੰਤਾ ਮੇਰੀ ਪਿਆਰੀ ਧੀ ਨੇ ਸਮਝਦਿਆਂ ਆਖਿਆ, "ਪਰ ਤੁਸੀਂ ਕੋਈ ਫਿਕਰ ਨਾ ਕਰੋ। ਇਸ ਨੂੰ ਦਵਾਈਆਂ ਨਾਲ ਮਾਰ ਦਈਦਾ ਹੈ। ਅਜੇ ਤੀਕ ਤੁਹਾਡੇ ਅੰਦਰ ਨਹੀਂ ਐ। ਅਗਾਂਹ ਨੂੰ ਧਿਆਨ ਰੱਖਣਾ।"

ਮੈਂ ਸੁੱਖ ਦਾ ਸਾਹ ਲਿਆ। ਸੌਸੇਜਜ਼ ਦੀ ਪਲੇਟ ਬਿਨਾਂ ਖਾਧਿਆਂ ਪਰ੍ਹਾਂ ਕਰਦਿਆਂ ਪੁੱਛਿਆ, "ਇਹਦੀਆਂ ਕੀ ਨਿਸ਼ਾਨੀਆਂ ਹੁੰਦੀਆਂ ਨੇ?"

"ਇਹਦੀਆਂ ਨਿਸ਼ਾਨੀਆਂ ਹੁੰਦੀਆਂ...ਮਰੋੜ, ਸੁਸਤੀ ਵਗੈਰਾ।"

ਫਿਰ ਮੇਰੀ ਧੀ ਮੈਨੂੰ ਰੰਗ ਵਿਚ ਲਿਆਉਣ ਲਈ ਮੈਨੂੰ ਗਲਵਕੜੀ ਪਾ ਆਖਣ ਲੱਗੀ, "ਤੁਸੀਂ ਨਾ ਐਵੇਂ ਫਿਕਰ ਕਰਨ ਲੱਗ ਜਾਣਾ। ਤੁਹਾਨੂੰ ਤਾਂ ਕਦੀ ਮਰੋੜ ਇੰਡੀਆ ਜਾ ਕੇ ਵੀ ਨਹੀਂ ਲੱਗੇ। ਚੁਸਤ ਤਾਂ ਸੁੱਖ ਨਾਲ ਤੁਸੀਂ ਇੰਨੇ ਹੋ ਕਿ ਮਸਾਂ ਪੱਚੀ ਸਾਲ ਦੇ ਮੁੰਡੇ ਲਗਦੇ ਹੋ। ਜਦੋਂ ਤੁਸੀਂ ਮੈਨੂੰ ਹੋਸਟਲ ਵਿਚ ਮਿਲਣ ਆਏ ਸੀ, ਤਾਂ ਕੁੜੀਆਂ ਕਹਿੰਦੀਆਂ ਸਨ ਕਿ ਤੇਰਾ ਭਰਾ ਬੜਾ ਸਮਾਰਟ ਐ...।"

ਬਾਹਰਲੇ ਬੂਹੇ 'ਤੇ ਵੱਜੀ ਘੰਟੀ ਨੇ ਕੀੜੇ ਤੇ ਮੇਰੀ ਚਿੰਤਾ ਦਾ ਭੋਗ ਪਾ ਦਿੱਤਾ।

ਨਿਮ੍ਰਤਾ ਬੂਹਾ ਖੋਲ੍ਹਣ ਗਈ ਤੇ ਆਪਣੀਆਂ ਸਹੇਲੀਆਂ ਸਲਮਾ ਤੇ ਫਰਹਤ ਨੂੰ ਨਾਲ ਲੈ ਕੇ ਆ ਗਈ। ਜਦੋਂ ਉਹ ਸਿਟਿੰਗ ਰੂਮ ਵਿਚ ਦਾਖਲ ਹੋਈਆਂ ਤਾਂ ਜਾਪਿਆ ਜਿਵੇਂ ਕੋਹ-ਕਾਫ ਦੀਆਂ ਪਰੀਆਂ ਧਰਤੀ ਉਤੇ ਉਤਰ ਆਈਆਂ। ਸਾਰਾ ਕਮਰਾ ਚਾਨਣ-ਚਾਨਣ ਹੋ ਗਿਆ। ਲੰਮੀਆਂ, ਪਤਲੀਆਂ, ਚਿਣ-ਚਿਣ ਰੱਖੇ ਨੈਣ-ਨਕਸ਼, ਸੁਨੱਖੇ ਮੁਹਾਂਦਰੇ, ਲੰਮੇ ਕਾਲੇ ਵਾਲਾਂ 'ਤੇ ਦੁੱਧ ਚਿੱਟੀਆਂ ਚੁੰਨੀਆਂ, ਚਿੱਟੇ ਕਮੀਜ਼ ਪਜਾਮੇ- ਸਾਰੇ ਰੰਗਾਂ ਦਾ ਕੁਝ ਅਜਿਹਾ ਸੁਮੇਲ ਕਿ ਨੁੱਕਰਾਂ ਵਿਚ ਪਏ ਪਲਾਂਟਾਂ 'ਤੇ ਲਹਿਰਾਂ ਲਹਿਰਾਉਣ ਲੱਗੀਆਂ।

ਪਹਿਲਾਂ ਉਨ੍ਹਾਂ ਨੇ ਹੱਥ ਜੋੜ ਮੇਰੀ ਪਤਨੀ ਨੂੰ 'ਆਂਟੀ ਜੀ' ਨਮਸਤੇ ਬੁਲਾਈ, ਫ਼ਿਰ ਗਲਵਕੜੀਆਂ ਪਾਈਆਂ। ਮੈਨੂੰ ਨਮਸਤੇ ਬੁਲਾਈ। ਫਿਰ ਸ਼ਾਨਦਾਰ ਲਾਹੌਰੀ ਪੰਜਾਬੀ ਵਿਚ ਗੱਲਾਂ ਕਰਨ ਲੱਗੀਆਂ। ਤੇ ਉਨ੍ਹਾਂ ਦੇ ਦੰਦ...! ਰੱਖੇ ਮੋਤੀ ਪਾਲ ਵਿਚ ਕਰ ਕੇ ਕਿਸੇ ਪਸੰਦ! ਉਨ੍ਹਾਂ ਦੰਦਾਂ ਵਿਚ ਮਾਂ-ਬੋਲੀ ਦਾ ਅੰਮ੍ਰਿਤ ਇੰਜ ਝਰ ਰਿਹਾ ਸੀ ਜਿਵੇਂ ਨਿੱਤਰਿਆ ਪਾਣੀ ਤ੍ਰਿਹਾਈਆਂ ਫਸਲਾਂ ਨੂੰ ਸਿੰਜ ਰਿਹਾ ਹੋਵੇ।

"ਆਂਟੀ ਜੀ, ਨਿਮ੍ਰਤਾ ਆਖਦੀ ਪਈ ਸੀ ਕਿ ਤੁਹਾਡੇ ਪੇਕੇ ਅੰਮ੍ਰਿਤਸਰ ਨੇ।" ਸਲਮਾ ਨੇ ਮੇਰੀ ਪਤਨੀ ਨੂੰ ਆਖਿਆ।

"ਹਾਂ ਬੇਟਾ, ਮੇਰੇ ਪੇਕੇ ਅਟਾਰੀ ਨੇ, ਵਾਘੇ ਦੇ ਇਸ ਪਾਰ।"

"ਆਂਟੀ ਜੀ, ਮੇਰੀ ਅੰਮੀ ਦੇ ਪੇਕੇ ਵੀ ਤੁਹਾਡੇ ਲਾਗੇ ਹੀ ਨੇ, ਵਾਘੇ ਦੇ ਉਸ ਪਾਰ। ਸਾਡੇ ਮਾਮਿਆਂ ਦੀਆਂ ਜ਼ਮੀਨਾਂ ਬਾਰਡਰ ਦੇ ਨਾਲ ਹੀ ਲਗਦੀਆਂ ਨੇ।" ਫਰਹਤ ਨੇ ਆਖਿਆ।

"ਫਿਰ ਤਾਂ ਤੁਸੀਂ ਸਾਡੀ ਅੰਮੀ ਦੀ ਭੈਣ ਹੋਈ ਕਿ। ਸਾਡੀ ਖਾਲਾ, ਸਾਡੀ ਮਾਸੀ।" ਸਲਮਾ ਨੇ ਇਹ ਰਿਸ਼ਤਾ ਇੰਨੀ ਮੁਹੱਬਤ ਨਾਲ ਜੋੜਿਆ ਕਿ ਉਹਦੀਆਂ ਅੱਖਾਂ ਦੀ ਰੌਸ਼ਨੀ ਵਧ ਗਈ।

"ਫਿਰ ਤਾਂ ਆਪਾਂ ਸਹੇਲੀਆਂ ਦੇ ਨਾਲ-ਨਾਲ ਭੈਣਾਂ ਵੀ ਹੋਈਆਂ ਕਿ।" ਸਾਡੀ ਧੀ ਨਿਮ੍ਰਤਾ ਨੇ ਆਖਿਆ।

"ਹਾਂ, ਇਹ ਤਾਂ ਬਹੁਤ ਹੀ ਚੰਗੀ ਗੱਲ ਹੋਈ। ਮਾਸੀ ਜੀ, ਤੁਸੀਂ ਫਰਹਤ ਨੂੰ ਰੱਖ ਲਵੋ। ਇਹ ਮੈਥੋਂ ਸੱਤ ਮਿੰਟ ਪਹਿਲਾਂ ਜੰਮ ਕੇ ਮੇਰੇ 'ਤੇ ਜਨਰਲ ਜ਼ਿਆ ਵਾਂਗ ਹੁਕਮ ਚਲਾਉਂਦੀ ਐ। ਨਿਮ੍ਰਤਾ ਮੈਥੋਂ ਸੱਤ ਮਹੀਨੇ ਛੋਟੀ ਏ, ਜ਼ਰਾ ਮੈਨੂੰ ਵੀ ਹੁਕਮ ਚਲਾਉਣ ਦਾ ਮਜ਼ਾ ਚੱਖ ਲੈਣ ਦੇਵੋ।" ਸਲਮਾ ਬੋਲੀ।

ਕੁਝ ਠੰਢਾ ਪੀ ਕੇ ਕੁੜੀਆਂ ਦੂਜੇ ਕਮਰੇ ਵਿਚ ਆਪਣੇ ਹਾਣ ਦੀਆਂ ਗੱਲਾਂ ਕਰਨ ਚਲੀਆਂ ਗਈਆਂ। ਮੇਰੀ ਪਤਨੀ ਨੇ ਤਬਸਰਾ ਕੀਤਾ, "ਕਿੰਨੀਆਂ ਚੰਗੀਆਂ ਕੁੜੀਆਂ ਨੇ। ਰੱਜ ਕੇ ਸੋਹਣੀਆਂ ਤੇ ਲਾਇਕ ਹੋਣ ਦੇ ਨਾਲ-ਨਾਲ ਸਾਦੀਆਂ ਤੇ ਮਿਲਣਸਾਰ ਕਿੰਨੀਆਂ ਨੇ! ਵੇਖ ਲਵੋ, ਇਨ੍ਹਾਂ ਲੋਕਾਂ ਨੇ ਆਪਣੀ ਕਲਚਰ ਤੇ ਜ਼ਬਾਨ ਕਿਵੇਂ ਕਾਇਮ ਰੱਖੀ ਐ। ਸਾਡੇ ਲੋਕਾਂ ਨੂੰ ਤਾਂ ਹਨ੍ਹੇਰੀ ਆਈ ਹੋਈ ਐ। ਦਿਨੋ-ਦਿਨ ਕਾਲੇ ਅੰਗਰੇਜ਼ ਬਣਦੇ ਜਾ ਰਹੇ ਨੇ ਤੇ ਸਾਡੀਆਂ ਸੋ-ਕਾਲਡ ਹਿੰਦੂ ਫੈਮਿਲੀਆਂ! ਲੋਹੜਾ ਹੀ ਆਇਆ ਹੋਇਐ ਇਨ੍ਹਾਂ ਨੂੰ ਤਾਂ। ਆਪਣੀ ਬੋਲੀ ਨੂੰ ਇੰਨੀ ਨਫਰਤ ਕਰਦੇ ਨੇ ਜਿੰਨੀ ਸਾਊਥ ਇੰਡੀਆ ਵਾਲੇ ਹਿੰਦੀ ਨੂੰ ਨਹੀਂ ਕਰਦੇ ਹੋਣੇ।"

ਬਾਹਰ ਫਿਰ ਘੰਟੀ ਹੋਈ। ਮੇਰੀ ਪਤਨੀ ਬੂਹਾ ਖੋਲ੍ਹਣ ਗਈ ਤਾਂ ਬਾਹਰਲੇ ਬੂਹੇ ਕੋਲ ਹੀ ਸ਼ੋਰ ਮੱਚਿਆ, "ਵਾਹ ਧੰਨਭਾਗ। ਤੇਲ ਚੋਈਏ? ਜੀਅ ਆਇਆਂ ਨੂੰ!"



ਭਰਾਤਾ ਜੀ ਤੇ ਭੈਣ ਜੀ ਅੰਦਰ ਆ ਗਏ। ਮੈਂ ਉਠ ਕੇ ਬੜੀ ਸ਼ਰਧਾ ਨਾਲ ਗੋਡੀਂ ਹੱਥ ਲਾਏ।

"ਨਹੀਂ ਨਹੀਂ, ਕੇਵਲ ਨਮਸਤੇ ਹੀ।" ਭਰਾਤਾ ਜੀ ਮੈਨੂੰ ਉਠਾਉਂਦਿਆਂ ਬੋਲੇ।

ਭੈਣ ਜੀ ਮੇਰੀ ਸਕੀ ਭੈਣ ਨਹੀਂ ਸੀ, ਸਾਡੇ ਪਿੰਡ ਦੀ ਧੀ ਸੀ। ਵਰਤਦੀ ਸਕਿਆ ਵਾਂਗ ਸੀ। ਇਕਹਿਰੇ ਜਿਹੇ ਬਦਨ ਦੀ ਧੀਮੀ ਔਰਤ ਸੀ ਭੈਣ। ਉਂਜ ਤਾਂ ਮੈਥੋਂ ਦਸ ਸਾਲ ਤੇ ਮੇਰੀ ਪਤਨੀ ਨਾਲੋਂ ਸੋਲ੍ਹਾਂ ਸਾਲ ਵੱਡੀ ਸੀ, ਪਰ ਮੈਨੂੰ ਵੀਰ ਤੇ ਮੇਰੀ ਪਤਨੀ ਨੂੰ ਭਰਜਾਈ ਸੱਦਦੀ ਸੀ। ਕਿਸੇ ਦੀ ਨਿੰਦਿਆ ਚੁਗਲੀ ਨਹੀਂ ਕਰਦੀ ਸੀ, ਪਰ ਜੇ ਮਨ ਦਾ ਸਿੱਕਾ ਢਾਲਣਾ ਹੀ ਹੋਵੇ, ਤਾਂ ਮੇਰੀ ਪਤਨੀ ਕੋਲ ਹੀ ਢਾਲਦੀ ਸੀ। ਸਪਸ਼ਟ ਤੇ ਨਿਰਸੰਕੋਚ! ਰੱਖੜੀ ਵਾਲੇ ਦਿਨ ਪੂਰੇ ਸ਼ਗਨਾਂ ਨਾਲ ਮੇਰੇ ਰੱਖੜੀ ਬੰਨ੍ਹਣ ਆਉਂਦੀ। ਪਹਿਰਾਵੇ ਤੇ ਵਿਹਾਰ ਤੋਂ ਪੁਰਾਤਨ ਹਿੰਦੂ ਔਰਤ ਦੀ ਜੀਂਦੀ-ਜਾਗਦੀ ਤਸਵੀਰ ਸੀ। ਜਦੋਂ ਭਰਾਤਾ ਜੀ ਯਾਨਿ ਭੈਣ ਦੇ ਪਤੀਦੇਵ ਤੇ ਮੈਂ ਗਰਮਾ-ਗਰਮ ਬਹਿਸ ਕਰਦੇ ਸਾਂ, ਤਾਂ ਭੈਣ ਵਿਚਾਰੀ ਫਸ ਜਾਂਦੀ ਸੀ, ਤੇ ਇਹ ਆਖ ਚੁੱਪ ਸਾਧ ਲੈਂਦੀ ਸੀ, "ਭਰਾ ਕੌਮਨਿਸਟ ਏ, ਤੇ ਪਤੀ ਜਨ ਸੰਘੀ, ਮੈਂ ਹੁਣ ਕੀ ਬੋਲਾਂ?... ਪਰ ਮੇਰੀ ਪਤਨੀ ਜਿਹੜੀ ਮੇਰੇ ਲੈਕਚਰ ਸੁਣ-ਸੁਣ ਪਹਿਲਾਂ ਅੱਕੀ ਸੀ, ਫਿਰ ਥੱਕੀ ਸੀ ਤੇ ਹੁਣ ਮੈਨੂੰ ਅਣਡਿੱਠ ਕਰਨ ਵਿਚ ਹੀ ਮੁਕਤੀ ਸਮਝਦੀ ਸੀ, ਭੈਣ ਨੂੰ ਇਸ ਸੰਕਟ ਵਿਚੋਂ ਕੱਢਣ ਲਈ ਮੈਦਾਨ ਵਿਚ ਨਿੱਤਰਦੀ ਸੀ। ਅੱਜ ਵੀ ਨਿੱਤਰੀ, "ਆਓ ਭੈਣ ਜੀ, ਆਪਾਂ ਦੂਜੇ ਕਮਰੇ ਵਿਚ ਕਬੀਲਦਾਰੀ ਦੀਆਂ ਗੱਲਾਂ ਕਰਦੇ ਆਂ। ਡਰਾਇੰਗ ਰੂਮ 'ਚ ਤਾਂ ਸਿਆਸਤਦਾਨ ਨੇ; ਪਤਾ ਨੀ ਕਦੋਂ ਹਟਣਗੇ।"

ਅਸੀਂ ਦੋਵੇਂ ਰਹਿ ਗਏ ਭਾਰਤੀ ਸਿਆਸਤ ਦੀ ਫੂਕ ਨਿਕਲੀ ਫੁੱਟਬਾਲ ਨੂੰ ਕਿੱਕਾਂ ਮਾਰਨ ਲਈ।

"ਕੇਰਲਾ ਵਿਚ ਤੁਸੀਂ ਸਾਡੇ ਵਰਕਰਾਂ ਨੂੰ ਮਾਰ ਰਹੇ ਹੋ।" ਭਰਾਤਾ ਜੀ ਬੈਠਦਿਆਂ ਹੀ ਸ਼ੁਰੂ ਹੋ ਗਏ।

"ਅਸੀਂ ਕਿਉਂ ਮਾਰਾਂਗੇ? ਲੋਕਾਂ ਦਾ ਅਸਲੀ ਰਾਜ ਲਿਆਉਣ ਵਾਲੇ ਕਦੀ ਵੀ ਆਮ ਲੋਕਾਂ ਨੂੰ ਨਹੀਂ ਮਾਰਦੇ ਹੁੰਦੇ। ਇਹਿਤਾਸ ਗਵਾਹ ਹੈ। ਇਹ ਕੰਮ ਤਾਂ ਅਤਿਵਾਦੀ ਤੇ ਸ਼ਾਵਨਵਾਦੀ ਕਰਦੇ ਹੁੰਦੇ ਨੇ, ਸਗੋਂ ਤੁਸੀਂ ਹੋ ਜਿਹੜੇ ਸਾਡੇ ਵਰਕਰਾਂ ਨੂੰ ਮਾਰ ਰਹੇ ਹੋ। ਮੁਸਲਮਾਨ ਭਰਾਵਾਂ ਨੂੰ ਮਾਰ ਰਹੇ ਹੋ। ਈਸਾਈਆਂ ਦਾ ਜੀਣਾ ਹਰਾਮ ਕੀਤਾ ਹੋਇਆ ਤੁਸੀਂ। ਇਹੀ ਹੈ ਤੁਹਾਡਾ ਅਦਰਸ਼ਕ ਹਿੰਦੂ ਰਾਜ, ਇਹ ਤਾਂ ਸਾਮਰਾਜ ਐ!" ਮੈਂ ਗਰਮੀ ਖਾ ਆਖਿਆ।

ਪਰ ਭਰਾਤਾ ਜੀ ਸਨ ਕਿ ਕਦੀ ਗਰਮੀ ਖਾਂਦੇ ਹੀ ਨਹੀਂ ਸਨ। ਬੜੀ ਸ਼ਾਂਤੀ ਨਾਲ ਬੋਲੇ, "ਅਸੀਂ ਨਾ ਮਾਰ ਰਹੇ ਹਾਂ, ਨਾ ਡਰਾ ਰਹੇ ਹਾਂ। ਸਾਡਾ ਉਦੇਸ਼ ਤਾਂ ਪ੍ਰੇਮ ਦੀ ਵਰਸ਼ਾ ਕਰਨਾ ਹੈ। ਮੁਸਲਮਾਨਾਂ ਨੂੰ ਭਾਰਤ ਦਾ ਏਡਾ ਵੱਡਾ ਟੁਕੜਾ ਕੱਟ ਕੇ ਦੇ ਦਿੱਤਾ, ਹੁਣ ਉਹ ਇਸ ਦੇਸ਼ ਵਿਚ ਰਹਿਣ ਦਾ ਕੀ ਹੱਕ ਰੱਖਦੇ ਹਨ। ਪਾਕਿਸਤਾਨ ਜਾਣ। ਜਿਥੋਂ ਤੀਕ ਈਸਾਈਆਂ ਦਾ ਸਬੰਧ ਹੈ, ਉਹ ਗਰੀਬ ਹਿੰਦੂਆਂ ਨੂੰ ਭਰਮਾ ਕੇ ਈਸਾਈ ਬਣਾ ਰਹੇ ਹਨ।...ਯਿਹ ਤੋਂ ਹਮ ਨਹੀਂ ਹੋਨੇ ਦੇਂਗੇ।"

"ਭਾਰਤ ਸੈਕੂਲਰ ਦੇਸ਼ ਐ। ਇਸ ਵਿਚ ਹਰ ਮਜ਼ਹਬ ਦੇ ਲੋਕ ਬਰਾਬਰੀ ਨਾਲ ਰਹਿਣ ਦਾ ਹੱਕ ਰੱਖਦੇ ਨੇ।" ਮੈਂ ਖਿਝ ਕੇ ਆਖਿਆ।

"ਭਾਰਤ ਹਿੰਦੂਆਂ ਦਾ ਦੇਸ਼ ਹੈ। ਉਹੀ ਇਥੋਂ ਦੇ ਆਦੀ ਵਸਨੀਕ ਨੇ। ਮੁਸਲਮਾਨ ਤੇ ਈਸਾਈ ਸ਼ੁਧੀ ਕਰਵਾ ਮੁੜ ਆਪਣੀ ਜੜ੍ਹ ਨਾਲ ਜੁੜ ਜਾਣ, ਤੇ ਪਵਿੱਤਰ ਹੋ ਜਾਣ।...ਹਾਂ ਕੌਮਨਿਸਟ ਵਿਦੇਸ਼ੀ ਮਾਦਾ ਹੈ। ਦੇਸ਼ ਦੇ ਗੱਦਾਰ ਨੇ। ਰੂਸ ਚੀਨ ਦੇ ਏਜੰਟ ਨੇ। ਉਥੇ ਚਲੇ ਜਾਣ।" ਇੰਜ ਆਖ ਭਰਾਤਾ ਜੀ ਜ਼ਰਾ ਮੁਸਕਾਏ ਤਾਂ ਕਿ ਮੈਨੂੰ ਮੇਰੀ ਜ਼ਾਤ ਦਾ ਅਹਿਸਾਸ ਹੋ ਜਾਵੇ।

ਮੈਨੂੰ ਉਨ੍ਹਾਂ ਦੀਆਂ ਗੱਲਾਂ ਨਾਲੋਂ ਉਨ੍ਹਾਂ ਦੇ ਅੰਦਾਜ਼ੇ-ਬਿਆਨ 'ਤੇ ਜ਼ਿਆਦਾ ਗੁੱਸਾ ਆ ਰਿਹਾ ਸੀ। ਮੈਂ ਤੈਸ਼ ਵਿਚ ਬੋਲਿਆ, "ਪਰ ਤੁਸੀਂ ਕੀ ਹੋ? ਜੇ ਤੁਹਾਡਾ ਰਾਜ ਆ ਗਿਆ ਤਾਂ ਆਇਤਉਲਾ ਖੁਮੈਨੀ ਟੰਗਵੀਂ ਧੋਤੀ ਪਾ ਤੇ ਤਿਲਕ ਲਾ, ਦਿੱਲੀ ਦੀ ਗੱਦੀ 'ਤੇ ਬਿਰਾਜਮਾਨ ਹੋ ਜਾਵੇਗਾ। ਉਸੇ ਦਿਨ ਤੁਸੀਂ ਫੌਜੀ ਅੱਡੇ ਬਣਾਉਣ ਲਈ ਭਾਰਤ ਨੂੰ ਅਮਰੀਕਨ ਸਾਮਰਾਜ ਕੋਲ ਗਹਿਣੇ ਧਰ ਦੇਵੋਗੇ।"

ਪਰ ਇਹ ਕੇਹੀ ਅਜੀਬ ਗੱਲ ਸੀ ਕਿ ਸਾਰੀ ਨੋਕ-ਝੋਕ ਦੇ ਬਾਵਜੂਦ ਮੈਂ ਭਰਾਤਾ ਜੀ ਨੂੰ ਬਹੁਤ ਪਸੰਦ ਕਰਦਾ ਸਾਂ। ਉਹ ਕਿੰਨੇ ਨਿਮਰ ਸਨ ਕਿ ਮੇਰੀ ਧੀ ਨਿਮ੍ਰਤਾ ਨੂੰ ਵੀ 'ਨਿਮ੍ਰਤਾ ਜੀ' ਕਹਿ ਕੇ ਬੁਲਾਉਂਦੇ ਸਨ। ਉਹ ਕਿੰਨੇ ਬੇਗਰਜ਼ ਇਨਸਾਨ ਸਨ ਕਿ ਸਾਰੀ ਜ਼ਿੰਦਗੀ ਇੰਗਲੈਂਡ ਵਿਚ ਰਹਿ ਕੇ ਵੀ ਉਨ੍ਹਾਂ ਕੋਲ ਆਪਣਾ ਘਰ ਨਹੀਂ ਸੀ। ਉਨ੍ਹਾਂ ਨੇ ਆਪਣੀ ਉਮਰ ਭਰ ਦੀ ਕਮਾਈ ਸੰਘ ਦੀਆਂ ਸਰਗਰਮੀਆਂ ਵਿਚ ਰੋੜ੍ਹ ਦਿੱਤੀ ਸੀ। ਉਨ੍ਹਾਂ ਦੀ ਸਾਦਗੀ ਤੇ ਭੋਲੇਪਣ ਬਾਰੇ ਭੈਣ ਅਕਸਰ ਆਖਿਆ ਕਰਦੀ ਸੀ, "ਵੀਰ, ਇਨ੍ਹਾਂ ਨੂੰ ਦੋਸਤ-ਦੁਸ਼ਮਣ ਦੀ ਕੋਈ ਪਛਾਣ ਨਹੀਂ ਹੈ। ਨਾ ਇਨ੍ਹਾਂ ਨੂੰ ਪਤਾ ਲਗਦੈ ਕਿ ਕਿਸੇ ਨੇ ਗੱਲ ਲਾ ਕੇ ਕੀਤੀ ਹੈ, ਜਾਂ ਸੁਭਾਵਕ। ਸੜਕ 'ਤੇ ਤੁਰੇ ਜਾਂਦੇ ਦਸ ਬੰਦਿਆਂ ਨੂੰ ਰੋਟੀ ਦਾ ਨਿਮੰਤਰਣ (ਸੱਦਾ) ਦੇ ਆਉਣਗੇ। ਆਪ

(ਬਾਕੀ ਅਗਲੇ ਸਫੇ 'ਤੇ)

# ਵੱਡਾ ਗੁਰਦੂਆਰਾ

***ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਨੇ ਆਪਣੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਵਿਚ ਭਾਵੇਂ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਯਾਦਾਂ ਪਰੋਈਆਂ ਹਨ; ਪਰ ਯਾਦਾਂ ਦੀਆਂ ਇਹ ਲੜੀਆਂ ਫੈਲ ਕੇ ਪੰਜਾਬ ਦੇ ਪਿੰਡਾਂ ਨਾਲ ਜੁੜ ਗਈਆਂ ਜਾਪਦੀਆਂ ਹਨ। ਉਹ ਪਿੰਡ ਦੀ ਨਬਜ਼ ਉਤੇ ਆਪਣੀਆਂ ਉਂਗਲਾਂ ਦੇ ਪੋਟੇ ਰੱਖ ਕੇ ਇਹਦਾ ਹਾਲ-ਚਾਲ ਪੁੱਛਦਾ ਪ੍ਰਤੀਤ ਹੁੰਦਾ ਹੈ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਕਈ ਦਹਾਕਿਆਂ ਤੋਂ ਤੇਜ਼ੀ ਨਾਲ ਬਦਲੇ ਹਨ। 'ਵੱਡਾ ਗੁਰਦੁਆਰਾ' ਵਿਚ ਦਲਬੀਰ ਸਿੰਘ ਨੇ ਆਪਣੇ ਤਜਰਬੇ ਵਿਚੋਂ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਵੇਰਵਿਆਂ ਵਿਚ ਪਿੰਡਾਂ ਬਾਰੇ ਉਹ ਗੱਲਾਂ ਵੀ ਸ਼ਾਮਲ ਹਨ ਜੋ ਹੁਣ ਬੀਤੇ ਦੀਆਂ ਬਾਤਾਂ ਹੋ ਗਈਆਂ ਹਨ। -ਸੰਪਾਦਕ***

## ਤੇਰੀਆਂ ਗਲੀਆਂ

### 21

ਡਿਓੜੀ ਵਿਚੋਂ ਨਿਕਲ ਕੇ ਸਿੱਖਾਂ ਦੇ ਘਰਾਂ ਤੋਂ ਅਗਾਂਹ ਪੰਜਾਹ ਗਜ਼ਾਂ ਦੀ ਵਿੱਥ ਉਤੇ ਪਿੰਡ ਦਾ ਗੁਰਦੁਆਰਾ ਹੈ। ਪਹਿਲਾਂ ਪਹਿਲ ਇਹੀ ਇੱਕ ਗੁਰਦੁਆਰਾ ਹੁੰਦਾ ਸੀ। ਛੋਟੇ ਜਿਹੇ ਕਮਰੇ ਵਾਲਾ ਹਾਲ ਸੀ। ਬਾਹਰਲੀ ਕੰਧ ਨਾਲ ਵੱਡਾ ਕਮਰਾ ਸੀ ਜਿਸ ਨੂੰ ਜੰਞ ਘਰ ਕਿਹਾ ਜਾਂਦਾ ਸੀ। ਇਸ ਦੇ ਨਾਲ ਇਕ ਕੋਠੜੀ ਗੁਰਦੁਆਰੇ ਦੇ ਭਾਈ ਦੀ ਰਿਹਾਇਸ਼ ਲਈ ਸੀ। ਵੱਡਾ ਗੇਟ ਵੜਦੇ ਸਾਰ ਖੱਬੇ ਪਾਸੇ ਖੂਹੀ ਹੁੰਦੀ ਸੀ। ਉਸ ਦੇ ਪਿਛਲੇ ਪਾਸੇ ਦੋ ਕਮਰੇ ਸਾਜ਼-ਸਮਾਨ, ਭਾਂਡਿਆਂ ਆਦਿ ਲਈ ਸਨ।

ਮੇਰੀ ਬੇਟੀ ਦੇ ਮਨ ਵਿਚ ਇਸ ਗੁਰਦੁਆਰੇ ਲਈ ਬਹੁਤ ਉਤਸ਼ਾਹ ਸੀ, ਕਿਉਂਕਿ ਮੈਂ ਅਕਸਰ ਇਸ ਦਾ ਜ਼ਿਕਰ ਕਰਦਾ ਸਾਂ। ਇਸੇ ਗੁਰਦੁਆਰੇ ਵਿਚ ਸਭ ਤੋਂ ਪਹਿਲਾਂ ਪਿੰਡ ਦਾ ਮੁੰਡਿਆਂ ਦਾ ਸਕੂਲ ਖੁੱਲ੍ਹਿਆ ਸੀ। ਫਿਰ ਸਕੂਲ ਦੀ ਇਮਾਰਤ ਪਿੰਡ ਦੇ ਅੰਦਰ ਬਣ ਗਈ ਸੀ।



ਦਲਬੀਰ ਸਿੰਘ

ਗੁਰਦੁਆਰੇ ਦੀ ਨਵੀਂ ਇਮਾਰਤ ਮੇਰੀ ਸੋਝੀ ਵਿਚ ਹੀ ਬਣੀ ਸੀ। ਹੁਣ ਦੇਖਿਆਂ ਇਸ ਦਾ ਹਾਲ ਕਾਫੀ ਛੋਟਾ ਲਗਦਾ ਹੈ, ਪਰ ਜਦੋਂ ਇਹ ਇਮਾਰਤ ਉਸਾਰੀ ਗਈ ਸੀ, ਉਦੋਂ ਇਹ ਬਹੁਤ ਵੱਡੀ ਪ੍ਰਤੀਤ ਹੁੰਦੀ ਸੀ। ਉਦੋਂ ਮੇਰੀ ਉਮਰ ਦਸ ਕੁ ਸਾਲ ਹੋਵੇਗੀ, ਜਦੋਂ ਕਾਰ ਸੇਵਾ ਰਾਹੀਂ ਇਸ ਦੀ ਛੱਤ ਪਾਈ ਗਈ ਸੀ। ਪਿੰਡ ਦੇ ਲਗਭਗ ਸਾਰੇ ਹੀ ਲੋਕਾਂ ਨੇ ਇਸ ਸੇਵਾ ਵਿਚ ਹਿੱਸਾ ਲਿਆ ਸੀ। ਸਵੇਰ ਤੋਂ ਸ਼ੁਰੂ ਕਰਕੇ ਸ਼ਾਮ ਤੱਕ ਸਾਰਾ ਲੈਂਟਰ ਪਾ ਦਿੱਤਾ ਗਿਆ ਸੀ। ਅਸੀਂ ਨਿੱਕੇ ਨਿਆਣਿਆਂ ਨੇ ਵੀ ਇਸ ਕੰਮ ਵਿਚ ਹਿੱਸਾ ਪਾਇਆ ਸੀ। ਇਮਾਰਤ ਦੇ ਦੋਹੀਂ ਪਾਸੀਂ ਛੇ-ਛੇ ਫੁੱਟ ਵਰਾਂਡਾ ਸੀ।

ਇਹ ਗੱਲ ਮੇਰੀ ਬੇਟੀ ਲਈ ਬਹੁਤ ਹੈਰਾਨੀ ਵਾਲੀ ਸੀ ਕਿ ਪਹਿਲਾਂ ਪਹਿਲ ਪਿੰਡ ਦੇ ਹਰੀਜਨਾਂ ਤੇ ਬਾਲਮੀਕੀਆਂ ਨੂੰ ਗੁਰਦੁਆਰੇ ਦੇ ਵੱਡੇ ਗੇਟ ਅੰਦਰ ਤਾਂ ਵੜਨ ਦਿੱਤਾ ਜਾਂਦਾ ਸੀ, ਪਰ ਉਹ ਹਾਲ ਕਮਰੇ ਤਾਂ ਕੀ, ਵਰਾਂਡੇ ਵਿਚ ਵੀ ਨਹੀਂ ਸਨ ਚੜ੍ਹ ਸਕਦੇ। ਉਹ ਆਮ ਕਰ ਕੇ ਵਰਾਂਡੇ ਦੇ ਬਾਹਰ ਉਸ ਥਾਂ ਬੈਠਿਆਂ ਕਰਦੇ ਸਨ, ਜਿਥੇ ਲੋਕ ਜੁੱਤੀਆਂ ਲਾਹੁੰਦੇ ਸਨ। ਉਨ੍ਹੀਂ ਦਿਨੀਂ ਮੈਂ ਸਿੱਖੀ ਬਾਰੇ ਕੁਝ-ਕੁਝ ਪੜ੍ਹ ਲਿਆ ਹੋਇਆ ਸੀ। ਵੈਸੇ ਵੀ ਸਮੇਂ-ਸਮੇਂ ਸਿਰ ਕਿਸੇ ਨਾ ਕਿਸੇ ਗੁਰਪੁਰਬ ਉਤੇ ਜਾਂ ਹੋਰ ਸਮਾਗਮ ਵਿਚ ਕਿਸੇ ਨਾ ਕਿਸੇ ਕਥਾਕਾਰ ਵਲੋਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਿੱਖਾਂ ਵਿਚੋਂ ਜਾਤ-ਪਾਤ ਖਤਮ ਕਰਨ ਬਾਰੇ ਕਥਾ ਸੁਣਾਈ ਜਾਂਦੀ ਸੀ। ਮੇਰੇ ਬਾਲਮਨ ਉਤੇ ਇਸ ਦਾ ਬਹੁਤ ਅਸਰ ਪੈਂਦਾ ਸੀ ਕਿ ਜੇ ਗੁਰੂ ਸਾਹਿਬ ਨੇ 1699 ਦੀ ਵਿਸਾਖੀ ਵਾਲੇ ਦਿਨ ਖਾਲਸਾ ਸਾਜ ਕੇ ਸਭ ਉਚ-ਨੀਚ, ਜਾਤ-ਪਾਤ ਖਤਮ ਕਰ ਦਿੱਤੀ ਸੀ, ਤਾਂ ਫਿਰ ਇਨ੍ਹਾਂ ਲੋਕਾਂ ਨੂੰ ਗੁਰਦੁਆਰੇ ਵਿਚ ਦਾਖਲ ਕਿਉਂ ਨਹੀਂ ਸੀ ਹੋਣ ਦਿੱਤਾ ਜਾਂਦਾ? ਮੈਂ ਇਸ ਗੱਲ ਤੋਂ ਕਈ ਵਾਰੀ ਸ਼ਰਮਿੰਦਾ ਹੋਇਆ ਸਾਂ, ਜਦੋਂ ਮੈਂ ਤਾਂ ਬਹੁਤ ਸ਼ਾਨ ਨਾਲ ਗੁਰੂ ਗ੍ਰੰਥ ਸਾਹਿਬ ਕੋਲ ਬੈਠ ਕੇ ਨਾ ਸਿਰਫ ਕੀਰਤਨ ਹੀ ਸੁਣਦਾ ਸਾਂ, ਸਗੋਂ ਪ੍ਰਸ਼ਾਦ ਵੀ ਲੈਂਦਾ ਸਾਂ; ਉਦੋਂ ਮੇਰਾ ਹਰੀਜਨਾਂ ਦਾ ਇਕ ਜਮਾਤੀ ਜੁੱਤੀਆਂ ਵਿਚ ਬੈਠ ਕੇ ਪ੍ਰਸ਼ਾਦ ਲੈਂਦਾ ਸੀ। ਸਿੱਖਾਂ ਦਾ ਰਤਨ ਸਿੰਘ ਉਸ ਨੂੰ ਪ੍ਰਸ਼ਾਦ ਦੇਣ ਲੱਗਿਆਂ, ਉਤੋਂ ਹੀ ਸੁੱਟ ਦਿਆ ਕਰਦਾ ਸੀ। ਇਸ ਵਖਰੇਵੇਂ ਦਾ ਮੇਰੇ ਮਨ ਉਤੇ ਬਹੁਤ ਭਾਰ ਸੀ।

ਮੈਂ ਨੌਵੀਂ ਜਾਂ ਅੱਠਵੀਂ ਵਿਚ ਸਾਂ, ਅਰਥਾਤ 1962 ਜਾਂ 1961 ਦੀ ਗੱਲ ਹੈ, ਜਦੋਂ ਹਰੀਜਨਾਂ ਨੇ ਪਿੰਡ ਨੂੰ ਮੁੱਖ ਸੜਕ ਨਾਲ ਜੋੜਦੀ ਬੀਹੀ ਉਤੇ ਨਵਾਂ ਗੁਰਦੁਆਰਾ ਉਸਾਰ ਲਿਆ। ਇਸ ਨੂੰ ਰਵੀਦਾਸ ਗੁਰਦੁਆਰਾ ਕਿਹਾ ਜਾਂਦਾ ਸੀ। ਇਸ ਗੁਰਦੁਆਰੇ ਦੀ ਸੇਵਾ ਲਈ ਜਿਹੜਾ ਗ੍ਰੰਥੀ ਨਿਯੁਕਤ ਕੀਤਾ ਗਿਆ ਸੀ, ਉਹ ਵੀ ਸਹਿਜਧਾਰੀ ਸੀ, ਅਰਥਾਤ ਦਾੜ੍ਹੀ-ਮੁੱਛਾਂ ਮੁੰਨ ਕੇ ਰੱਖਦਾ ਸੀ। ਉਂਜ, ਮੈਂ ਇਸ ਗੁਰਦੁਆਰੇ ਦੀ ਉਸਾਰੀ ਲਈ ਕੀਤੀ ਗਈ ਕਾਰ ਸੇਵਾ ਵਿਚ ਵੀ ਹਿੱਸਾ ਲਿਆ ਸੀ। ਉਦੋਂ ਗੈਰ-ਹਰੀਜਨਾਂ, ਅਰਥਾਤ ਕਥਿਤ ਉਚੀਆਂ ਜਾਤਾਂ ਦੇ ਕਈ ਹੋਰ ਨੌਜਵਾਨਾਂ ਨੇ ਵੀ ਇਸ ਕੰਮ ਵਿਚ ਸ਼ਮੂਲੀਅਤ ਕੀਤੀ ਸੀ। ਨਵੇਂ ਗੁਰਦੁਆਰੇ ਦੀ ਉਸਾਰੀ ਅਸਲ ਵਿਚ ਦਲਿਤ ਲੋਕਾਂ ਵਲੋਂ ਧਾਰਮਿਕ ਸਥਾਨ ਵਿਚ ਵੀ ਬਰਾਬਰੀ ਵਾਲਾ ਸਥਾਨ ਨਾ ਦਿੱਤੇ ਜਾਣ ਵਿਰੁਧ ਇਕ ਤਰ੍ਹਾਂ ਨਾਲ ਵਿਦਰੋਹ ਸੀ। ਕੁਝ ਸਾਲਾਂ ਮਗਰੋਂ ਪਿੰਡ ਦੇ ਵੱਡੇ ਲੋਕਾਂ ਦੇ ਵਿਰੋਧ ਦੇ ਬਾਵਜੂਦ ਮੈਂ ਹੀ ਇਕ ਹਰੀਜਨ ਮੁੰਡੇ ਨੂੰ ਵੱਡੇ ਗੁਰਦੁਆਰੇ ਲਿਜਾਣ ਵਿਚ ਪਹਿਲ ਕੀਤੀ ਸੀ। ਪਿੰਡ ਦੇ ਵਡੇਰੂਆਂ ਨੇ ਭਾਵੇਂ ਨਿਰ-ਸ਼ਬਦ ਇਤਰਾਜ਼ ਕੀਤਾ ਸੀ, ਪਰ ਖੁੱਲ੍ਹ ਕੇ ਕੋਈ ਨਹੀਂ ਸੀ ਬੋਲਿਆ। ਮਗਰੋਂ ਹਰੀਜਨ ਬਸਤੀ ਜਿਸ ਨੂੰ ਅਸੀਂ ਚਮਾਰਲੜੀ ਕਹਿੰਦੇ ਸਾਂ, ਦੇ ਲੋਕਾਂ ਦਾ ਗੁਰਦੁਆਰੇ ਵਿਚ ਦਾਖਲਾ ਖੁੱਲ੍ਹ ਗਿਆ ਸੀ।



***ਗੁਰੂ ਨਾਨਕ ਪੁਰਬ ਮੌਕੇ ਨੰਗਲ ਸ਼ਾਮਾ ਵਿਚ ਸਜਾਏ ਨਗਰ ਕੀਰਤਨ ਦੀ ਝਲਕ।***

ਮੈਂ ਆਪਣੀ ਬੇਟੀ ਨੂੰ ਦੱਸਦਾ ਹਾਂ ਕਿ ਗੁਰਦੁਆਰਾ ਅਸਲ ਵਿਚ ਪਿੰਡ ਦੇ ਲੋਕਾਂ ਦੇ ਇਕੱਤਰ ਹੋਣ ਦਾ ਸਥਾਨ ਹੈ। ਇਹ ਭਾਵੇਂ ਸਿੱਖੀ ਨਾਲ ਸਬੰਧਤ ਹੈ, ਫਿਰ ਵੀ ਇਸ ਦੀ ਸਮਾਜਕ ਮਹੱਤਤਾ ਹੈ। ਇਸ ਦੀ ਇਕੋ-ਇਕ ਉਦਾਹਰਣ ਇਹੀ ਹੈ ਕਿ ਜੰਞ ਘਰ ਇਥੇ ਹੀ ਬਣਿਆ ਹੋਇਆ ਸੀ। ਪਿੰਡ ਵਿਚ ਜਿਹੜੀ ਵੀ ਜੰਞ ਜਾਂ ਬਰਾਤ ਆਉਂਦੀ ਸੀ, ਉਸ ਦਾ ਉਤਾਰ ਪਹਿਲਾਂ ਇਥੇ ਹੀ ਕੀਤਾ ਜਾਂਦਾ ਸੀ। ਸਾਰੇ ਪਿੰਡ ਵਿਚੋਂ ਮੰਜੇ-ਬਿਸਤਰੇ ਇਕੱਠੇ ਕਰ ਕੇ ਜੰਞ ਘਰ ਦੇ ਕਮਰੇ ਜਾਂ ਬਾਹਰ ਵਿਹੜੇ ਵਿਚ ਰੱਖੇ ਜਾਂਦੇ ਸਨ। ਜਾਂਞੀਆਂ ਨੂੰ ਚਾਹ ਅਤੇ ਲੱਡੂ-ਜਲੇਬੀਆਂ ਇਥੇ ਹੀ ਵਰਤਾਈਆਂ ਜਾਂਦੀਆਂ ਸਨ। ਬਹੁਤੇ ਜਾਂਞੀ ਵਿਹੜੇ ਵਿਚ ਹੀ ਸ਼ਰਾਬ ਵਗੈਰਾ ਵੀ ਪੀ ਲੈਂਦੇ, ਬੱਸ ਉਨ੍ਹਾਂ ਨੂੰ ਗੁਰਦੁਆਰੇ ਵਾਲੇ ਹਾਲ ਤੋਂ ਬਾਹਰ ਰਹਿਣ ਦੀ ਬੇਨਤੀ ਕਰ ਦਿੱਤੀ ਜਾਂਦੀ ਸੀ।

ਗੁਰਦੁਆਰੇ ਦਾ ਨਿਸ਼ਾਨ ਸਾਹਿਬ ਕਰੀਬ ਨੱਬੇ ਫੁੱਟ ਉਚਾ ਹੈ। ਹਰ ਸਾਲ ਹੋਲੇ-ਮੁਹੱਲੇ ਵਾਲੇ ਦਿਨ ਪਾਠ ਦਾ ਭੋਗ ਪਾਉਣ ਮਗਰੋਂ ਪਿੰਡ ਦੇ ਲੋਕ ਰੱਸਿਆਂ ਦੀ ਮਦਦ ਨਾਲ ਨਿਸ਼ਾਨ ਸਾਹਿਬ ਨੂੰ ਹੇਠਾਂ ਲਾਹੁੰਦੇ, ਨਵਾਂ ਪੀਲੇ ਰੰਗ ਦਾ ਚੋਲਾ ਚੜ੍ਹਾਇਆ ਜਾਂਦਾ ਅਤੇ ਫਿਰ ਜੈਕਾਰਿਆਂ ਦੀ ਗੂੰਜ ਵਿਚ ਨਿਸ਼ਾਨ ਸਾਹਿਬ ਪਹਿਲਾਂ ਵਾਲੀ ਸਥਿਤੀ ਵਿਚ ਪਹੁੰਚਾ ਦਿੱਤਾ ਜਾਂਦਾ। ਇਹ ਕੰਮ ਗੁਰਦੁਆਰੇ ਨਾਲ ਸਬੰਧਤ ਸਾਰੇ ਕੰਮਾਂ ਨਾਲੋਂ ਸੁਆਦਲਾ ਹੁੰਦਾ ਸੀ, ਕਿਉਂਕਿ ਇਸ ਵਿਚ ਨਿਸ਼ਾਨ ਸਾਹਿਬ ਦੇ ਟੇਡਾ ਹੋਣ, ਰੱਸਾ ਟੁੱਟਣ ਕਾਰਨ ਹਾਦਸਾ ਹੋਣ ਜਾਂ ਵੱਧ ਭਾਰਾ ਹੋਣ ਕਾਰਨ ਲਾਹੁਣ ਅਤੇ ਚੜ੍ਹਾਉਣ ਵੇਲੇ ਕਿਸੇ ਪਾਸੇ ਨੂੰ ਖਿਸਕ ਜਾਣ ਦਾ ਡਰ ਰਹਿੰਦਾ ਸੀ।

ਦੂਜਾ ਉਤਸੁਕਤਾ ਪੂਰਨ ਕੰਮ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਉਤਸਵਾਂ ਸਮੇਂ ਪਿੰਡ ਵਿਚ ਨਗਰ ਕੀਰਤਨ ਸਜਾਉਣ ਦਾ ਹੁੰਦਾ ਸੀ। ਸੱਤ-ਅੱਠ ਸਾਲ ਦੀ ਉਮਰ ਵਿਚ ਮੈਂ ਵੀ ਨਿਸ਼ਾਨ ਸਾਹਿਬ ਚੁੱਕ ਕੇ ਤੁਰਦਾ ਸਾਂ। ਫਿਰ ਮੇਰੀ ਵਾਰੀ ਕਿਰਪਾਨਧਾਰੀ ਪੰਜ ਪਿਆਰਿਆਂ ਵਿਚ ਆਉਣ ਲੱਗੀ। ਪੰਦਰਾਂ-ਸੋਲ੍ਹਾਂ ਸਾਲ ਦੀ ਉਮਰ ਵਿਚ ਮੈਂ ਪਾਲਕੀ ਬਰਦਾਰਾਂ ਵਿਚ ਸ਼ਾਮਲ ਹੋ ਗਿਆ ਸਾਂ ਅਤੇ ਫਿਰ ਦੋ ਸਾਲ ਮੈਂ ਚੌਰ ਬਰਦਾਰ ਵੀ ਰਿਹਾ। ਇਉਂ ਹੌਲੀ-ਹੌਲੀ ਮੇਰੀ ਤਰੱਕੀ ਹੁੰਦੀ ਰਹੀ ਸੀ।

ਇਕ ਗੱਲ ਹੋਰ ਮੈਂ ਆਪਣੀ ਬੇਟੀ ਨੂੰ ਦੱਸਦਾ ਹਾਂ; ਉਹ ਇਹ ਕਿ ਜਿਸ ਦਿਨ ਨਗਰ ਕੀਰਤਨ, ਜਿਸ ਨੂੰ ਉਨ੍ਹੀਂ ਦਿਨੀਂ ਅਸੀਂ ਜਲੂਸ ਹੀ ਕਹਿੰਦੇ ਸਾਂ, ਨਿਕਲਦਾ ਹੁੰਦਾ ਸੀ ਉਸ ਦਿਨ ਪਿੰਡ ਦੇ ਲੋਕ ਆਪੋ-ਆਪਣੇ ਘਰਾਂ ਦੇ ਬਾਹਰ ਗਲੀ ਦੀ ਚੰਗੀ ਤਰ੍ਹਾਂ ਸਫਾਈ ਕਰਦੇ। ਬੇਟੀ ਨੂੰ ਅਜੇ ਸਿਰਫ ਨਿਸ਼ਾਨ ਸਾਹਿਬ ਅਤੇ ਨਗਰ ਕੀਰਤਨ ਦੀਆਂ ਗੱਲਾਂ ਹੀ ਦੱਸ ਸਕਿਆ ਹਾਂ। ਗੁਰਦੁਆਰੇ ਬਾਰੇ ਤਾਂ ਮੇਰੀਆਂ ਯਾਦਾਂ ਤੇ ਭੰਡਾਰ ਵਿਚ ਬਹੁਤ ਕੁਝ ਪਿਆ ਹੈ। ਇਹ ਅਮੁੱਕ ਹਨ। ਗੁਰਦੁਆਰੇ ਦੇ ਭਾਈ ਗਿਆਨੀ ਹੀਰਾ ਸਿੰਘ ਵਲੋਂ ਮੈਨੂੰ ਆਪਣਾ ਚੇਲਾ ਬਣਾਉਣ ਤੋਂ ਲੈ ਕੇ ਗੁਰਪੁਰਬਾਂ, ਅਖੰਡ ਪਾਠਾਂ, ਰੈਣ ਸਬਾਈ ਕੀਰਤਨਾਂ, ਅਖੰਡ ਪਾਠਾਂ ਦੀਆਂ ਲੜੀਆਂ, ਅਖੰਡ ਪਾਠੀਆਂ ਦੇ ਕਰਮਾਂ-ਕੁਕਰਮਾਂ, ਉਨ੍ਹਾਂ ਦੇ ਅਕੀਦਿਆਂ ਬਾਰੇ ਬਹੁਤ ਕੁਝ ਬਾਹਰ ਨਿਕਲਣ ਲਈ ਕੁਲਬੁਲਾ ਰਿਹਾ ਹੈ।

***(ਚਲਦਾ)***

---

# ਕੀੜਾ

***(ਪਿਛਲੇ ਸਫੇ ਦੀ ਬਾਕੀ)***

ਪਲੇਟ ਧੋਣੀ ਵੀ ਨਹੀਂ ਆਉਂਦੀ। ਸੰਘੀਆਂ ਦੀਆਂ ਰੋਟੀਆਂ ਪਕਾ-ਪਕਾ ਮੈਨੂੰ ਪੈਂਤੀ ਸਾਲ ਦੀ ਉਮਰ ਵਿਚ ਹੀ ਗਠੀਏ ਦੀ ਸ਼ਿਕਾਇਤ ਹੋ ਗਈ ਸੀ। ਜੇ ਖਿਝ ਜਾਵਾਂ ਤਾਂ ਅੱਗਿਉਂ ਹੱਸਣ ਲੱਗ ਜਾਣਗੇ। ਬੱਚੇ ਆਖਦੇ ਨੇ ਕਿ ਪਿਤਾ ਜੀ ਨੂੰ ਦੁਨੀਆਂਦਾਰੀ ਦਾ ਕੋਈ ਗਿਆਨ ਨਹੀਂ ਹੈ। ਲੋਕਾਂ ਨੇ, ਇਥੋਂ ਤੀਕ ਕਿ ਤੁਸੀਂ ਕੌਮਨਿਸਟਾਂ ਨੇ ਵੀ, ਇੰਗਲੈਂਡ ਵਿਚ ਲੱਖਾਂ ਦੀਆਂ ਜਾਇਦਾਦਾਂ ਬਣਾ ਲਈਆਂ ਨੇ, ਪਰ ਸਾਡੇ ਕੋਲ ਆਪਣਾ ਕੋਈ ਘਰ ਵੀ ਨਹੀਂ ਹੈ। ਬੱਸ ਜਿਵੇਂ ਤੁਲਸੀ ਦਾਸ ਦੇ ਰੋਮ-ਰੋਮ ਵਿਚ ਰਾਮ ਵਸਿਆ ਹੋਇਆ ਸੀ, ਇਨ੍ਹਾਂ ਦੀ ਘਟ-ਘਟ ਵਿਚ ਸੰਘ ਵਸੀ ਹੋਈ ਐ।"

ਭੈਣ ਜਦੋਂ ਇੰਜ ਆਖਦੀ ਤਾਂ ਮੈਂ ਜਾਚ ਲੈਂਦਾ ਸੀ ਕਿ ਦੂਜਿਆਂ ਦੇ ਮੁਕਾਬਲੇ ਆਪਣੀ ਗਰੀਬੀ ਦਾ ਅਹਿਸਾਸ ਕਰ ਕੇ ਭੈਣ ਦੀਆਂ ਗੱਲਾਂ ਵਿਚ ਲੁਕਵੀਂ ਕੁੜੱਤਣ ਤੇ ਉਦਾਸੀ ਭਰ ਜਾਂਦੀ। ਮੈਂ ਭੈਣ ਨੂੰ ਤਸੱਲੀ ਦੇਣ ਲਈ ਆਖਦਾ, "ਭੈਣ, ਇਨ੍ਹਾਂ ਨੂੰ ਲੱਗੇ ਰਹਿਣ ਦੇ ਜਿਧਰ ਲੱਗੇ ਹੋਏ ਨੇ। ਇਥੇ ਪੱਛਮ ਵਿਚ ਆਪਣਾ ਸਭ ਕੁਝ ਟੁੱਟਦਾ ਜਾ ਰਿਹੈ। ਇਨਸਾਨ ਨੂੰ ਜੀਣ ਲਈ ਕੋਈ ਰੁਝੇਵਾਂ ਤਾਂ ਚਾਹੀਦੈ, ਚਾਹੇ ਉਹ ਜਨ ਸੰਘ ਹੀ ਕਿਉਂ ਨਾ ਹੋਵੇ।"

"ਵੇਖਿਆ, ਇਹ ਕੌਮਨਿਸਟ ਕਿਵੇਂ ਵਿਅੰਗ ਕੱਸਦੇ ਨੇ।" ਭਰਾਤਾ ਜੀ ਮੁਸਕਰਾਉਂਦਿਆਂ ਬੋਲੇ।

ਸਲਮਾ ਤੇ ਫਰਹਤ ਆਪਣੇ ਘਰ ਜਾਣ ਲਈ ਵਿਦਾਇਗੀ ਲੈਣ ਆ ਗਈਆਂ ਸਨ। ਤੁਰਨ ਤੋਂ ਪਹਿਲਾਂ ਕਹਿਣ ਲੱਗੀਆਂ, "ਮਾਸੀ ਜੀ, ਇਨ੍ਹਾਂ ਨਾਲ ਵੀ ਸਾਡੀ ਜਾਣ-ਪਛਾਣ ਕਰਵਾਓ ਨਾ।"

"ਬੇਟਾ, ਇਹ ਨਿਮ੍ਰਤਾ ਦੇ ਭੂਆ ਜੀ ਨੇ।"

ਉਹ ਇਕਦਮ ਭੈਣ ਜੀ ਵੱਲ ਉਲਰੀਆਂ ਤੇ ਗਲਵਕੜੀਆਂ ਪਾ ਆਖਣ ਲੱਗੀਆਂ, "ਫ਼ਿਰ ਤੇ ਤੁਸੀਂ ਸਾਡੇ ਵੀ ਭੂਆ ਜੀ ਹੋਏ ਕਿ। ਨਮਸਤੇ ਭੂਆ ਜੀ।"

"ਨਮਸਤੇ ਬੇਟਾ", ਆਖ ਭੈਣ ਨੇ ਦੋਹਾਂ ਦੇ ਮੱਥੇ ਚੁੰਮੇ।

"ਇਹ ਮੇਰੇ ਫੁੱਫਰ ਜੀ ਨੇ।" ਨਿਮ੍ਰਤਾ ਨੇ ਭਰਾਤਾ ਜੀ ਵੱਲ ਇਸ਼ਾਰਾ ਕਰਦਿਆਂ ਆਖਿਆ।

ਉਨ੍ਹਾਂ ਨੇ ਭਰਾਤਾ ਜੀ ਨੂੰ ਵੀ ਬੜੇ ਆਦਰ ਨਾਲ ਹੱਥ ਜੋੜ ਨਮਸਤੇ ਬੁਲਾਈ।

ਮੈਂ ਆਪਣੀ ਧੀ ਨੂੰ ਮੁੜ ਮਜ਼ਾਕ ਕੀਤਾ, "ਫੁੱਫੜ ਬੋਲਣਾ ਨੀ ਆਉਂਦਾ, ਤੇ ਬਣਨ ਚੱਲੀ ਐ ਡਾਕਟਰ!"

"ਪਰ ਅੰਕਲ ਜੀ, ਅਸੀਂ ਤਾਂ ਆਖ ਸਕਨੀਆਂ ਫੁੱਫੜ ਜੀ।" ਸਲਮਾ ਤੇ ਫਰਹਤ ਨੇ ਵਾਰੀ-ਵਾਰੀ ਆਖਿਆ।

ਫਿਰ ਉਹ ਨਿਮ੍ਰਤਾ ਵੱਲ ਹੋਈਆਂ, ਤੇ ਆਖਣ ਲੱਗੀਆਂ, "ਤੂੰ ਫੂਫਾ ਜੀ ਆਖ ਲਿਆ ਕਰ ਨਾ।"

ਜਦੋਂ ਨਿਮ੍ਰਤਾ ਉਨ੍ਹਾਂ ਨੂੰ ਕਾਰ ਵਿਚ ਬਿਠਾ ਵਾਪਸ ਆਈ ਤਾਂ ਮੈਨੂੰ ਆਖਣ ਲੱਗੀ, "ਡੈਡੀ, ਜਦੋਂ ਤੁਸੀਂ ਫੁੱਫਰ ਜੀ ਨਾਲ ਬਹਿਸ ਕਰਦੇ ਹੋ, ਤਾਂ ਆਏਂ ਰੌਲਾ ਪਾਉਂਦੇ ਹੋ, ਜਿਵੇਂ ਇੰਡੀਆ ਵਿਚ ਲਾਊਡਸਪੀਕਰ ਬੋਲਦੇ ਨੇ। ਬਹਿਸ ਫੁੱਫਰ ਜੀ ਵੀ ਕਰਦੇ ਨੇ, ਪਰ ਵੇਖੋ ਕਿੰਨੇ ਠਰ੍ਹੰਮੇ ਨਾਲ ਬੋਲਦੇ ਨੇ।"

"ਬੇਟਾ ਨਿਮ੍ਰਤਾ ਜੀ, ਇਹ ਕੌਮਨਿਸਟ ਪਹਿਲਾਂ ਰੌਲਾ ਪਾਉਣ ਦੀ ਹੀ ਪੀਐਚ.ਡੀ. ਕਰਦੇ ਨੇ। ਕੌਮਨਿਸਟ ਹੋਏ, ਬੀਮੇ ਦੇ ਏਜੰਟ ਹੋਏ, ਗੱਡੀਆਂ ਵਿਚ ਦਵਾਈਆਂ ਵੇਚਣ ਵਾਲੇ ਹੋਏ; ਬੱਸ ਲਸੂੜੇ ਦੀ ਗਿਟਕ ਵਾਂਗ ਚਿੰਬੜ ਜਾਂਦੇ ਨੇ।" ਭਰਾਤਾ ਜੀ ਨੇ ਆਖਿਆ, ਤੇ ਸਾਰੇ ਹੱਸ ਪਏ।

ਭਰਾਤਾ ਜੀ ਆਪਣੀ ਉਦਾਰ ਫਿਤਰਤ ਅਨੁਸਾਰ ਹਰ ਆਉਣ-ਜਾਣ ਵਾਲੇ ਵਿਚ ਦਿਲਚਸਪੀ ਲੈਂਦੇ ਸਨ। ਇਸ ਲਈ ਉਨ੍ਹਾਂ ਨੇ ਪੁੱਛਿਆ, "ਇਹ ਬੇਟਾ ਤੇਰੀਆਂ ਸਹੇਲੀਆਂ ਨੇ?"

"ਹਾਂ ਫੁੱਫਰ ਜੀ, ਇਹ ਮੇਰੇ ਨਾਲ ਹੀ ਮੈਡੀਸਨ ਕਰਦੀਆਂ ਨੇ।"

"ਕਮਾਲ ਏ! ਨਿਰੀਆਂ ਤਸਵੀਰਾਂ ਨੇ। ਜਿੰਨੀਆਂ ਸੁੰਦਰ ਉਨੀਆਂ ਹੀ ਲਾਇਕ। ਕਿੰਨੇ ਖੁਸ਼ਕਿਸਮਤ ਹੋਣਗੇ ਮਾਪੇ ਜਿਨ੍ਹਾਂ ਦੀਆਂ ਇਹ ਧੀਆਂ ਨੇ। ਦੋਵੇਂ ਇਥੇ ਹੀ ਰਹਿੰਦੀਆਂ ਨੇ?"

"ਹਾਂ ਭੂਆ ਜੀ, ਇਥੇ ਹੀ ਰਹਿੰਦੀਆਂ ਨੇ। ਸਕੀਆਂ ਭੈਣਾਂ ਨੇ।"

"ਤੇ ਲਾਇਕ ਇੰਨੀਆਂ ਨੇ ਕਿ ਦੋਹਾਂ ਨੇ ਗਿਆਰਾਂ-ਗਿਆਰਾਂ ਓ-ਲੈਵਲ ਤੇ ਚਾਰ-ਚਾਰ ਏ-ਲੈਵਲ ਕੀਤੇ ਹੋਏ ਨੇ। ਤੇ ਸਾਰੀਆਂ ਏਆਂ ਨੇ। ਇਹ ਤਾਂ ਆਕਸਫੋਰਡ ਤੇ ਕੈਂਬਰਿਜ ਵੀ ਜਾ ਸਕਦੀਆਂ ਹਨ।" ਮੇਰੀ ਪਤਨੀ ਨੇ ਇੰਜ ਮਾਣ ਨਾਲ ਦੱਸਿਆ ਜਿਵੇਂ ਉਹ ਉਹਦੀਆਂ ਆਪਣੀਆਂ ਧੀਆਂ ਹੋਣ।

***ਸਾਡੀ ਧੀ ਨਿਮ੍ਰਤਾ ਡਾਕਟਰੀ ਦੀ ਕਿਤਾਬ ਚੁੱਕ ਲਿਆਈ ਅਤੇ ਉਸ ਵਿਚੋਂ ਪਿਗ-ਵਰਮ ਯਾਨਿ ਸੂਰ-ਕੀੜੇ ਬਾਰੇ ਪੜ੍ਹ ਕੇ ਸੁਣਾਉਣ ਲੱਗ ਪਈ। ਮੈਂ ਬੇਦਿਲੀ ਨਾਲ ਸੁਣਦਾ ਰਿਹਾ, ਤਾਂ ਕਿ ਬੱਚੀ ਨੂੰ ਬੁਰਾ ਨਾ ਲੱਗੇ। ਉਂਜ ਹੁਣ ਮੈਨੂੰ ਪਿਗ-ਵਰਮ ਵਿਚ ਕੋਈ ਖਾਸ ਦਿਲਚਸਪੀ ਨਹੀਂ ਸੀ ਅਤੇ ਨਾ ਹੀ ਉਹ ਮੈਨੂੰ ਇੰਨਾ ਖਤਰਨਾਕ ਹੀ ਲੱਗ ਰਿਹਾ ਸੀ। ਮੇਰੀਆਂ ਸਾਰੀਆਂ ਬਿਰਤੀਆਂ ਤਾਂ ਉਸ ਕੀੜੇ ਉਤੇ ਲੱਗੀਆਂ ਹੋਈਆਂ ਸਨ ਜਿਹੜਾ ਭਰਾਤਾ ਜੀ ਦੇ ਅੰਦਰ ਸੀ।***

"ਸਾਰੇ ਏ ਗਰੇਡ!" ਆਖ ਭਰਾਤਾ ਜੀ ਚੌਂਕੇ। ਫਿਰ ਆਪਣੇ ਉਸੇ ਸੁਭਾਵਕ ਠਰ੍ਹੰਮੇ ਨਾਲ ਕਹਿਣ ਲੱਗੇ, "ਫਿਰ ਤਾਂ ਸਾਰੇ ਇੰਗਲੈਂਡ ਵਿਚੋਂ ਲਾਇਕ ਹੋਈਆਂ ਕਿ! ਦਰਅਸਲ ਹਿੰਦੂ ਖੂਨ ਵਿਚ ਗਿਆਨ ਦੇ ਸਮੁੰਦਰ ਠਾਠਾਂ ਮਾਰ ਰਹੇ ਨੇ। ਹਿੰਦੂਆਂ ਦਾ ਆਰੀਆ ਵਿਰਸਾ ਤੇ ਪਰੰਪਰਾਵਾਂ- ਇੰਨੀਆਂ ਅਮੀਰ ਨੇ ਕਿ ਹੋਰ ਕੌਮਾਂ ਇਨ੍ਹਾਂ ਦੇ ਪਾਸਕ ਵੀ ਨਹੀਂ।"

"ਮਾਫ ਕਰਨਾ ਭਰਾਤਾ ਜੀ, ਇਹ ਮੁਸਲਮਾਨ ਕੁੜੀਆਂ ਨੇ। ਇਨ੍ਹਾਂ ਦੇ ਨਾਂ ਸਲਮਾ ਤੇ ਫਰਹਤ ਨੇ, ਤੇ ਇਹ ਜੌੜੀਆਂ ਭੈਣਾਂ ਨੇ।" ਮੈਂ ਟੋਕਦਿਆਂ ਆਖਿਆ।

"ਮੁਸਲਮਾਨ!" ਆਖ ਭਰਾਤਾ ਜੀ ਥਾਏਂ ਜੰਮ ਗਏ। ਇੰਨੇ ਠੰਢੇ ਤੇ ਠਰ੍ਹੰਮੇ ਵਾਲੇ ਮਨੁੱਖ ਦਾ ਚਿਹਰਾ ਫਟਕੜੀ ਵਾਂਗ ਬੱਗਾ ਹੋ ਗਿਆ।

"ਹਾਂ ਮੁਸਲਮਾਨ!...ਪੰਜ ਵੇਲੇ ਨਮਾਜ਼ ਪੜ੍ਹਦੀਆਂ ਨੇ। ਸਾਰੇ ਰੋਜ਼ੇ ਰੱਖਦੀਆਂ ਨੇ।" ਮੈਂ ਜ਼ਰਾ ਤਰਾਰੇ ਨਾਲ ਬੋਲਿਆ, ਤਾਂ ਕਿ ਆਪਣੀ ਜਿੱਤ ਨੂੰ ਟਣਕਾ ਕੇ ਦੱਸ ਸਕਾਂ।

ਇੰਨੇ ਨੂੰ ਭਰਾਤਾ ਜੀ ਸੰਭਲ ਚੁੱਕੇ ਸਨ। ਬੋਲੇ, "ਇਹ ਕਿਵੇਂ ਹੋ ਸਕਦਾ ਹੈ?"

"ਮੁਸਲਮਾਨ ਨਾ ਤਾਂ ਇੰਨੇ ਸੋਹਣੇ ਹੋ ਸਕਦੇ ਨੇ, ਤੇ ਨਾ ਹੀ ਦਿਮਾਗੀ। ਇਹ ਦਾਤ ਤਾਂ ਆਰੀਆ ਖੂਨ ਨੂੰ ਹੀ ਬਖਸ਼ੀ ਹੋਈ ਹੈ।"

"ਪਰ ਇਹ ਤਾਂ ਪੱਕੀਆਂ ਮੁਸਲਮਾਨ ਨੇ। ਅਸੀਂ ਇਨ੍ਹਾਂ ਦੇ ਮਾਪਿਆਂ ਨੂੰ ਪਿਛਲੇ ਕਈ ਸਾਲਾਂ ਤੋਂ ਜਾਣਦੇ ਆਂ।" ਮੇਰੀ ਪਤਨੀ ਨੇ ਗੱਲ ਮੁਕਾਉਣ ਦੀ ਨੀਤ ਨਾਲ ਦਖ਼ਲ ਦਿੱਤਾ।

ਭਰਾਤਾ ਜੀ ਮਿੰਟ ਕੁ ਚੁੱਪ ਸਾਧੀ ਬੈਠੇ ਰਹੇ, ਜਿਵੇਂ ਇੰਦਰ ਦਾ ਸਿੰਘਾਸਣ ਡੋਲਦਾ ਮਹਿਸੂਸ ਕਰ ਰਹੇ ਹੋਣ। ਫਿਰ ਬੜੇ ਸਹਿਜਮਈ ਅੰਦਾਜ਼ ਵਿਚ ਕਹਿਣ ਲੱਗੇ, "ਜੇ ਇਹ ਠੀਕ ਹੀ ਮੁਸਲਮਾਨ ਕੁੜੀਆਂ ਨੇ, ਤਾਂ ਇਨ੍ਹਾਂ ਦੇ ਵੱਡੇ-ਵਡੇਰੇ ਜ਼ਰੂਰ ਹਿੰਦੂਆਂ ਤੋਂ ਮੁਸਲਮਾਨ ਬਣਾਏ ਗਏ ਹੋਣਗੇ। ਜੇ ਤੁਸੀਂ ਜ਼ਰਾ ਧਿਆਨ ਨਾਲ ਵੇਖੋ, ਤਾਂ ਮੁਸਲਮਾਨਾਂ ਦੀਆਂ ਦਸ ਲੜਕੀਆਂ ਵਿਚੋਂ ਨੌਂ ਸੁੰਦਰ ਹੋਣਗੀਆਂ ਅਤੇ ਉਨ੍ਹਾਂ ਨੌਆਂ ਵਿਚ ਹੀ ਹਿੰਦੂ ਆਰੀਆਂ ਦਾ ਖੂਨ ਹੋਵੇਗਾ। ਤੁਹਾਨੂੰ ਤਾਂ ਪਤਾ ਹੀ ਏ ਕਿ ਮੁਸਲਮਾਨ ਹਮਲਾਵਰ ਹਿੰਦੂਆਂ ਦੀਆਂ ਸੋਹਣੀਆਂ ਤੇ ਛਾਂਟਵੀਆਂ ਲੜਕੀਆਂ ਨੂੰ ਚੁੱਕ ਕੇ ਲੈ ਜਾਂਦੇ ਸਨ, ਤੇ ਮੁਸਲਮਾਨ ਬਣਾ ਲੈਂਦੇ ਸਨ। ਔਰੰਗਜ਼ੇਬ ਵੇਲੇ ਤਾਂ ਥੋਕ ਦੇ ਭਾਅ ਟੱਬਰਾਂ ਦੇ ਟੱਬਰਾਂ ਦਾ ਧਰਮ ਭ੍ਰਿਸ਼ਟ ਕੀਤਾ ਗਿਆ। ਇਸੇ ਲਈ ਇਹ ਕੁੜੀਆਂ ਇੰਨੀਆਂ ਸੁੰਦਰ ਨੇ, ਤੇ ਦਿਮਾਗ ਵੀ ਆਰੀਆ ਰਿਸ਼ੀਆਂ ਤੇ ਬ੍ਰਾਹਮਣ ਕਸ਼ੱਤਰੀਆਂ ਵਰਗਾ ਏ। ਨਹੀਂ ਮੁਸਲਮਾਨ ਸੋਹਣਾ ਤੇ ਜ਼ਹੀਨ ਹੋਵੇ?...ਰਾਮ-ਰਾਮ ਕਰੋ ਜੀ, ਰਾਮ-ਰਾਮ!"

ਭਰਾਤਾ ਜੀ ਕੰਨ ਫੜ, ਚੁੱਪ ਸਾਧ ਬੈਠ ਗਏ।

ਇਸ ਤੋਂ ਬਾਅਦ ਕੋਈ ਖਾਸ ਗੱਲ ਨਹੀਂ ਹੋਈ। ਜਾਪਦਾ ਸੀ ਕਿ ਏਡੀਆਂ ਸੁਨੱਖੀਆਂ ਤੇ ਬੁੱਧੀਮਾਨੀ ਕੁੜੀਆਂ ਦਾ ਮੁਸਲਮਾਨ ਨਿਕਲ ਆਉਣਾ ਭਰਾਤਾ ਜੀ ਨੂੰ ਧੁਰ ਅੰਦਰ ਤੀਕ ਪੱਛ ਕੇ ਸੁੱਟ ਗਿਆ ਸੀ। ਥੋੜ੍ਹੀ ਦੇਰ ਬਾਅਦ ਉਹ ਚਲੇ ਗਏ।

ਅਸੀਂ ਉਨ੍ਹਾਂ ਨੂੰ ਤੋਰ ਅਜੇ ਸਿਟਿੰਗ ਰੂਪ ਵਿਚ ਬੈਠੇ ਹੀ ਸਾਂ ਕਿ ਸਾਡੀ ਧੀ ਨਿਮ੍ਰਤਾ ਡਾਕਟਰੀ ਦੀ ਕਿਤਾਬ ਚੁੱਕ ਲਿਆਈ ਅਤੇ ਉਸ ਵਿਚੋਂ ਪਿਗ-ਵਰਮ ਯਾਨਿ ਸੂਰ-ਕੀੜੇ ਬਾਰੇ ਪੜ੍ਹ ਕੇ ਸੁਣਾਉਣ ਲੱਗ ਪਈ। ਮੈਂ ਬੇਦਿਲੀ ਨਾਲ ਸੁਣਦਾ ਰਿਹਾ, ਤਾਂ ਕਿ ਬੱਚੀ ਨੂੰ ਬੁਰਾ ਨਾ ਲੱਗੇ। ਉਂਜ ਹੁਣ ਮੈਨੂੰ ਪਿਗ-ਵਰਮ ਵਿਚ ਕੋਈ ਖਾਸ ਦਿਲਚਸਪੀ ਨਹੀਂ ਸੀ ਅਤੇ ਨਾ ਹੀ ਉਹ ਮੈਨੂੰ ਇੰਨਾ ਖਤਰਨਾਕ ਹੀ ਲੱਗ ਰਿਹਾ ਸੀ। ਮੇਰੀਆਂ ਸਾਰੀਆਂ ਬਿਰਤੀਆਂ ਤਾਂ ਉਸ ਕੀੜੇ ਉਤੇ ਲੱਗੀਆਂ ਹੋਈਆਂ ਸਨ ਜਿਹੜਾ ਭਰਾਤਾ ਜੀ ਦੇ ਅੰਦਰ ਸੀ।



ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

# ਰਸੀਆ ਨਿੰਬੂ ਲਿਆਈ ਦੇ ਵੇ

*'ਚਿੱਤ-ਚੇਤਾ' ਵਿਚ ਕਾਨਾ ਸਿੰਘ ਨੇ ਸਿਰਫ ਆਪਣੇ ਚੇਤੇ ਦੀ ਚੰਗੇਰ ਹੀ ਪਾਠਕਾਂ ਸਾਹਮਣੇ ਨਹੀਂ ਉਲੱਦੀ, ਸਗੋਂ ਸੰਤਾਲੀ ਤੋਂ ਪਹਿਲਾਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਤੇ ਇਨ੍ਹਾਂ ਕਹਾਣੀਆਂ ਨਾਲ ਜੁੜਿਆ ਪੂਰਾ-ਸੂਰਾ ਮਾਹੌਲ ਪਾਠਕਾਂ ਦੇ ਸਨਮੁਖ ਕੀਤਾ ਹੈ। ਇਹ ਮਾਹੌਲ, ਬਾਤਾਂ ਵਰਗਾ ਰੰਗ ਬੰਨ੍ਹਦਾ ਹੈ। ਦਰਅਸਲ ਕਾਨਾ ਸਿੰਘ ਆਪਣੀਆਂ ਗੱਲਾਂ ਨਿਰ-ਉਚੇਚ ਦੱਸੀ ਜਾਂਦੀ ਹੈ ਅਤੇ ਇਹੀ ਸਹਿਜਤਾ ਉਸ ਦੀਆਂ ਰਚਨਾਵਾਂ ਦੀ ਜਿੰਦ-ਜਾਨ ਹੋ ਨਿਬੜਦੀ ਹੈ। 'ਰਸੀਆ ਨਿੰਬੂ ਲਿਆਈ ਦੇ ਵੇ' ਵਿਚ ਉਸ ਨੇ ਆਪਣੀ ਦਾਦੀ ਦੇ ਵੇਲਿਆਂ ਦੀ ਕਥਾ ਬਿਆਨ ਕੀਤੀ ਹੈ ਅਤੇ ਇਸ ਵਿਚ ਬਿਆਨੇ ਸਾਰੇ ਦ੍ਰਿਸ਼ ਅੱਖਾਂ ਅੱਗੇ ਫਿਲਮ ਵਾਂਗ ਦਿਸਣੇ ਸ਼ੁਰੂ ਹੋ ਜਾਂਦੇ ਹਨ। -ਸੰਪਾਦਕ*

ਬੋਲੀਆਂ, ਕਹਾਣੀਆਂ, ਅਖਾਣ ਅਤੇ ਕਹਾਵਤਾਂ ਦਾ ਬੇਜੀ, ਸਾਡੀ ਦਾਦੀ ਕੋਲ ਅਤੁੱਟ ਖਜ਼ਾਨਾ ਸੀ। ਉਨ੍ਹਾਂ ਕੋਲ ਅਸਾਂ ਪੋਤੇ-ਪੋਤੀਆਂ ਲਈ ਸਬਰ ਅਤੇ ਵਿਹਲ ਵੀ ਬਹੁਤ ਸੀ। ਸਬਜ਼ੀਆਂ ਕੱਟਦੇ, ਰਿੱਝਦੇ-ਪਕਾਂਦੇ, ਤੀਲੀਆਂ 'ਤੇ ਨਾੜੇ ਬੁਣਦੇ ਜਾਂ ਸਿਲਾਈ ਦੀ ਮਸ਼ੀਨ ਚਲਾਂਦੇ- ਨਾਲੋ-ਨਾਲ ਬੇਜੀ ਸਾਨੂੰ ਬਾਤਾਂ ਪਾਈ ਜਾਂਦੇ, ਹੱਡ-ਬੀਤੀਆਂ ਸੁਣਾਈ ਜਾਂਦੇ ਅਤੇ ਅਸੀਂ ਭੈਣਾਂ-ਭਰਾ ਮੰਤਰ-ਮੁਗਧ ਜਿਵੇਂ ਕੀਲੇ ਹੀ ਜਾਂਦੇ। ਉਮਰ ਦੇ ਤੀਜੇ ਚੌਥੇ ਪੜਾਅ ਵਿਚ ਹੁਣ ਵੀ ਜੇ ਰੱਬ-ਸਬੱਬੀ ਅਸੀਂ ਸਾਰੇ ਰਲ ਬੈਠੀਏ ਤਾਂ ਸਾਡੇ ਚੇਤਿਆਂ ਦਾ ਮੁੱਖ ਵਿਸ਼ਾ ਬੇਜੀ ਹੀ ਹੁੰਦੇ ਹਨ।

ਸਾਡੇ ਲਈ ਸਭ ਤੋਂ ਵੱਧ ਰੌਚਕ ਬੇਜੀ ਦੇ ਵਿਆਹ ਦੀ ਕਹਾਣੀ ਹੁੰਦੀ। ਇਹ ਕਹਾਣੀ ਸਾਡੀ ਮਾਂ-ਚਾਚੀਆਂ ਦੀ ਯਾਦਦਾਸ਼ਤ ਦਾ ਵੀ ਦਿਲਚਸਪ ਹਿੱਸਾ ਰਹੀ ਹੈ। ਤੇਰ੍ਹਵੇਂ-ਚੌਧਵੇਂ ਸਾਲ ਦੀ ਉਮਰ ਵਿਚ ਵਿਆਹੀਆਂ ਗਈਆਂ ਉਨ੍ਹਾਂ ਨੂੰਹਾਂ ਦੀ ਸੱਸ ਹੀ ਤਾਂ ਮਾਂ ਸੀ, ਤੇ ਪਾਲਣਹਾਰੀ ਵੀ। ਰਸੋਈ, ਸਿਲਾਈ-ਕਸੀਦੇ, ਨਵਾਰਾਂ ਅਤੇ ਫੁਲਕਾਰੀਆਂ, ਕਰੋਸ਼ੀਏ ਜਾਂ ਸਵੈਟਰਾਂ-ਨਾੜੇ ਬੁਣਨ ਦਾ ਵੱਲ ਉਨ੍ਹਾਂ ਸਾਡੀ ਦਾਦੀ ਤੋਂ ਹੀ ਸਿੱਖਿਆ। ਚਰਖੇ ਦੀ ਘੂਕ ਨਾਲ ਮਾਂ ਦੇ ਹੋਠ ਵੀ ਮੈਂ ਸਦਾ ਦਾਦੀ ਵਾਂਗ ਹੀ ਜਪੁਜੀ ਸਾਹਿਬ ਦੇ ਪਾਠ ਨਾਲ ਫਰਕਦੇ ਵੇਖੇ। ਦਾਦੀ ਖੁਸ਼-ਰਹਿਣੀ, ਨਿਰਛਲ ਤੇ ਸਾਰੇ ਗੁੱਜਰਖ਼ਾਨ ਦੀਆਂ ਸੁਆਣੀਆਂ ਦੀ ਆਦਰਸ਼ ਬੇਜੀ ਸੀ।

ਸਾਰੇ ਸ਼ਹਿਰ ਦੀਆਂ ਬਾਲੜੀਆਂ, ਬਾਲ-ਵਿਧਵਾਵਾਂ ਅਤੇ ਲਾਮਾਂ 'ਤੇ ਗਏ ਹੋਏ ਪਤੀਆਂ ਦੀਆਂ ਬਿਰਹਣਾਂ ਦੀ ਸਖੀ, ਅੰਗ-ਰੱਖਿਅਕ ਹੁੰਦੀ ਸੀ ਮੇਰੀ ਦਾਦੀ, ਗੁਰਦਈ। ਕੋਈ ਚਰਖਾ ਕੱਤ ਰਹੀ, ਕੋਈ ਨਾੜਾ ਬੁਣ ਰਹੀ ਤੇ ਕੋਈ ਮਸ਼ੀਨ ਚਲਾ ਰਹੀ- ਬੇਜੀ ਦੀ ਡਿਓੜੀ ਸਦਾ ਗਹਿਮਾ-ਗਹਿਮੀ ਰਹਿੰਦੀ ਤੇ ਜਿਤਨੀ ਵਾਰ ਮੈਂ ਜਾ ਕੇ 'ਬੇਜੀ ਸਤਿ ਸ੍ਰੀ ਅਕਾਲ' ਆਖਾਂ, ਬੇਜੀ 'ਜੀਨੀ ਰਹਿ, ਮੇਰੀ ਅਕਲੇ ਆਲੀਏ ਧੀਏ' ਆਖਦੇ ਪੈਸਾ, ਟਕਾ ਪਤਾਸਾ ਜਾਂ ਮੇਵਾ ਮੇਰੀ ਤਲੀ 'ਤੇ ਧਰਦੇ, ਮੇਰਾ ਮੱਥਾ ਚੁੰਮ ਲੈਂਦੇ।

ਹਾਂ, ਤਾਂ ਗੱਲ ਚਲ ਰਹੀ ਸੀ ਬੇਜੀ ਦੇ ਵਿਆਹ ਦੀ। ਬੇਜੀ ਮੁਤਾਬਕ ਸਾਡੇ ਖਾਨਦਾਨ ਦਾ ਪਿਛੋਕੜ ਸ਼ਹਿਰ ਗੁੱਜਰਖਾਨ ਦੇ ਗਰਾਂ, ਕਿਰਪੇ ਦਾ ਸੀ।...ਕਿਰਪੇ ਵਿਚ ਹੀ ਹੋਇਆ ਸੀ ਬੇਜੀ ਦਾ ਵਿਆਹ। ਸੱਤ ਸਾਲ ਦੀ ਬਾਲੜੀ ਸਨ ਸਾਡੇ ਬੇਜੀ ਅਤੇ ਸੱਤ ਦਿਨ ਹੀ ਕਿਰਪੇ ਵਿਚ ਢੁਕ-ਟਿਕੀ ਸੀ ਸਾਡੇ ਦਾਦਾ ਜੀ ਦੀ ਜੰਞ। ਬੇਜੀ ਦੀ ਡੋਲੀ ਟੁਰੀ ਪਿੰਡੋ-ਪਿੰਡ ਗੁੱਜਰਖਾਨ ਲਈ। ਲਾਲਾ ਜੀ (ਦਾਦਾ) ਘੋੜੀ 'ਤੇ ਅਤੇ ਬੇਜੀ ਡੋਲੀ ਵਿਚ।

ਹਾਰ-ਹਮੇਲਾਂ, ਸ਼ਿੰਗਾਰ-ਪੱਟੀ ਟਿੱਕਾ, ਮੁਰਕੀਆਂ ਠੂਠੀਆਂ, ਤਵੀਤੜੀਆਂ ਬਹਾਦਰੀਆਂ, ਬੋਰਲੇ, ਗੋਖੜੂ ਅਤੇ ਪੈਰਾਂ ਵਿਚ ਭਾਰੇ-ਭਾਰੇ ਕੜੇ। ਸੋਨਾ ਉਦੋਂ ਪੰਦਰਾਂ ਰੁਪਏ ਤੋਲਾ ਹੁੰਦਾ ਸੀ, ਬੇਜੀ ਦੱਸਦੇ।

ਭਾਰੀ ਘੇਰਵੀਂ ਸੁੱਥਣ ਵਾਲੇ ਸਿਲਮੇਦਾਰ ਸ਼ਨੀਲ ਦੇ ਸੂਟ ਅਤੇ ਬਾਗ ਵਿਚ ਵਲ੍ਹੇਟੇ-ਵਲ੍ਹਾਟੇ ਡੋਲੀ ਵਿਚ ਪਾਏ ਗਏ ਸਨ ਬੇਜੀ, ਖੁਸ਼-ਖੁਸ਼। ਰਾਹ ਵਿਚ ਦੁਲਹਨ ਬੇਜੀ ਨੂੰ ਪਿਸ਼ਾਬ ਦੀ ਹਾਜਤ ਹੋਈ। ਰੋਕਿਆਂ ਰੁਕੇ ਨਾ। ਉਨ੍ਹਾਂ ਡੋਲੀ ਵਿਚ ਕੁੱਦਣ ਅਤੇ ਡੋਲੀ ਦੀਆਂ ਬਾਹੀਆਂ ਉਪਰ ਮੁੱਕੇ ਮਾਰਨੇ ਸ਼ੁਰੂ ਕਰ ਦਿੱਤੇ। ਡੋਲੀ ਰੋਕੀ ਗਈ। ਬੇਜੀ ਦੇ ਸਹੁਰਾ, ਸਾਡੇ ਪੜਦਾਦਾ ਜੀ ਲਗਦੇ ਨੇ ਬੇਜੀ ਨੂੰ ਕੁੱਛੜ ਚੁੱਕ ਕੇ ਬਾਹਰ ਕੱਢਿਆ ਅਤੇ ਕਣਕਾਂ ਓਹਲੇ ਬਿਠਾ ਦਿੱਤਾ।

ਫਾਰਗ ਹੋ ਕੇ ਨਾੜਾ ਜੁ ਬੰਨ੍ਹਣ ਲੱਗੀ ਬਾਲ-ਵਹੁਟੀ, ਤਾਂ ਉਸ ਤੋਂ ਸੁੱਥਣ ਹੀ ਨਾ ਚੁੱਕ ਹੋਵੇ। ਰੋਣ ਲੱਗੀ। ਢਾਹਾਂ ਮਾਰ ਆਪਣੀਆਂ ਮੀਢੀਆਂ ਧੱਫਦੀ। ਦੌੜੇ ਆਏ ਓਹਲਿਓਂ ਪੜਦਾਦਾ ਜੀ, ਉਸ ਦੇ ਸਹੁਰਾ ਸਾਹਿਬ। ਉਨ੍ਹਾਂ ਆਪਣੇ ਚਿਹਰੇ ਨੂੰ ਪੱਗੜੀ ਦੇ ਸ਼ਮਲ੍ਹੇ ਨਾਲ ਕੱਜਦਿਆਂ, ਬੇਜੀ ਦੀ ਸੁੱਥਣ ਦਾ ਨਾੜਾ ਬੰਨ੍ਹਿਆ ਅਤੇ ਮੁੜ ਕੁੱਛੜ ਚੁੱਕ ਕੇ ਡੋਲੀ ਵਿਚ ਬਿਠਾਇਆ।

ਸਾਡੇ ਲਈ ਇਸ ਘਟਨਾ ਦਾ ਬਿਆਨ ਬੜਾ ਅਨੋਖਾ ਹੁੰਦਾ ਸੀ, ਦਿਲਚਸਪ ਤੇ ਉਪਰੋਂ ਹਸੂੰ-ਹਸੂੰ ਕਰਦੇ ਬੇਜੀ ਦਾ ਅੰਦਾਜ਼ ਵੀ ਨਿਰਾਲਾ ਹੁੰਦਾ ਸੀ।

ਸੰਤਾਲੀ ਦੀ ਵਿਸਾਖੀ ਤੱਕ ਸਾਡਾ ਪਰਿਵਾਰ



ਫਰੀਦਕੋਟ ਆ ਟਿਕਿਆ ਸੀ, ਆਰਜ਼ੀ ਤੌਰ 'ਤੇ। ਬੇਜੀ ਪਿੱਛੇ ਹੀ ਰਹੇ, ਘਰਾਂ ਦੀ ਰਾਖੀ। ਉਹ ਦੋ ਸਾਲ ਮਗਰੋਂ ਹੀ ਆ ਸਕੇ ਦੁਵੱਲੇ ਸੈਨਿਕ-ਪ੍ਰਬੰਧ ਸਦਕੇ। ਪੰਦਰਾਂ ਅਗਸਤ 1947 ਤੱਕ ਅਸੀਂ ਫਰੀਦਕੋਟ ਹੀ ਸਾਂ, ਸਾਰਾ ਪਰਿਵਾਰ ਸਣੇ ਸੰਤ ਭੈਣ ਜੀ ਦੇ ਟੱਬਰ ਦੇ। ਛੇਤੀ ਹੀ ਖਬਰ ਮਿਲੀ ਕਿ ਦਿੱਲੀ ਵਸਦੀ ਮੇਰੀ ਨਿੱਕੀ ਮਾਸੀ ਮਰਨ-ਦੰਦੇ ਸੀ। ਮਾਸੜ ਜੀ ਫੌਜ ਦੇ ਕਪਤਾਨ ਸਨ। ਅਸਾਂ ਬੱਚਿਆਂ ਨੂੰ ਭੈਣ-ਭਾਈਆ ਜੀ ਦੀ ਨਿਗਰਾਨੀ ਹੇਠ ਛੱਡ ਕੇ ਮਾਪੇ ਦਿੱਲੀ ਲਈ ਰਵਾਨਾ ਹੋ ਗਏ।

ਦਿੱਲੀ ਅਕਾਸ਼ਵਾਣੀ ਤੋਂ ਭਾਪਾ ਜੀ ਨੇ, ਪਿੱਛੇ ਰਹਿ ਗਏ ਬੇਜੀ ਬਾਰੇ ਖਬਰ ਵੀ ਲੁਆਉਣੀ ਸੀ। ਇਕ-ਅੱਧ ਮਹੀਨੇ ਵਿਚ ਮਾਸੀ ਕੁਝ ਠੀਕ ਹੋਈ। ਉਸ ਮੇਰੇ ਮਾਪਿਆਂ ਉਤੇ ਦਿੱਲੀ ਵੱਸਣ ਦਾ ਜ਼ੋਰ ਪਾਇਆ। ਦਿੱਲੀ ਦੀ ਜਮੁਨਾ-ਪਾਰ ਬਸਤੀ, ਸ਼ਾਹਦਰਾ ਤੋਂ ਮੁਸਲਮਾਨ ਸਾਰੇ ਹੀ ਕੂਚ ਕਰ ਗਏ ਸਨ। ਘਰਾਂ ਦੇ ਘਰ ਖਾਲੀ, ਭਾਂ-ਭਾਂ ਕਰਦੇ। ਮਾਸੀ ਮਾਸੜ ਨੇ ਹੀ ਆਪਣੇ ਰਸੂਖ ਨਾਲ ਤੇਲੀਵਾੜੇ ਮੁਹੱਲੇ ਵਿਚ ਇਕ ਮਕਾਨ ਲੱਭ ਦਿੱਤਾ। ਘਰ ਵਿਚ ਟਿਕਦਿਆਂ ਹੀ ਮਾਪਿਆਂ ਨੇ ਬਾਕੀ ਦੇ ਪਰਿਵਾਰ ਨੂੰ ਮੰਗਾਉਣ ਦੀ ਕੀਤੀ। ਸਭ ਤੋਂ ਪਹਿਲਾਂ ਪਾਲ ਵੀਰ ਜੀ ਨਾਲ ਮੈਂ ਰਵਾਨਾ ਹੋਈ। ਪਾਲ ਵੀਰ ਜੀ ਅਠਾਰਾਂ ਵਰ੍ਹਿਆਂ ਦੇ ਕਿਸ਼ੋਰ ਸਨ ਤੇ ਦਸਾਂ ਦੀ ਬਾਲੜੀ ਮੈਂ। ਅਸੀਂ ਮਾਲ ਗੱਡੀ 'ਤੇ ਸਵਾਰ ਹੋ ਗਏ। ਤਾਜ਼ੇ-ਤਾਜ਼ੇ ਬਟਵਾਰੇ ਕਾਰਨ ਸਾਰਾ ਨਿਜ਼ਾਮ ਉਲਟ-ਪੁਲਟ ਸੀ।

ਅਕਤੂਬਰ ਦਾ ਮਹੀਨਾ।...ਮਾਲ ਗੱਡੀ ਦੇ ਲੰਮ-ਸਲੰਮੇ ਡੱਬੇ ਵਿਚ ਧੱਕਾਂ-ਚੱਕਾਂ। ਉਜੜੇ ਪਰਿਵਾਰਾਂ ਦੀ ਭੀੜ। ਢਿਚਕੂੰ-ਢਿਚਕੂੰ ਗੱਡੀ ਦੀ ਤੋਰ। ਕਦੇ ਕਿਸੇ ਜੰਗਲ ਵਿਚ ਜਾ ਰੁਕਦੀ ਤੇ ਕਦੇ ਕਿਸੇ ਉਜਾੜ ਥਾਂ 'ਤੇ। ਕੋਈ ਗੰਨਿਆਂ 'ਤੇ ਟੁੱਟ ਪੈਂਦਾ ਤੇ ਕੋਈ ਡਡਿਆਂ-ਛੋਲਿਆਂ 'ਤੇ। ਸੁਆਣੀਆਂ ਗੱਡੀ ਵਿਚ ਇੱਟਾਂ ਦਾ ਚੁਲ੍ਹਾ ਬਣਾ ਕੇ ਕੁਝ ਰਿੰਨ੍ਹ-ਪਕਾ ਲੈਂਦੀਆਂ। ਕਿਸੇ ਕੋਲ ਭੁੱਜੇ ਦਾਣੇ ਤੇ ਕਿਸੇ ਕੋਲ ਫੁੱਲੀਆਂ। ਸਭ ਬੁਕ-ਬੁਕ ਵੰਡ-ਵੰਡਾਅ ਕੇ ਫੱਕੇ ਮਾਰ ਲੈਂਦੇ। ਬਸ ਢਿੱਡਾਂ ਨੂੰ ਝੁਲਕਾ ਦੇਣ ਵਾਲੀ ਗੱਲ ਸੀ।

ਇਕ ਥਾਂ 'ਤੇ ਪਾਲ ਵੀਰ ਜੀ ਨੇ ਭੇਡਾਂ-ਬੱਕਰੀਆਂ ਦੇ ਆਜੜੀ ਨੂੰ ਅਰਜ਼ ਕਰ ਕੇ ਮੇਰੇ ਸੁੱਕੇ ਮੂੰਹ ਦੇ ਪੇਪੜੀ ਬੱਝੇ ਹੋਠਾਂ 'ਤੇ ਬਾਕਰੇ ਦੁੱਧ ਦੀਆਂ ਧਾਰਾਂ ਛੁਡਵਾਈਆਂ। ਗੱਡੀ ਕਿੱਥੇ ਅਤੇ ਕਿੰਨੇ ਘੰਟਿਆਂ ਜਾਂ ਦਿਨਾਂ ਲਈ ਰੁਕੇਗੀ, ਕੁਝ ਨਹੀਂ ਸੀ ਪਤਾ ਹੁੰਦਾ।

ਇਕ ਥਾਂ ਰੁਕੀ ਹੋਈ ਸੀ ਗੱਡੀ ਕਾਫ਼ੀ ਦੇਰ ਤੋਂ। ਮੈਨੂੰ ਪਿਸ਼ਾਬ ਦਾ ਜ਼ੋਰ ਪਿਆ। ਵੀਰ ਜੀ ਨੇ ਚੁੱਕ ਕੇ ਮੈਨੂੰ ਇਕ ਢੱਕੀ ਜਿਹੀ ਦੇ ਓਹਲੇ ਬਿਠਾ ਦਿੱਤਾ। ਫਾਰਗ ਹੋ ਕੇ ਮੈਂ ਨਾੜਾ ਬੰਨ੍ਹਣ ਹੀ ਵਾਲੀ ਸਾਂ ਕਿ ਗੱਡੀ ਚੱਲ ਪਈ। ਪਾਲ ਵੀਰ ਜੀ ਨੇ ਦੌੜ ਕੇ ਮੈਨੂੰ ਚੁੱਕਿਆ ਅਤੇ ਚਲਦੀ ਗੱਡੀ ਵਿਚ ਸੁੱਟਿਆ ਅਰ ਫੇਰ ਦੌੜਦੇ-ਦੌੜਦੇ ਮਸਾਂ ਆਪ ਚੜ੍ਹ ਸਕੇ। ਨਾੜਾ ਹੱਥ ਵਿਚ ਫੜੀ, ਤ੍ਰੇਲੀਓ-ਤ੍ਰੇਲੀ ਤੇ ਅੱਥਰ-ਅੱਥਰ ਹੋਈ ਸ਼ਰਮ ਦੀ ਮਾਰੀ ਮੈਂ ਸਿਰ ਉਚਾ ਨਾ ਕਰਾਂ।

ਭਰੀ ਗੱਡੀ ਦੀ ਭੀੜ ਸਾਹਵੇਂ ਇਹ ਮੇਰੀ ਧਰਤੀ-ਧੱਸਣ ਵਰਗੀ ਸ਼ਰਮਨਾਕ ਹਾਲਤ ਸੀ। ਹਮਸਫਰ ਵਡੇਰੀਆਂ ਇਸਤਰੀਆਂ ਨੇ ਬੜੀ ਕੋਸ਼ਿਸ਼ ਕੀਤੀ ਮੈਨੂੰ ਦਿਲਾਸਾ ਦੇਣ ਦੀ, ਪਰ ਮੈਂ ਨਾ ਸਿਰ ਉਚਾ ਕਰਾਂ, ਤੇ ਨਾ ਹੀ ਕਿਸੇ ਨਾਲ ਅੱਖ ਮਿਲਾਉਣ ਦੀ ਹਿੰਮਤ ਕਰਾਂ। ਪਾਲ ਵੀਰ ਜੀ ਡਾਢੇ ਚਿੰਤਾਤੁਰ ਹੋਏ। ਕਾਫੀ ਸੋਚ ਸਮਝ ਕੇ ਬੋਲੇ:

"ਕਾਨਾ, ਯਾਦ ਹੈ ਬੇਜੀ ਨੇ ਵਿਆਹ ਵਾਲੀ ਗੱਲ। ਡੋਲੀ ਵਿਚ ਬੈਠੇ ਬੇਜੀ ਕੀ ਪਿਸ਼ਾਬ ਆ ਗਿਆ ਸੀ ਤੈ ਪੜਦਾਦਾ ਜੀ ਉਨ੍ਹਾਂ ਕੀ ਚੁੱਕ ਕੇ...।"

"ਹਾਂ ਹਾਂ ਬੇਜੀ ਕੋਲੋਂ ਸੁੱਥਣ ਹੀ ਨਹੀਂ ਸੀ ਸੰਭਾਲਣ ਹੋਈ। ਬੜੀ ਹੀ ਭਾਰੀ ਸੀ ਬੇਜੀ ਨੀ ਸੁੱਥਣ। ਪੜਦਾਦਾ ਜੀ ਨੇ ਆਪ ਬੇਜੀ ਨਾ ਨਾੜਾ ਬੰਨ੍ਹਿਆ ਤੈ ਉਨ੍ਹਾਂ ਕੀ ਚੁੱਕ ਕੇ ਡੋਲੀ ਵਿਚ ਪਾਇਆ...।"

ਹੁਣ ਮੈਂ ਅਜਿਹੀ ਛਿੜੀ ਕਿ ਭੁੱਲ ਹੀ ਗਈ ਆਪਣੇ ਨਾਲ ਬੀਤੀ, ਸਜਰੀ ਸਜਰੀ।

ਮੈਂ ਸਾਰੇ ਮੁਸਾਫਰਾਂ ਨੂੰ ਬੇਜੀ ਦੀਆਂ ਬਾਤਾਂ ਤੇ ਕਹਾਣੀਆਂ ਸੁਣਾਉਣ ਵਿਚ ਅਜਿਹੀ ਗਲਤਾਨ ਹੋਈ ਕਿ ਪਤਾ ਹੀ ਨਾ ਲੱਗਾ ਕਿ ਸ਼ਰਮ ਕਿਵੇਂ, ਕਦੋਂ ਤੇ ਕਿੱਥੇ ਗੱਡੀ ਵਿਚੋਂ ਛਾਲ ਮਾਰ ਕੇ ਲੋਪ ਹੋ ਗਈ।

ਪਾਲ ਵੀਰ ਜੀ ਦੀ ਹੱਲਾਸ਼ੇਰੀ ਨਾਲ ਮੈਂ ਆਪ-ਰਚੀਆਂ ਨਜ਼ਮਾਂ 'ਸਾਵਣ', 'ਮੇਰਾ ਬਸਤਾ', 'ਵੀਰ ਨੂੰ ਖ਼ਤ' ਸੁਣਾਉਂਦੀ-ਸੁਣਾਉਂਦੀ ਲੰਮੀ ਹੇਕ ਨਾਲ 'ਬਾਜਰੇ ਨਾ ਸਿੱਟਾ' ਅਤੇ 'ਰਸੀਆ ਨਿੰਬੂ ਲਿਆਈ ਦੇ ਵੇ, ਡਾਢੀ ਉਠੀ ਕਲੇਜੇ ਪੀੜ' ਵਰਗੇ ਪੋਠੋਹਾਰੀ ਲੋਕ-ਗੀਤ ਛੋਹ ਬੈਠੀ।

ਹੁਣ ਮੇਰੇ ਵਰਗਾ ਕੌਣ ਸੀ!

## ਕਾਵਿ-ਕਿਆਰੀ

### ਧੀਆਂ ਦੀ ਪੁਕਾਰ

ਉਠ ਵੇ, ਵਾਰਿਸ ਸੁੱਤਿਆ
ਉਠ ਵੇਖ ਧੀਆਂ ਦਾ ਹਾਲ
ਕਦੇ ਇਕ ਧੀ ਦੇ ਦੁੱਖ ਲਈ
ਤੂੰ ਰੋਨਾ ਸੈਂ ਧਾਹਾਂ ਮਾਰ
ਅੱਜ ਲੱਖਾਂ ਧੀਆਂ ਦੁਖਿਆਰੀਆਂ,
ਤੈਨੂੰ ਕਰਨ ਪੁਕਾਰ
ਕਿੰਜ ਜਨਮ ਤੋਂ ਪਹਿਲਾਂ
ਕੁਖ 'ਚ ਹੋਵਨ ਨਿੱਤ ਹਲਾਲ
ਵੇ ਵੈਰੀ ਕੋਹ ਕੋਹ ਜਾਨੋਂ ਮਾਰਦੇ,
ਤਿੱਖੇ ਨਸ਼ਤਰਾਂ ਨਾਲ
ਸਹਿਕਦੀਆਂ, ਰੋਂਦੀਆਂ,
ਸੁੱਤੀਆਂ ਟੋਟੇ ਕਰਨ ਹਜ਼ਾਰ
ਅੱਜ ਮਾਂਵਾਂ ਪੱਥਰ ਬਣੀਆਂ,
ਪਿਉਆਂ ਦਾ ਮੰਦਾ ਹਾਲ
ਅੱਜ ਕੋਈ ਨਾ ਧਾਹਾਂ ਮਾਰਦਾ,
ਖੋਂਹਦਾ ਸਿਰ ਦੇ ਵਾਲ
ਰੱਬ ਵੀ ਕਿਤੇ ਜਾ ਲੁਕਿਆ,
ਡਾਢੇ ਨੇ ਮੰਨ ਲਈ ਹਾਰ
ਵੇ ਬੇ-ਜ਼ੁਬਾਨ ਵਿਚਾਰੀਆਂ,
ਤੈਨੂੰ ਰਹੀਆਂ ਵਾਜਾਂ ਮਾਰ
ਤੇਰੀ ਕਲਮ ਕਿੱਥੇ ਅੱਜ ਸੌਂ ਗਈ,
ਬੇ-ਵਸ ਹੋ ਲਾਚਾਰ
ਦਰਦਮੰਦਾਂ ਦਿਆ ਦਰਦੀਆ,
ਲੈ ਆ ਕੇ ਸਾਡੀ ਸਾਰ
ਵੇ ਅਣਜੰਮੀਆਂ ਟੁਰ ਜਾਈਏ,
ਲੈ ਰੀਝਾਂ ਸੱਧਰਾਂ ਨਾਲ
ਨਾ ਗੋਦੀ ਮਾਂ ਖਿਡਾਇਆ,
ਨਾ ਚੁੰਮਿਆ ਕੀਤਾ ਲਾਡ
ਨਾ ਬਾਬਲ ਉਂਗਲੀ ਲਾਇਆ,
ਨਾ ਖੇਡੀ ਵੀਰਨ ਨਾਲ
ਵੇ ਕੇਹੀ ਬੇਦਰਦੀ ਵਾਅ ਵਗੀ,
ਵਣ, ਵਣ ਇਹੋ ਹਾਲ
ਵੇ, ਮਾਪੇ ਦੁਸ਼ਮਣ ਹੋ ਗਏ,
ਕੌਣ ਲਵੇ ਧੀਆਂ ਦੀ ਸਾਰ
ਆਪਣੇ ਢਿਡੋਂ ਜਾਈਆਂ,
ਅੱਜ ਬਣੀਆਂ ਸਿਰ 'ਤੇ ਭਾਰ
ਜਨਮ ਤੋਂ ਪਹਿਲਾਂ ਮਾਰ ਕੇ,
ਵੇ ਕੀ ਕਰ ਰਹੇ ਉਪਕਾਰ
ਸੁਣ ਨੀ ਅੰਮੜੀਏ ਮੇਰੀਏ,
ਲਾ ਲੈਂਦੀਓਂ ਗਲ ਦੇ ਨਾਲ
ਦੇਸਾਂ ਦਿਆ ਰਾਜਿਆ ਬਾਬਲਾ
ਕਰਦੋਂ ਧੀ ਨੂੰ ਪਿਆਰ
ਵੇ ਸਿਉਨੇ ਵਰਗਿਆ ਵੀਰਨਾਂ,
ਲਾ ਲੈਂਦੋਂ ਉਂਗਲੀ ਨਾਲ
ਕਿਉਂ ਮੋਹ ਦੀਆਂ ਤੰਦਾਂ ਟੁਟੀਆਂ,
ਧੀਆਂ ਨੂੰ ਵਿਸਾਰ
ਧੀ ਸਭ ਦੀਆਂ ਖੈਰਾਂ ਮੰਗਦੀ,
ਮੇਰਾ ਸੁਖੀ ਵੱਸੇ ਪਰਿਵਾਰ
ਮਾਏ ਇਕ ਗੱਲ ਮੇਰੀ ਯਾਦ ਰੱਖੀਂ,
ਆਵੇਗੀ ਧੀ ਯਾਦ
ਵਿਹੜਾ ਖਾਣ ਨੂੰ ਆਵੇਗਾ,
ਜਦੋਂ ਬਹੇਂਗੀ ਚੌਂਕੜੀ ਮਾਰ
ਮਾਏ ਦੁੱਖੜਾ ਕੌਣ ਵੰਡਾਵੇਗਾ,
ਲੱਗ ਰੋਵੇਂਗੀ ਬੂਹੇ ਨਾਲ
ਤ੍ਰਿੰਞਣਾਂ 'ਚ ਚਰਖੇ ਰੋਣਗੇ,
ਗੁੱਡੀਆਂ-ਪਟੋਲਿਆਂ ਨਾਲ
ਕੌਣ ਪਾਵੇਗਾ ਵਿਹੜੇ ਕਿੱਕਲੀ,
ਨੀ ਕੌਣ ਖੇਡੇਗਾ ਥਾਲ
ਨੀ ਕੀਹਦੇ ਗੁੱਡੀਆਂ ਪਟੋਲੇ,
ਮਾਏ ਰਖੇਂਗੀ ਸਾਂਭ ਸੰਭਾਲ
ਨਾ ਮੁਟਿਆਰ ਹੁੰਦੀ ਧੀ ਵੇਖਣੀ,
ਨਾ ਚਿੰਤਾ ਸੋਚ ਵਿਚਾਰ
ਨੀ ਨਾ ਕੋਈ ਚੂੜਾ ਰੰਗਲਾ,
ਨਾ ਡੋਲੀ, ਸ਼ਗਨ, ਕਹਾਰ
ਨਾ ਗਲ ਲੱਗ ਮਾਏ ਰੋਣੀਓਂ
ਨਾ ਘੁੱਟਿਓਈ ਸੀਨੇ ਨਾਲ
ਦੋ ਗਿੱਠਾਂ ਲਾਲ ਕਪੜਾ,
ਪਾ ਕੀਤੋਈ ਵਿਦਿਆ ਬਾਹਰ
ਕਿਉਂ ਨਾ ਕੰਧਾਂ ਕੰਬੀਆਂ,
ਕਿਉਂ ਨਾ ਆਇਆ ਭੁਚਾਲ
ਦਿਲ ਨਾ ਤੇਰਾ ਪਾਟਿਆ,
ਕਿਉਂ ਰੋਈ ਨਾ ਧਾਹਾਂ ਮਾਰ
ਮੇਰੀ ਵਾਰੀ ਕਿਉਂ ਬੂਹਾ ਢੋਅ ਲਿਆ,
ਬੈਠੀ ਕੁੰਡਾ ਮਾਰ
ਤੂੰ ਵੀ ਤਾਂ ਕਦੇ ਧੀ ਸੈਂ,
ਕਰ ਲੈਂਦੀਓ ਅੰਮੜੀਏ ਖਿਆਲ
ਨੀ ਮਾਏ ਧੀਆਂ ਬਾਝੋਂ ਚੱਲਣਾ,
ਮੁਸ਼ਕਲ ਇਹ ਸੰਸਾਰ
ਧੀਆਂ ਦੀ ਕੁੱਖੋਂ ਹੀ ਜੰਮਦੇ,
ਸਭ ਗੁਰੂ, ਪੀਰ, ਅਵਤਾਰ
ਜੇ ਧੀ ਹੀ ਨਾ ਰਹੀ ਜੱਗ 'ਤੇ,
ਕਿਵੇਂ ਚੱਲਣਾ ਅੰਸ ਪਰਿਵਾਰ
ਨਾ 'ਜੰਞ' ਕਿਸੇ ਘਰ ਢੁੱਕਣੀ
ਨਾ ਚੜ੍ਹਨੀ ਸਿਹਰੇ ਨਾਲ
ਨਾ ਹਾਸੇ ਨਾ ਕਿਲਕਾਰੀਆਂ,
ਨਾ ਵਿਹੜੀਂ ਖੇਡਣੇ ਬਾਲ
ਨਾ ਬਾਗੀਂ ਕੋਇਲਾਂ ਕੂਕਣੀਆਂ,
ਨਾ ਖੇਤਾਂ ਵਿਚ ਬਹਾਰ
ਇਹ ਹੱਸਦੀ ਵੱਸਦੀ ਦੁਨੀਆਂ,
ਹੋ ਜਾਣੀ ਬੰਜਰ ਉਜਾੜ
ਧੀਆਂ, ਧੀ-ਧਿਆਣੀਆਂ,
ਇਹ ਛਹਿਬਰ ਇਨ੍ਹਾਂ ਨਾਲ
ਅਜੇ ਵੀ ਕੁਝ ਨਹੀਂ ਵਿਗੜਿਆ,
ਵਕਤ ਲਈਏ ਸੰਭਾਲ
ਪੁੱਤਰਾਂ ਤੋਂ ਵੀ ਵੱਧ ਕੇ
ਆਓ ਧੀਆਂ ਨੂੰ ਕਰੀਏ ਪਿਆਰ।

***-ਚੰਨ, ਫੋਨ: 908-788-8427***

## ਭਾਈ ਖਾਲਸਾ ਨਾਲ ਡਟੋ

ਸਾਲ ਪਹਿਲਾਂ ਜਦੋਂ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਸਜ਼ਾ ਪੂਰੀ ਕਰ ਚੁੱਕੇ ਸਿੱਖਾਂ ਦੀ ਰਿਹਾਈ ਲਈ ਸੰਘਰਸ਼ ਸ਼ੁਰੂ ਕੀਤਾ ਸੀ, ਤਾਂ ਇਹ ਸੰਘਰਸ਼ ਇਕ ਤਰ੍ਹਾਂ ਨਾਲ ਲਹਿਰ ਬਣ ਗਿਆ ਸੀ। ਉਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹੱਥਾਂ-ਪੈਰਾਂ ਦੀ ਪੈ ਗਈ ਸੀ ਕਿ ਜੇ ਭਾਈ ਖਾਲਸਾ ਸ਼ਹੀਦ ਹੋ ਗਏ ਤਾਂ ਸਿੱਖ ਵੋਟਾਂ ਉਨ੍ਹਾਂ ਦੇ ਹੱਥੋਂ ਖੁੱਸ ਸਕਦੀਆਂ ਹਨ। ਇਸੇ ਲਈ ਉਨ੍ਹਾਂ ਕੁਝ ਸਿੱਖ ਜਥੇਬੰਦੀਆਂ ਤੋਂ ਇਲਾਵਾ ਸ੍ਰੀ

### ਪਾਠਕਾਂ ਦੀ ਸੱਥ

ਅਕਾਲ ਤਖਤ ਸਾਹਿਬ ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਮਦਮੀ ਟਕਸਾਲ ਦੀ ਡਿਊਟੀ ਲਾ ਦਿੱਤੀ ਕਿ ਕਿਸੇ ਵੀ ਤਰ੍ਹਾਂ ਭਾਈ ਖਾਲਸਾ ਦਾ ਮਰਨ ਵਰਤ ਖਤਮ ਕਰਵਾਓ। ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਤਿੰਨ ਸਿੰਘ ਪੈਰੋਲ 'ਤੇ ਰਿਹਾਅ ਕਰ ਦਿੱਤੇ ਗਏ ਅਤੇ ਇਨ੍ਹਾਂ ਜਥੇਬੰਦੀਆਂ ਤੇ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਭਾਈ ਖਾਲਸਾ ਨਾਲ ਵਾਅਦਾ ਕੀਤਾ ਕਿ ਇਹ ਸਿੰਘ ਹੁਣ ਦੁਬਾਰਾ ਜੇਲ੍ਹ ਨਹੀਂ ਜਾਣਗੇ ਅਤੇ ਹੋਰ ਸਿੰਘਾਂ ਦੀ ਰਿਹਾਈ ਲਈ ਵੀ ਯਤਨ ਕੀਤੇ ਜਾਣਗੇ। ਹੋਰ ਵੀ ਕਈ ਸਿੱਖ ਜਥੇਬੰਦੀਆਂ ਦੇ ਕਹਿਣ 'ਤੇ ਭਾਈ ਖਾਲਸਾ ਨੇ ਮਰਨ ਵਰਤ ਖਤਮ ਕਰ ਦਿੱਤਾ; ਪਰ ਹੋਇਆ ਉਹੀ ਜਿਸ ਦਾ ਡਰ ਸੀ। ਸਮੇਤ ਅਕਾਲ ਤਖਤ ਦੇ ਜਥੇਦਾਰ ਤੇ ਦਿੱਲੀ ਗੁਰਦੁਆਰਾ ਕਮੇਟੀ ਜਿਨ੍ਹਾਂ ਦਾ ਇਸ ਮਾਮਲੇ 'ਚ ਮੋਹਰੀ ਹੱਥ ਸੀ, ਪਿੱਛੇ ਹਟ ਗਏ।

ਹੁਣ ਇਕ ਸਵਾਲ ਅਕਾਲ ਤਖਤ ਦੇ ਜਥੇਦਾਰ ਨੂੰ ਹੈ। ਜੱਗ ਜਾਣਦਾ ਹੈ ਕਿ ਅਕਾਲ ਤਖਤ ਦੇ ਜਥੇਦਾਰ ਫੂਲਾ ਸਿੰਘ ਨੇ ਉਸ ਸਮੇਂ ਦੇ ਸ਼ਕਤੀਸ਼ਾਲੀ ਰਾਜਾ, ਮਹਾਰਾਜਾ ਰਣਜੀਤ ਸਿੰਘ ਨੂੰ ਕੋੜੇ ਮਾਰਨ ਦੀ ਸਜ਼ਾ ਲਾ ਦਿੱਤੀ ਸੀ। ਤੁਸੀਂ (ਅਕਾਲ ਤਖਤ ਦੇ ਮੌਜੂਦਾ ਜਥੇਦਾਰ) ਕਿਸ ਮਜਬੂਰੀ ਵਿਚ ਭਾਈ ਖਾਲਸਾ ਨਾਲ ਕੀਤਾ ਆਪਣਾ ਵਾਅਦਾ ਨਹੀਂ ਨਿਭਾਅ ਸਕੇ? ਜੇ ਸ. ਬਾਦਲ ਨੇ ਤੁਹਾਡੀ ਗੱਲ ਨਹੀਂ ਸੁਣੀ ਤਾਂ ਤੁਸੀਂ ਜੇ ਹੋਰ ਕੁਝ ਨਹੀਂ ਕਰ ਸਕਦੇ, ਤਾਂ ਘੱਟੋ-ਘੱਟ ਅਹੁਦੇ ਤੋਂ ਅਸਤੀਫਾ ਤਾਂ ਦੇ ਹੀ ਸਕਦੇ ਸੀ। ਇਸ ਮਾਮਲੇ ਵਿਚ ਅਜੇ ਵੀ ਬੜਾ ਕੁਝ ਹੋ ਸਕਦਾ ਹੈ ਅਤੇ ਸਿੱਖਾਂ ਦਾ ਬਹੁਤ ਭਲਾ ਹੋ ਸਕਦਾ ਹੈ। ਉਂਜ ਹੁਣ ਗੌਲਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਪੰਜਾਬ ਸਰਕਾਰ ਨੂੰ ਬਜ਼ੁਰਗਾਂ ਤੋਂ ਵੀ ਖਤਰਾ ਕਿਉਂ ਭਾਸ ਰਿਹਾ ਹੈ ਜਿਨ੍ਹਾਂ ਨੂੰ ਜੇਲ੍ਹ ਵਿਚੋਂ ਨਹੀਂ ਰਿਹਾਅ ਨਹੀਂ ਕੀਤਾ ਜਾ ਰਿਹਾ। ਸ਼ਾਇਦ ਸ. ਬਾਦਲ ਇਹ ਸਭ ਕੁਝ ਇਕ ਖਾਸ ਫ਼ਿਰਕੇ ਦੇ ਲੋਕਾਂ ਨੂੰ ਖੁਸ਼ ਕਰਨ ਲਈ ਕਰ ਰਹੇ ਹਨ। ਫਿਰ ਵੀ, ਅਜੇ ਵੀ ਮੌਕਾ ਹੈ ਕਿ ਜਿਨ੍ਹਾਂ ਦੀ ਸਜ਼ਾ ਪੂਰੀ ਹੋ ਚੁੱਕੀ ਹੈ, ਪੰਜਾਬ ਸਰਕਾਰ ਉਨ੍ਹਾਂ ਨੂੰ ਰਿਹਾਅ ਕਰੇ ਅਤੇ ਕਰਵਾਏ। ਨਾਲੇ ਜੇ ਸਰਕਾਰ ਪਿੰਕੀ ਕੈਟਾਂ ਵਰਗਿਆਂ ਨੂੰ ਛੱਡ ਸਕਦੀ ਹੈ ਤਾਂ ਸਿੰਘਾਂ ਨੂੰ ਕਿਉਂ ਨਹੀਂ? ਹੁਣ ਤਾਂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਨੇ ਵੀ ਕਹਿ ਦਿੱਤਾ ਹੈ ਕਿ ਇਸ ਨੂੰ ਵੀ ਰਿਹਾਈ ਉਤੇ ਕੋਈ ਇਤਰਾਜ਼ ਨਹੀਂ; ਪਰ ਸਰਕਾਰ ਨੇ ਇਕ ਸਾਲ ਦੌਰਾਨ ਇਸ ਪਾਸੇ ਕੋਈ ਕਾਰਵਾਈ ਨਹੀਂ ਕੀਤੀ। ਇਸੇ ਕਰ ਕੇ ਹੀ ਭਾਈ ਖਾਲਸਾ ਨੂੰ ਦੁਬਾਰਾ ਮਰਨ ਵਰਤ ਸ਼ੁਰੂ ਕਰਨਾ ਪਿਆ ਹੈ। ਅੰਤ ਵਿਚ ਮੈਂ ਪਰਵਾਸੀ ਭੈਣਾਂ-ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਓ, ਆਪਾਂ ਸਾਰੇ ਰਲ ਕੇ ਭਾਈ ਖਾਲਸਾ ਨੂੰ ਸਹਿਯੋਗ ਦੇਈਏ ਅਤੇ ਜਥੇਦਾਰਾਂ, ਸਿੱਖ ਜਥੇਬੰਦੀਆਂ ਤੇ ਸਰਕਾਰ ਨੂੰ ਆਪੋ-ਆਪਣਾ ਫਰਜ਼ ਨਿਭਾਉਣ ਲਈ ਮਜਬੂਰ ਕਰੀਏ।

***-ਗੁਰਮੀਤ ਸਿੰਘ ਬੈਂਸ, ਸ਼ਿਕਾਗੋ***
***ਫੋਨ: 847-852-6912***

# ਦਿਓ ਕੋਈ ਜਵਾਬ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਗੁਰਦੁਆਰੇ ਮੱਥਾ ਟੇਕ ਕੇ ਬਾਹਰ ਆਇਆ, ਚਾਰ-ਪੰਜ ਬਾਈ ਚਾਹ ਦੇ ਗਲਾਸ ਫੜੀ ਗੱਲਾਂ ਵਿਚ ਮਗਨ ਸਨ। ਮੇਰੇ ਕਦਮ ਕਾਰ ਵੱਲ ਜਾਣ ਦੀ ਬਜਾਏ ਉਨ੍ਹਾਂ ਵੱਲ ਮੁੜ ਗਏ, ਤੇ ਮੈਂ ਜਾ ਫਤਹਿ ਬੁਲਾਈ। ਪਸਰੀ ਚੁੱਪ ਤੋੜਦਿਆਂ ਮੈਂ ਪੁੱਛਿਆ, "ਬਾਈ ਜੀ, ਕੀ ਵਿਚਾਰਾਂ ਹੋ ਰਹੀਆਂ ਸਨ ਜੋ ਮੇਰੇ ਆਉਣ ਕਰ ਕੇ ਚੁੱਪ ਧਾਰ ਗਏ?"

"ਬਾਈ ਜੀ, ਖੜ੍ਹੇ ਤਾਂ ਅਮਰੀਕਾ ਦੀ ਧਰਤੀ 'ਤੇ ਹਾਂ, ਪਰ ਅੰਦਰੋਂ ਹਮੇਸ਼ਾ ਚੀਸ ਉਸ ਪੰਜਾਬ ਦੇ ਦਰਦ ਦੀ ਉਠਦੀ ਹੈ ਜਿਥੇ ਅਸੀਂ ਜੰਮੇ-ਪਲੇ ਸੀ, ਖੇਡੇ ਤੇ ਪੜ੍ਹੇ, ਫਿਰ ਪਰਦੇਸੀ ਹੋ ਗਏ; ਪਰ ਪੰਜਾਬ ਦਾ ਦਰਦ ਪਿੰਡੇ 'ਤੇ ਅੱਜ ਵੀ ਹੰਢਾਅ ਰਹੇ ਹਾਂ।" ਇਕ ਬਾਈ ਦਾ ਜਵਾਬ ਸੀ।

"ਬਾਈ ਜੀ! ਬੰਦਾ ਜਿੰਨੀਆਂ ਮਰਜ਼ੀ ਉਚੀਆਂ ਪਰਵਾਜ਼ਾਂ ਭਰ ਲਵੇ ਪਰ ਆਪਣੇ ਆਲ੍ਹਣੇ ਨੂੰ ਨਹੀਂ ਭੁੱਲਦਾ।" ਮੈਂ ਆਪਣੀ ਹਾਜ਼ਰੀ ਲੁਆਈ।

"ਬਾਈ ਜੀ! ਤੁਹਾਡਾ ਕੀ ਖਿਆਲ ਹੈ, ਅੱਜ ਦੀ ਲੱਚਰ ਗਾਇਕੀ ਲਈ ਕੌਣ ਕਸੂਰਵਾਰ ਹੈ?" ਹਰਦੀਪ ਨੇ ਪੁੱਛਿਆ।

"ਕਸੂਰਵਾਰ ਆਪਾਂ ਹਾਂ, ਗਾਇਕ ਨਹੀਂ। ਅਸੀਂ ਇਨ੍ਹਾਂ ਨੂੰ ਲੱਖਾਂ ਰੁਪਏ ਇਸ ਗੱਲ ਦੇ ਦਿੰਦੇ ਆਂ ਕਿ ਸਾਡੇ ਸਮਾਗਮਾਂ ਵਿਚ ਆਉਣ, ਤੇ ਸਾਰਿਆਂ ਦੇ ਸਾਹਮਣੇ ਸਾਡੀਆਂ ਧੀਆਂ-ਭੈਣਾਂ ਨੂੰ ਪਟੋਲੇ, ਪੁਰਜ਼ੇ ਤੇ ਮਾਲ ਦੱਸਣ, ਤੇ ਅਸੀਂ ਸ਼ਰਾਬੀ ਹੋ ਕੇ ਇਨ੍ਹਾਂ ਉਤੋਂ ਦੀ ਨੋਟ ਵਾਰੀਏ। ਫਿਰ ਸਹੁਰਾ ਨੂੰਹ ਨਾਲ ਨੱਚੇ; ਤੇ ਜਵਾਈ ਸੱਸ ਨਾਲ। ਜਦੋਂ ਅਸੀਂ ਆਪਣਾ ਸਭ ਕੁਝ ਲੁਟਾ ਕੇ ਇਨ੍ਹਾਂ ਦਾ ਘਰ ਭਰਦੇ ਹਾਂ, ਤੇ ਫਿਰ ਇਨ੍ਹਾਂ ਨੇ ਤਾਂ ਭੂਏ ਚੜ੍ਹਨਾ ਹੀ ਹੈ। ਇਨ੍ਹਾਂ ਗਾਇਕਾਂ ਨੂੰ ਵੀ ਪਤਾ ਲੱਗ ਗਿਆ ਹੈ ਕਿ ਅਸੀਂ ਕੀ ਸੁਣਨਾ ਪਸੰਦ ਕਰਦੇ ਹਾਂ।" ਗਿਆਨੀ ਨੇ ਕਿਹਾ।

"ਬਾਈ ਜੀ, ਅੱਜ ਕੱਲ੍ਹ ਸਿੱਪੀ ਗਿੱਲ ਦਾ ਬੜਾ ਰੌਲਾ ਪੈ ਰਿਹੈ। ਕਹਿੰਦੇ, ਗੁਰਦੁਆਰੇ ਦੇ ਸਪੀਕਰ ਵਿਚ ਬੋਲ ਕੇ ਕਹਿੰਦਾ ਹੈ ਕਿ ਫਲਾਣੇ ਪਿੰਡ ਵਾਲਾ ਗਿੱਲ ਆ ਗਿਆ, ਤੇ ਤੁਸੀਂ ਘਰੋ-ਘਰੀ ਅੰਦਰ ਵੜ ਜਾਓ, ਤੇ ਮੈਂ ਕੁੜੀ ਲਿਜਾਣੀ ਹੈ।" ਤਾਰੀ ਨੇ ਪੁੱਛਿਆ।

"ਬਾਈ ਜੀ, ਜਿਨ੍ਹਾਂ ਮੁਗਲਾਂ ਨੂੰ ਖਤਮ ਕਰਨ ਲਈ ਦਸਮੇਸ਼ ਪਿਤਾ ਜੀ ਨੇ ਆਪਣਾ ਸਾਰਾ ਪਰਿਵਾਰ ਵਾਰ ਦਿੱਤਾ ਸੀ, ਉਹੀ ਮੁਗਲ ਅੱਜ ਸਾਡੇ ਘਰਾਂ ਵਿਚ ਪੈਦਾ ਹੋ ਰਹੇ ਆ। ਅਸੀਂ ਮੁਗਲਾਂ ਕੋਲੋਂ ਕਿਹੜੀ ਗੱਲੋਂ ਘੱਟ ਹਾਂ? ਸ਼ਰਾਬ ਅਸੀਂ ਪੀਂਦੇ ਹਾਂ, ਮਾਸ ਅਸੀਂ ਖਾਂਦੇ ਹਾਂ, ਸਿਗਰਟ-ਬੀੜੀ ਹੈਰੋਇਨ ਅਸੀਂ ਪੀਂਦੇ ਹਾਂ, ਕੁੜੀਆਂ ਦੀਆਂ ਇੱਜ਼ਤਾਂ ਨਾਲ ਅਸੀਂ ਖੇਡਦੇ ਹਾਂ। ਕਿਹੜਾ ਵਿਆਹ -ਸ਼ਾਦੀ ਹੈ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਾਬ ਦੇ ਡੱਬੇ ਨਾ ਲੱਗਦੇ ਹੋਣ, ਤੇ ਕੁਇੰਟਲਾਂ ਦੇ ਹਿਸਾਬ ਨਾਲ ਮੀਟ ਨਾ ਵੱਢ ਹੋਇਆ ਹੋਵੇ? ਫਿਰ ਅਸੀਂ ਕਹਿੰਦੇ ਹਾਂ ਕਿ ਸੜਕਾਂ 'ਤੇ ਐਕਸੀਡੈਂਟ ਹੋਣ ਕਰ ਕੇ ਸਾਰਾ ਪਰਿਵਾਰ ਮਾਰਿਆ ਗਿਆ। ਜ਼ਿਆਦਾਤਰ ਐਕਸੀਡੈਂਟ ਮੈਰਿਜ ਪੈਲੇਸ ਦੀ ਕੁੱਖੋਂ ਹੀ ਨਿਕਲਦੇ ਆ। ਨਸ਼ੇ ਅਤੇ ਸੜਕਾਂ 'ਤੇ ਹੋ ਰਹੇ ਅਤਿਵਾਦ ਤੋਂ ਬਾਅਦ ਆਹ ਲੱਚਰਤਾ ਦਾ ਅਤਿਵਾਦ ਸਾਨੂੰ ਮਨੂੰ ਦੀ ਤਲਵਾਰ ਤੋਂ ਵੀ ਜ਼ਿਆਦਾ ਵੱਢ ਰਿਹੈ।" ਮਹਿਮਾ ਸਿੰਘ ਤਲਖੀ ਨਾਲ ਜਵਾਬ ਦੇ ਗਿਆ।

"ਤੁਹਾਡੀ ਗੱਲ ਸੱਚੀ ਹੈ ਬਾਈ ਜੀ, ਸਾਨੂੰ ਆਪ ਸਭ ਨੂੰ ਇਕੱਠੇ ਹੋ ਕੇ ਕੁਝ ਕਰਨਾ ਚਾਹੀਦਾ।" ਹਰਦੀਪ ਬੋਲਿਆ।

"ਅਸੀਂ ਕੁਝ ਨਹੀਂ ਕਰ ਸਕਦੇ, ਸਾਡੇ ਅੰਦਰ ਇਹ ਗੱਲ ਬੈਠ ਗਈ ਹੈ- ਮੈਨੂੰ ਕੀ ਹੈ, ਮਾੜਾ ਫਲਾਣੇ ਨਾਲ ਹੋਇਆ ਹੈ, ਮੇਰੇ ਨਾਲ ਨਹੀਂ! ਫਲਾਣੇ ਦਾ ਮੁੰਡਾ ਨਸ਼ੇ ਲੱਗ ਗਿਆ, ਮੈਨੂੰ ਕੀ! ਕਿਸੇ ਦੀ ਧੀ ਘਰੋਂ ਭੱਜ ਗਈ, ਤਾਂ ਮੈਨੂੰ ਕੀ! ਇਸ 'ਮੈਨੂੰ ਕੀ' ਨੂੰ ਅੰਦਰੋਂ ਕੱਢ ਕੇ ਸ਼ਮਸ਼ਾਨ ਵਿਚ ਮਚਾਉਣਾ ਪਊ, ਤੇ ਅੰਦਰ ਸਾਂਝ ਦਾ ਬੂਟਾ ਲਾਉਣਾ ਪਊ, ਏਕਤਾ ਦਾ ਬੀਜ ਬੀਜਣਾ ਪਊ। ਬਾਕੀ ਜਿਹੜੀ ਉਸ ਗਾਇਕ ਦੀ ਗੱਲ ਹੈ, ਉਹ ਇਕੱਲਾ ਕਸੂਰਵਾਰ ਨਹੀਂ; ਉਸ ਦੀ ਸਾਰੀ ਟੀਮ ਕਸੂਰਵਾਰ ਹੈ, ਤੇ ਨਾਲੇ ਉਹ ਪਿੰਡ ਵਾਲੇ ਵੀ ਜਿਨ੍ਹਾਂ ਨੇ ਉਸ ਨੂੰ ਸਭ ਕੁਝ ਕਰਨ ਦੀ ਇਜਾਜ਼ਤ ਦਿੱਤੀ ਸੀ।"

"ਜੇ ਪਿੰਡ ਵਿਚ ਸੰਤਾਂ-ਮਹਾਂਪੁਰਸ਼ਾਂ ਦਾ ਦੀਵਾਨ ਲਾਉਣਾ ਹੋਵੇ, ਤਾਂ ਪਿੰਡ ਵਾਲਿਆਂ ਕੋਲ ਨਾ ਪੈਸਾ ਹੈ ਤੇ ਨਾ ਥਾਂ; ਤੇ ਜਦੋਂ ਇਨ੍ਹਾਂ ਨੇ ਸ਼ੂਟਿੰਗ ਕਰਨੀ ਹੋਵੇ, ਤਾਂ ਅਸੀਂ ਭੱਜ-ਭੱਜ ਕਹਿੰਦੇ ਆਂ ਕਿ ਸਾਡੇ ਘਰ ਕਰ ਲਵੋ। ਜੇ ਤੁਹਾਨੂੰ ਕੁੜੀ ਦੀ ਲੋੜ ਹੋਵੇ ਤਾਂ ਸਾਡੀ ਧੀ ਹੈ, ਉਸ ਨੂੰ ਕੋਈ ਰੋਲ ਦੇ ਦੇਵੋ, ਉਹਨੂੰ ਵੀ ਐਕਟਿੰਗ ਦਾ ਸ਼ੌਕ ਹੈ। ਇਹ ਤਾਂ ਸਾਡਾ ਹਾਲ ਐ।" ਗਿਆਨੀ ਜੀ ਨੇ ਕਿਹਾ।

"ਜਿਹੜੀ ਅੱਜ ਦੀ ਜਵਾਨੀ ਹੈ, ਉਹ ਮਾੜੇ ਕੰਮ ਛੇਤੀ ਸਿੱਖ ਜਾਂਦੀ ਹੈ ਤੇ ਚੰਗੀ ਸਿੱਖਿਆ ਉਨ੍ਹਾਂ ਦੇ ਸਿਰ ਉਤੋਂ ਦੀ ਲੰਘ ਜਾਂਦੀ ਹੈ। ਬਾਕੀ ਜਿਹੋ ਜਿਹਾ ਸਾਡੇ ਘਰ ਅਤੇ ਆਲੇ-ਦੁਆਲੇ ਦਾ ਮਾਹੌਲ ਹੋਵੇਗਾ, ਉਸੇ ਤਰ੍ਹਾਂ ਦਾ ਅਸਰ ਬੱਚੇ 'ਤੇ ਪਵੇਗਾ।" ਇਕ ਹੋਰ ਬਾਈ ਨੇ ਹਾਜ਼ਰੀ ਲੁਆਈ।

"ਬਾਈ ਜੀ, ਮੈਂ ਤੁਹਾਨੂੰ ਇਕ ਸੱਚੀ, ਅੱਖੀਂ ਦੇਖੀ ਘਟਨਾ ਸੁਣਾਉਂਦਾ ਹਾਂ...ਪਿਛਲੇ ਸਾਲ ਮੈਨੂੰ ਮੰਗਣੀ ਸਮਾਗਮ 'ਤੇ ਜਾਣ ਦਾ ਮੌਕਾ ਮਿਲਿਆ। ਇਕ ਮੇਜ਼ 'ਤੇ ਅਸੀਂ ਛੇ-ਸੱਤ ਜਣੇ ਗੱਲਾਂ ਵਿਚ ਮਸਤ ਹੋ ਗਏ; ਕੁਝ ਇਧਰਲੀਆਂ ਤੇ ਕੁਝ ਵਤਨ ਦੀਆਂ ਗੱਲਾਂ। ਕੁਝ ਮਿੰਟਾਂ ਬਾਅਦ ਹਾਲ ਅੰਦਰ ਇਕ ਪਰਿਵਾਰ ਦਾਖਲ ਹੋਇਆ। ਪਰਿਵਾਰ ਦਾ ਮੋਹਰੀ ਬੰਦਾ ਪੂਰਾ ਗੁਰਸਿੱਖ, ਉਹਨੂੰ ਦੇਖ ਕੇ ਸਭ ਨਾਲੋਂ ਪਹਿਲਾਂ ਮੈਂ ਅੱਗੇ ਹੋ ਕੇ ਫਤਹਿ ਬੁਲਾਈ ਕਿ ਗੁਰੂ ਦਾ ਸਿੱਖ ਆਇਆ ਹੈ, ਹਾਲਾਂਕਿ ਮੈਂ ਉਹਨੂੰ ਜਾਣਦਾ ਨਹੀਂ ਸੀ। ਫਿਰ ਸਾਡੇ ਮੇਜ਼ ਵਾਲਿਆਂ ਨੇ 'ਹੈਲੋ' 'ਹਾਏ' ਕਹਿ ਕੇ ਹਾਲ ਪੁੱਛਿਆ। ਸਾਡੇ ਮੇਜ਼ 'ਤੇ ਮੈਂ ਹੀ ਵੈਸ਼ਨੂੰ ਸੀ। ਮੈਂ ਸੋਚਿਆ, ਇਹ ਬਾਈ ਆ ਗਿਆ, ਚਲੋ ਅਸੀਂ ਹੁਣ ਦੋ ਹੋ ਜਾਵਾਂਗੇ। ਜਦੋਂ ਬਾਈ ਚਾਹ ਲੈ ਕੇ ਆਇਆ, ਨਾਲ ਪਲੇਟ, ਤਾਂ ਪਲੇਟ ਵਿਚ ਮੁਰਗੇ ਦੀਆਂ ਲੱਤਾਂ ਤੇ ਮੱਛੀ ਦੇ ਪਕੌੜੇ!...ਨਾ ਕੋਈ ਬਰਫੀ ਦਾ ਟੁੱਕ, ਨਾ ਗੁਲਾਬ ਜਾਮਣ। ਮੈਂ ਹੈਰਾਨ, ਕਿ ਇਹ ਤਾਂ ਮਾਮਲਾ ਹੀ ਕੁਝ ਹੋਰ ਨਿਕਲਿਆ। ਗੱਲਾਂ ਕਰਦਿਆਂ ਤੇ ਖਾਂਦਿਆਂ ਕਈ ਵਾਰ ਮੀਟ ਦੇ ਟੁਕੜੇ ਉਸ ਦੀ ਦਾੜ੍ਹੀ ਵਿਚ ਡਿੱਗਦੇ ਰਹੇ ਤੇ ਉਹ ਲਿਬੜੇ ਹੱਥਾਂ ਨਾਲ ਝਾੜ ਲੈਂਦਾ...ਪਹਿਲਾ ਲੋਡ ਖਤਮ ਕਰ ਕੇ ਉਹ ਦੂਜਾ ਭਰ ਲਿਆਇਆ। ਬੈਠਦਿਆਂ ਹੀ ਉਸ ਨੇ ਗਲ ਨੂੰ ਬੰਨ੍ਹੀ ਟਾਈ ਢਿੱਲੀ ਕਰ ਲਈ। ਮੈਨੂੰ ਤਾਂ ਗੱਲਾਂ ਹੀ ਭੁੱਲ ਗਈਆਂ ਉਸ ਬਾਈ ਨੂੰ ਦੇਖ ਕੇ। ਮੈਂ ਦੇਖਾਂ 'ਤਾਂਹ-ਠਾਂਹ, ਕਿ ਗੁਰਸਿੱਖੀ ਵਾਲਾ ਸਰੂਪ ਤੇ ਆਹ...?' ਮੈਨੂੰ ਪੱਕਾ ਯਕੀਨ ਹੋ ਗਿਆ ਕਿ ਇਹ ਸ਼ਰਾਬ ਵੀ ਪੀਂਦਾ ਹੋਊ। ਚਲੋ ਜੀ, ਮੰਗਣੀ ਦੀ ਰਸਮ ਸ਼ੁਰੂ ਹੋ ਰਹੀ ਸੀ, ਇਕ ਖੂੰਜੇ ਸ਼ਰਾਬ ਦੀ ਬਾਰ ਵੀ ਖੁੱਲ੍ਹ ਚੁੱਕੀ ਸੀ। ਫਿਰ ਹੋਈ ਉਹੀ ਗੱਲ...ਬਾਈ ਭਰ ਲਿਆਇਆ ਗਲਾਸ। ਇਕ...ਦੋ...ਫਿਰ ਕੋਈ ਗਿਣਤੀ ਨਹੀਂ, ਤੇ ਬਾਈ ਹੋਰੀਂ ਹੋ ਗਏ ਟੱਲੀ। ਕੋਟ ਲਾਹ ਕੇ ਸੁੱਟ'ਤਾ, ਫਿਰ ਟਾਈ ਵੀ ਲਾਹ ਦਿੱਤੀ। ਬਾਈ ਦੀਆਂ ਮੁਟਿਆਰ ਧੀਆਂ ਉਸ ਦੇ ਕੱਪੜੇ ਸਾਂਭਦੀਆਂ ਫਿਰਨ। ਮੈਂ ਡਰਦਾ ਸੀ ਕਿ ਜਿਸ ਤਰ੍ਹਾਂ ਬਾਈ ਨੱਚ-ਟੱਪ ਰਿਹਾ ਹੈ, ਇਹਦੀ ਪੱਗ ਵੀ ਲਹਿ ਜਾਣੀ ਹੈ! ਫਿਰ ਸੱਚੀਂ ਹੀ ਬਾਈ ਦੀ ਸਜਾਈ ਸੋਹਣੀ ਦਸਤਾਰ ਗਲ ਵਿਚ ਪੈ ਗਈ। ਬਾਈ ਦਾ ਪਰਿਵਾਰ ਉਹਨੂੰ ਧੂਹ ਕੇ ਬਾਹਰ ਕਾਰ ਵਿਚ ਸੁੱਟ ਕੇ ਤੁਰ ਗਿਆ। ਮੈਂ ਹੈਰਾਨ ਹੀ ਰਹਿ ਗਿਆ। ਉਪਰਲਾ ਬਾਣਾ ਜਿੰਨਾ ਮਰਜ਼ੀ ਦਿਖਾਉਣ, ਪਰ ਲੋੜ ਹੈ ਅੰਦਰਲੇ ਬਾਣੇ ਨੂੰ ਸ਼ੁੱਧ ਕਰਨ ਦੀ।"

ਮੈਂ ਆਪਣੀ ਗੱਲ ਸੁਣਾ ਦਿੱਤੀ।

"ਇਕ ਤਾਂ ਪੰਜਾਬ ਵਿਚ ਮਸਤ ਬੜੇ ਪੈਦਾ ਹੋ ਗਏ ਨੇ, ਕੀ ਬਣੂ ਸਾਡੇ ਪੰਜਾਬ ਦਾ?" ਮਹਿਮਾ ਸਿੰਘ ਨੇ ਰੰਜ ਨਾਲ ਪੁੱਛਿਆ।



ਗਾਇਕ ਸਿੱਪੀ ਗਿੱਲ

'ਸੇਰ ਡੇਰਿਆਂ ਅਤੇ ਮਸਤਾਂ ਦੀ ਜਗ੍ਹਾ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਇਹ ਸਿਆਸਤੀ ਬੰਦਿਆਂ ਵਲੋਂ ਬਣਾਏ ਗਏ ਹਨ, ਪਰ ਮੈਂ ਨਹੀਂ ਦੇਖਿਆ ਕਦੇ, ਸਿਆਸਤੀ ਬੰਦਾ ਘਰ-ਘਰ ਆ ਕੇ ਕਹਿੰਦਾ ਹੋਵੇ ਕਿ ਤੁਸੀਂ ਫਲਾਣੇ ਡੇਰੇ ਜਾਓ, ਜਾਂ ਫਲਾਣੇ ਮਸਤਾਂ ਦੇ ਜਾਓ; ਸਗੋਂ ਅਸੀਂ ਆਪ ਜਾਂਦੇ ਹਾਂ। ਜਦੋਂ ਅਸੀਂ ਜਾਣਾ ਛੱਡ ਦੇਵਾਂਗੇ, ਡੇਰੇ ਪੱਤਿਆਂ ਨਾਲ ਥੋੜ੍ਹਾ ਚਲਣੇ ਹਨ, ਹਰ ਧਾਰਮਿਕ ਥਾਂ ਚੜ੍ਹਾਵੇ ਨਾਲ ਹੀ ਚੱਲਦੀ ਹੈ। ਸ਼ਰਧਾਲੂ ਮਨ ਦੀ ਸ਼ਾਂਤੀ ਤੇ ਪਰਿਵਾਰ ਦੀ ਸੁੱਖ-ਸਾਂਦ ਦੇ ਚੱਕਰਾਂ ਵਿਚ ਪੈ ਕੇ ਇਨ੍ਹਾਂ ਦੀਆਂ ਦਹਿਲੀਜ਼ਾਂ 'ਤੇ ਨੱਕ ਰਗੜ ਰਹੇ ਹਨ। ਬੰਦਾ ਥਾਂ-ਥਾਂ ਰੱਬ ਲੱਭਦਾ ਫਿਰਦਾ ਹੈ।" ਗਿਆਨੀ ਨੇ ਜਵਾਬ ਦਿੱਤਾ।

"ਬਾਈ, ਅਸੀਂ ਸਾਰੇ ਅਮਰੀਕਾ ਦੀ ਧਰਤੀ 'ਤੇ ਗੁਰਦੁਆਰੇ ਖੜ੍ਹੇ ਆਂ, ਸੱਚ ਦੱਸਿਓ...ਅਸੀਂ ਆਪਣੇ ਪਿੰਡਾਂ ਦੇ ਗਰੀਬ ਪਰਿਵਾਰਾਂ ਲਈ ਕੀ ਕੀਤਾ? ਕਦੇ ਸੋਚਿਆ ਕਿ ਇਹ ਪਰਿਵਾਰ ਡੇਰਿਆਂ ਤੇ ਸਾਧਾਂ ਕੋਲੋਂ ਕੀ ਲੈਣ ਜਾਂਦੇ ਆ?" ਮੈਂ ਸਵਾਲ ਕੀਤਾ।

ਸਾਰੇ ਜਣੇ ਚੁੱਪ ਹੋ ਗਏ।

"ਅਸੀਂ ਬਾਹਰੋਂ ਜਾਂਦੇ ਹਾਂ, ਸਾਡਾ ਗੁੱਸਾ ਹੁੰਦਾ ਹੈ ਕਿ ਸਾਨੂੰ ਕੋਈ ਬੁਲਾਉਂਦਾ ਨਹੀਂ, ਹੁਣ ਪਿਆਰ ਘਟ ਗਿਆ ਹੈ, ਸਾਨੂੰ ਕੋਈ ਮਿਲਣ ਨਹੀਂ ਆਇਆ...ਓਏ ਭਰਾਵੋ, ਸਗੋਂ ਅਸੀਂ ਮਹਿੰਗੀਆਂ ਟਿਕਟਾਂ ਲੈ ਕੇ ਉਨ੍ਹਾਂ ਨੂੰ ਮਿਲਣ ਜਾਂਦੇ ਹਾਂ।" ਹਰਦੀਪ ਬੋਲਿਆ।

"ਸਾਡੇ ਪਿੰਡ ਦਾ ਇਕ ਬੰਦਾ ਸਾਲ ਬਾਅਦ ਪਿੰਡ ਜਾਂਦਾ ਹੈ। ਲੋਕ ਛੇ ਮਹੀਨੇ ਪਹਿਲਾਂ ਹੀ ਪੁੱਛਣ ਲੱਗ ਜਾਂਦੇ ਹਨ- 'ਬੇਬੇ ਜੀ, ਹਰਪਾਲ ਸਿਉਂ ਨੇ ਕਦੋਂ ਆਉਣਾ ਹੈ?' ਸਾਡੇ ਪਿੰਡ ਦੇ ਹੋਰ ਬੰਦੇ ਵੀ ਬਹੁਤ ਜਾਂਦੇ ਹਨ, ਪਰ ਕੋਈ ਨਹੀਂ ਪੁੱਛਦਾ। ਹਰਪਾਲ ਸਿਉਂ ਜਾਂਦਾ ਹੈ, ਤਾਂ ਕਿਸੇ ਨੂੰ ਦਵਾਈ ਲਈ ਪੈਸੇ ਦਿੰਦਾ ਹੈ, ਕਿਸੇ ਨੂੰ ਕੱਪੜੇ ਲੈ ਦਿੰਦਾ ਹੈ, ਤੇ ਕਿਸੇ ਦੀ ਛੱਤ ਪਾ ਦਿੰਦਾ ਹੈ। ਉਸ ਦੀ ਕੋਠੀ ਦੇ ਵਿਹੜੇ ਵਿਚ ਦੋ-ਚਾਰ ਬੰਦੇ ਬੈਠੇ ਹੀ ਰਹਿੰਦੇ ਹਨ। ਕਈ ਤਾਂ ਕਹਿਣਗੇ, 'ਅਸੀਂ ਰੱਬ ਤਾਂ ਦੇਖਿਆ ਨਹੀਂ, ਪਰ ਸਾਡਾ ਰੱਬ ਤਾਂ ਤੂੰ ਹੀ ਹੈਂ।' ਹਰਪਾਲ ਸਿੰਘ ਕੋਲ ਚੋਖਾ ਕਿੱਲੇ ਜ਼ਮੀਨ ਹੈ, ਜ਼ਮੀਨ ਦਾ ਸਾਰਾ ਮਾਮਲਾ ਉਹ ਪਿੰਡ ਹੀ ਖਰਚ ਆਉਂਦਾ ਹੈ। ਉਸ ਦੀ ਬੇਬੇ ਦੱਸਦੀ ਸੀ ਕਿ ਲੋਕ ਪੰਜ ਮਹੀਨੇ ਪਹਿਲਾਂ ਪੁੱਛਦੇ ਰਹਿੰਦੇ ਆ ਕਿ ਕਦੋਂ ਆਉਣਾ; ਤੇ ਪੰਜ ਮਹੀਨੇ ਪਿਛੋਂ ਪੁੱਛੀ ਜਾਂਦੇ ਨੇ ਕਿ ਪਾਲ ਚਲਿਆ ਗਿਆ? ਗਰੀਬਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੋਣ ਕਰ ਕੇ ਹਰਪਾਲ ਸਿੰਘ ਪੂਰਾ ਸਾਲ ਲੋਕਾਂ ਦੀਆਂ ਧੜਕਣਾਂ ਵਿਚ ਧੜਕਦਾ ਰਹਿੰਦਾ ਹੈ।" ਮਹਿਮਾ ਸਿੰਘ ਨੇ ਕਿਹਾ।

"ਬਾਈ ਜੀ, ਪ੍ਰਸ਼ਾਦਾ ਵੀ ਤਿਆਰ ਹੈ, ਛਕ ਕੇ ਜਾਇਓ।" ਇਕ ਬਾਈ ਨੇ ਨਿਮਰਤਾ ਨਾਲ ਸੁਨੇਹਾ ਦਿੱਤਾ। ਅਸੀਂ ਸਾਰੇ ਜਣੇ ਪ੍ਰਸ਼ਾਦਾ ਛਕਣ ਲੰਗਰ ਹਾਲ ਵੱਲ ਹੋ ਤੁਰੇ।

"ਕੁਲਾਰ ਬਾਈ, ਤੈਨੂੰ ਪਤੈ...ਮੈਂ ਆਪਣੀ ਧੀ ਦਾ ਵਿਆਹ ਤਾਂ ਆਪਣੀ ਮਰਜ਼ੀ ਨਾਲ ਬੜੀ ਸਾਦਗੀ ਤੇ ਭਾਈਚਾਰਕ ਸਾਂਝ ਨਾਲ ਕਰ ਆਇਆ ਹਾਂ, ਪਰ ਪੁੱਤਰ ਉਹ ਸਭ ਕੁਝ ਕਰਨਾ ਚਾਹੁੰਦਾ ਹੈ ਜਿਸ ਦੀ ਆਪਾਂ ਚੁੰਝ-ਚਰਚਾ ਕੀਤੀ ਹੈ।" ਮਹਿਮਾ ਸਿੰਘ ਨੇ ਤੁਰੇ ਜਾਂਦਿਆਂ ਮੇਰੇ ਕੰਨ ਕੋਲ ਮੂੰਹ ਕਰ ਕੇ ਦੱਸਿਆ।

"ਬਾਈ ਜੀ, ਤੁਸੀਂ ਕਿਵੇਂ ਵਿਆਹ ਕਰਨਾ ਚਾਹੁੰਦੇ ਹੋ?" ਮੈਂ ਪੁੱਛਿਆ।

"ਗੁਰਸਿੱਖ ਪਰਿਵਾਰ ਦੀ ਪੜ੍ਹੀ-ਲਿਖੀ ਧੀ ਹੋਵੇ, ਸਾਦਾ ਜਿਹਾ ਪਰਿਵਾਰ ਹੋਵੇ, ਅੱਜ ਦੀ ਕਲਯੁੱਗੀ ਅੱਗ ਦੇ ਸੇਕ ਤੋਂ ਬਚਿਆ ਹੋਵੇ, ਕੋਈ ਦਾਜ-ਦਹੇਜ ਨਹੀਂ, ਗੁਰਦੁਆਰੇ ਅਨੰਦ ਕਾਰਜ ਹੋ ਜਾਣ, ਤੇ ਅਸੀਂ ਚਾਹ ਪੀ ਕੇ ਡੋਲੀ ਘਰ ਲੈ ਆਈਏ। ਨਾ ਆਪ ਔਖੇ ਹੋਈਏ, ਤੇ ਨਾ ਹੀ ਧੀ ਵਾਲੇ ਔਖੇ ਹੋਣ।" ਮਹਿਮਾ ਸਿੰਘ ਨੇ ਆਪਣੇ ਦਿਲ ਦੀ ਸੁਣਾ ਦਿੱਤੀ।

"ਤੁਹਾਡਾ ਪੁੱਤਰ ਕਿਹੋ ਜਿਹਾ ਵਿਆਹ ਕਰਵਾਉਣਾ ਚਾਹੁੰਦਾ?" ਮੈਂ ਫਿਰ ਪੁੱਛਿਆ।

"ਪੁੱਤ ਕਹਿੰਦਾ, ਪਹਿਲਾਂ ਮੰਗਣਾ ਵੀ ਪੈਲੇਸ ਵਿਚ ਕਰਵਾਉਣਾ ਹੈ। ਗਾਉਣ ਵਾਲਾ ਵੀ ਲਵਾਉਣਾ ਹੈ। ਫਿਰ ਵਿਆਹ ਵੀ ਵਧੀਆ ਪੈਲੇਸ ਵਿਚ ਕਰਵਾਉਣਾ ਹੈ ਤੇ ਉਥੇ ਹੋਰ ਗਾਉਣ ਵਾਲਾ ਲਵਾਉਣਾ ਹੈ। ਦਾਜ ਵਿਚ ਵਧੀਆ ਗੱਡੀ ਲੈਣੀ ਹੈ। ਸੋਨਾ ਵੀ ਲੈਣਾ ਹੈ। ਇਹ ਪੁੱਤ ਦੀ ਮੰਗ ਹੈ।"

"ਇਸ ਤਰ੍ਹਾਂ ਕਿਉਂ ਕਹਿੰਦਾ ਹੈ?" ਮੈਂ ਦੁਬਾਰਾ ਪੁੱਛਿਆ।

"ਪੁੱਤ ਕਹਿੰਦਾ, ਮੇਰਾ ਮਿੱਤਰ ਇੰਡੀਆ ਵਿਆਹ ਕਰਵਾ ਕੇ ਆਇਆ ਸੀ...ਸਾਦਾ ਵਿਆਹ ਕੀਤਾ, ਕੋਈ ਦਾਜ-ਦਹੇਜ ਨਹੀਂ ਲਿਆ, ਤੇ ਕੁੜੀ ਅਮਰੀਕਾ ਆਈ, ਗਰੀਨ ਕਾਰਡ ਲੈ ਕੇ ਫਰਾਰ ਹੋ ਗਈ। ਜੇ ਸਾਡੇ ਨਾਲ ਵੀ ਇੰਜ ਹੋਇਆ ਤਾਂ ਸਾਡੇ ਕੋਲ ਘੱਟੋ-ਘੱਟ ਪੰਜਾਹ ਲੱਖ ਦਾ ਸਮਾਨ ਤਾਂ ਬਚ ਜਾਊ। ਗਰੀਨ ਕਾਰਡ ਮੁਫ਼ਤ ਤਾਂ ਨਹੀਂ ਜਾਊ।" ਮਹਿੰਗਾ ਸਿੰਘ ਨੇ ਪੁੱਤ ਦੀ ਸਕੀਮ ਸੁਣਾਈ।

"ਉਹਨੂੰ ਪੁੱਛਿਓ, ਆਪਣਾ ਜਵਾਈ ਤਾਂ ਭੱਜਿਆ ਨਹੀਂ, ਉਹ ਵੀ ਤਾਂ ਇੰਡੀਆ ਤੋਂ ਲਿਆਂਦਾ ਸੀ।" ਮੈਂ ਕਿਹਾ।

"ਆਹ ਗੱਲ ਮੈਂ ਵੀ ਪੁੱਛੀ ਸੀ। ਕਹਿੰਦਾ, 'ਉਹਨੂੰ ਕਿਹੜਾ ਪੰਜ ਸਾਲ ਹੋ ਗਏ ਨੇ, ਦੋ ਸਾਲ ਹੀ ਹੋਏ ਨੇ ਆਏ ਨੂੰ। ਕੀ ਪਤਾ ਕਦੋਂ ਉਡਾਰੀ ਮਾਰ ਜਾਵੇ?' ਮੈਂ ਕਿਹਾ, 'ਪੁੱਤਰਾ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ। ਲਾਣੇ-ਘਰਾਣੇ ਦਾ ਫਰਕ ਹੁੰਦਾ ਹੈ। ਆਪਾਂ ਤੇਰਾ ਵਧੀਆ ਖਾਨਦਾਨ ਵਿਚ ਵਿਆਹ ਕਰਾਂਗੇ', ਪਰ ਯਾਰ ਮੰਨਦਾ ਹੀ ਨਹੀਂ।" ਮਹਿੰਗਾ ਸਿੰਘ ਨੇ ਕਿਹਾ।

"ਬਾਈ ਜੀ, ਦੇਖ ਲਵੋ ਆਪਾਂ ਦੋਹਾਂ ਪਾਸਿਆਂ ਤੋਂ ਮਾਰੇ ਗਏ। ਪਹਿਲਾਂ ਮਾਪਿਆਂ ਦੀ ਗਰੀਬੀ ਕਰ ਕੇ ਨਾ ਚੰਗਾ ਹੰਢਾਇਆ, ਤੇ ਨਾ ਚੰਗਾ ਖਾਧਾ। ਜਦੋਂ ਮਾਪਿਆਂ ਦੀ ਗਰੀਬੀ ਵਿਹੜੇ ਵਿਚੋਂ ਕੱਢੀ, ਤਾਂ ਹੁਣ ਆਪਣੇ ਬੱਚਿਆਂ ਦੀ ਜ਼ਿੱਦ ਅੱਗੇ ਗੋਡੇ ਟੇਕਣੇ ਪੈ ਰਹੇ ਹਨ। ਅਸੀਂ ਤਾਂ ਬੱਸ ਇਸ ਗੱਲ ਵਿਚ ਹੀ ਮਾਰੇ ਗਏ ਕਿ ਲੋਕ ਕੀ ਕਹਿਣਗੇ? ਜੇ ਸਭ ਕੁਝ ਕਰਦੇ ਹਾਂ, ਤਾਂ ਸਾਡਾ ਨਾਮ ਵੀ ਉਨ੍ਹਾਂ ਦੀ ਲਿਸਟ ਵਿਚ ਲਿਖਿਆ ਜਾਊ ਜੋ ਸਟੇਜਾਂ 'ਤੇ ਕੁੜੀਆਂ ਨਚਾਉਂਦੇ ਹਨ। ਜੇ ਨਹੀਂ ਕਰਦੇ ਤਾਂ ਬੱਚਿਆਂ ਨੇ ਕਹਿਣਾ ਕਿ ਇਸ ਨਾਲੋਂ ਤਾਂ ਚੰਗਾ ਹੁੰਦਾ ਮੇਰਾ ਬਾਪ ਹੀ ਨਾ ਹੁੰਦਾ, ਮੈਂ ਆਪਣੀ ਮਰਜ਼ੀ ਕਰ ਲੈਂਦਾ। ਕੋਈ ਵੀ ਮਾਂ-ਬਾਪ ਇਹ ਨਹੀਂ ਚਾਹੁੰਦਾ ਕਿ ਬਦਨਾਮੀ ਦਾ ਦਾਗ ਉਹਦੀ ਪੱਗ ਨੂੰ ਲੱਗੇ, ਪਰ ਇਥੇ ਦੇ ਜੰਮੇ-ਪਲੇ ਇਸ ਗੱਲ ਨੂੰ ਮੰਨਦੇ ਹੀ ਨਹੀਂ; ਜਾਂ ਫਿਰ ਜੋ ਕੁਝ ਉਹ ਚਾਹੁੰਦੇ ਹਾਂ, ਅਸੀਂ ਨਹੀਂ ਮੰਨਦੇ। ਸੱਚ ਤਾਂ ਇਹ ਹੈ ਕਿ ਸਾਰੇ ਅੰਦਰੋ-ਅੰਦਰੀ ਤੌੜੀ ਪਏ ਸਾਗ ਵਾਂਗ ਰਿੱਝੀ ਜਾਂਦੇ ਹਨ।" ਮੈਂ ਆਪਣੀ ਅਕਲ ਮੁਤਾਬਕ ਸੁਣਾ ਦਿੱਤੀ।

ਗੱਲਾਂ ਕਰਦੇ ਅਸੀਂ ਪ੍ਰਸ਼ਾਦਾ ਛਕਣ ਲਗ ਪਏ। ਸਾਡੀ ਚੁੰਝ-ਚਰਚਾ ਕਈ ਸਵਾਲਾਂ ਦੇ ਜਵਾਬ ਦੇ ਗਈ, ਤੇ ਕਈ ਸਵਾਲ ਖੜ੍ਹੇ ਕਰ ਗਈ, ਪਰ ਮੈਂ ਸੋਚਦਾ ਰਿਹਾ ਕਿ ਸਾਨੂੰ ਲੱਚਰਤਾ ਆਪਣੇ ਵਿਹੜਿਆਂ ਵਿਚੋਂ ਪਹਿਲਾਂ ਹੂੰਝਣੀ ਚਾਹੀਦੀ ਹੈ। ਮਾੜਾ ਦੇਖਣਾ ਤੇ ਮਾੜਾ ਸੁਣਨਾ ਪਹਿਲਾਂ ਬੰਦ ਕਰਨਾ ਪਊ। ਆਪਣਾ ਸੁਆਦ ਬਦਲਣਾ ਪਊ। ਫਿਰ ਬੇਸ਼ਕ ਜਿੰਨੇ ਮਰਜ਼ੀ ਕੁੱਤੇ ਭੌਂਕੀ ਜਾਣ, ਹਾਥੀ ਨੇ ਆਪਣੀ ਚਾਲ ਚੱਲੀ ਜਾਣਾ ਹੁੰਦਾ ਹੈ।

# ਗੁਰਬਤ ਵੱਲ ਵਧਦਾ ਹੋਇਆ ਪੰਜਾਬ

ਕਿਸੇ ਸਮੇਂ ਪੰਜਾਬ ਪੰਜ ਦਰਿਆਵਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਸੀ। ਇਹ ਧਰਤੀ ਗੁਰੂਆਂ, ਪੀਰਾਂ-ਪੈਗੰਬਰਾਂ, ਯੋਧਿਆਂ, ਅਣਖੀ ਸੂਰਬੀਰਾਂ, ਧੀਆਂ-ਭੈਣਾਂ ਦੀ ਰਖਵਾਲੀ ਕਰਨ ਵਾਲਿਆਂ ਦੀ ਸੀ। ਪੰਜਾਬ ਦੇ ਗੱਭਰੂਆਂ ਦੇ ਕਿੱਸੇ ਲੋਕ ਆਪਣੇ ਬੱਚਿਆਂ ਨੂੰ ਦੱਸਦੇ ਸਨ। ਅੰਨ ਦੀ ਬਹੁਮੁੱਲੀ ਪੈਦਾਵਾਰ ਦੀ ਸਿਫਤ ਸਾਰੇ ਜੱਗ ਵਿਚ ਹੁੰਦੀ ਸੀ। ਆਬੋ ਹਵਾ ਦੀ ਮਹਿਕ ਦਿਲ ਤੇ ਦਿਮਾਗ ਨੂੰ ਤਰੋ-ਤਾਜ਼ਾ ਰੱਖਦੀ ਸੀ। ਇਤਿਹਾਸ ਗਵਾਹ ਹੈ, ਸਾਡਾ ਵਿਰਸਾ ਬੇਹੱਦ ਅਮੀਰ ਤੇ ਕਾਬਲੇ ਤਾਰੀਫ ਸੀ ਪਰ ਪੰਜਾਬ ਹੁਣ ਨਜ਼ਰਾਂ ਨੇ ਖਾ ਲਿਆ ਹੈ। ਹਰ ਖੇਤਰ ਵਿਚੋਂ ਬੇਹੱਦ ਪਛੜ ਚੁੱਕਾ ਪੰਜਾਬ ਬਰਬਾਦੀ ਵਲ ਵੱਧ ਰਿਹਾ ਹੈ। ਸਭ ਤੋਂ ਵੱਡੀ ਸੱਟ ਤਾਂ ਬੇਰੁਜ਼ਗਾਰੀ ਤੇ ਨਸ਼ੇ ਦੀ ਹੈ। 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਮੁਤਾਬਕ ਪੜ੍ਹੇ-ਲਿਖਿਆਂ ਦੀ ਪ੍ਰਤੀਸ਼ਤਤਾ 76.7% ਸੀ। ਨਸ਼ਿਆਂ ਦੇ ਨਾਗ ਨੇ ਪੰਜਾਬ ਦਾ ਕਰੀਬ ਕਰੀਬ ਹਰ ਘਰ ਡੰਗ ਲਿਆ ਹੈ, ਤੇ ਨਸ਼ਾ ਛੁਡਾਊ ਕੇਂਦਰ/ਕੈਂਪ ਵੀ ਬਹੁਤੇ ਕਾਰਗਰ ਸਾਬਤ ਨਹੀਂ ਹੋ ਰਹੇ। ਜਿਸ ਜਵਾਨੀ ਨੇ ਪੰਜਾਬ ਦਾ ਭਵਿੱਖ ਸੰਭਾਲਣਾ ਸੀ, ਨਸ਼ਿਆਂ ਅਤੇ ਬੇਰੁਜ਼ਗਾਰੀ ਕਾਰਨ ਉਹਨੂੰ ਖੁਦ ਸਹਾਰੇ ਦੀ ਲੋੜ ਪੈ ਰਹੀ ਹੈ। ਜਿਸ ਪੰਜਾਬ ਦਾ ਇਹ ਹਾਲ ਹੋਵੇ, ਉਹ ਉਜਾੜੇ ਦੇ ਰਾਹ ਹੀ ਪਵੇਗਾ, ਤਰੱਕੀ ਦੀ ਆਸ ਕਿਥੋਂ ਰੱਖੀਏ?

ਸਰਕਾਰਾਂ ਰੁਜ਼ਗਾਰ ਦੇਣ ਵਿਚ ਪਛੜ ਗਈਆਂ ਹਨ। ਸੋ, ਨਵੀਂ ਪਨੀਰੀ ਬੇਹੱਦ ਮਾਯੂਸੀ ਦੇ ਆਲਮ ਵਿਚੋਂ ਗੁਜ਼ਰ ਰਹੀ ਹੈ। ਸ਼ਾਇਦ ਸਿਆਸੀ ਨੇਤਾਵਾਂ ਲਈ ਇਹੋ ਦਾਅ ਫਿਟ ਬੈਠਦਾ ਹੈ ਕਿ ਨੌਜਵਾਨ ਕੁਰਾਹੇ ਹੀ ਪਏ ਰਹਿਣ ਤੇ ਮਾਨਸਿਕ ਤਣਾਓ ਹੇਠ ਦੱਬੇ ਰਹਿਣ।

ਖੇਤੀ ਸੈਕਟਰ ਵਿਚ ਵੀ ਪੰਜਾਬ ਬੇਹੱਦ ਪਛੜ ਚੁੱਕਾ ਹੈ। ਕਿਸਾਨ ਮੌਸਮ ਦੀ ਮਾਰ ਤੇ ਸਰਕਾਰਾਂ ਦੀ ਬੇਰੁਖੀ ਦਾ ਸ਼ਿਕਾਰ ਹਨ। ਲਾਗਤ ਦਾ ਸਹੀ ਮੁੱਲ ਨਹੀਂ ਮਿਲ ਰਿਹਾ। ਸਰਮਾਏਦਾਰੀ ਕਿਸਾਨ ਨੂੰ ਚਿੱਟੇ ਦਿਨ ਲੁੱਟ ਰਹੀ ਹੈ। ਨਤੀਜਨ ਕਿਸਾਨ ਖੁਦਕੁਸ਼ੀਆਂ ਦੇ ਰਾਹ ਪੈ ਰਹੇ ਹਨ। ਕੀੜੇ ਮਾਰ ਦਵਾਈਆਂ ਦੇ ਵੱਧ ਛਿੜਕਾਅ ਕਾਰਨ ਕਿਸਾਨ ਕਰਜ਼ੇ ਦੇ ਬੋਝ ਹੇਠ ਤਾਂ ਹਨ ਹੀ, ਜ਼ਮੀਨ ਦੀ ਉਪਜਾਊ ਸ਼ਕਤੀ ਵੀ ਗੁਆਈ ਜਾ ਰਹੇ ਹਨ। ਇਸ ਵਰਤਾਰੇ ਵਿਚ ਪੰਜਾਬ ਵਾਸੀ ਸਿਹਤਮੰਦ ਨਾ ਰਹਿ ਕੇ, ਕਿਸੇ ਨਾ ਕਿਸੇ ਬਿਮਾਰੀ ਦੇ ਸ਼ਿਕਾਰ ਹਨ। ਧਰਤੀ ਵਿਚਲਾ ਪਾਣੀ ਦੂਸ਼ਿਤ ਹੋ ਚੁੱਕਾ ਹੈ। ਸੀਵਰੇਜ ਦੇ ਪਾਣੀ ਦੀ ਕੋਈ ਨਿਕਾਸੀ ਨਹੀਂ। ਪਿੰਡਾਂ ਦੀਆਂ ਸੜਕਾਂ ਦੀ ਹਾਲਤ ਖਸਤਾ ਹੈ। ਸਰਕਾਰੀ ਸਕੂਲ ਰੱਬ ਆਸਰੇ ਚੱਲ ਰਹੇ ਹਨ। ਪਿੰਡ ਪਿੰਡ ਸ਼ਰਾਬ ਖੁੱਲ੍ਹ ਗਏ, ਨਸ਼ੇ ਖੁੱਲ੍ਹੇਆਮ ਵਿਕ ਰਹੇ ਹਨ। ਫਿਰ ਵੀ ਸਿਆਸਤਦਾਨ ਇਹੋ ਢੌਂਡੀ ਪਿੱਟੀ ਜਾ ਰਹੇ ਹਨ ਕਿ ਪੰਜਾਬ ਤਰੱਕੀ ਕਰ ਰਿਹਾ ਹੈ। ਵਾਤਾਵਰਨ ਦੀ ਤਾਂ ਪੰਜਾਬੀਆਂ ਨੂੰ ਪਰਵਾਹ ਹੀ ਨਹੀਂ ਰਹੀ। ਸਰਕਾਰਾਂ ਦੀ ਤਾਂ ਗੱਲ ਛੱਡੀਏ, ਅਸੀਂ ਪੰਜਾਬੀ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਹਾਂ। ਸਨਅਤੀ ਖੇਤਰਾਂ ਅਤੇ ਰਿਹਾਇਸ਼ੀ ਖੇਤਰਾਂ ਵਿਚ ਲੱਗੀਆਂ ਸਨਅਤਾਂ ਨੇ ਲੋਕਾਂ ਨੂੰ ਕਈ ਬਿਮਾਰੀਆਂ ਦੇ ਮਰੀਜ਼ ਬਣਾ ਦਿੱਤਾ ਹੈ। ਮੁਲਾਜ਼ਮ ਆਪਣੇ ਹੱਕਾਂ ਲਈ ਨਿੱਤ ਧਰਨੇ ਲਾ ਰਹੇ ਹਨ। ਹਾਲ ਇਹ ਹੈ ਕਿ ਇਕ ਜਥੇਬੰਦੀ ਧਰਨਾ ਚੁੱਕਦੀ ਹੈ ਤਾਂ ਦੂਜੀ ਲਾ ਦਿੰਦੀ ਹੈ।

ਕਰਜ਼ਈ ਪੰਜਾਬ ਨੂੰ ਖੁਸ਼ਹਾਲੀ ਵੱਲ ਮੋੜਨ ਦੀ ਬਜਾਏ ਸਿਆਸਤਦਾਨਾਂ ਨੇ 'ਆਪਣੀ ਖੁਸ਼ਹਾਲੀ' ਦੇ ਦਰਵਾਜ਼ੇ ਖੋਲ੍ਹੇ ਹੋਏ ਹਨ। ਲਗਭਗ ਸਾਰੇ ਸਰਕਾਰੀ ਵਿਭਾਗ ਘਾਟੇ ਵਿਚ ਹਨ ਪਰ 'ਚਿੱਟਕਪੜੀਆਂ' ਦੇ ਕਾਰੋਬਾਰ ਬੁਲੰਦੀਆਂ 'ਤੇ ਹਨ।

ਕਰਜ਼ਈ ਪੰਜਾਬ ਨੂੰ ਖੁਸ਼ਹਾਲੀ ਵੱਲ ਮੋੜਨ ਦੀ ਬਜਾਏ ਸਿਆਸਤਦਾਨਾਂ ਨੇ 'ਆਪਣੀ ਖੁਸ਼ਹਾਲੀ' ਦੇ ਦਰਵਾਜ਼ੇ ਖੋਲ੍ਹੇ ਹੋਏ ਹਨ। ਲਗਭਗ ਸਾਰੇ ਸਰਕਾਰੀ ਵਿਭਾਗ ਘਾਟੇ ਵਿਚ ਹਨ ਪਰ 'ਚਿੱਟਕਪੜੀਆਂ' ਦੇ ਕਾਰੋਬਾਰ ਬੁਲੰਦੀਆਂ 'ਤੇ ਹਨ। ਸਿਆਸਤ ਵਿਚ ਚਮਚਾਗਿਰੀ ਇੰਨੀ ਵਧ ਗਈ ਹੈ ਕਿ ਅਫਸਰਸ਼ਾਹੀ ਨੇਤਾਵਾਂ ਦੇ ਹੁਕਮ ਵਜਾ ਕੇ ਵਾਹ-ਵਾਹ ਲੈਣ ਤੱਕ ਹੀ ਸੀਮਤ ਹੋ ਚੁੱਕੀ ਹੈ। ਪ੍ਰਸ਼ਾਸਨਿਕ ਅਮਲਾ ਜਨਤਾ ਦੀ ਸੇਵਾ ਦੀ ਬਜਾਏ ਸਿਆਸੀ ਲੋਕਾਂ ਦੀ ਜੀ ਹਜ਼ੂਰੀ ਵਿਚ ਲੱਗਾ ਹੋਇਆ ਹੈ। ਇਮਾਨਦਾਰ ਅਫਸਰ ਪਿਛੇ ਧੱਕ ਦਿੱਤੇ ਗਏ ਹਨ। ਪੰਜਾਬੀਓ! ਪੰਜਾਬ ਦਾ ਭਵਿੱਖ ਗੁਰਬਤ ਵੱਲ ਵਧਦਾ ਜਾ ਰਿਹਾ ਹੈ ਜਿਸ ਨੂੰ ਸੰਵਾਰਨ ਲਈ ਹਰ ਪੰਜਾਬੀ ਨੂੰ ਆਪ ਹੀ ਹੰਭਲਾ ਮਾਰਨਾ ਪਵੇਗਾ!

-ਜਸਦੀਪ ਸਿੰਘ ਖੰਨਾ
ਫੋਨ: 91-94630-57786



# ਨਾਸ਼ੁਕਰਾ ਧਰਮਿੰਦਰ

ਲੁਧਿਆਣਾ ਦੇ ਕਸਬੇ ਸਾਹਨੇਵਾਲ ਤੋਂ ਉਠ ਕੇ ਮੁੰਬਈ ਵਰਗੀ ਮਾਇਆ ਨਗਰੀ ਉਤੇ ਛਾਅ ਜਾਣ ਵਾਲੇ 'ਹੀ-ਮੈਨ' ਧਰਮਿੰਦਰ ਨੇ ਆਪਣਾ 79ਵਾਂ ਜਨਮ ਦਿਨ ਪੰਜਾਬ ਵਿਚ ਬਹੁਤ ਹੁੱਬ-ਹੁੱਬ ਕੇ ਮਨਾਇਆ ਹੈ। ਉਸ ਦਾ ਕਹਿਣਾ ਹੈ ਕਿ ਉਸ ਨੂੰ ਪੰਜਾਬ ਵਿਚ ਆਪਣਾ ਜਨਮ ਦਿਨ ਮਨਾਉਣ ਦਾ ਮੌਕਾ ਤਕਰੀਬਨ ਸਾਢੇ ਪੰਜ ਦਹਾਕਿਆਂ ਬਾਅਦ ਮਿਲਿਆ ਹੈ ਅਤੇ ਹੁਣ ਉਹ ਆਪਣੇ ਆਪ ਨੂੰ ਆਪਣੀ ਮਾਂ ਦੀ ਗੋਦ ਵਿਚ ਪਿਆ ਮਹਿਸੂਸ ਕਰਦਾ ਹੈ। ਉਸ ਦਾ ਅਜਿਹਾ ਕਹਿਣਾ ਠੀਕ ਹੀ ਹੈ ਕਿਉਂਕਿ ਪੰਜਾਬ ਦੀ ਨਹੀਂ, ਦੇਸ਼-ਵਿਦੇਸ਼ ਦੇ ਕਰੋੜਾਂ ਸਿਨੇਮਾ ਪ੍ਰੇਮੀਆਂ ਨੇ ਉਸ ਨੂੰ ਅਥਾਹ ਪਿਆਰ ਦਿੱਤਾ ਹੈ; ਪਰ ਉਸ ਦੀ ਇਸ ਸਫ਼ਲਤਾ ਵਿਚ ਅਹਿਮ ਰੋਲ ਨਿਭਾਉਣ ਵਾਲੀ ਅਦਾਕਾਰਾ ਮੀਨਾ ਕੁਮਾਰੀ ਦੇ ਮਾਮਲੇ ਵਿਚ ਪਿਆਰ ਦਾ ਇਜ਼ਹਾਰ ਕਰਨ ਮੌਕੇ ਧਰਮਿੰਦਰ ਕੰਜੂਸੀ ਵਰਤ ਜਾਂਦਾ ਹੈ। ਉਂਜ, ਇਸ ਵਾਰ ਤਾਂ 'ਪੰਜਾਬ ਦੇ ਪੁੱਤਰ' ਧਰਮਿੰਦਰ ਨੇ ਹੱਦ ਹੀ ਕਰ ਦਿੱਤੀ। ਇਸ ਵਾਰ ਉਸ ਨੇ ਇਹ ਕਹਿ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਕਿ ਉਸ ਦੀ ਜ਼ਿੰਦਗੀ ਵਿਚ ਤਾਂ ਬਥੇਰੀਆਂ ਮੀਨਾ ਕੁਮਾਰੀਆਂ ਆਈਆਂ ਤੇ ਗਈਆਂ ਹਨ, ਇਨ੍ਹਾਂ ਵਿਚੋਂ ਕਿਹੜੀਆਂ-ਕਿਹੜੀਆਂ ਨੂੰ ਕੋਈ ਯਾਦ ਰੱਖੇ?

ਦਰਅਸਲ, ਪਿਛਲੇ ਦਿਨੀਂ ਜਲੰਧਰ ਵਿਖੇ ਇਕ ਮਿਲਣੀ ਦੌਰਾਨ ਜਦੋਂ ਪੱਤਰਕਾਰਾਂ ਨੇ ਧਰਮ ਸਿੰਘ ਦਿਓਲ ਉਰਫ ਧਰਮਿੰਦਰ ਨੂੰ ਯਾਦ ਕਰਵਾਇਆ ਕਿ ਉਸ ਦੀ ਮੁੱਢਲੇ ਦੌਰ ਦੀ ਸਫ਼ਲਤਾ ਵਿਚ ਮੀਨਾ ਕੁਮਾਰੀ ਨੇ ਅਹਿਮ ਰੋਲ ਨਿਭਾਇਆ ਸੀ, ਤਾਂ ਉਸ ਨੇ ਉਪਰੋਕਤ ਜਵਾਬ ਦੇ ਦਿੱਤਾ। ਦੱਸਣਾ ਜ਼ਰੂਰੀ ਹੈ ਕਿ ਮੀਨਾ ਕੁਮਾਰੀ ਨਾਲ 1966 ਵਿਚ ਆਈ ਉਸ ਦੀ ਫਿਲਮ 'ਫੂਲ ਔਰ ਪੱਥਰ' ਨਾਲ ਹੀ ਫਿਲਮੀ ਦੁਨੀਆਂ ਵਿਚ ਧਰਮਿੰਦਰ ਦੀ ਗੁੱਡੀ ਚੜ੍ਹੀ ਸੀ। ਉਨ੍ਹਾਂ ਦਿਨਾਂ ਵਿਚ ਉਹ ਮੀਨਾ ਕੁਮਾਰੀ ਨੂੰ ਡੁੱਬ ਕੇ ਪਿਆਰ ਵੀ ਕਰਦਾ ਸੀ, ਪਰ ਬਾਅਦ ਵਿਚ ਉਸ ਨੇ ਅਦਾਕਾਰਾ ਹੇਮਾ ਮਾਲਿਨੀ ਖਾਤਰ ਮੀਨਾ ਕੁਮਾਰੀ ਨੂੰ ਸਦਾ-ਸਦਾ ਲਈ ਅਲਵਿਦਾ ਆਖ ਦਿੱਤੀ। ਕਹਿੰਦੇ ਹਨ ਕਿ ਮੀਨਾ ਕੁਮਾਰੀ ਇਸ ਦਰਦ ਵਿਚ ਵਿਲਕਦੀ ਪਹਿਲਾਂ ਨਾਲੋਂ ਵੀ ਵੱਧ ਸ਼ਰਾਬ ਪੀਣ ਲੱਗ ਪਈ ਅਤੇ ਆਖ਼ਰਕਾਰ 39 ਕੁ ਸਾਲ ਦੀ ਉਮਰ ਵਿਚ ਇਸ ਦੁਨੀਆਂ ਤੋਂ ਰੁਖਸਤ ਹੋ ਗਈ। ਪ੍ਰਸਿੱਧ ਪੱਤਰਕਾਰ ਵਿਨੋਦ ਮਹਿਤਾ ਨੇ ਮੀਨਾ ਕੁਮਾਰੀ ਦੀ ਮੌਤ ਤੋਂ ਬਾਅਦ 1974 ਉਸ ਦੀ ਜੀਵਨੀ ਲਿਖੀ ਸੀ। ਵਿਨੋਦ ਮਹਿਤਾ ਨੇ ਵੀ ਇਹ ਗੱਲ ਨੋਟ ਕੀਤੀ ਹੈ ਕਿ ਮੀਨਾ ਕੁਮਾਰੀ ਦੀ ਜ਼ਿੰਦਗੀ ਵਿਚ ਜਿੰਨੇ ਵੀ ਲੋਕ ਆਏ, ਉਨ੍ਹਾਂ ਨੇ ਮੀਨਾ ਕੁਮਾਰੀ ਦੀ ਮਿਕਨਾਤੀਸੀ ਸ਼ਖਸੀਅਤ ਅਤੇ ਸ਼ਾਇਰਾਨਾ ਅੰਦਾਜ਼ ਦੀ ਰੱਜ ਕੇ ਤਾਰੀਫ਼ ਕੀਤੀ। ਵਿਨੋਦ ਮਹਿਤਾ ਮੁਤਾਬਕ, ਮੀਨਾ ਕੁਮਾਰੀ ਦੀ ਜ਼ਿੰਦਗੀ ਵਿਚ ਆਏ ਲੋਕਾਂ ਵਿਚੋਂ ਇਕੱਲਾ ਧਰਮਿੰਦਰ ਹੀ ਅਜਿਹਾ ਸ਼ਖਸ ਹੋਇਆ ਹੈ ਜੋ ਮੀਨਾ ਕੁਮਾਰੀ ਬਾਰੇ ਗੱਲ ਕਰਨ ਲਈ ਤਿਆਰ ਨਹੀਂ। ਯਾਦ ਰਹੇ ਕਿ ਜਦੋਂ ਧਰਮਿੰਦਰ ਨੇ ਮੀਨਾ ਕੁਮਾਰੀ ਨਾਲ ਫਿਲਮ 'ਮੈਂ ਭੀ ਲੜਕੀ ਹੂੰ' ਅਤੇ 'ਪੂਰਨਿਮਾ' ਸਾਈਨ ਕੀਤੀਆਂ ਸਨ ਤਾਂ ਮੀਨਾ ਕੁਮਾਰੀ ਆਪਣੇ ਕਰੀਅਰ ਦੀ ਸਿਖਰ ਉਤੇ ਸੀ ਅਤੇ ਧਰਮਿੰਦਰ ਦੀ ਗੱਡੀ ਫਿਲਮ ਜਗਤ ਵਿਚ ਅਜੇ ਰੁੜ੍ਹੀ ਨਹੀਂ ਸੀ, ਪਰ ਮੀਨਾ ਕੁਮਾਰੀ ਨੇ ਇਕ ਨਵੇਂ ਅਤੇ ਅਸਫ਼ਲ ਕਲਾਕਾਰ ਨਾਲ ਕੰਮ ਕਰਨਾ ਵੀ ਸਵੀਕਾਰ ਕੀਤਾ। ਇਹੀ ਨਹੀਂ, ਫਿਲਮ ਦੇ ਸੈੱਟਾਂ ਉਤੇ ਉਸ ਨੇ ਜਿੰਨੀ ਮੱਦਦ ਧਰਮਿੰਦਰ ਦੀ ਕੀਤੀ ਅਤੇ ਇਕ-ਇਕ ਕਰ ਕੇ ਉਸ ਦੀਆਂ ਕਮਜ਼ੋਰੀਆਂ ਦੂਰ ਕਰਵਾਈਆਂ, ਇੰਨੀ ਕੁਰਬਾਨੀ ਸ਼ਾਇਦ ਹੀ ਕਿਸੇ ਨੇ ਉਸ ਦਾ ਕਰੀਅਰ ਬਣਾਉਣ ਵਿਚ ਕੀਤੀ ਹੋਵੇਗੀ। ਇਹ ਅਕਸਰ ਕਿਹਾ ਜਾਂਦਾ ਹੈ ਕਿ ਮੀਨਾ ਕੁਮਾਰੀ ਮਰਦ ਅਦਾਕਾਰਾਂ ਵੱਲ ਕੁਝ ਵਧੇਰੇ ਹੀ ਖਿੱਚੀ ਜਾਂਦੀ ਸੀ; ਪਰ ਇਸ ਰਿਸ਼ਤੇ ਬਾਰੇ ਮੀਨਾ ਕੁਮਾਰੀ ਨੇ ਜੋ ਗੰਭੀਰਤਾ ਦਿਖਾਈ ਸੀ, ਸ਼ਾਇਦ ਧਰਮਿੰਦਰ ਨੇ ਉਹ ਨਹੀਂ ਦਿਖਾਈ। ਉਸ ਨੇ ਬੱਸ ਆਪਣੇ ਕਰੀਅਰ ਦੀ ਸਫਲਤਾ ਤੱਕ ਹੀ ਉਸ ਨਾਲ ਸਾਂਝ ਰੱਖੀ। ਹੋਰ ਤਾਂ ਹੋਰ ਮੀਨਾ ਕੁਮਾਰੀ ਦੀ ਮੌਤ ਤੋਂ ਬਾਅਦ ਤਾਂ ਉਸ ਨੇ ਆਪਣੀ ਜ਼ਿੰਦਗੀ ਦੇ ਇਸ ਹਿੱਸੇ ਉਤੇ ਲਕੀਰ ਹੀ ਫੇਰ ਦਿੱਤੀ। 'ਮੈਂ ਭੀ ਲੜਕੀ ਹੂੰ' ਤੇ 'ਪੂਰਨਿਮਾ' ਤੋਂ ਇਲਾਵਾ ਧਰਮਿੰਦਰ ਅਤੇ ਮੀਨਾ ਕੁਮਾਰੀਆਂ ਦੀਆਂ ਜਿਹੜੀਆਂ ਹੋਰ ਫਿਲਮਾਂ ਆਈਆਂ, ਉਨ੍ਹਾਂ ਵਿਚ 'ਕਾਜਲ', 'ਫੂਲ ਔਰ ਪੱਥਰ', 'ਮਝਲੀ ਦੀਦੀ', 'ਚੰਦਨ ਕਾ ਪਾਲਨਾ' ਅਤੇ 'ਬਹਾਰੋਂ ਕੀ ਮੰਜ਼ਲ' ਸ਼ਾਮਲ ਹਨ। ਮੀਨਾ ਕੁਮਾਰੀ ਨੂੰ ਲੋਕ ਉਹਦੀਆਂ ਫਿਲਮਾਂ ਤੇ ਅਦਾਕਾਰੀ ਕਰ ਕੇ ਹੀ ਨਹੀਂ, ਉਸ ਦੀ ਸ਼ਾਇਰੀ ਕਰ ਕੇ ਯਾਦ ਕਰਦੇ ਹਨ। ਬੱਸ! ਇਕ 'ਪੰਜਾਬ ਦੇ ਪੁੱਤਰ' ਧਰਮਿੰਦਰ ਨੂੰ ਛੱਡ ਕੇ!!




# ਕਮਾਲ ਦਾ ਕਲਾਕਾਰ ਦੇਵੇਨ ਵਰਮਾ



ਫਿਲਮ ਜਗਤ ਦਾ ਇਕ ਹੋਰ ਕਮਾਲ ਦਾ ਕਲਾਕਾਰ ਦੇਵੇਨ ਵਰਮਾ ਇਸ ਸੰਸਾਰ ਤੋਂ ਰੁਖਸਤ ਹੋ ਗਿਆ। ਦੇਵੇਨ ਵਰਮਾ ਕੱਛ (ਗੁਜਰਾਤ ) ਵਿਚ ਜਨਮਿਆ, ਤੇ ਫ਼ਿਰ ਪੁਣੇ ਵਿਚ ਪਲਿਆ ਅਤੇ ਪੜ੍ਹਿਆ। ਫਿਲਮ ਜਗਤ ਵਿਚ ਉਸ ਨੇ ਕਮੇਡੀ ਕਲਾਕਾਰ ਵਜੋਂ ਆਪਣੀ ਗੂੜ੍ਹੀ ਪਛਾਣ ਬਣਾਈ। ਉਸ ਨੂੰ ਫਿਲਮ 'ਅੰਗੂਰ', 'ਚੋਰ ਕੇ ਘਰ ਚੋਰ' ਅਤੇ 'ਚੋਰੀ ਮੇਰਾ ਕਾਮ' ਫਿਲਮਾਂ ਵਿਚ ਕਮੇਡੀਅਨ ਕਿਰਦਾਰ ਨਿਭਾਉਣ ਸਦਕਾ ਫਿਲਮਫੇਅਰ ਦੇ ਸਰਵੋਤਮ ਕਮੇਡੀਅਨ ਪੁਰਸਕਾਰ ਮਿਲੇ। ਫਿਲਮਾਂ ਦੇ ਬਹੁ-ਗਿਣਤੀ ਦਰਸ਼ਕ ਭਾਵੇਂ ਉਸ ਨੂੰ ਇਕ ਅਦਾਕਾਰ ਵਜੋਂ ਹੀ ਬਹੁਤਾ ਜਾਣਦੇ ਹਨ, ਪਰ ਉਸ ਨੇ 5 ਫਿਲਮਾਂ ਵੀ ਪ੍ਰੋਡਿਊਸ ਕੀਤੀਆਂ ਅਤੇ 4 ਫਿਲਮਾਂ ਨੂੰ ਨਿਰਦੇਸ਼ਨ ਵੀ ਦਿੱਤਾ ਸੀ। ਪ੍ਰੋਡਿਊਸ ਕੀਤੀਆਂ ਫਿਲਮਾਂ ਵਿਚ 'ਦਾਨਾ ਪਾਨੀ' (1989), 'ਚਟਪਟੀ' (1983), 'ਬੇਸ਼ਰਮ' (1978), 'ਨਾਦਾਨ' (1971) ਅਤੇ 'ਯਕੀਨ' (1969) ਸ਼ਾਮਲ ਹਨ। ਜਿਨ੍ਹਾਂ ਫਿਲਮਾਂ ਲਈ ਉਸ ਨੇ ਨਿਰਦੇਸ਼ਨ ਕੀਤਾ, ਉਨ੍ਹਾਂ ਵਿਚ 'ਦਾਨਾ ਪਾਨੀ', 'ਬੇਸ਼ਰਮ' ਤੇ 'ਨਾਦਾਨ' ਤੋਂ ਇਲਾਵਾ 'ਬੜਾ ਕਬੂਤਰ' (1974) ਸ਼ਾਮਲ ਹਨ। ਉਸ ਨੇ ਹਿੰਦੀ ਫਿਲਮਾਂ ਤੋਂ ਇਲਾਵਾ ਕੁਝ ਕੁ ਮਰਾਠੀ ਅਤੇ ਭੋਜਪੁਰੀ ਫਿਲਮਾਂ ਵਿਚ ਵੀ ਕੰਮ ਕੀਤਾ। ਫਿਲਮੀ ਕਰੀਅਰ ਦੀ ਸ਼ੁਰੂਆਤ ਉਸ ਨੇ ਸੰਨ 1961 ਵਿਚ ਫਿਲਮ 'ਧਰਮ ਪੁੱਤਰ' ਤੋਂ ਕੀਤੀ ਸੀ। ਉਸ ਨੇ ਗੁਲਜ਼ਾਰ, ਰਿਸ਼ੀਕੇਸ਼ ਮੁਖਰਜੀ ਅਤੇ ਬਾਸੂ ਚੈਟਰਜੀ ਵਰਗੇ ਧੁਰੰਤਰ ਫਿਲਮਸਾਜ਼ਾਂ ਨਾਲ ਕੰਮ ਕੀਤਾ। ਉਸ ਦੀ ਅਸਲ ਅਤੇ ਚਿਰ-ਸਥਾਈ ਪਛਾਣ ਫਿਲਮਸਾਜ਼ ਗੁਲਜ਼ਾਰ ਦੀ ਫਿਲਮ 'ਅੰਗੂਰ' ਨਾਲ ਬਣੀ। ਉਸ ਨੇ ਇਸ ਫਿਲਮ ਵਿਚ ਡਬਲ ਰੋਲ ਨਿਭਾਇਆ ਸੀ। ਇਹ ਫਿਲਮ 1982 ਵਿਚ ਬਣੀ ਸੀ ਅਤੇ ਇਹ ਫਿਲਮ ਗੁਲਜ਼ਾਰ ਦੀਆਂ ਬਿਹਤਰੀਨ ਫਿਲਮਾਂ ਵਿਚ ਸ਼ੁਮਾਰ ਕੀਤੀ ਜਾਂਦੀ ਹੈ। ਇਸ ਫਿਲਮ ਵਿਚ ਸੰਜੀਵ ਕੁਮਾਰ, ਮੌਸਮੀ ਚਟਰਜੀ ਅਤੇ ਯੂਨਸ ਪ੍ਰਵੇਜ਼ ਵਰਗੇ ਕਲਾਕਾਰਾਂ ਨੇ ਆਪੋ-ਆਪਣੀ ਕਲਾ ਦੇ ਜੌਹਰ ਦਿਖਾਏ ਸਨ। ਇਸ ਫਿਲਮ ਨਾਲ ਫਿਲਮ ਜਗਤ ਵਿਚ ਦੇਵੇਨ ਵਰਮਾ ਦੀ ਪੂਰੀ ਪੈਂਠ ਬਣ ਗਈ ਅਤੇ ਉਸ ਨੇ ਫਿਰ ਚੁਣ-ਚੁਣ ਕੇ ਫਿਲਮਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਫਿਲਮਸਾਜ਼ ਗੁਲਜ਼ਾਰ ਉਸ ਨੂੰ ਯਾਦ ਕਰਦਾ ਆਖਦਾ ਹੈ ਕਿ ਦੇਵੇਨ ਵਰਮਾ ਵਰਗਾ ਮਹਾਨ ਕਲਾਕਾਰ ਫਿਲਮ ਜਗਤ ਵਿਚ ਹੋਰ ਕੋਈ ਨਹੀਂ ਹੈ। ਮੈਂ ਸਦਾ ਹੀ ਉਸ ਨੂੰ ਹਾਸਰਸ ਕਲਾਕਾਰ ਦੀ ਥਾਂ ਇਕ ਉਮਦਾ ਕਲਾਕਾਰ ਵਜੋਂ ਦੇਖਿਆ ਹੈ। ਫਿਲਮ ਅਦਾਕਾਰਾ ਸ਼ਰਮੀਲਾ ਟੈਗੋਰ ਵੀ ਉਸ ਦੀ ਤਾਰੀਫ਼ ਕਰਦੀ ਨਹੀਂ ਥੱਕਦੀ ਜਿਸ ਨਾਲ ਦੇਵੇਨ ਵਰਮਾ ਨੇ 'ਅਨੁਪਮਾ', 'ਦੇਵਰ' ਅਤੇ 'ਯਕੀਨ' ਵਰਗੀਆਂ ਫਿਲਮਾਂ ਵਿਚ ਇਕੱਠਿਆਂ ਕੰਮ ਕੀਤਾ। ਰਿਸ਼ੀ ਕਪੂਰ ਦਾ ਕਹਿਣਾ ਹੈ ਕਿ ਦੇਵੇਨ ਵਰਮਾ ਅਜਿਹਾ ਸ਼ਖਸ ਸੀ ਜਿਸ ਨਾਲ ਕਿਸੇ ਵੀ ਵਕਤ, ਕਿਸੇ ਵੀ ਵਿਸ਼ੇ 'ਤੇ ਗੱਲਬਾਤ ਕੀਤੀ ਜਾ ਸਕਦੀ ਸੀ। ਉਹ ਆਪਣੀ ਕਲਾ ਅਤੇ ਸ਼ਖਸੀਅਤ ਦੇ ਦਮ ਉਤੇ ਫਿਲਮੀ ਦੁਨੀਆਂ ਵਿਚ ਸਫਲ ਹੋਇਆ।



# 'ਦਿਲ ਵਾਲੇ...' ਦਾ 1000ਵਾਂ ਹਫਤਾ



ਸਾਲ 1995 ਵਿਚ ਬਣੀ ਹਿੰਦੀ ਫਿਲਮ 'ਦਿਲ ਵਾਲੇ ਦੁਲਹਨੀਆ ਲੇ ਜਾਏਂਗੇ' ਨੂੰ ਮੁੰਬਈ ਦੇ ਇਕ ਥੀਏਟਰ ਵਿਚ ਚੱਲਦਿਆਂ 1000ਵਾਂ ਹਫ਼ਤਾ ਹੋ ਗਿਆ ਹੈ। ਇਹ ਸ਼ਾਇਦ ਪਹਿਲੀ ਰੁਮਾਂਟਿਕ ਫਿਲਮ ਹੈ ਜਿਸ ਨੇ ਇਹ ਮਾਰਕਾ ਮਾਰਿਆ ਹੈ। ਇਹ ਫਿਲਮ ਫਿਲਮਸਾਜ਼ ਅਦਿੱਤਿਆ ਚੋਪੜਾ ਦੀ ਪਹਿਲੀ ਫਿਲਮ ਸੀ ਅਤੇ ਇਹ ਉਸ ਦੇ ਪਿਤਾ ਯਸ਼ ਚੋਪੜਾ ਨੇ ਪ੍ਰੋਡਿਊਸ ਕੀਤੀ ਸੀ। ਇਸ ਫਿਲਮ ਦਾ ਕੁੱਲ ਬਜਟ 4 ਕਰੋੜ ਦਾ ਸੀ ਅਤੇ ਇਹ ਫਿਲਮ ਹੁਣ ਤੱਕ 125 ਕਰੋੜ ਰੁਪਏ ਦਾ ਕਾਰੋਬਾਰ ਕਰ ਚੁੱਕੀ ਹੈ। ਇਹ ਫਿਲਮ ਵਿਦੇਸ਼ਾਂ ਵਿਚ ਵੀ ਬਹੁਤ ਮਸ਼ਹੂਰ ਹੋਈ ਸੀ ਅਤੇ ਇਸ ਦਾ ਸੰਗੀਤ ਵੀ ਵਾਹਵਾ ਸੁਣਿਆ ਗਿਆ ਸੀ।


GROW YOUR BUSINESS
WITH NEW TREND
FULL COLOR
LED
Digital Display
&
Message Board
LICENSED Contractor
GAS SIGNS
HOTEL/MOTEL SIGNS
DIESEL
CREDIT
We install anywhere in california
RF Remote
LCD Remote
ELECTRIC
SIGN
COMPANY
for more info: Call Sukhpal
1-661-586-1106
email: esigncompany@gmail.com


HIGH DEFINITION
Surveillance
By
SYSTEMS
FOR COMMERCIAL &RESIDENTIAL
2 YEAR WARRANTY
1080P
VISTA HD SOLUTION
WE INSTALL ANYWHERE IN CALIFORNIA
HD QUALITY & ECONOMICAL PRICE
17 YEAR SURVEILLANCE BUSINESS
TRAINED & PROFESSIONAL TECH. SUPPORT
Call Sukhpal
1-661-586-5080
commvision@sbcglobal.net


ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ
Punjab Truck Wash & Repair 2301 Simpson Street, Kingsburg, CA 93631
ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114
Truck Trailer Wash $55
*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ
Oil Change Special $179.99
Labour $55 per hour
All major and minor repairs.
ਤਸੱਲੀਬਖਸ਼ ਕੰਮ
ਵਾਜਬ ਰੇਟ
Free Parking
Stearing Tires American (set of two) $799.99
ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110


dishworld
NO SATELLITE DISH NEEDED
All packages
Only $14 95 /mo
for 3 months
3 NEW PACKAGES FOR THE BEST IN DESI ENTERTAINMENT!
Hindi-Urdu Package
36 Channels
Hindi-Punjabi Package
38 Channels
Regional Package
48 Channels
and more.
and more.
and more.
+
Watch more than 1000+ BIG FLIX and South Asian Movies FREE!
NO CONTRACT | NO CREDIT CHECK | NO HIDDEN FEES
Ask about our FREE ROKU offer
Turn your regular TV into Internet TV with the Roku Streaming Stick.†
GET IT NOW!
dishworld.com/punjabtimes
1-855-348-3518
*Get 3 months of any language pack at the special introductory price of $14.95. No commitment. Cancel anytime by calling 1-855-350-3703. After 3 months, the then-current everyday price applies. DishWorld is available to view on TV, PC or Mac, Roku, Android, iOS, Sling and Samsung devices with access permitted on up to three devices at any one time per account. Requires compatible Roku box for each TV. Roku box sold separately. Access to the first device is included in the monthly programming package price. For access on each device beyond the first, a $5/mo fee per device will apply (maximum of two). Monthly programming fees are non-refundable. State and local taxes will apply. Service is only available in the U.S. All prices, packages and programming subject to change without notice. Additional restrictions may apply. DishWorld shall determine eligibility for this offer in its sole and absolute discretion. †After 4 months your credit card will be charged for the applicable package until you cancel your service. © 2014 DISH Digital L.L.C. All rights reserved.